# ਗੁਰੂ ਨਾਨਕ ਬਾਣੀ

ਵਿਚੋਂ ਪ੍ਰਾਪਤ

# ਵੇਦਾਂਤ

ਦਾ ਸਰੂਪ

ਪੰਜਾਬ ਯੂਨੀਵਰਸਿਟੀ ਨੂੰ

ਪੀ. ਐਚ. ਡੀ. ਦੀ ਉਪਾਧੀ ਲਈ ਪ੍ਰਸਤੁਤ

## ਖੋਜ-ਪ੍ਰਬੰਧ

## 1981

PUNJABI UNIVERSITY LIBRARY

ਨਿਗਰਾਨ :

**ਡਾ: ਜੁਗਿੰਦਰ ਸਿੰਘ ਛਾਬੜਾ**

ਮੁਖੀ ਪੰਜਾਬੀ ਵਿਭਾਗ

ਜੀ. ਜੀ. ਐਨ. ਖਾਲਸਾ ਕਾਲਜ

ਲੁਧਿਆਣਾ

ਖੋਜ ਵਿਦਿਆਰਥੀ

**ਅਮਰਜੀਤ ਸਿੰਘ ਦੂਆ**

# ਤਤਕਰਾ


| | | ਪੰਨਾ ਨੰਬਰ |
|---|---|---|
| ਭੂਮਿਕਾ | | 1-3 |
| ਧੰਨਵਾਦ | | 4 |
| ਅਧਿਆਇ ਪਹਿਲਾ: | ਭਾਰਤੀ ਵੇਦਾਂਤ ਪਰੰਪਰਾ | 5-17 |
| ਅਧਿਆਇ ਦੂਜਾ: | ਗੁਰੂ ਨਾਨਕ ਦੇਵ ਤੋਂ ਪਹਿਲਾਂ ਦੇ ਸੰਤ ਕਵੀ ਅਤੇ ਵੇਦਾਂਤ | 18-29 |
| ਅਧਿਆਇ ਤੀਜਾ: | ਵੇਦਾਂਤ ਅਤੇ ਗੁਰੂ ਨਾਨਕ ਬਾਣੀ ਦਾ ਸਿਧਾਂਤਕ ਪੱਖ | 30-106 |
| ਅਧਿਆਇ ਚੌਥਾ: | ਵੇਦਾਂਤ ਅਤੇ ਗੁਰੂ ਨਾਨਕ ਬਾਣੀ ਵਿਚੋਂ ਪ੍ਰਾਪਤ ਸਾਧਨਾ ਮਾਰਗ | 107-171 |
| ਅਧਿਆਇ ਪੰਜਵਾਂ: | ਵੇਦਾਂਤ ਅਤੇ ਗੁਰੂ ਨਾਨਕ ਬਾਣੀ ਵਿਚੋਂ ਪ੍ਰਾਪਤ ਮੁਕਤੀ ਮਾਰਗ | 172-184 |
| ਅਧਿਆਇ ਛੇਵਾਂ: | ਵੇਦਾਂਤ ਅਤੇ ਗੁਰੂ ਨਾਨਕ ਬਾਣੀ ਵਿਚੋਂ ਪ੍ਰਾਪਤ ਆਦਰਸ਼ਕ ਜੀਵਨ | 185-202 |
| ਨਿਸ਼ਕਰਸ਼ | | 203-207 |
| ਪੁਸਤਕ-ਸੂਚੀ | | 208-218 |

# ਭੂਮਿਕਾ

'ਗੁਰੂ ਨਾਨਕ ਬਾਣੀ ਵਿਚੋਂ ਪ੍ਰਾਪਤ ਵੇਦਾਂਤ ਦਾ ਸਰੂਪ' ਵਿਸ਼ੇ ਦੀ ਚੋਣ ਕਰਨ ਲਗਿਆਂ, ਮੈਨੂੰ ਇਸ ਗਲ ਦਾ ਅਹਿਸਾਸ ਸੀ ਕਿ ਇਹ ਬੜਾ ਤਿਲਕਵਾਂ ਵਿਸ਼ਾ ਹੈ, ਪਰ ਮੇਰੇ ਆਲੇ ਦੁਆਲੇ ਤੇ ਅੰਦਰਲੇ ਨੇ ਮਿਲ ਕੇ ਮੈਨੂੰ ਇਹ ਉਤਸ਼ਾਹ ਦਿਤਾ ਕਿ ਮੈਂ ਇਸ ਵਿਸ਼ੇ ਨੂੰ ਹੱਥ ਪਾਵਾਂ ਅਤੇ ਆਪਣੀ ਯਥਾ ਸ਼ਕਤੀ ਅਨੁਸਾਰ, ਗਿਆਨ ਦੇ ਇਸ ਵਿਸ਼ਾਲ ਭੰਡਾਰ ਵਿਚ ਆਪਣਾ ਹਿੱਸਾ ਪਾਵਾਂ।

ਦੇਸੀ ਅਤੇ ਪਰਦੇਸੀ ਵਿਦਵਾਨਾਂ ਨੇ ਗੁਰੂ ਨਾਨਕ ਦੇਵ ਜੀ ਸੰਬੰਧੀ ਬਹੁਤ ਕੁਝ ਲਿਖਿਆ ਹੈ। ਗੁਰੂ ਨਾਨਕ ਦੇਵ ਬਾਰੇ ਲਿਖੇ ਇਸ ਸਾਹਿਤ ਨੂੰ ਜੇ ਨੁਕਤਾ-ਬੱਧ ਕਰਨਾ ਹੋਵੇ ਤਾਂ ਨਿਮਨ ਲਿਖਤ ਨੁਕਤੇ ਸਾਹਮਣੇ ਆਉਂਦੇ ਹਨ:

1. ਬਹੁਤ ਸਾਰੇ ਵਿਦਵਾਨਾਂ ਨੇ ਗੁਰੂ ਨਾਨਕ ਨੂੰ ਇਸਲਾਮਕ ਵਿਚਾਰਧਾਰਾ ਦੇ ਪ੍ਰਸੰਗ ਵਿਚ ਰਖ ਕੇ ਵਿਚਾਰਿਆ ਹੈ ਅਤੇ ਇਸ ਤਰ੍ਹਾਂ ਦੇ ਨਤੀਜੇ ਕਢੇ ਹਨ ਕਿ ਗੁਰੂ ਸਾਹਿਬ ਉਪਰ ਇਸਲਾਮੀ ਸੰਸਕ੍ਰਿਤੀ ਅਤੇ ਵਿਚਾਰਧਾਰਾ ਦਾ ਬਹੁਤ ਪ੍ਰਭਾਵ ਹੈ। ਕੁਝ ਜ਼ਿਆਦਾ ਉਤਸ਼ਾਹਵਾਨਾਂ ਨੇ ਤਾਂ ਇਹ ਵੀ ਲਿਖ ਦਿਤਾ ਹੈ ਕਿ ਗੁਰੂ ਜੀ ਦੀ ਸਮੁਚੀ ਵਿਚਾਰਧਾਰਾ ਇਸਲਾਮੀ ਵਿਚਾਰਧਾਰਾ ਦਾ ਹੀ ਸੋਧਿਆ ਰੂਪ ਹੈ।

2. ਕੁਝ ਵਿਦਵਾਨਾਂ ਨੇ ਇਸ ਤਰ੍ਹਾਂ ਦੇ ਸਿਧਾਂਤ ਬਣਾਏ ਹਨ ਕਿ ਗੁਰੂ ਜੀ ਕਿਉਂਕਿ ਭਗਤੀ ਮਾਰਗੀ ਸਨ ਅਤੇ ਹਿੰਦੁਸਤਾਨ ਵਿਚ ਵੈਸ਼ਨਵ ਸੰਪ੍ਰਦਾਇ ਦਾ ਭਗਤੀ ਮਾਰਗ ਦੇ ਸੰਚਾਲਕਾਂ ਦੇ ਰੂਪ ਵਿਚ ਬਿੰਬ ਬਣਿਆ ਹੈ, ਇਸ ਕਰਕੇ ਗੁਰੂ ਨਾਨਕ ਦੇਵ ਵੈਸ਼ਨਵ ਸੰਪ੍ਰਦਾਇ ਦੀ ਸੰਸਕ੍ਰਿਤੀ ਨੂੰ ਹੀ ਅਗੇ ਤੋਰਦੇ ਹਨ।

3. ਕੁਝ ਵਿਦਵਾਨ ਅਜਿਹੇ ਵੀ ਹਨ, ਜਿਨ੍ਹਾਂ ਨੇ ਇਸ ਤਰ੍ਹਾਂ ਦੇ ਵਿਚਾਰ ਪੇਸ਼ ਕੀਤੇ ਹਨ ਕਿ ਗੁਰੂ ਨਾਨਕ ਦੇਵ ਬੁੱਧ ਮੱਤ ਦੀ ਵਿਚਾਰ ਸੰਸਕ੍ਰਿਤੀ ਨੂੰ ਅਗੇ ਤੋਰਦੇ ਹਨ ਅਤੇ ਬੁੱਧ ਤੋਂ ਬਾਅਦ ਗੁਰੂ ਨਾਨਕ ਦੇਵ ਹੀ ਹਿੰਦੁਸਤਾਨ ਦੀ ਮਹਾਨ ਸ਼ਖਸੀਅਤ ਹੋਏ ਹਨ।

4. ਕੁਝ ਵਿਚਾਰਵਾਨ ਐਸੇ ਵੀ ਹਨ, ਜਿਨ੍ਹਾਂ ਨੇ ਉਪਰੋਕਤ ਕਿਸਮ ਦੇ ਵਿਚਾਰਾਂ ਦੇ ਪ੍ਰਤੀਕਰਮ ਵਜੋਂ ਇਸ ਤਰ੍ਹਾਂ ਦੀ ਧਾਰਣਾ ਬਣਾਈ ਹੈ ਕਿ ਗੁਰੂ ਨਾਨਕ ਦੇਵ ਹੋਰ ਸ਼ਖਸੀਅਤਾਂ/ਪੈਗੰਬਰਾਂ ਦੀ ਤਰ੍ਹਾਂ ਇਕ ਨਵੇਂ ਵਿਚਾਰ-ਜਗਤ ਦੇ ਸੰਚਾਲਕ ਹਨ। ਇਹ ਤਾਂ ਹੋ ਸਕਦਾ ਹੈ ਕਿ ਉਨ੍ਹਾਂ ਦੇ ਵਿਚਾਰ ਕਿਸੇ ਹੋਰ ਸ਼ਖਸੀਅਤ/ਪੈਗੰਬਰ ਨਾਲ ਕਿਤੇ ਕਿਤੇ ਮੇਲ ਖਾਂਦੇ ਹੋਣ, ਪਰ ਇਸ ਤਰ੍ਹਾਂ ਦਾ ਵਿਚਾਰ ਬਣਾਉਣਾ ਕਿ ਉਹ ਵਿਚਾਰ ਸਮੁਚੇ ਤੌਰ ਤੇ ਕਿਸੇ ਨਾਲ ਮੇਲ ਖਾਂਦੇ ਹਨ ਜਾਂ ਕਿਸੇ ਹੋਰ ਵਿਚਾਰਧਾਰਾ ਦਾ ਪ੍ਰਤੀਰੂਪ ਹਨ, ਗਲਤ ਹੈ। ਨਤੀਜੇ ਵਜੋਂ ਇਸ ਸ਼੍ਰੇਣੀ ਦੇ ਵਿਦਵਾਨਾਂ ਨੇ ਗੁਰੂ ਨਾਨਕ ਦੇਵ ਨੂੰ ਇਕ ਸੁਤੰਤਰ ਅਤੇ ਵਿਲਖਣ ਸਿਧਾਂਤਵੇਤਾ, ਸੁਧਾਰਕ, ਧਾਰਮਿਕ ਆਗੂ ਆਦਿ ਦੇ ਰੂਪ ਵਿਚ ਵੇਖਿਆ ਹੈ ਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਇਕ ਸੁਤੰਤਰ ਵਿਚਾਰਧਾਰਾ ਦੇ ਰੂਪ ਵਿਚ ਚਿਤਰਿਆ ਹੈ।

ਇਸ ਸਾਰੇ ਪ੍ਰਸੰਗ ਨੂੰ ਵੇਖਦਿਆਂ ਹੋਇਆਂ ਅਤੇ ਉਸ ਦੀ ਧਰਮ ਅਤੇ ਸਿਧਾਂਤ ਨਾਲ ਸੰਬੰਧਤ ਸੰਸਕ੍ਰਿਤੀ ਨੂੰ ਸਾਹਮਣੇ ਰਖਦਿਆਂ ਹੋਇਆਂ, ਮੇਰੇ ਮਨ ਵਿਚ ਇਹ ਵਿਚਾਰ ਪੈਦਾ ਹੋਇਆ ਹੈ ਕਿ ਇਸ ਤਰ੍ਹਾਂ ਤਾਂ ਹੋ ਨਹੀਂ ਸਕਦਾ ਕਿ ਕਦੇ ਕੋਈ ਵੀ ਵਿਚਾਰਵਾਨ ਜਾਂ ਪੈਗੰਬਰ ਆਪਣੀ ਵਿਚਾਰਧਾਰਾ ਵਿਚ ਨਿਰੋਲ ਵਿਲਖਣ ਅਛੋਹ ਤੇ ਸੁਤੰਤਰ ਹੋਵੇ। ਕੁਝ ਗਲਾਂ ਇਕ ਦੂਜੇ ਦੇ ਨਾਲ ਮੇਲ ਖਾ ਜਾਂਦੀਆਂ ਹਨ ਅਤੇ ਇਸ ਤਰ੍ਹਾਂ ਉਪਰੋਕਤ ਵਿਦਵਾਨਾਂ ਨੇ ਅਜਿਹੀਆਂ ਮੇਲ ਖਾਣ ਵਾਲੀਆਂ ਗਲਾਂ ਨੂੰ ਵੇਖ ਕੇ, ਉਪਰੋਕਤ ਕਿਸਮ ਦੇ ਨਤੀਜੇ ਕਢ ਲਏ ਹਨ।

ਮੇਰੇ ਮਨ ਵਿਚ ਇਸ ਤਰ੍ਹਾਂ ਦਾ ਉਤਸ਼ਾਹ ਆਇਆ ਕਿ ਹਿੰਦੁਸਤਾਨ ਦੀ ਬਹੁਤ ਹੀ ਸ਼ਕਤੀਸ਼ਾਲੀ ਵਿਚਾਰਧਾਰਾ ਤੇ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਦਾ ਪਰਸਪਰ ਅਧਿਐਨ ਕਰਕੇ ਵੇਖਿਆ ਜਾਵੇ। ਮੈਂ ਇਸ ਤਰ੍ਹਾਂ ਦੇ ਵਿਚਾਰ ਦਾ ਹਾਮੀ ਨਹੀਂ ਕਿ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਵੇਦਾਂਤ ਦਾ ਹੀ ਪ੍ਰਤੀਰੂਪ ਜਾਂ ਵਿਸਤ੍ਰਿਤ ਰੂਪ ਹੈ। ਪਰ ਇਸ ਗਲ ਨੂੰ ਸਵੀਕਾਰ ਕਰਨ ਤੋਂ ਮੈਂ ਨਿਰਸੰਕੋਚ ਹਾਂ ਕਿ ਵੇਦਾਂਤਕ ਵਿਚਾਰਧਾਰਾ ਤੇ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਆਪਸ ਵਿਚ ਕਈਆਂ ਥਾਵਾਂ ਤੇ ਟਕਰਾਉਂਦੀ ਹੈ, ਕਈ ਵਾਰੀ ਇਕ ਦੂਜੇ ਨਾਲ ਮੇਲ ਖਾਂਦੀ ਹੈ, ਕਈ ਵਾਰੀ ਇਕ ਦੂਜੇ ਦੇ ਵਿਰੋਧ ਵਿਚ ਆਉਂਦੀ ਹੈ ਤੇ ਕਈ ਵਾਰ ਕਿਸੇ ਇਕ ਪਹਿਲੂ ਤੋਂ ਸੰਵਾਦ ਕਰਦੀ ਹੈ। ਹਿੰਦੁਸਤਾਨੀ ਵਿਚਾਰ ਸੰਸਕ੍ਰਿਤੀ ਦੀ ਧਰਤੀ ਉਤੇ ਇਨ੍ਹਾਂ ਦੋ ਸ਼ਕਤੀਸ਼ਾਲੀ ਵਿਚਾਰਧਾਰਾਵਾਂ ਦੇ ਅਜਿਹੇ ਪੁੰਗਰੇ ਬੀਜਾਂ ਨੂੰ ਪਛਾਣਨਾ ਹੀ, ਮੇਰੇ ਇਸ ਹਥਲੇ ਕੰਮ ਦਾ ਵਿਸ਼ਾ ਹੈ।

ਇਸ ਵਿਚਾਰ ਤੋਂ ਮੈਂ ਇਸ ਤਰ੍ਹਾਂ ਦਾ ਨਤੀਜਾ ਨਹੀਂ ਕਢਣਾ ਚਾਹੁੰਦਾ ਕਿ ਇਹ ਕੋਈ ਸੌਖਾ ਜਾਂ ਔਖਾ ਕੰਮ ਹੈ, ਪਰ ਇਕ ਗਲ ਜ਼ਰੂਰ ਕਹਿਣੀ ਚਾਹੁੰਦਾ ਹਾਂ, ਜਿਵੇਂ ਉਪਰ ਵੀ ਕਹੀ ਹੈ, ਕਿ ਇਹ ਬੜਾ ਤਿਲਕਵਾਂ ਵਿਸ਼ਾ ਹੈ। ਇਸਨੂੰ ਸੰਭਾਲਣ ਲਈ ਕਈ ਤਰ੍ਹਾਂ ਦੇ ਇਹਤਿਆਤ ਵਰਤਣੇ ਪਏ ਹਨ, ਜਿਵੇਂ:-

1. ਮੈਂ ਇਸ ਗਲ ਦਾ, ਅਗਲੇ ਪੰਨਿਆਂ ਵਿਚ, ਖ਼ਾਸ ਤੌਰ ਤੇ ਧਿਆਨ ਰਖਿਆ ਹੈ ਕਿ ਕੋਈ ਇਸ ਤਰ੍ਹਾਂ ਦੀ ਧਾਰਨਾ ਨਾ ਬਣ ਜਾਵੇ, ਜਿਹੜੀ ਕਿ ਗੁਰੂ ਨਾਨਕ ਦੇਵ ਦੀ ਬੁਨਿਆਦੀ ਵਿਚਾਰਧਾਰਾ ਦਾ ਖੰਡਨ ਕਰਦੀ ਹੋਵੇ।

2. ਮੈਂ ਇਸ ਗਲ ਦਾ ਵੀ ਧਿਆਨ ਰਖਿਆ ਹੈ ਕਿ ਵੇਦਾਂਤ ਪਰੰਪਰਾ ਵਿਚੋਂ ਉਪਲਬਧ ਕਈ ਪ੍ਰਕਾਰ ਦੇ ਵਿਚਾਰਾਂ ਵਿਚੋਂ ਕੋਈ ਪਹਿਲੂ ਅਣਗੌਲਿਆ ਨਾ ਰਹਿ ਜਾਵੇ।

3. ਮੈਂ ਇਸ ਤਰ੍ਹਾਂ ਦਾ ਵੀ ਖਿਆਲ ਰਖਿਆ ਹੈ ਕਿ ਕਿਸੇ ਇਕ ਦਾ ਪ੍ਰਭਾਵ ਦੂਸਰੇ ਉਪਰ ਇਤਨਾ ਨਾ ਦਿਸਣ ਲਗ ਪਵੇ ਕਿ ਕਿਸੇ ਇਕ ਵਿਚਾਰਧਾਰਾ ਦੀ ਸੁਤੰਤਰ ਹਸਤੀ ਹੀ ਖ਼ਤਮ ਹੁੰਦੀ ਲਗੇ।

ਇਸ ਤਰ੍ਹਾਂ ਦੀਆਂ ਗਲਾਂ ਨੂੰ ਧਿਆਨ ਵਿਚ ਰਖ ਕੇ ਮੈਂ ਹਥਲੇ ਕੰਮ ਨੂੰ ਸਿਰੇ ਚਾੜ੍ਹਿਆ ਹੈ। ਨਤੀਜੇ ਵਜੋਂ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਵੇਦਾਂਤ ਦੀ ਵਿਚਾਰਧਾਰਾ ਦੇ ਵੱਖ ਵੱਖ ਪਹਿਲੂਆਂ ਪ੍ਰਤੀ ਗੁਰੂ ਨਾਨਕ ਦੇਵ ਦਾ ਕੀ ਰਵਈਆ ਹੈ - ਇਹ ਹੀ ਮੇਰਾ ਥੀਸਿਸ ਹੈ ਤੇ ਇਸਨੂੰ ਹੀ ਮੈਂ ਅਗਲੇ ਪੰਨਿਆਂ ਵਿਚ ਲਭਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸੇ ਹੀ ਭਾਵਨਾ ਅਧੀਨ ਮੈਂ ਇਹ ਸ਼ਬਦ-ਸੰਵਾਦ ਪੇਸ਼ ਕਰਨ ਦੀ ਹਿੰਮਤ ਕਰ ਰਿਹਾ ਹਾਂ।

ਇਸ ਪ੍ਰਕ੍ਰਿਆ ਵਿਚ ਕਈ ਕਿਸਮ ਦੀਆਂ ਕਮੀਆਂ ਰਹਿ ਗਈਆਂ ਹੋਣਗੀਆਂ ਜੋ ਮੇਰੀਆਂ ਹਨ ਤੇ ਮੈਂ ਹੀ ਉਨ੍ਹਾਂ ਦਾ ਜ਼ਿੰਮੇਵਾਰ ਹਾਂ।

ਅਮਰਜੀਤ ਸਿੰਘ ਦੂਆ

( ਅਮਰਜੀਤ ਸਿੰਘ ਦੂਆ )

## ਧੰਨਵਾਦ

ਮੈਂ ਆਪਣੇ ਸੁਹਿਰਦ ਅਥਵਾ ਦੋਸਤਾਂ ਵਰਗੇ ਨਿਰਦੇਸ਼ਕ ਡਾਕਟਰ ਸੁਰਿੰਦਰ ਸਿੰਘ ਛਾਬੜਾ ਦਾ ਅਤਿ ਧੰਨਵਾਦੀ ਹਾਂ, ਜਿਨ੍ਹਾਂ ਨੇ ਵਕਤ-ਬ-ਵਕਤ, ਔਖੀਆਂ ਘੜੀਆਂ ਵੇਲੇ, ਮੇਰਾ ਹੱਥ ਥੰਮਿਆ ਤੇ ਮੈਨੂੰ ਵਿਚਾਰ ਦੀ ਦੁਨੀਆਂ ਵਿਚੋਂ ਸਪਸ਼ਟਤਾ ਗ੍ਰਹਿਣ ਕਰਨ ਵਿਚ ਸਹਾਇਤਾ ਦਿਤੀ। ਮੈਂ ਉਨ੍ਹਾਂ ਦਾ ਜਿਤਨਾ ਵੀ ਸ਼ੁਕਰੀਆ ਕਰਾਂ - ਥੋੜ੍ਹਾ ਹੈ।

ਡਾਕਟਰ ਵਿਸ਼ਵਾਨਾਥ ਤਿਵਾੜੀ, ਚੇਅਰਮੈਨ, ਸਕੂਲ ਆਫ ਪੰਜਾਬੀ ਸਟੱਡੀਜ਼, ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਮੈਨੂੰ ਅਥਾਹ ਉਤਸ਼ਾਹ ਦਿਤਾ ਤੇ ਸਹੂਲਤਾਂ ਮੁਹਈਆ ਕੀਤੀਆਂ।

ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ ਦੇ ਕਰਮਚਾਰੀਆਂ ਦਾ, ਜਿਨ੍ਹਾਂ ਨੇ ਇਸ ਕੰਮ ਵਿਚ ਮੈਨੂੰ ਅਤਿਅੰਤ ਸਹਿਯੋਗ ਦਿਤਾ, ਦਾ ਵੀ ਧੰਨਵਾਦੀ ਹਾਂ।

ਸਰਦਾਰ ਬਲਬੀਰ ਸਿੰਘ, ਜਿਸ ਨੇ ਹੱਥ ਨਾਲ ਲਿਖੇ ਹੋਏ ਅੱਖਰਾਂ ਨੂੰ ਸੋਹਣਾ ਬਣਾ ਕੇ ਪੇਸ਼ ਕਰਨ ਵਿਚ ਸਹਿਯੋਗ ਦਿਤਾ, ਦਾ ਵੀ ਧੰਨਵਾਦੀ ਹਾਂ।

( ਅਮਰਜੀਤ ਸਿੰਘ ਦੂਆ )

## ਅਧਿਆਇ ਪਹਿਲਾ

*

*

*

*

## ਭਾਰਤੀ ਵੇਦਾਂਤ ਪਰੰਪਰਾ

## ਭਾਰਤੀ ਵੇਦਾਂਤ ਪਰੰਪਰਾ

ਵੇਦਾਂਤ ਦਾ ਸ਼ਬਦਾਰਥ ਵੇਦਾਂ ਦਾ ਅੰਤ ਹੈ। ਉਪਨਿਸ਼ਦਾਂ, ਭਗਵਦ ਗੀਤਾ ਅਤੇ ਬ੍ਰਹਮ ਸੂਤਰ ਨੂੰ ਭਿੰਨ ਭਿੰਨ ਅਰਥਾਂ ਵਿਚ ਵੇਦ-ਅੰਤ ਜਾਂ ਵੇਦਾਂਤ ਦਾ ਆਧਾਰ ਮੰਨਿਆ ਜਾਂਦਾ ਹੈ।

ਅਧਿਆਤਮਕ ਅਨੁਭਵ ਦੀਆਂ ਸਿਖਰਾਂ ਤੇ ਪਹੁੰਚੇ ਹੋਏ ਮਹਾਨ ਵਿਅਕਤੀਆਂ ਨੇ, ਈਸ਼ਵਰੀ ਜਲਵੇ ਦੇ ਦਰਸ਼ਨ ਕਰਨ ਤੋਂ ਬਾਅਦ, ਆਪਣੇ ਵਿਸ਼ੇਸ਼ ਅਨੁਭਵਾਂ ਨੂੰ, ਜਿਨ੍ਹਾਂ ਪੁਸਤਕ ਰੂਪਾਂ ਵਿਚ ਪ੍ਰਗਟਾਇਆ ਹੈ, ਉਨ੍ਹਾਂ ਪੁਸਤਕਾਂ ਨੂੰ ਸ਼ਾਸਤਰ ਆਖਿਆ ਗਿਆ ਹੈ। ਇਨ੍ਹਾਂ ਦਰਸ਼ਨਾਂ ਵਿਚ ਰਿਸ਼ੀਆਂ ਦੇ ਦੀਨੀਆਤ ਸੰਬੰਧੀ ਵਿਚਾਰਾਂ ਨੂੰ ਸੂਤਰ ਰੂਪ ਵਿਚ ਪ੍ਰਗਟਾਇਆ ਗਿਆ ਹੈ। ਮਨੁਖੀ ਅਨੁਭਵ ਵਿਚਲੀ ਵਖਰਤਾ ਕਾਰਣ, ਲੇਖਕਾਂ ਦੇ ਪ੍ਰਗਟਾਏ ਦੀਨੀਆਤ ਸੰਬੰਧੀ ਵਿਚਾਰਾਂ ਵਿਚ ਵਖਰਤਾ ਹੈ। ਇਨ੍ਹਾਂ ਅਨੁਭਵ ਦੀਆਂ ਵਖਰਤਾਵਾਂ ਨੇ ਬੇਸ਼ਕ ਵੱਖ ਵੱਖ ਵਿਚਾਰਧਾਰਾਵਾਂ ਨੂੰ ਸਥਾਪਿਤ ਕੀਤਾ, ਪਰ ਭਾਰਤ ਵਿਚ, ਇਨ੍ਹਾਂ ਵਿਚੋਂ ਛੇ ਦਰਸ਼ਨਾਂ ਨੂੰ ਪ੍ਰਮਾਣਿਕਤਾ ਪ੍ਰਾਪਤ ਹੋਈ ਹੈ। ਧਾਰਮਿਕ ਤੇ ਦਾਰਸ਼ਨਿਕ ਸ਼ਬਦਾਵਲੀ ਵਿਚ ਇਹ ਖਟ ਦਰਸ਼ਨ ਕਰਕੇ ਜਾਣੇ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਇਨ੍ਹਾਂ ਦਾ ਜ਼ਿਕਰ ਇਸ ਪ੍ਰਕਾਰ ਆਇਆ ਹੈ:

ਛਿਅ ਘਰ ਛਿਅ ਗੁਰ ਛਿਅ ਉਪਦੇਸ॥[1]

ਭਾਰਤੀ ਵਿਦਵਾਨਾਂ ਦੀ ਬਹੁਗਿਣਤੀ ਨੇ ਇਨ੍ਹਾਂ ਦਰਸ਼ਨਾਂ ਦਾ ਕਾਲ ਛੇ ਸੌ ਤੋਂ 200 ਸਾਲ ਪੂਰਵ ਈਸਵੀ ਨਿਸ਼ਚਿਤ ਕੀਤਾ ਹੈ।

ਉਪਨਿਸ਼ਦਾਂ ਤੋਂ ਕਦੋਂ ਭਾਰਤੀ ਦਰਸ਼ਨ ਦੇ ਵੱਖ ਵੱਖ ਸਿਧਾਂਤਾਂ ਦਾ ਵਿਕਾਸ ਹੋਇਆ, ਇਸ ਬਾਰੇ ਨਿਸ਼ਚਿਤ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ। ਲਗਦਾ ਹੈ ਕਿ ਇਨ੍ਹਾਂ ਦਾਰਸ਼ਨਿਕ ਸਿਧਾਂਤਾਂ ਦਾ ਵਿਕਾਸ ਸਮਾਨਾਂਤਰ ਰੂਪ ਵਿਚ ਹੀ ਹੁੰਦਾ ਰਿਹਾ ਹੈ। ਬਾਅਦ ਵਿਚ ਇਨ੍ਹਾਂ ਨੂੰ ਸੂਤਰ ਰੂਪ ਵਿਚ ਇਕੱਠਾ ਕਰਕੇ ਹਰੇਕ ਦਰਸ਼ਨ ਦੇ ਮੂਲ ਗ੍ਰੰਥ ਦੀ ਰਚਨਾ ਕੀਤੀ ਗਈ। ਮਹਾਂ ਰਿਸ਼ੀ ਗੌਤਮ ਨੇ ਨਿਆਏ ਸੂਤਰ ਦੀ, ਕਣਾਦ ਨੇ ਵੈਸ਼ੇਸ਼ਕ ਸੂਤਰ ਦੀ, ਕਪਿਲ ਨੇ ਸਾਂਖ ਸੂਤਰ ਦੀ, ਪਤੰਜਲੀ ਨੇ ਯੋਗ ਸੂਤਰ ਦੀ, ਜੈਮਿਨੀ ਨੇ ਕਰਮ ਮੀਮਾਂਸਾ

---

1. ਰਾਗੁ ਆਸਾ, ਆਦਿ ਗ੍ਰੰਥ, ਪੰਨਾ 357

ਸੂਤਰ ਦੀ ਅਤੇ ਬਾਦਰਾਇਣ ਨੇ ਵੇਦਾਂਤ ਸੂਤਰ ਦੀ ਰਚਨਾ ਕੀਤੀ। ਇਹ ਮਹਾਂ ਰਿਸ਼ੀ ਤਤ ਦਰਸ਼ਨ ਦੇ ਸਿਧਾਂਤਾਂ ਦੇ ਕੇਵਲ ਸੂਤਰਕਾਰ ਹੀ ਹਨ ਮੂਲ ਪਰਵਰਤਕ ਨਹੀਂ ਹਨ, ਕਿਉਂਕਿ ਇਨ੍ਹਾਂ ਦਰਸ਼ਨ ਸੂਤਰਾਂ ਦੀ ਰਚਨਾ ਤੋਂ ਬਹੁਤ ਪਹਿਲਾਂ ਹੀ, ਇਨ੍ਹਾਂ ਦਰਸ਼ਨ ਸਿਧਾਂਤਾਂ ਦੇ ਬੀਜ ਰੂਪਾਂ ਦੀ ਪੈਦਾਇਸ਼ ਹੋ ਚੁਕੀ ਸੀ। ਸੂਤਰ ਬਹੁਤ ਜ਼ਿਆਦਾ ਸੂਖਮ ਰੂਪ ਵਿਚ ਹਨ, ਜਿਨ੍ਹਾਂ ਦੀ ਵਿਆਖਿਆ ਦੀ ਜ਼ਰੂਰਤ ਨੂੰ ਸਮਝਦਿਆਂ ਹੋਇਆਂ, ਵਿਆਖਿਆ ਗ੍ਰੰਥਾਂ ਦੀ ਸਿਰਜਨਾ ਹੋਈ, ਜਿਨ੍ਹਾਂ ਨੂੰ ਕਿ 'ਭਾਸ਼ਯ' ਕਿਹਾ ਗਿਆ ਹੈ।

ਵੱਖ ਵੱਖ ਵਿਦਵਾਨਾਂ ਨੇ ਸੂਤਰ ਗ੍ਰੰਥਾਂ ਉਪਰ ਨਿਜੀ ਦ੍ਰਿਸ਼ਟੀਕੋਣ ਤੋਂ 'ਭਾਸ਼ਯ' ਲਿਖੇ, ਕਿਤੇ ਕਿਤੇ ਭਾਸ਼ਯ ਆਪਸ ਵਿਚ ਟਕਰਾਉਂਦੇ ਵੀ ਹਨ, ਜਿਸ ਕਰਕੇ ਕਈ ਕਈ ਮੂਲ ਸੂਤਰ ਨੂੰ ਸਮਝਣਾ, ਸਧਾਰਣ ਪਾਠਕ ਲਈ, ਮੁਸ਼ਕਲ ਹੋ ਜਾਂਦਾ ਹੈ। ਬਾਦਰਾਇਣ ਦੇ 'ਬ੍ਰਹਮ ਸੂਤ੍ਰ' ਉਪਰ ਵਿਦਵਾਨਾਂ ਨੇ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ 'ਭਾਸ਼ਯ' ਲਿਖੇ ਹਨ, ਜਿਨ੍ਹਾਂ ਨੂੰ ਕਿ ਵੱਖ ਵੱਖ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਸ਼ੰਕਰ ਭਾਸ਼ਯ ਨੂੰ ਅਦ੍ਵੈਤਵਾਦ, ਰਾਮਾਨੁਜ ਭਾਸ਼ਯ ਨੂੰ ਵਿਸ਼ਿਸ਼ਟਾਦ੍ਵੈਤਵਾਦ, ਮਧਵ ਭਾਸ਼ਯ ਨੂੰ ਦ੍ਵੈਤਵਾਦ, ਨਿੰਬਾਰਕ ਭਾਸ਼ਯ ਨੂੰ ਦ੍ਵੈਤਾਦ੍ਵੈਤਵਾਦ ਅਤੇ ਵੱਲਭ ਭਾਸ਼ਯ ਨੂੰ ਸ਼ੁਧਾਦ੍ਵੈਤਵਾਦ ਕਿਹਾ ਜਾਂਦਾ ਹੈ। ਵੇਦਾਂਤ ਦਰਸ਼ਨ ਦਾ ਭਾਰਤੀ ਦਾਰਸ਼ਨਿਕ ਸਾਹਿਤ ਦੇ ਇਤਿਹਾਸ ਵਿਚ ਵਿਸ਼ੇਸ਼ ਤੇ ਮਹੱਤਵਪੂਰਨ ਸਥਾਨ ਹੈ।

ਇਨ੍ਹਾਂ ਛੇ ਦਰਸ਼ਨਾਂ ਵਿਚਲੀ ਵਿਚਾਰਾਤਮਕ ਸਾਂਝ ਕਾਰਣ ਇਨ੍ਹਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ:

1. ਨਿਆਇ ਤੇ ਵੈਸ਼ੇਸਕ
2. ਸਾਂਖਯ ਤੇ ਯੋਗ
3. ਮੀਮਾਂਸਾ ਤੇ ਵੇਦਾਂਤ

ਉਪਨਿਸ਼ਦਾਂ, ਬ੍ਰਹਮ ਸੂਤਰ ਤੇ ਭਗਵਦ ਗੀਤਾ ਵਿਚੋਂ ਵੇਦਾਂਤ ਦੇ ਮੂਲ ਬੀਜ ਉਪਲਬਧ ਹਨ। ਵੇਦਾਂਤ ਦੇ ਇਤਿਹਾਸਕ ਪੱਖ ਦਾ ਪ੍ਰਗਟਾ ਕਰਦਿਆਂ ਹੋਇਆਂ, ਇਨ੍ਹਾਂ ਗ੍ਰੰਥਾਂ ਵਿਚੋਂ ਪ੍ਰਾਪਤ ਵੇਦਾਂਤ ਤੱਤਾਂ ਨੂੰ ਇਸ ਤਰ੍ਹਾਂ ਵੇਖਿਆ ਜਾ ਸਕਦਾ ਹੈ।

ਵੇਦਾਂ ਵਿਚਲੇ ਵਿਚਾਰਾਂ ਦਾ ਨਿਚੋੜ ਉਪਨਿਸ਼ਦਾਂ ਵਿਚ ਮਿਲਦਾ ਹੋਣ ਕਰਕੇ, ਇਸਨੂੰ ਵੇਦਾਂ ਦਾ ਅੰਤ ਮੰਨਿਆ ਗਿਆ ਹੈ। 'ਉਪਨਿਸ਼ਦ' ਦਾ ਅਰਥ ਹੈ ਜੋ 'ਈਸ਼ਵਰ ਦੇ ਨਜ਼ਦੀਕ ਪਹੁੰਚਾਏ', 'ਜੋ ਗੁਰੂ ਦੇ ਨਜ਼ਦੀਕ ਪਹੁੰਚਾਏ' ਜਾਂ 'ਗੁਰੂ ਦੇ ਚਰਣਾਂ ਵਿਚ ਬੈਠਣਾ'। ਉਪਨਿਸ਼ਦਾਂ ਦੇ ਸਿਧਾਂਤ ਗੁਰੂ ਮੁਖ ਤੋਂ ਚੋਣਵੇਂ ਸ਼ਗਿਰਦਾਂ ਨੂੰ ਦਸਦੇ ਸਨ, ਜੋ ਕਿ ਗੁਰੂ ਦੇ ਨਜ਼ਦੀਕ ਬੈਠਦੇ ਸਨ।

ਉਪਨਿਸ਼ਦਾਂ ਵਿਚ ਪ੍ਰਸਤੁਤ ਵੇਦਾਂਤ ਦਰਸ਼ਨ ਦੇ ਬੀਜ ਰੂਪਾਂ ਸੰਬੰਧੀ ਭਾਰਤੀ ਤੇ ਪਛਮੀ ਵਿਦਵਾਨਾਂ ਦੇ ਵੱਖ ਵੱਖ ਵਿਚਾਰ ਹਨ।

ਪਛਮੀ ਵਿਦਵਾਨ ਬਲੂਮ ਫੀਲਡ[1] ਦਾ ਵਿਚਾਰ ਹੈ ਕਿ ਨਾਸਤਿਕ ਬੁੱਧ ਮੱਤ ਨੂੰ ਮਿਲਾ ਕੇ ਹਿੰਦੂ ਦਰਸ਼ਨ ਦਾ ਕੋਈ ਅਜਿਹਾ ਮਹਤਵਪੂਰਨ ਰੂਪ ਨਹੀਂ ਜਿਸਦਾ ਮੂਲ ਰੂਪ ਉਪਨਿਸ਼ਦਾਂ ਵਿਚ ਮੌਜੂਦ ਨਹੀਂ ਹੈ।

ਮੈਕਸਮੂਲਰ ਦਾ ਵਿਚਾਰ ਹੈ ਕਿ ਸ਼ੰਕਰ ਵੇਦਾਂਤਕ ਵਿਚਾਰਾਂ ਜਾਂ ਉਨ੍ਹਾਂ ਦੇ ਅੰਗਾਂ ਨੂੰ ਹਰੇਕ ਸਥਿਤੀ ਵਿਚ ਪੁਰਾਤਨ ਉਪਨਿਸ਼ਦਾਂ ਵਿਚੋਂ ਖੋਜਣ ਵਿਚ ਸਫਲ ਹੋਏ ਹਨ।[2]

ਪ੍ਰੋ: ਮੈਕੇਨਜ਼ੀ ਦਾ ਵਿਚਾਰ ਹੈ ਕਿ ਸ੍ਰਿਸ਼ਟੀ ਵਿਗਿਆਨ ਦੇ ਕ੍ਰਮਿਕ ਸਿਧਾਂਤ ਦਾ ਅਤਿ ਪ੍ਰਾਚੀਨ ਤੇ ਮਹਤਵਪੂਰਨ ਪ੍ਰਸ਼ਨ ਉਹੋ ਹੀ ਹੈ, ਜਿਹੜਾ ਕਿ ਉਪਨਿਸ਼ਦਾਂ ਵਿਚ ਪ੍ਰਗਟ ਕੀਤਾ ਗਿਆ ਹੈ।[3] ਇਸ ਤਰ੍ਹਾਂ ਮੈਕੇਨਜ਼ੀ ਵੀ ਉਪਨਿਸ਼ਦਾਂ ਨੂੰ ਵੇਦਾਂਤ ਸਿਧਾਂਤਾਂ ਦੀ ਅਤਿ ਪ੍ਰਾਚੀਨ ਪ੍ਰਿਸ਼ਟ ਭੂਮੀ ਦੇ ਰੂਪ ਵਿਚ ਹੀ ਸਵੀਕਾਰਦਾ ਹੈ।

ਇਸ ਤਰ੍ਹਾਂ ਉਪਨਿਸ਼ਦਾਂ ਵਿਚ ਕੇਵਲ ਅਦਵੈਤ-ਵੇਦਾਂਤ ਦੇ ਬੁਨਿਆਦੀ ਤੱਤ ਹੀ ਨਹੀਂ ਮਿਲਦੇ, ਸਗੋਂ ਰਾਮਾਨੁਜ, ਵਲਭ, ਮਧਵ, ਨਿੰਬਾਰਕ ਦੇ ਦਾਰਸ਼ਨਿਕ ਵਿਚਾਰਾਂ ਦੇ ਬੀਜ

---

1. There is no important form of Hindu thought, heterodox Buddhism included, which is not rooted in the Upanishads (The Religion of Veda, p. 511

2. Max Muller: VEDANTA PHILOSOPHY, p. 135

3. Encyclopaedia of Religions and Ethics, Vol. VIII, p. 597

ਰੂਪ ਵਿਚ ਇਨ੍ਹਾਂ ਵਿਚੋਂ ਹੀ ਉਪਲਬਧ ਹਨ। ਉਪਨਿਸ਼ਦਾਂ ਵਿਚ ਕੇਵਲ ਇਕ ਹੀ ਸਿਧਾਂਤ ਪ੍ਰੌੜ੍ਹ ਤੇ ਪ੍ਰਮਾਣਿਕ ਰੂਪ ਵਿਚ ਪੇਸ਼ ਨਹੀਂ ਹੋਇਆ। ਤਾਂ ਇਹ ਸਪਸ਼ਟ ਹੈ ਕਿ ਸ਼ੰਕਰ ਦਾ ਵੇਦਾਂਤਕ ਦ੍ਰਿਸ਼ਟੀਕੋਣ, ਅਸਲ ਵਿਚ, ਉਪਨਿਸ਼ਦਾਂ ਦੇ ਦਾਰਸ਼ਨਿਕ ਸਿਧਾਂਤਾਂ ਦੀ ਮੁਖ ਰੂਪ ਵਿਚ ਪ੍ਰਤੀਨਿਧਤਾ ਕਰਦਾ ਹੈ। ਪ੍ਰੋ: ਦਾਸ ਗੁਪਤਾ ਵੀ ਅਜਿਹੇ ਹੀ ਵਿਚਾਰ ਦੇ ਧਾਰਨੀ ਹਨ।[1] ਪ੍ਰੋ: ਰਾਨਾਡੇ ਤਾਂ ਇਸ ਤੋਂ ਵੀ ਅਗੇ ਜਾਂਦੇ ਹਨ। ਉਹ ਲਿਖਦੇ ਹਨ ਬੋਧ, ਸਾਂਖ, ਜੈਨ, ਨਿਆਇ, ਵੈਸ਼ੇਸ਼ਕ, ਮੀਮਾਂਸਾ ਅਤੇ ਸ਼ੈਵ ਦਰਸ਼ਨ ਦੇ ਬੀਜ ਉਪਨਿਸ਼ਦਾਂ ਵਿਚੋਂ ਉਪਲਬਧ ਹਨ।[2]

ਉਪਨਿਸ਼ਦਾਂ ਵਿਚੋਂ ਪ੍ਰਾਪਤ ਵੇਦਾਂਤੀ ਵਿਚਾਰਾਂ ਦੇ ਬੀਜ ਰੂਪਾਂ ਦੀ ਪਛਾਣ ਅਦਵੈਤ ਵੇਦਾਂਤ ਦੇ ਪ੍ਰਮੁਖ ਤਤਾਂ : ਬ੍ਰਹਮ, ਮਾਇਆ, ਮੁਕਤੀ, ਈਸ਼ਵਰ ਆਦਿ ਦੇ ਪ੍ਰਸੰਗ ਵਿਚ ਇਸ ਤਰ੍ਹਾਂ ਹੋ ਸਕਦੀ ਹੈ:

## ਵੇਦਾਂਤ ਵਿਚ ਬ੍ਰਹਮ ਵਿਚਾਰ

ਅਦਵੈਤ ਵੇਦਾਂਤ ਬ੍ਰਹਮ ਦੀ ਇਕ ਮਾਤਰ ਸੱਤਾ ਨੂੰ ਸਵੀਕਾਰ ਕਰਦਾ ਹੈ। ਕਠਉਪਨਿਸ਼ਦ ਵਿਚ ਵੀ ਉਪਰੋਕਤ ਵਿਚਾਰ ਪੇਸ਼ ਕਰਦਿਆਂ ਹੋਇਆਂ ਕਿਹਾ ਗਿਆ ਹੈ ਕਿ ਜਿਹੜਾ ਇਸ ਜਗਤ ਵਿਚ ਭੇਦ ਵੇਖਦਾ ਹੈ, ਉਹ ਜਨਮ ਮਰਨ ਦੇ ਬੰਧਨਾਂ ਤੋਂ ਮੁਕਤ ਨਹੀਂ ਹੁੰਦਾ, ਪਰ ਅਦਵੈਤ ਵਿਦਿਆ ਨਾਲ ਦਵੈਤ ਦ੍ਰਿਸ਼ਟੀ ਦਾ ਵਿਨਾਸ਼ ਹੋ ਜਾਂਦਾ ਹੈ।[3] ਛਾਂਦੋਗਯ ਉਪਨਿਸ਼ਦ ਵਿਚ ਸ਼ਵੇਤਕੇਤੂ ਅਤੇ ਉਸਦੇ ਪਿਤਾ ਆਰੁਣਿ ਦੀ ਵਾਰਤਾਲਾਪ ਰਾਹੀਂ ਵੀ ਬ੍ਰਹਮ ਤੇ ਨਾਮਰੂਪਾਤਮਕ ਜਗਤ ਦੀ ਏਕਰੂਪਤਾ ਦਾ ਸਪਸ਼ਟ ਵਿਚਾਰ ਮਿਲਦਾ ਹੈ।[4] ਬ੍ਰਹਦਾਰਣਯਕ ਉਪਨਿਸ਼ਦ ਵਿਚ ਵੀ ਬ੍ਰਹਮ ਦੀ ਸੱਤਾ ਦੇ ਨਾਲ ਨਾਲ ਜਗਤ ਤੇ ਬ੍ਰਹਮ ਦੀ ਇਕਰੂਪਤਾ ਦਾ ਵਿਚਾਰ ਮਿਲਦਾ ਹੈ। ਇਕ ਥਾਂ ਤੇ ਯਾਗਵਲਕਯ ਆਪਣੀ ਪਤਨੀ ਮੈਤ੍ਰੇਈ ਨੂੰ ਕਹਿੰਦੇ ਹਨ ਕਿ ਬ੍ਰਹਮਤਤਵ ਅਤਰਿਕਤ ਸਮਸਤ ਲੋਕ,

---

1. Das Gupta -Indian Philosophy of the Upanishads, Preface, P.VIII.

2. Ranade: Constructive Survey of Upanishadic Philosophy, P. 182-184

3. ਕਠ ਉਪਨਿਸ਼ਦ 2/1/11

4. ਛਾਂਦੋਗਯ ਉਪਨਿਸ਼ਦ 6/1/27

ਸਮਸਤ ਦੇਵਤਾ, ਸਮਸਤ ਭੂਤ ਅਤੇ ਇਹ ਸਭ, ਆਤਮਾ ਦਾ ਹੀ ਸਰੂਪ ਹੈ।[1] ਇਸ ਦੇ ਨਾਲ ਹੀ ਤੈਤ੍ਰੀਯ-ਉਪਨਿਸ਼ਦ ਵਿਚ ਵਰੁਣ ਆਪਣੇ ਪੁਤਰ ਭ੍ਰਿਗੂ ਨੂੰ ਬ੍ਰਹਮ ਦੇ ਸਰੂਪ ਸੰਬੰਧੀ ਵਿਚਾਰ ਕਰਦੇ ਹੋਏ ਦਸਦੇ ਹਨ ਕਿ ਜਿਸ ਤੋਂ ਸਮਸਤ ਭੂਤ ਉਤਪੰਨ ਹੋਏ ਹਨ ਜਿਸਤੋਂ ਪੈਦਾ ਹੋ ਕੇ ਜਿਉਂਦੇ ਹਨ ਅਤੇ ਮੌਤ ਤੋਂ ਬਾਅਦ ਜਿਸ ਵਿਚ ਸਮਾ ਜਾਂਦੇ ਹਨ, ਉਸਨੂੰ ਜਾਣਨ ਦੀ ਇਛਾ ਕਰੋ, ਉਹ ਹੀ ਬ੍ਰਹਮ ਹੈ।[2] ਬ੍ਰਹਮ ਦੇ ਅਜਿਹੇ ਸਰੂਪ ਦਾ ਪ੍ਰਗਟਾ ਵੇਦਾਂਤ ਦਰਸ਼ਨ ਦੇ ਬਿਲਕੁਲ ਅਨੁਕੂਲ ਹੈ।

ਉਪਰੋਕਤ ਵਿਵੇਚਨ ਤੋਂ ਇਲਾਵਾ ਬ੍ਰਹਮ ਦੇ ਸਰੂਪ ਦਾ ਪ੍ਰਗਟਾ ਉਪਨਿਸ਼ਦਾਂ ਵਿਚ ਅਨੇਕ ਥਾਵਾਂ ਤੇ ਹੋਇਆ ਮਿਲਦਾ ਹੈ। ਬ੍ਰਹਮ ਦੇ ਕੁਝ ਵਿਸ਼ਿਸ਼ਟ ਸਰੂਪਾਂ ਦਾ ਹੋਇਆ ਪ੍ਰਗਟਾ ਹੇਠਾਂ ਦਿਤਾ ਜਾਂਦਾ ਹੈ:

1. <u>ਸੱਤ ਅਤੇ ਅਸੱਤ ਰੂਪ ਵਿਚ ਬ੍ਰਹਮ ਦਾ ਚਿਤਰਣ:</u>

ਬ੍ਰਹਦਾਰਣਯਕ ਉਪਨਿਸ਼ਦ ਵਿਚ ਬ੍ਰਹਮ ਦਾ ਵਰਣਨ ਸੱਤ ਅਤੇ ਅਸੱਤ ਦੋਹਾਂ ਰੂਪਾਂ ਵਿਚ ਹੀ ਹੋਇਆ ਮਿਲਦਾ ਹੈ।[3]

2. <u>ਬ੍ਰਹਮ ਦਾ ਚਿੱਤ ਰੂਪ ਵਿਚ ਪ੍ਰਗਟਾ:</u>

ਬ੍ਰਹਮ ਗਿਆਨ ਪ੍ਰਕਾਸ਼ ਰੂਪ ਹੈ। ਇਸ ਕਰਕੇ ਬ੍ਰਹਦਾਰਣਯਕ ਉਪਨਿਸ਼ਦ ਵਿਚ ਬ੍ਰਹਮ ਨੂੰ                ਕਿਹਾ ਗਿਆ ਹੈ।[4] ਬ੍ਰਹਦਾਰਣਯਕ ਵਿਚ ਇਕ ਥਾਂ ਤੇ ਬ੍ਰਹਮ ਨੂੰ ਸੱਤ ਚਿਤ ਤੇ ਆਨੰਦ ਕਿਹਾ ਹੈ।[5]

---

1. ਬ੍ਰਹਦਾਰਣਯਕ ਉਪਨਿਸ਼ਦ 2/4/6-6
2. ਤੈਤ੍ਰੀਯ ਉਪਨਿਸ਼ਦ 2/3/11
3. ਬ੍ਰਹਦਾਰਣਯਕ ਉਪਨਿਸ਼ਦ 2/3/11
4. ਉਹੀ, 4/4/16
5. ਉਹੀ, 2/4/12

3. ਬ੍ਰਹਮ ਦਾ ਦੇਸ਼ਾਤੀਤ ਰੂਪ ਵਿਚ ਵਰਣਨ:

ਉਪਨਿਸ਼ਦਾਂ ਵਿੱਚ ਬ੍ਰਹਮ ਨੂੰ ਦੇਸ਼ ਆਦਿ ਦੀ ਸੀਮਾ ਤੋਂ ਅਤੀਤ ਕਿਹਾ ਗਿਆ ਹੈ। ਯਾਗਵਲਕਯ ਗਾਰਗੀ ਨੂੰ ਬ੍ਰਹਮ ਦਾ ਸਰੂਪ ਬਿਆਨਦੇ ਹੋਏ ਕਹਿੰਦੇ ਹਨ ਕਿ ਹੇ ਗਾਰਗੀ! ਜਿਸ ਵਿਚ ਸਭ ਕੁਝ ਸਮੋਇਆ ਹੋਇਆ ਹੈ, ਉਹ ਅਬਿਨਾਸ਼ੀ ਹੈ, ਉਹ ਨਾ ਸਥੂਲ ਹੈ, ਨਾ ਸੂਖਮ ਹੈ, ਨਾ ਛੋਟਾ ਹੈ ਨਾ ਵਡਾ ਹੈ, ਨਾ ਉਹ ਲਾਲ ਹੈ ਨਾ ਉਹ ਸੰਸਾਰਕ ਜੀਵ ਦੀ ਤਰ੍ਹਾਂ ਸਨੇਹ ਵਾਲਾ ਹੈ। ਉਹ ਪਰਦਾ ਰਹਿਤ, ਲਾਲਚ ਰਹਿਤ, ਹਵਾ ਰਹਿਤ, ਸਵਾਦ ਰਹਿਤ, ਗੰਧ ਰਹਿਤ, ਨੇਤ੍ਰ ਰਹਿਤ, ਸ੍ਰੋਤ ਰਹਿਤ, ਬਾਣੀ ਰਹਿਤ, ਮਨ ਰਹਿਤ, ਤੇਜ ਰਹਿਤ, ਪ੍ਰਾਣ ਰਹਿਤ, ਮੁਖ ਰਹਿਤ, ਪਰਿਣਾਮ ਰਹਿਤ, ਅੰਦਰ ਰਹਿਤ ਤੇ ਬਾਹਰ ਰਹਿਤ ਹੈ। ਨਾ ਉਹ ਕੁਝ ਖਾਂਦਾ ਹੈ ਤੇ ਨਾ ਹੀ ਕੋਈ ਉਸਨੂੰ ਖਾਂਦਾ ਹੈ।[1] ਇਸ ਪ੍ਰਗਟਾ ਤੋਂ ਬ੍ਰਹਮ ਦੇ ਦੇਸ਼ਾਤੀਤ ਰੂਪ ਦਾ ਪ੍ਰਗਟਾ ਹੁੰਦਾ ਹੈ।

4. ਕਾਲਾਤੀਤ ਬ੍ਰਹਮ ਦਾ ਵਰਣਨ:

ਬ੍ਰਹਮ ਦੇ ਦੇਸ਼ਾਤੀਤ ਹੋਣ ਵਾਂਗੂ ਉਹ ਕਾਲਾਤੀਤ ਵੀ ਹੈ। ਬ੍ਰਹਦਾਰਣਯਕ-ਉਪਨਿਸ਼ਦ ਵਿਚ ਬ੍ਰਹਮ ਭੂਤ ਤੇ ਭਵਿਖ ਕਾਲ ਦਾ ਸੁਆਮੀ[2] ਅਤੇ ਸਵੇਤ-ਉਪਨਿਸ਼ਦ ਵਿਚ ਬ੍ਰਹਮ ਨੂੰ ਤ੍ਰਿਕਾਲਾਤੀਤ ਕਿਹਾ ਗਿਆ ਹੈ।[3]

5. ਪੂਰਣ ਸੱਤ ਦੇ ਰੂਪ ਵਿਚ ਬ੍ਰਹਮ ਦਾ ਵਰਣਨ।

ਉਪਨਿਸ਼ਦਾਂ ਦੇ ਅੰਤਰ ਬ੍ਰਹਮ ਦਾ ਵਰਣਨ ਪੂਰਣ ਸੱਤ ਦੇ ਰੂਪ ਵਿਚ ਹੋਇਆ ਹੈ। ਬ੍ਰਹਦਾਰਣਯਕ ਉਪਨਿਸ਼ਦ ਵਿਚ ਕਿਹਾ ਗਿਆ ਹੈ ਕਿ ਬ੍ਰਹਮ ਤੋਂ ਇਲਾਵਾ ਕੋਈ ਦੂਸਰੀ ਸੱਤਾ ਨਹੀਂ ਹੈ।[4] ਇਸੇ ਹੀ ਗ੍ਰੰਥ ਵਿਚ ਇਕ ਹੋਰ ਥਾਂ ਤੇ ਕਿਹਾ ਗਿਆ ਹੈ ਕਿ ਆਤਮਾ ਦੇ ਦਰਸ਼ਨ ਸ੍ਰਵਣ ਤੇ ਗਿਆਨ ਨਾਲ ਸਾਰੇ ਜਗਤ ਦਾ ਹੀ ਗਿਆਨ ਹੋ ਜਾਂਦਾ ਹੈ।[5]

---

1. ਬ੍ਰਹਦਾਰਣਯਕ ਉਪਨਿਸ਼ਦ 3/8/8
2. ਉਹੀ 4/4/151
3. ਸ਼੍ਵੇਤਾਸ਼ਵਤਰ, ਉਪਨਿਸ਼ਦ 6/5
4. ਬ੍ਰਹਦਾਰਣਯਕ ਉਪਨਿਸ਼ਦ 4/3/23
5. ਉਹ ਹੀ 2/4/5 - ਮੁੰਡਕ ਉਪਨਿਸ਼ਦ 1/1/3

ਇਸ ਤਰ੍ਹਾਂ ਇਸ ਉਪਨਿਸ਼ਦ ਦਰਸ਼ਨ ਦੇ ਅਨੁਸਾਰ ਬ੍ਰਹਮ ਅਦਵੈਤ ਤੇ ਪੂਰਣ ਸੱਤਾ ਹੈ।

### 6. ਈਸ਼ਵਰ ਰੂਪ ਵਿਚ ਬ੍ਰਹਮ ਦਾ ਵਰਣਨ:

ਪਰਵਰਤੀ ਵੇਦਾਂਤ ਅੰਦਰ ਮਾਇਆ ਸ਼ਕਤੀ ਵਿਸ਼ਿਸ਼ਟ ਨੂੰ ਹੀ ਈਸ਼ਵਰ ਕਿਹਾ ਗਿਆ ਹੈ। ਸ਼ਵੇਤ ਉਪਨਿਸ਼ਦ ਵਿਚ ਬ੍ਰਹਮ ਨੂੰ ਮਾਈ ਆਖਿਆ ਗਿਆ ਹੈ।[1] ਇਸ ਦੇ ਨਾਲ ਹੀ ਕਈ ਹੋਰ ਥਾਵਾਂ ਤੇ ਉਪਨਿਸ਼ਦਾਂ ਵਿਚ ਬ੍ਰਹਮ ਦਾ ਈਸ਼ਵਰ ਰੂਪ ਵਿਚ ਵਰਣਨ ਮਿਲਦਾ ਹੈ।[2]

### 7. ਸਪਸ਼ਟ ਰੂਪ ਵਿਚ ਬ੍ਰਹਮ ਦਾ ਵਰਣਨ:

ਬਾਦਰਾਇਣ ਨੇ ਬ੍ਰਹਮ ਨੂੰ ਜਗਤ ਦੀ ਉਤਪਤੀ, ਸਥਿਤੀ ਤੇ ਪਰਲੈ ਦਾ ਕਾਰਣ ਕਿਹਾ ਹੈ। ਪਰਵਰਤੀ ਵੇਦਾਂਤੀ ਬਾਦਰਾਇਣ ਦਾ ਉਪਰੋਕਤ ਵਿਚਾਰ ਮੂਲ ਰੂਪ ਵਿਚ ਤੈਤ੍ਰੀਯ ਉਪਨਿਸ਼ਦ ਵਿਚ ਪ੍ਰਗਟ ਹੋਇਆ ਮਿਲਦਾ ਹੈ।[3] ਇਸ ਗ੍ਰੰਥ ਵਿਚ ਬ੍ਰਹਮ ਦੇ ਸਪਸ਼ਟ ਰੂਪ ਦਾ ਵਰਣਨ ਕਰਦੇ ਹੋਏ ਵਰੁਣ ਨੇ ਆਪਣੇ ਪੁਤਰ ਭ੍ਰਿਗੂ ਨੂੰ ਕਿਹਾ ਹੈ ਕਿ ਜਿਸ ਤੋਂ ਸਮਸਤ ਭੂਤ ਉਤਪੰਨ ਹੋਇਆ ਹੈ, ਜਿਸ ਤੋਂ ਪੈਦਾ ਹੋ ਕੇ ਸਾਰੇ ਜੀਉਂਦੇ ਰਹਿੰਦੇ ਹਨ ਅਤੇ ਜਿਸ ਵਿਚ ਪ੍ਰਵੇਸ਼ ਕਰ ਜਾਂਦੇ ਹਨ, ਉਸਨੂੰ ਜਾਣਨ ਦੀ ਇਛਾ ਕਰੋ, ਉਹ ਹੀ ਬ੍ਰਹਮ ਹੈ।

### 8. ਰਖਿਅਕ ਰੂਪ ਵਿਚ ਬ੍ਰਹਮ ਦਾ ਵਰਣਨ:

ਬ੍ਰਹਦਾਰਣਯਕ ਉਪਨਿਸ਼ਦ ਵਿਚ ਯਾਗਵਲਕਯ ਨੇ ਆਤਮਾ ਨੂੰ ਈਸ਼ਵਰ ਦਾ ਰੂਪ ਦਿਤਾ ਹੈ ਅਤੇ ਕਿਹਾ ਹੈ ਕਿ ਉਹ ਆਤਮਾ ਹੀ ਸਭ ਦਾ ਈਸ਼ਵਰ ਹੈ। ਇਸ ਦੇ ਨਾਲ ਹੀ ਯਾਗਵਲਕਯ ਨੇ ਆਤਮਾ ਦੀ ਤੁਲਨਾ ਇਕ ਬੇੜੀ ਨਾਲ ਕੀਤੀ ਹੈ, ਕਿਉਂਕਿ ਜਗਤ ਦਾ ਰਖਿਅਕ ਆਤਮਾ ਹੀ ਇਕ ਬੇੜੀ ਦੀ ਤਰ੍ਹਾਂ ਸਭ ਨੂੰ ਪਾਰ ਲਗਾਣ ਵਾਲਾ ਹੈ। ਉਹ ਲੋਕਾਂ ਦੀ ਰਖਿਆ ਲਈ ਉਨ੍ਹਾਂ ਨੂੰ ਧਾਰਦਾ ਹੈ।[4] ਇਸ ਤਰ੍ਹਾਂ ਉਪਨਿਸ਼ਦ ਦਰਸ਼ਨ ਵਿਚ ਬ੍ਰਹਮ ਅਰਥਾਤ ਆਤਮਾ ਦਾ ਰਖਿਅਕ ਦੇ ਰੂਪ ਵਿਚ ਵਰਣਨ ਮਿਲਦਾ ਹੈ।

---

1. ਸ਼ਵੇਤਾਸ਼ਵਤਰ ਉਪਨਿਸ਼ਦ 4/10
2. ਛਾਂਦੋਗਯ ਉਪਨਿਸ਼ਦ 4/15/2, ਬ੍ਰਹਦਾਰਣਯਕ ਉਪਨਿਸ਼ਦ 4/4/22
3. ਤੈਤ੍ਰੀਯ ਉਪਨਿਸ਼ਦ 3/1
4. ਬ੍ਰਹਦਾਰਣਯਕ ਉਪਨਿਸ਼ਦ 4/4/22

## 9. ਉਪਨਿਸ਼ਦਾਂ ਵਿਚ ਬ੍ਰਹਮ ਦੇ ਅੰਤਰਯਾਮੀ ਰੂਪ ਦਾ ਵਰਣਨ:

ਉਪਨਿਸ਼ਦਾਂ ਵਿਚ ਬ੍ਰਹਮ ਨੂੰ ਅੰਤਰਯਾਮੀ ਰੂਪ ਵਿਚ ਪ੍ਰਗਟਾਇਆ ਗਿਆ ਹੈ। ਬ੍ਰਹਦਾਰਣਯਕ ਉਪਨਿਸ਼ਦ ਵਿਚ ਇਕ ਥਾਂ ਤੇ ਗੌਤਮ ਦੇ ਸੁਆਲ ਦਾ ਉੱਤਰ ਦਿੰਦੇ ਹੋਏ ਯਾਗਵਲਕਯ ਕਹਿੰਦੇ ਹਨ ਕਿ ਜਿਹੜਾ ਪ੍ਰਿਥਵੀ ਦੇ ਅੰਦਰ ਤੇ ਬਾਹਰ, ਉਪਰ ਤੇ ਥੱਲੇ ਸਥਿਤ ਹੈ, ਜਿਸਨੂੰ ਪ੍ਰਿਥਵੀ ਨਹੀਂ ਜਾਣਦੀ, ਜਿਹੜਾ ਪ੍ਰਿਥਵੀ ਨੂੰ ਜਾਣਦਾ ਹੈ, ਜਿਸਦਾ ਸਰੀਰ ਪ੍ਰਿਥਵੀ ਹੈ, ਜਿਹੜਾ ਸ੍ਰਿਸ਼ਟੀ ਦੇ ਬਾਹਰ ਜਾਂ ਅੰਦਰ ਰਹਿ ਕੇ ਸ੍ਰਿਸ਼ਟੀ ਦਾ ਪ੍ਰਬੰਧ ਕਰਦਾ ਹੈ, ਜਿਹੜਾ ਅਬਿਨਾਸ਼ੀ ਤੇ ਨਿਰਵਿਕਾਰ ਹੈ ਅਤੇ ਜੋ ਤੁਹਾਡਾ ਤੇ ਸਭ ਦੀ ਆਤਮਾ ਹੈ, ਉਹੀ ਗੌਤਮ, ਅੰਤਰਯਾਮੀ ਹੈ।[1] ਇਸੇ ਤਰ੍ਹਾਂ ਹੀ ਮੁੰਡਕ ਉਪਨਿਸ਼ਦ[2] ਵਿਚ ਵੀ ਬ੍ਰਹਮ ਦੇ ਅੰਤਰਯਾਮੀ ਰੂਪ ਦਾ ਵਰਣਨ ਮਿਲਦਾ ਹੈ।

## ਉਪਨਿਸ਼ਦਾਂ ਵਿਚ ਆਤਮਾ ਦਾ ਸਰੂਪ

ਰਿਗਵੇਦ ਵਿਚ ਇਕ ਪਾਸੇ ਆਤਮਾ ਦਾ ਪ੍ਰਯੋਗ ਜਗਤ ਦੇ ਮੂਲ ਤੱਤ ਲਈ ਕੀਤਾ ਗਿਆ ਹੈ ਅਤੇ ਦੂਸਰੇ ਪਾਸੇ ਮਨੁਖ ਦੇ ਪ੍ਰਾਣਵਾਯੂ ਦੇ ਅਰਥ ਵਿਚ। ਉਪਨਿਸ਼ਦਾਂ ਵਿਚ ਬ੍ਰਹਮ ਤੇ ਆਤਮਾ ਸ਼ਬਦਾਂ ਦਾ ਪ੍ਰਯੋਗ ਲਗਪਗ ਸਮਾਨ ਅਰਥਾਂ ਵਿਚ ਹੀ ਮਿਲਦਾ ਹੈ।[3] ਉਪਨਿਸ਼ਦਾਂ ਵਿਚ ਵੀ ਸਪਸ਼ਟ ਕਰ ਦਿਤਾ ਗਿਆ ਹੈ ਕਿ ਪੁਰਖਾਂ ਤੇ ਦੇਵਤਿਆਂ ਵਿਚ ਰਹਿਣ ਵਾਲਾ ਬ੍ਰਹਮ ਇਕ ਹੀ ਹੈ।[4]

## ਉਪਨਿਸ਼ਦਾਂ ਵਿਚ ਆਤਮਾ ਦੇ ਵੱਖ ਵੱਖ ਰੂਪਾਂ ਦਾ ਪ੍ਰਗਟਾ

ਛਾਂਦੋਗਯ ਉਪਨਿਸ਼ਦ ਦੇ ਇਕ ਪ੍ਰਸੰਗ ਵਿਚ ਆਤਮਾ ਦੇ ਹੇਠਲੇ ਤਿੰਨ ਰੂਪ ਮਿਲਦੇ ਹਨ:

1. ਸਰੀਰਕ ਆਤਮਾ

---

1. ਬ੍ਰਹਦਾਰਣਯਕ ਉਪਨਿਸ਼ਦ 3/7/1
2. ਮੁੰਡਕ ਉਪਨਿਸ਼ਦ 6
3. ਤੈਤ੍ਰੀਯ ਉਪਨਿਸ਼ਦ 4/5/1
4. ਤੈਤ੍ਰੀਯ ਉਪਨਿਸ਼ਦ 2/8, ਛਾਂਦੋਗਯ ਉਪਨਿਸ਼ਦ 3/13/7, 3/14/2-4
   ਬ੍ਰਹਦਾਰਣਯਕ ਉਪਨਿਸ਼ਦ 5/5/2

2. ਜੀਵਾਤਮਾ

3. ਸਰਬ ਉਚ ਆਤਮਾ ਜਾਂ ਪਰਮਾਤਮਾ

## ਉਪਨਿਸ਼ਦਾਂ ਵਿਚ ਮਾਇਆ ਦਾ ਸਰੂਪ

ਮਾਇਆ, ਅਦਵੈਤ ਵੇਦਾਂਤ ਦਾ ਇਕ ਅਤਿ ਮਹਤਵਪੂਰਣ ਸਿਧਾਂਤ ਹੈ। ਮਾਇਆ ਤੋਂ ਬਿਨਾਂ ਬ੍ਰਹਮ ਦੀ ਪ੍ਰਾਪਤੀ ਅਸੰਭਵ ਹੁੰਦੀ ਹੈ। ਉਪਨਿਸ਼ਦਾਂ ਵਿਚ ਮਾਇਆ ਸੰਬੰਧੀ ਕੀਤੀ ਦਾਰਸ਼ਨਿਕ ਚਰਚਾ, ਸ਼ੰਕਰ ਦੇ ਮਾਇਆਵਾਦ ਨਾਲੋਂ ਵਖਰੀ ਹੈ ਹਾਂ ਸ਼ੰਕਰ ਦੇ ਮਾਇਆਵਾਦ ਦਾ ਬੀਜ ਰੂਪ ਉਪਨਿਸ਼ਦਾਂ ਵਿਚੋਂ ਮਿਲਦਾ ਜ਼ਰੂਰ ਹੈ। ਉਪਨਿਸ਼ਦਾਂ ਵਿਚ ਮਾਇਆ ਸ਼ਬਦ ਦਾ ਪ੍ਰਯੋਗ ਦੋ ਥਾਵਾਂ ਤੇ ਹੋਇਆ ਹੈ। ਇਕ ਵਾਰ ਪ੍ਰਸ਼ਨ-ਉਪਨਿਸ਼ਦ[1] ਵਿਚ ਅਤੇ ਦੂਸਰੀ ਵਾਰ ਬ੍ਰਹਦਾਰਣਯਕ-ਉਪਨਿਸ਼ਦ[2] ਵਿਚ। ਪਹਿਲੇ ਵਿਚ ਇਸ ਸ਼ਬਦ ਦਾ ਪ੍ਰਯੋਗ ਆਚਾਰ ਦੀ ਕੁਟਿਲਤਾ ਲਈ ਅਤੇ ਦੂਸਰੇ ਵਿਚ ਪਰਮਾਤਮਾ ਦੀ ਰਹਸਮਈ ਸ਼ਕਤੀ ਦੇ ਪ੍ਰਗਟਾ ਵਿਚ ਹੋਇਆ ਹੈ।

ਪ੍ਰਾਚੀਨ ਉਪਨਿਸ਼ਦਾਂ ਤੋਂ ਇਲਾਵਾ ਉਤਰ ਕਾਲਿਕ ਉਪਨਿਸ਼ਦਾਂ ਵਿਚ ਵੀ ਇਸ ਸ਼ਬਦ ਦਾ ਪ੍ਰਯੋਗ ਮਿਲਦਾ ਹੈ। ਸ਼ਵੇਤ-ਉਪਨਿਸ਼ਦ ਵਿਚ ਮਾਇਆ ਨੂੰ ਪ੍ਰਕ੍ਰਿਤੀ ਅਤੇ ਪਰਮੇਸ਼ਰ ਨੂੰ ਮਾਈ ਕਿਹਾ ਗਿਆ ਹੈ।[3] ਇਸ ਤੋਂ ਇਲਾਵਾ ਉਤਰ ਕਾਲਿਕ ਉਪਨਿਸ਼ਦਾਂ ਵਿਚ ਮਾਇਆ ਸ਼ਬਦ ਦਾ ਪ੍ਰਯੋਗ ਅਨੇਕ ਥਾਵਾਂ ਤੇ ਹੋਇਆ ਹੈ।[4]

## ਉਪਨਿਸ਼ਦਾਂ ਵਿਚ ਮੁਕਤੀ ਦਾ ਸਿਧਾਂਤ

ਮੁਕਤੀ ਸੰਬੰਧੀ ਵਿਚਾਰ ਉਪਨਿਸ਼ਦਾਂ ਵਿਚ ਬਹੁਤੀਆਂ ਥਾਵਾਂ ਤੇ ਮਿਲਦੇ ਹਨ। ਮੁੰਡਕ ਉਪਨਿਸ਼ਦ ਵਿਚ ਕਿਹਾ ਗਿਆ ਹੈ ਕਿ ਜਿਹੜਾ ਉਸ ਪਾਰਬ੍ਰਹਮ ਨੂੰ ਜਾਣਦਾ ਹੈ, ਉਹ ਪਾਰਬ੍ਰਹਮ ਹੀ ਹੋ ਜਾਂਦਾ ਹੈ।[5] ਮੁਕਤ ਪੁਰਸ਼ ਦਾ ਲਛਣ ਦਸਦੇ ਹੋਏ ਛਾਂਦੋਗਯ-ਉਪਨਿਸ਼ਦ ਵਿਚ ਕਿਹਾ ਗਿਆ

---

1. ਪ੍ਰਸ਼ਨ ਉਪਨਿਸ਼ਦ 1/16/1
2. ਬ੍ਰਹਦਾਰਣਯਕ ਉਪਨਿਸ਼ਦ 2/5/16
3. ਸ਼ਵੇਤ ਉਪਨਿਸ਼ਦ 4/10
4. ਗੋਪਾਲਤਾਪਨੀ ਉਪਨਿਸ਼ਦ 4/10
5. ਮੁੰਡਕ ਉਪਨਿਸ਼ਦ 3/2/61

ਗਿਆ ਹੈ ਕਿ ਜਿਸ ਪ੍ਰਕਾਰ ਕੰਵਲ ਫੁਲ ਨੂੰ ਪਾਣੀ ਦੀ ਗੰਦਗੀ ਨਹੀਂ ਛੋਹ ਸਕਦੀ, ਉਸੇ ਤਰ੍ਹਾਂ ਹੀ ਆਤਮ-ਗਿਆਨੀ ਨੂੰ ਪਾਪ-ਕਰਮ ਨਹੀਂ ਲਗਦਾ।[1] ਬ੍ਰਹਦਾਰਣਯਕ ਉਪਨਿਸ਼ਦ ਵਿਚ ਕਿਹਾ ਗਿਆ ਹੈ ਕਿ ਜਿਵੇਂ ਸੱਪ ਆਪਣੀ ਨਿਰਜੀਵ ਕੁੰਜ (ਤਵਚਾ) ਨੂੰ ਤਿਆਗ ਦੇਣ ਤੋਂ ਬਾਅਦ ਨਾ ਤਾਂ ਉਸ ਨੂੰ ਦੁਬਾਰਾ ਗ੍ਰਹਿਣ ਕਰਨ ਦੀ ਇਛਾ ਰਖਦਾ ਹੈ ਤੇ ਨਾ ਹੀ ਉਸਦੀ ਰਖਿਆ ਕਰਦਾ ਹੈ, ਇਸੇ ਤਰ੍ਹਾਂ ਗਿਆਨੀ ਦਾ ਸਰੀਰ ਵੀ ਸੱਪ ਦੀ ਤਿਆਗੀ ਹੋਈ ਕੁੰਜ ਦੀ ਤਰ੍ਹਾਂ ਜੀਉਂਦੇ ਜੀ ਨਿਰਜੀਵਤ ਪਿਆ ਰਹਿੰਦਾ ਹੈ, ਅਰਥਾਤ ਗਿਆਨੀ ਉਸ ਨਾਲੋਂ ਅਸੰਬੰਧਤ ਰਹਿੰਦਾ ਹੈ। ਇਸੇ ਤਰ੍ਹਾਂ ਹੀ ਗਿਆਨੀ ਪੁਰਸ਼ ਸਰੀਰ-ਰਹਿਤ ਤੇ ਮਰਨ ਧਰਮ ਤੋਂ ਰਹਿਤ ਰਹਿੰਦਾ ਹੈ।[2]

ਇਸ ਤਰ੍ਹਾਂ ਪਰਵਰਤੀ ਵੇਦਾਂਤ ਵਿਚਲੀ ਸਮਸਤ ਜੀਵਨ ਮੁਕਤੀ ਸੰਬੰਧੀ ਵਿਚਾਰ ਦੀ ਪਿੱਠ ਭੂਮੀ ਬ੍ਰਹਦਾਰਣਯਕ ਉਪਨਿਸ਼ਦ ਦੇ ਉਪਰੋਕਤ ਵਿਚਾਰ ਨਾਲ ਮਿਲਦੀ ਹੈ। ਨਿਸਚੇ ਹੀ ਇਹ ਕਿਹਾ ਜਾ ਸਕਦਾ ਹੈ ਕਿ ਪਰਵਰਤੀ ਅਦਵੈਤ ਦਰਸ਼ਨ ਵਿਚ, ਮੁਕਤੀ ਦੇ ਜਿਸ ਸਰੂਪ ਦਾ ਪ੍ਰਗਟਾ ਕੀਤਾ ਗਿਆ ਹੈ, ਉਸਦੀ ਮੂਲ ਰੂਪ ਰੇਖਾ ਉਪਨਿਸ਼ਦ ਦਰਸ਼ਨ ਵਿਚ ਮਿਲਦੀ ਹੈ।

ਅਦਵੈਤਵਾਦ ਦਾ ਪ੍ਰਮੁਖ ਆਧਾਰ ਬਾਦਰਾਇਣ ਉਪਨਿਸ਼ਦ ਦਾ ਬ੍ਰਹਮ ਸੂਤਰ ਹੈ। ਬ੍ਰਹਮ ਸੂਤਰ ਵਿਚ ਬ੍ਰਹਮ ਦਾ ਪ੍ਰਯੋਗ ਚਾਰ ਥਾਵਾਂ ਤੇ ਹੋਇਆ ਮਿਲਦਾ ਹੈ।[3] ਇਨ੍ਹਾਂ ਚਾਰਾਂ ਥਾਵਾਂ ਤੇ ਬ੍ਰਹਮ ਦਾ ਅਰਥ ਪਰਾਤਪਰ ਸ਼ਕਤੀ ਹੀ ਹੈ। ਅਦਵੈਤਵਾਦੀ ਦਰਸ਼ਨ ਵਿਚਲੇ ਮਾਇਆ ਸਰੂਪ ਦਾ ਸੰਕੇਤ ਬ੍ਰਹਮ ਸੂਤਰ ਵਿਚ ਕੇਵਲ ਇਕ ਥਾਂ ਤੇ ਹੀ ਹੋਇਆ ਹੈ।[4] ਇਸ ਸੂਤਰ ਵਿਚ ਮਾਇਆ ਸ਼ਬਦ ਦਾ ਪ੍ਰਯੋਗ ਸੁਪਨਮਈ ਪਰੰਪਰ ਦੇ ਮਿਥਿਆ ਹੋਣ ਸੰਬੰਧੀ ਕੀਤਾ ਗਿਆ ਹੈ। ਬ੍ਰਹਮ ਸੂਤਰ ਦੇ ਪਹਿਲੇ ਸੂਤਰ ਵਿਚ ਵੀ ਸੂਤਰਕਾਰ ਦੇ ਦਰਸ਼ਨ ਦਾ ਪ੍ਰਮੁਖ ਲਛਣ ਬ੍ਰਹਮ ਗਿਆਨ ਹੀ ਦਸਿਆ ਗਿਆ ਹੈ। ਬੇਸ਼ਕ ਬ੍ਰਹਮ ਸੂਤਰ ਦੇ ਸੂਤਰਾਂ ਦੀ ਰਚਨਾ ਸਿਧਾਂਤ ਬੱਧ ਨਹੀਂ ਹੈ, ਫਿਰ ਵੀ, ਉਸ ਵਿਚੋਂ, ਅਦਵੈਤਵਾਦ ਦੇ ਲਛਣ, ਬੀਜ ਰੂਪ ਵਿਚ ਵੇਖੇ ਜਾ ਸਕਦੇ ਹਨ।

ਗੀਤਾ ਵਿਚ ਅਦਵੈਤ ਤੱਤਾਂ ਦਾ ਵਰਣਨ ਕਈਆਂ ਥਾਵਾਂ ਤੇ ਕੀਤਾ ਹੋਇਆ ਮਿਲਦਾ ਹੈ। ਗੀਤਾ ਵਿਚ ਅਨੇਕ ਥਾਵਾਂ ਤੇ ਬ੍ਰਹਮ ਦਾ ਪ੍ਰਯੋਗ ਅਧਿਆਤਮਕ ਅਤੇ ਅਦਵੈਤਪਰਕ ਅਰਥਾਂ ਵਿਚ ਕੀਤਾ ਗਿਆ ਹੈ।[5] ਗੀਤਾ ਵਿਚ ਬ੍ਰਹਮ ਸ਼ਬਦ ਦਾ ਪ੍ਰਯੋਗ ਸਰਵੋਤਮ ਸੱਤ ਦੇ ਰੂਪ ਵਿਚ ਹੋਇਆ

1. ਛਾਂਦੋਗਯ ਉਪਨਿਸ਼ਦ 4/14/3
2. ਬ੍ਰਹਦਾਰਣਯਕ ਉਪਨਿਸ਼ਦ 4/4/7
3. ਬ੍ਰਹਮ ਸੂਤਰ (1/1/1), (4/4/5), (2/3/5), (4/1/5)
4. ਉਹ ਹੀ 3/2/3
5. ਗੀਤਾ 3/15, 4/24, 4/31, 5/16

ਮਿਲਦਾ ਹੈ। ਗੀਤਾ ਦੁਆਰਾ ਪ੍ਰਗਟਾਇਆ ਗਿਆ ਸਰਵੋਤਮ ਸੱਚ, ਨਿਰਗੁਣ ਹੀ ਹੈ, ਸਗੁਣ ਨਹੀਂ ਹੈ। ਗੀਤਾ ਵਿਚ ਪਰਮਾਤਮਾ ਨੂੰ ਨਿਰਗੁਣ ਤੇ ਅਨਾਦੀ ਕਿਹਾ ਗਿਆ ਹੈ।[1]

ਮਾਇਆ ਪਰਮਾਤਮਾ ਪ੍ਰਾਪਤੀ ਦੇ ਗਿਆਨ ਦੇ ਰਸਤੇ ਵਿਚਲੀ ਰੁਕਾਵਟ ਹੈ। ਗੀਤਾ ਵਿਚ ਈਸ਼ਵਰ ਦੀ ਮਾਇਆ ਦੇ ਭਰਮ ਉਤਪਾਦਕ ਰੂਪਦਾ ਵਰਣਨ ਮਿਲਦਾ ਹੈ।[2] ਗੀਤਾ ਵਿਚ ਮਾਇਆ ਦਾ ਵਰਣਨ ਈਸ਼ਵਰ ਦੀ ਸ਼ਕਤੀ ਦੇ ਰੂਪ ਵਿਚ ਹੀ ਕੀਤਾ ਗਿਆ ਹੈ।

ਈਸ਼ਵਰ ਮਾਇਆ ਸ਼ਕਤੀ ਵਿਸ਼ਿਸ਼ਟ ਬ੍ਰਹਮ ਹੀ ਹੈ ਅਤੇ ਜੀਵ ਈਸ਼ਵਰ ਦਾ ਅੰਸ਼ ਹੀ ਹੈ।[3] ਇਸ ਪੱਖ ਤੋਂ ਗੀਤਾ ਦਾ ਜੀਵ ਅਤੇ ਈਸ਼ਵਰ ਦਾ ਸਿਧਾਂਤ ਵੀ ਅਦਵੈਤਵਾਦ ਦਾ ਹੀ ਸਮਰਥਕ ਹੈ। ਜਗਤ ਦੀ ਉਤਪਤੀ ਦੇ ਸੰਬੰਧ ਵਿਚ ਗੀਤਾ ਦਾ ਵਿਚਾਰ ਹੈ ਕਿ ਪਰਮੇਸ਼ਰ ਮਾਇਆ ਦੇ ਰਾਹੀਂ ਹੀ ਜਗਤ ਦੀ ਸਿਰਜਨਾ ਕਰਦਾ ਹੈ।[4]

ਗੀਤਾ ਵਿਚ ਜਗਤ ਦੇ ਮਿਥਿਆ ਹੋਣ ਸੰਬੰਧੀ ਵਿਚਾਰ ਮਿਲਦਾ ਹੈ। ਸਤਵੇਂ ਅਧਿਆਇ ਵਿਚ ਕ੍ਰਿਸ਼ਨ ਅਰਜਨ ਨੂੰ ਕਹਿੰਦੇ ਹਨ ਕਿ ਮੇਰੇ ਤੋਂ ਇਲਾਵਾ ਜਗਤ ਦਾ ਕਾਰਣ ਕੋਈ ਨਹੀਂ ਹੈ। ਇਹ ਜਗਤ ਮੇਰੇ ਵਿਚ ਇਸ ਤਰ੍ਹਾਂ ਮੌਜੂਦ ਹੈ, ਜਿਸ ਤਰ੍ਹਾਂ ਸੂਤਰ ਵਿਚ ਮਣੀਆਂ ਪਰੋਈਆਂ ਹੁੰਦੀਆਂ ਹਨ।[5]

ਬੇਸ਼ਕ ਗੀਤਾ ਵਿਚ ਕਰਮਯੋਗ, ਭਗਤੀ ਯੋਗ ਅਤੇ ਗਿਆਨ ਯੋਗ ਤਿੰਨਾਂ ਦਾ ਹੀ ਵਰਣਨ ਹੈ, ਪਰ ਇਨ੍ਹਾਂ ਤਿੰਨਾਂ ਵਿਚੋਂ ਸਭ ਤੋਂ ਜ਼ਿਆਦਾ ਮਹੱਤਵ ਗਿਆਨ ਯੋਗ ਦਾ ਹੀ ਹੈ। ਇਸੇ ਕਰਕੇ ਸਾਰੇ ਭਗਤਾਂ ਵਿਚੋਂ ਗਿਆਨੀ ਨੂੰ ਹੀ ਭਗਵਾਨ ਦਾ ਸਭ ਤੋਂ ਜ਼ਿਆਦਾ ਪਿਆਰਾ ਦਸਿਆ ਗਿਆ ਹੈ।[6]

ਮੁਕਤੀ ਦੇ ਸਰੂਪ ਸੰਬੰਧੀ ਗੀਤਾ ਦਾ ਵਿਚਾਰ ਹੈ ਕਿ ਜਿਸਨੇ ਇੰਦ੍ਰੀ ਮਨ ਤੇ ਬੁੱਧੀ ਨੂੰ ਵਸ ਵਿਚ ਕਰ ਲਿਆ ਹੈ, ਜਿਹੜਾ ਈਸ਼ਵਰ ਦਾ ਮਨਨ ਕਰਨ ਕਾਰਣ ਸੰਨਿਆਸੀ ਹੋ ਗਿਆ ਹੈ, ਅਤੇ ਜਿਹੜਾ ਇਛਾ ਤੇ ਕ੍ਰੋਧ ਤੋਂ ਰਹਿਤ ਹੈ, ਉਹ ਹੀ ਮੁਕਤ ਅਖਵਾਉਂਦਾ ਹੈ। ਆਤਮ

---

1. ਭਗਵਦ ਗੀਤਾ 13/31
2. ਉਹੀ 13/12, 7/25, 18/61
3. ਉਹੀ 15/7
4. ਉਹੀ 14/3
5. ਉਹੀ 7/7
6. ਉਹੀ 13/17

ਦ੍ਰਿਸ਼ਟਾ ਦੇ ਸੰਬੰਧ ਵਿਚ ਕਿਹਾ ਗਿਆ ਹੈ ਕਿ ਜਿਹੜਾ ਨਾਸ਼ਮਾਨ ਸਰਬ ਭੂਤਾਂ ਵਿਚ ਅਵਿਨਾਸ਼ੀ ਪਰਮਾਤਮਾ ਨੂੰ ਸਮਾਨ ਰੂਪ ਵਿਚ ਵੇਖਦਾ ਹੈ, ਉਹ ਹੀ ਅਸਲ ਵਿਚ ਤਤ ਦ੍ਰਿਸ਼ਟਾ ਹੈ।[1] ਬ੍ਰਹਮ ਗਿਆਨੀ ਦਾ ਲਛਣ ਵੀ ਗੀਤਾ ਵਿਚ ਦਸਿਆ ਗਿਆ ਹੈ। ਜਿਹੜਾ ਪਿਆਰੀ ਵਸਤੂ ਨੂੰ ਪ੍ਰਾਪਤ ਕਰਕੇ ਖੁਸ਼ ਨਹੀਂ ਹੁੰਦਾ, ਅਤੇ ਮਾੜੀ ਚੀਜ਼ ਪ੍ਰਾਪਤ ਹੋਣ ਤੇ ਦੁਖੀ ਨਹੀਂ ਹੁੰਦਾ, ਅਜਿਹੀ ਸਥਿਰ ਬੁੱਧੀ ਵਾਲਾ ਤੇ ਮੋਹ ਰਹਿਤ ਪੁਰਸ਼ ਬ੍ਰਹਮ ਗਿਆਨੀ ਹੈ। ਉਹ ਬ੍ਰਹਮ ਸਰੂਪ ਵਿਚ ਸਥਿਤ ਰਹਿੰਦਾ ਹੈ।[2] ਮੁਕਤੀ ਪ੍ਰਾਪਤ ਕਰਨ ਵਾਲਿਆਂ ਦੀ ਕਰਮ ਅਵਸਥਾ ਦੇ ਸੰਬੰਧ ਵਿਚ ਗੀਤਾ ਵਿਚ ਇਹ ਵਿਚਾਰ ਸਪਸ਼ਟ ਰੂਪ ਵਿਚ ਮਿਲਦਾ ਹੈ ਕਿ ਮੁਕਤੀ ਦੇ ਇਛੁਕ ਵਿਅਕਤੀ ਫਲਕਾਮਨਾਵਾਂ ਨੂੰ ਤਿਆਗ ਕੇ ਪਰਮਾਤਮਈ ਭਾਵ ਨਾਲ ਅਨੇਕ ਤਰ੍ਹਾਂ ਦੀਆਂ ਯਗ ਆਦਿਕ ਕ੍ਰਿਆਵਾਂ ਕਰਦੇ ਹਨ।[3] ਮੁਕਤੀ ਦੀ ਪ੍ਰਾਪਤੀ ਦੇ ਸੰਬੰਧ ਵਿਚ ਗੀਤਾ ਵਿਚ ਇਹ ਵਿਚਾਰ ਪ੍ਰਗਟਾਇਆ ਗਿਆ ਹੈ ਕਿ ਮੁਕਤੀ ਦੇ ਇਛਕਾਂ ਨੂੰ ਸੰਸਾਰ ਦੇ ਸਮਸਤ ਧਰਮਾਂ ਦਾ ਤਿਆਗ ਕਰਕੇ ਇਕ ਪਰਮਾਤਮਾ ਦੀ ਹੀ ਸ਼ਰਨ ਲੈਣੀ ਚਾਹੀਦੀ ਹੈ। ਸਿਰਫ ਪਰਮਾਤਮਾ ਦੀ ਸ਼ਰਨ ਲੈਣ ਵਾਲੇ ਪੁਰਸ਼ ਨੂੰ ਹੀ ਮੁਕਤ ਕਰਨ ਦਾ ਬਚਨ ਕ੍ਰਿਸ਼ਨ ਨੇ ਅਰਜਨ ਨੂੰ ਦਿਤਾ ਹੈ।[4] ਗੀਤਾ ਵਿਚ ਗਿਆਨ ਨੂੰ ਵੀ ਮੁਕਤੀ ਦਾ ਕਾਰਣ ਸਵੀਕਾਰ ਕੀਤਾ ਗਿਆ ਹੈ।

ਇਸ ਤਰ੍ਹਾਂ ਗੀਤਾ ਵਿਚਲੇ ਬ੍ਰਹਮ, ਈਸ਼ਵਰ, ਮਾਇਆ ਤੇ ਮੁਕਤੀ ਆਦਿ ਵਿਚਾਰ ਅਦਵੈਤ ਵਿਚਾਰਾਂ ਨਾਲ ਡੂੰਘਾ ਮੇਲ ਖਾਂਦੇ ਹਨ। ਇਹ ਵਿਚਾਰ ਸ਼ੰਕਰ ਦੇ ਅਦਵੈਤਵਾਦ ਲਈ ਬਹੁਤ ਹੀ ਮਹੱਤਵਪੂਰਣ ਤੇ ਆਧਾਰ ਤੌਰ ਲਏ ਜਾ ਸਕਦੇ ਹਨ। ਸ਼ੰਕਰ ਨੇ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਅਨੇਕ ਥਾਵਾਂ ਤੇ ਗੀਤਾ ਦੇ ਉਦਾਹਰਣ ਦਿਤੇ ਹਨ।[5]

ਸਮੁੱਚੇ ਤੌਰ ਤੇ ਅਸੀਂ ਵੇਖ ਸਕਦੇ ਹਾਂ ਕਿ ਵੇਦਾਂਤ ਦਾ ਮੂਲ ਆਧਾਰ ਉਪਨਿਸ਼ਦ, ਬ੍ਰਹਮ ਸੂਤਰ ਤੇ ਭਗਵਦ ਗੀਤਾ ਦੇ ਦਾਰਸ਼ਨਿਕ ਵਿਚਾਰ ਹੀ ਹਨ। ਸ਼ੰਕਰ ਨੇ ਵੇਦਾਂਤ ਦੀ ਸਿਰਜਨਾ ਇਨ੍ਹਾਂ ਤਿੰਨਾਂ ਬੁਨਿਆਦੀ ਦਾਰਸ਼ਨਿਕ ਰਚਨਾਵਾਂ ਉਪਰ ਹੀ ਰਖੀ ਹੈ ਅਤੇ ਥਾਂ ਥਾਂ ਤੇ ਆਪਣੇ ਮੱਤ ਦੀ ਪ੍ਰੋੜਤਾ ਲਈ, ਇਨ੍ਹਾਂ ਵਿਚੋਂ ਉਦਾਹਰਣ ਪੇਸ਼ ਕੀਤੇ ਹਨ। ਵੇਦਾਂਤ ਦਾ ਇਤਿਹਾਸ ਬੀਜ ਰੂਪ ਵਿਚ ਉਪਨਿਸ਼ਦਾਂ, ਬ੍ਰਹਮ ਸੂਤਰ ਤੇ ਭਗਵਦ ਗੀਤਾ ਵਿਚੋਂ ਹੀ ਲਭਿਆ ਜਾ ਸਕਦਾ ਹੈ ਅਤੇ ਇਥੋਂ ਹੀ ਅਗੇ ਚਲ ਕੇ, ਇਕ ਪਰੰਪਰਾ ਦਾ ਰੂਪ ਧਾਰ ਕੇ, ਇਹ ਆਉਣ ਵਾਲੇ ਭਾਰਤੀ ਸਾਧਨਾ ਮਾਰਗਾਂ ਦਾ, ਕਿਸੇ ਨਾ ਕਿਸੇ ਰੂਪ ਵਿਚ, ਅੰਗ ਬਣਦਾ ਹੈ।

1. ਭਗਵਦ ਗੀਤਾ 13/27
2. ਉਹੀ 5/20
3. ਉਹੀ 17/25
4. ਉਹੀ 18/66
5. ਬ੍ਰਹਮ ਸੂਤਰ, ਸ਼ੰਕਰ ਭਾਸ਼ 1/2/6, 1/2/16, 1/3/23, 1/4/22

## ਅਧਿਆਇ ਦੂਜਾ

*

*

*

*

## ਗੁਰੂ ਨਾਨਕ ਦੇਵ ਤੋਂ ਪਹਿਲਾਂ ਦੇ ਸੰਤ ਕਵੀ ਅਤੇ ਵੇਦਾਂਤ

## ਗੁਰੂ ਨਾਨਕ ਦੇਵ ਤੋਂ ਪਹਿਲਾਂ ਦੇ ਸੰਤ ਕਵੀ ਅਤੇ ਵੇਦਾਂਤ

ਗੁਰੂ ਨਾਨਕ ਦੇਵ ਤੋਂ ਪਹਿਲਾਂ ਭਾਰਤ ਵਿਚ ਦੋ ਤਰ੍ਹਾਂ ਦੀਆਂ ਵਿਚਾਰਧਾਰਾਵਾਂ ਦੇ ਸੰਤ ਮਿਲਦੇ ਹਨ। ਇਕ ਸਗੁਣਵਾਦੀ ਤੇ ਦੂਸਰੇ ਨਿਰਗੁਣਵਾਦੀ। ਸਗੁਣਵਾਦੀਆਂ ਵਿਚ ਰਾਮਾਨੰਦ, ਚੈਤੰਨ, ਤੁਲਸੀ ਤੇ ਮੀਰਾਂ ਆਦੀ ਇਤਿਆਦਿਕ ਕਵੀ ਹੀ ਪ੍ਰਸਿਧ ਹਨ। ਇਸ ਵਿਚਾਰਧਾਰਾ ਦੇ ਅਨੁਆਈ ਪਰਮਾਤਮਾ ਦੀ ਆਪਣੇ ਨਾਲੋਂ ਉੱਤਮ ਸਾਕਾਰ ਹਸਤੀ ਦੀ ਸਥਾਪਨਾ ਕਰਕੇ, ਉਸ ਨਾਲ ਭਗਤੀ ਭਾਵਾਂ ਨੇੜਤਾ ਸਥਾਪਿਤ ਕਰਨ ਦਾ ਯਤਨ ਕਰਦੇ ਹਨ। ਅਦਵੈਤਵਾਦੀ ਦ੍ਰਿਸ਼ਟੀ ਤੋਂ ਇਹ ਸਗੁਣਵਾਦੀ ਭਗਤ ਮਾਨਣਯੋਗ ਨਹੀਂ ਹਨ, ਕਿਉਂਕਿ ਉਹ ਪਰਮਾਤਮਾ ਦੀ ਅਦਵੈਤਤਾ ਨੂੰ ਨਹੀਂ ਸਵੀਕਾਰਦੇ।

ਭਾਰਤੀ ਸੰਤ ਕਾਵਿ ਪਰੰਪਰਾ ਵਿਚ ਨਿਰਗੁਣਵਾਦੀ ਭਗਤ ਜਿਵੇਂ ਕਿ ਕਬੀਰ, ਰਵਿਦਾਸ, ਤ੍ਰਿਲੋਚਨ, ਧੰਨਾ ਸੈਣ, ਸਧਨਾ, ਪੀਪਾ ਆਦਿ ਵਡੀ ਮਹੱਤਤਾ ਰਖਦੇ ਹਨ। ਇਨ੍ਹਾਂ ਨਿਰਗੁਣਵਾਦੀ ਭਗਤਾਂ ਨੇ ਇਕ ਪਰਮਾਤਮਾ ਦੀ ਏਕਤਾ ਨੂੰ ਸਵੀਕਾਰਦਿਆਂ ਹੋਇਆਂ ਕਈ ਢੰਗ ਪੱਖਾਂ ਤੋਂ ਆਪਣੇ ਵਿਚਾਰਾਂ ਨੂੰ ਪ੍ਰਗਟਾਇਆ ਹੈ। ਇਨ੍ਹਾਂ ਭਗਤਾਂ ਉਪਰ ਵੇਦਾਂਤ ਦਾ ਪ੍ਰਭਾਵ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਪ੍ਰਗਟ ਹੋਇਆ ਹੈ।

ਨਿਰਗੁਣ ਸੰਤ ਕਵੀਆਂ ਨੇ ਬ੍ਰਹਮ ਨੂੰ ਅਦਵੈਤ ਹੀ ਮੰਨਿਆ ਹੈ। ਸੰਤ ਕਬੀਰ ਨੇ ਬ੍ਰਹਮ ਨੂੰ ਇਕ ਅਖੰਡ ਦੇ ਨਾਲ ਨਾਲ ਉਸਨੂੰ ਸ੍ਰਿਸ਼ਟੀ ਦਾ ਕਰਤਾ ਵੀ ਕਿਹਾ ਹੈ। ਉਹ ਲਿਖਦੇ ਹਨ ਕਿ ਕੇਵਲ ਨਿਰਗੁਣ ਰਾਮ ਹੀ ਸੱਤ ਹੈ ਅਤੇ ਉਹ ਕੇਵਲ ਇਕ ਹੀ ਹੈ। ਉਹ ਰਾਮ ਹੀ ਇਸ ਸ੍ਰਿਸ਼ਟੀ ਦਾ ਕਰਤਾ ਹੈ।[1]

ਬ੍ਰਹਮ ਦੀ ਸੱਤਤਾ ਤੇ ਨਿਰਗੁਣਾਤਮਕਤਾ ਸੰਬੰਧੀ ਵਿਚਾਰ ਕਰਦੇ ਹੋਏ ਉਹ ਫੇਰ ਕਹਿੰਦੇ ਹਨ ਕਿ ਬ੍ਰਹਮ ਸੱਤ ਹੈ, ਉਹ ਅਲਖ ਹੈ, ਉਸ ਦਾ ਕੋਈ ਨਿਸ਼ਾਨ ਪਹਿਚਾਣ ਨਹੀਂ ਹੈ। ਉਹ ਕਰਤਾ ਹੈ ਅਤੇ ਉਸਦੇ ਸਮਾਨ ਹੋਰ ਕੋਈ ਨਹੀਂ ਹੈ।[2]

---

1. ਦੇਵਿੰਦ੍ਰ ਸਿੰਘ, ਸੰਪਾਦਕ, ਸੰਤ ਦਰਸ਼ਨ, ਪੰਨਾ 181
2. ਉਹੀ, ਪੰਨਾ 181

ਬ੍ਰਹਮ ਦੇ ਅਦਵੈਤ ਰੂਪ ਸੰਬੰਧੀ ਉਪਨਿਸ਼ਦਾਂ ਵਿਚ ਵਿਚਾਰ ਕੀਤੀ ਮਿਲਦੀ ਹੈ। ਛਾਂਦੋਗਯ ਉਪਨਿਸ਼ਦ[1] ਵਿਚ ਅਦਵੈਤ ਬ੍ਰਹਮ ਦਾ ਵਰਣਨ ਇਸ ਤਰ੍ਹਾਂ ਕੀਤਾ ਗਿਆ ਹੈ ਕਿ ਉਹ ਉਪਰ ਹੈ, ਥੱਲੇ ਹੈ, ਉਹ ਸਾਹਮਣੇ ਹੈ, ਉਹ ਦੱਖਣ ਤੇ ਉਹ ਉੱਤਰ ਵੱਲ ਹੈ ਇਤਨਾ ਹੀ ਨਹੀਂ ਉਹ ਸਭ ਕੁਝ ਹੈ।

ਬ੍ਰਹਮ ਦੀ ਸਿਰਜਣਾਤਮਕਤਾ ਸੰਬੰਧੀ ਵੀ ਉਪਨਿਸ਼ਦਾਂ ਵਿਚ ਸਪਸ਼ਟ ਰੂਪ ਵਿਚ ਵਿਚਾਰ ਹੋਈ ਮਿਲਦੀ ਹੈ। ਸ਼ਵੇਤਾਸ਼ਵਤਰ ਉਪਨਿਸ਼ਦ[2] ਵਿਚ ਬ੍ਰਹਮ ਦੀ ਸਿਰਜਣਾ ਸ਼ਕਤੀ ਦੀ ਚਰਚਾ ਕੀਤੀ ਗਈ ਹੈ।

ਰਵਿਦਾਸ ਦੀ ਬਾਣੀ ਵਿਚ ਅਨੇਕ ਥਾਂਵਾਂ ਤੇ 'ਸੁੰਨ' ਦਾ ਵਰਣਨ ਬ੍ਰਹਮ ਦੇ ਰੂਪ ਵਿਚ ਹੋਇਆ ਹੈ। ਉਨ੍ਹਾਂ ਦੁਆਰਾ ਪ੍ਰਗਟਾਏ ਗਏ 'ਸੁੰਨ' ਵਿਚ ਜੀਵਨ ਤੇ ਮਰਨ ਦਾ ਭੇਦ ਮੁਕਿਆ ਪਿਆ ਹੈ।[3] ਰਵਿਦਾਸ ਨੇ ਬ੍ਰਹਮ ਨੂੰ ਜੋਤੀ ਸਰੂਪ ਕਿਹਾ ਹੈ। ਉਹ ਹੀ ਪ੍ਰਕਾਸ਼ ਸਰੂਪ, ਪਰਮ ਪਦ ਹੈ। ਉਹ ਅਨੇਕ ਹੋ ਕੇ ਬਾਹਰੀ ਆਕ੍ਰਿਤਾਂ ਤੋਂ ਪਰੇ ਹੈ।[4]

ਰਵਿਦਾਸ ਦਾ ਜੀਵਾਤਮਾ ਸੰਬੰਧੀ ਵਿਚਾਰ ਇਹ ਹੈ ਕਿ ਜਿਸ ਤਰ੍ਹਾਂ ਸੋਨੇ ਤੇ ਸੋਨੇ ਦੇ ਬਣੇ ਗਹਿਣੇ ਵਿਚ ਅਤੇ ਪਾਣੀ ਤੇ ਪਾਣੀ ਦੀਆਂ ਲਹਿਰਾਂ ਵਿਚ ਕੋਈ ਅੰਤਰ ਨਹੀਂ ਹੁੰਦਾ, ਇਸੇ ਤਰ੍ਹਾਂ ਹੀ ਜੀਵ ਤੇ ਪਰਮ ਤੱਤ ਵਿਚ ਕੋਈ ਅੰਤਰ ਨਹੀਂ ਹੈ।[5] ਇਕ ਹੋਰ ਥਾਂ ਤੇ ਭਗਤ ਰਵਿਦਾਸ ਨੇ ਅਜਿਹੇ ਹੀ ਵਿਚਾਰ ਦਾ ਪ੍ਰਗਟਾਵਾ ਕੀਤਾ ਹੈ ਕਿ ਬ੍ਰਹਮ ਤੇ ਜੀਵ ਵਿਚ ਅਜਿਹਾ ਭੇਦ ਹੈ, ਜਿਹਾ ਕਿ ਸੂਤ ਤੇ ਸੂਤ ਦੇ ਬਣੇ ਹੋਏ ਕਪੜੇ ਵਿਚ ਅਤੇ ਪੱਥਰ ਤੇ ਪੱਥਰ ਦੀ ਬਣੀ ਮੂਰਤੀ ਵਿਚ।[6] ਇਸ ਅਨੁਸਾਰ ਆਤਮਾ ਪਰਮ ਤੱਤ ਦਾ ਅੰਸ਼ ਹੈ। ਆਤਮਾ ਪਰਮਾਤਮਾ ਦੋਵੇਂ ਇਕ ਹੀ ਹਨ। ਬੇਸ਼ਕ ਜੀਵ ਤੇ ਬ੍ਰਹਮ ਵਾਸਤਵ ਵਿਚ ਇਕ ਹੀ ਹਨ ਤੇ ਜੀਵ ਬ੍ਰਹਮ ਦਾ ਅੰਸ਼ ਹੀ ਹੈ, ਫਿਰ ਕੇਵਲ ਭਰਮ ਦੇ ਕਾਰਣ ਹੀ ਜੀਵ ਬ੍ਰਹਮ ਤੋਂ ਵੱਖਰਾ ਅਨੁਭਵ ਹੁੰਦਾ ਹੈ, ਪਰ ਜਦੋਂ ਜੀਵ ਵਿਚਲਾ ਹਉਮੈ ਭਾਵ ਖ਼ਤਮ ਹੋ ਜਾਂਦਾ ਹੈ ਤਾਂ ਜੀਵ ਬ੍ਰਹਮ ਵਿਚ ਇਸ ਤਰ੍ਹਾਂ ਮਿਲ ਜਾਂਦਾ ਹੈ, ਜਿਵੇਂ ਕਿ ਲਹਿਰਾਂ ਸਮੁੰਦਰ ਵਿਚ ਮਿਲ ਕੇ ਪਾਣੀ ਹੀ ਹੋ ਜਾਂਦੀਆਂ ਹਨ।[7] ਰਵਿਦਾਸ ਦੇ ਅਜਿਹੇ ਵਿਚਾਰ

---

1. ਛਾਂਦੋਗਯ ਉਪਨਿਸ਼ਦ 7/25/1
2. ਸ਼ਵੇਤਾਸ਼ਵਤਰ ਉਪਨਿਸ਼ਦ 3/2
3. ਰੈਦਾਸ ਜੀ ਕੀ ਬਾਣੀ, ਪੰਨਾ 3
4. ਸੰਗਮ ਲਾਲ ਪਾਂਡੇ, ਸੰਤ ਰੈਦਾਸ, ਪੰਨਾ 117
5. ਸਿਰੀ ਰਾਗੁ, ਬਾਣੀ ਰਵਿਦਾਸ ਜੀ ਕੀ, ਆਦਿ ਗ੍ਰੰਥ, ਪੰਨਾ 93
6. ਯੋਗੇਂਦ੍ਰ ਸਿੰਘ ਸੰਪਾਦਕ ਸੰਤ ਰੈਦਾਸ, ਪਦ 83, ਪੰਨਾ 186
7. ਜਬ ਹਮ ਹੋਤੇ ਤਬ ਤੂ ਨਾਹੀ। ਅਬ ਤੂ ਹੀ ਮੈ ਨਾਹੀ।
   (ਸੋਰਠ ਬਾਣੀ ਰਵਿਦਾਸ ਜੀ ਕੀ, ਆਦਿ ਗ੍ਰੰਥ, ਪੰਨਾ 658)

ਵੇਦਾਂਤਕ ਵਿਚਾਰਧਾਰਾ ਨਾਲ ਕਾਫੀ ਜ਼ਿਆਦਾ ਮੇਲ ਖਾਂਦੇ ਹਨ। ਵੇਦਾਂਤ ਸੂਤ੍ਰ[1] ਵਿਚ ਕਿਹਾ ਗਿਆ ਹੈ ਕਿ ਜੀਵ ਬ੍ਰਹਮ ਦਾ ਅੰਸ਼ ਅਤੇ ਤਨਮਯ ਹੀ ਹੈ। ਸ਼ੰਕਰ ਨੇ ਇਨ੍ਹਾਂ ਦੇ ਸੰਬੰਧ ਨੂੰ ਅੱਗ ਅਤੇ ਚਿੰਗਾਰੀ ਦੇ ਦ੍ਰਿਸ਼ਟਾਂਤ ਰਾਹੀਂ ਪ੍ਰਗਟਾਇਆ ਹੈ। ਉਸ ਦਾ ਵਿਚਾਰ ਹੈ ਕਿ ਜਿਵੇਂ ਚਿੰਗਾਰੀਆਂ ਅੱਗ ਵਿਚੋਂ ਨਿਕਲ ਕੇ ਫਿਰ ਉਸ ਵਿਚ ਹੀ ਸਮਾ ਜਾਂਦੀਆਂ ਹਨ, ਉਸੇ ਤਰ੍ਹਾਂ ਹੀ ਆਤਮਾ ਬ੍ਰਹਮ ਵਿਚੋਂ ਨਿਕਲ ਕੇ ਫਿਰ ਉਸ ਵਿਚ ਹੀ ਸਮਾ ਜਾਂਦੀ ਹੈ। ਇਸ ਤਰ੍ਹਾਂ ਜੀਵ ਤੇ ਬ੍ਰਹਮ ਦੇ ਸੰਬੰਧਾਂ ਦੇ ਪ੍ਰਕਰਣ ਵਿਚ ਨਿਰਗੁਣਵਾਦੀ ਭਗਤ ਪੂਰਨ ਤੌਰ ਤੇ ਅਦਵੈਤਵਾਦੀ ਹਨ ਅਰਥਾਤ ਵੇਦਾਂਤਕ ਵਿਚਾਰਧਾਰਾ ਦੇ ਧਾਰਨੀ ਹਨ।

ਜਗਤ ਸੰਬੰਧੀ ਵਿਚਾਰ ਪ੍ਰਗਟਾਉਂਦੇ ਹੋਏ ਰਵਿਦਾਸ ਨੇ ਕਿਹਾ ਹੈ ਕਿ ਸਿਧਾਂਤਕ ਦ੍ਰਿਸ਼ਟੀ ਤੋਂ ਜਗਤ ਮਿਥਿਆ ਤੇ ਨਾਸ਼ਮਾਨ ਹੈ। ਇਸਦੀ ਰਚਨਾ ਸਰੀਖੇ ਪਰਮਾਤਮਾ ਨੇ ਕੀਤੀ ਹੈ। ਉਸਨੇ ਸੰਸਾਰ ਦੀ ਨਾਸ਼ਮਾਨਤਾ ਦੀ ਉਪਮਾ ਕਸੁੰਭੇ ਦੇ ਫੁਲ ਨਾਲ ਕੀਤੀ ਹੈ।[2] ਇਕ ਹੋਰ ਥਾਂ ਤੇ ਉਨ੍ਹਾਂ ਨੇ ਦ੍ਰਿਸ਼ਟਮਾਨ ਸੰਸਾਰ ਨੂੰ ਚਲਾਏਮਾਨ ਦਸਿਆ ਹੈ।[3]

ਭਗਤ ਰਵਿਦਾਸ ਨੇ ਬੇਸ਼ਕ ਸਿਧਾਂਤਕ ਦ੍ਰਿਸ਼ਟੀ ਤੋਂ ਜਗਤ ਨੂੰ ਮਿਥਿਆ ਤੇ ਨਾਸ਼ਮਾਨ ਮੰਨਿਆ ਹੈ - ਪਰ ਵਿਹਾਰਕ ਦ੍ਰਿਸ਼ਟੀ ਤੋਂ ਇਸਨੂੰ ਕਰਮ ਖੇਤ੍ਰ ਮੰਨ ਕੇ ਇਨਸਾਨਾਂ ਨੂੰ ਸ਼ੁਭ ਕਰਮ ਕਰਨ ਦਾ ਉਪਦੇਸ਼ ਦਿਤਾ ਹੈ।[4]

ਪੂਰਵ ਨਾਨਕ ਕਾਲ ਦੇ ਇਸ ਨਿਰਗੁਣਵਾਦੀ ਭਗਤ ਰਵਿਦਾਸ ਨੇ ਵੇਦਾਂਤਕ ਦ੍ਰਿਸ਼ਟੀ ਤੋਂ ਮਾਇਆ ਸੰਬੰਧੀ ਵਿਚਾਰ ਕੀਤੇ ਹੈ। ਉਸ ਨੇ ਮਾਇਆ ਦੇ ਮੁਖ ਰੂਪ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਰਜ ਤਮ ਆਦਿ ਦਾ ਵਰਣਨ ਕੀਤਾ ਹੈ। ਕਾਮ ਤਾਂ ਬਹੁਤ ਹੀ ਜ਼ਿਆਦਾ ਪਰਬਲ ਹੈ, ਜਿਸਦੀ ਪਕੜ ਤੋਂ ਵਡੇ ਵਡੇ ਅਵਤਾਰ ਵੀ ਨਹੀਂ ਬਚ ਸਕੇ। ਮਾਇਆ ਦੇ ਇਨ੍ਹਾਂ ਮਨੋਵਿਕਾਰਾਂ ਨੇ ਸਾਰੇ ਹੀ ਸੰਸਾਰ ਨੂੰ ਦੁਖੀ ਕੀਤਾ ਹੋਇਆ ਹੈ।[5]

---

1. ਵੇਦਾਂਤ ਸੂਤ੍ਰ 2/3/43
2. ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ,
   ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ।
   (ਗਉੜੀ ਬੈਰਾਗਣਿ ਰਵਿਦਾਸ ਜੀ, ਆਦਿ ਗ੍ਰੰਥ, ਪੰਨਾ 346)
3. ਬਿਨੁ ਦੇਖੇ ਉਪਜੈ ਨਹੀਂ ਆਸਾ।
   ਜੋ ਦੀਸੈ ਸੋ ਹੋਇ ਬਿਨਾਸਾ।
   (ਭੈਰਉ ਰਾਗੁ, ਬਾਣੀ ਰਵਿਦਾਸ ਜੀਉ, ਆਦਿ ਗ੍ਰੰਥ, ਪੰਨਾ 1167)
4. ਧਰੇਂਦ੍ਰ ਸਿੰਘ, ਸੰਪਾਦਕ, ਸੰਤ ਰਵਿਦਾਸ, ਪੰਨਾ 176
5. ਉਹੀ, ਪੰਨਾ 81

ਰਵਿਦਾਸ ਮੰਨਦੇ ਹਨ ਕਿ ਪਰਮਾਤਮਾ ਦੀ ਮਾਇਆ ਅਤਿਅੰਤ ਵਿਆਪਕ ਤੇ ਪ੍ਰਬਲ ਹੈ। ਇਸ ਮੋਹਣੀ ਮਾਇਆ-ਸ਼ਕਤੀ ਨੇ ਇਨਸਾਨ ਦੀ ਜ਼ਿੰਦਗੀ ਵਿਚ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਖੜੀਆਂ ਕੀਤੀਆਂ ਹੋਈਆਂ ਹਨ। ਇਹ ਸੰਸਾਰ ਦੇ ਜੀਵਾਂ ਦਾ ਨਾਸ਼ ਕਰੀ ਜਾ ਰਹੀ ਹੈ। ਇਸ ਦੀ ਪਕੜ ਤੋਂ ਸੁਰ, ਨਰ, ਮੁਨ, ਜਨ ਵੀ ਬਚ ਨਹੀਂ ਸਕੇ ਹਨ। ਮਾਇਆ ਦੇ ਪ੍ਰਬਲ ਤੇ ਨਾਸ਼ਕ ਰੂਪ ਦਾ ਪ੍ਰਗਟਾ ਰਵਿਦਾਸ ਨੇ ਇਸ ਤਰ੍ਹਾਂ ਕੀਤਾ ਹੈ।[1]

ਭਗਤ ਕਬੀਰ ਨੇ ਬ੍ਰਹਮ ਨੂੰ ਇਕ ਕਹਿ ਕੇ ਉਸਦੀ ਅਦਵੈਤਤਾ ਨੂੰ ਮੰਨਿਆ ਹੈ। ਅਦਵੈਤ ਦੇ ਸੰਬੰਧ ਵਿਚ ਉਸਨੇ ਇਹ ਗਲ ਸਪਸ਼ਟ ਕੀਤੀ ਹੈ ਕਿ ਜਿਹੜੇ ਵਿਅਕਤੀ ਤਰਕ ਨਾਲ ਦਵੈਤਤਾ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ ਉਹ ਮੂਰਖ ਹਨ।[2] ਕਬੀਰ ਦੇ ਅਜਿਹੇ ਅਦਵੈਤ ਮੱਤ ਵਿਚ ਕਿਸੇ ਕਿਸਮ ਦੀ ਕੋਈ ਘਾਟ ਵਾਧ ਨਹੀਂ ਹੁੰਦੀ। ਉਹ ਪਰਮਾਤਮਾ ਅਲਖ ਨਿਰੰਜਨ ਰੂਪ ਹੈ।[3] ਉਸਨੇ ਬ੍ਰਹਮ ਦੀ ਅਦਵੈਤਤਾ ਸਿੱਧ ਕਰਨ ਲਈ ਉਸਦੀ ਅਖੰਡਤਾ ਉਪਰ ਵਿਸ਼ੇਸ਼ ਤੌਰ ਤੇ ਜ਼ੋਰ ਦਿਤਾ ਹੈ।[4] ਉਹ ਪਰਮਾਤਮਾ ਸਰਬਾਂਤਰ ਹੈ ਤੇ ਘਟ ਘਟ ਵਾਸੀ ਹੈ।[5] ਉਸਨੇ ਅਵਿਅਕਤ ਬ੍ਰਹਮ ਵਿਚ ਸਿਰਜਨਾ ਸ਼ਕਤੀ ਦਾ ਗੁਣ ਮੰਨਿਆ ਹੈ। ਉਸਨੇ ਬ੍ਰਹਮ ਨੂੰ ਸ੍ਰਿਸ਼ਟੀ ਦਾ ਸਿਰਜਣਹਾਰ ਮੰਨਿਆ ਹੈ।[6] ਉਹ ਅਜਿਹੇ ਨਿਰਾਕਾਰ ਬ੍ਰਹਮ ਨੂੰ ਅਨੰਤ ਗਿਆਨ ਸਰੂਪ ਅਤੇ ਆਨੰਦ ਸਰੂਪ ਦਸਦਾ ਹੈ।[7] ਉਸਨੇ ਆਪਣੇ ਅਵਿਅਕਤ ਬ੍ਰਹਮ ਨੂੰ ਗਿਆਨ ਦੀ ਵਿਸ਼ੇਸ਼ਤਾ ਨਾਲ ਸੰਬੰਧਤ ਕੀਤਾ ਹੈ।[8] ਉਸਦੀ ਅਜਿਹੀ ਰੁਚੀ ਉਪਨਿਸ਼ਦਕ ਵਿਚਾਰਧਾਰਾ ਦੇ ਅਨੁਕੂਲ ਹੈ। ਤੈਤ੍ਰੀਯ ਉਪਨਿਸ਼ਦ ਵਿਚ ਬ੍ਰਹਮ ਦੇ ਸਤਿਅੰ, ਗਿਆਨੰ ਅਤੇ ਅਨੰਤੰ ਵਿਸ਼ੇਸ਼ਣ ਵਰਣਨ ਕੀਤੇ ਗਏ ਹਨ।[9]

ਕਬੀਰ ਨੇ ਬ੍ਰਹਮ ਤੇ ਜੀਵ ਵਿਚ ਅਭੇਦ ਮੰਨਿਆ ਹੈ। ਦੋਵੇਂ ਇਕ ਹੀ ਹਨ। ਉਸ ਨੇ ਜਲ-ਕੁੰਭ-ਨਿਆਏ ਵਰਗੇ ਉਦਾਹਰਣਾਂ ਨਾਲ ਕਿਹਾ ਹੈ ਕਿ ਬ੍ਰਹਮ ਵਿਚ ਜੀਵ ਹੈ ਅਤੇ ਜੀਵ ਵਿਚ

---

1. ਜੋਗਿੰਦ੍ਰ ਸਿੰਘ, ਸੰਪਾਦਕ, ਸੰਤ ਰਵਿਦਾਸ, ਪੰਨਾ 179
2. ਕਬੀਰ ਗ੍ਰੰਥਾਵਲੀ, ਸੰਪਾਦਕ ਡਾਕਟਰ ਸ਼ਿਆਮ ਸੁੰਦਰ ਦਾਸ, ਪੰਨਾ 105
3. ਉਹੀ, ਪੰਨਾ 230
4. ਉਹੀ, ਪੰਨਾ 86
5. ਉਹੀ, ਪੰਨਾ 163
6. ਉਹੀ, ਪੰਨਾ 79
7. ਉਹੀ, ਪੰਨਾ 225
8. ਰਾਜਾ ਰਾਮ ਮੇਰਾ ਬ੍ਰਹਮ ਗਿਆਨ - ਉਹੀ, ਪੰਨਾ 327
9. ਤੈਤ੍ਰੀਯ ਉਪਨਿਸ਼ਦ 2/1

ਬ੍ਰਹਮ ਹੈ।[1] ਉਹ ਜੀਵ ਨੂੰ ਬ੍ਰਹਮ ਦਾ ਅੰਸ਼ ਹੀ ਮੰਨਦੇ ਹਨ।[2] ਕਬੀਰ ਦਾ ਇਹ ਅੰਸ਼ ਅੰਸ਼ੀ ਭਾਵ, ਉਹਨਾਂ ਦੀਆਂ ਕਈ ਹੋਰ ਪੰਕਤੀਆਂ ਵਿਚ ਵੀ ਸਪਸ਼ਟ ਹੈ, ਜਿਵੇਂ ਕਿ ਉਹ ਇਹਨਾਂ ਦੋਵਾਂ ਦੇ ਸੰਬੰਧਾਂ ਨੂੰ ਬਿੰਦੂ ਤੇ ਸਮੁੰਦ੍ਰ ਦੇ ਦ੍ਰਿਸ਼ਟਾਂਤ[3] ਰਾਹੀਂ ਪ੍ਰਗਟ ਕਰਦਾ ਹੈ।

ਜਗਤ ਸੰਬੰਧੀ ਕਬੀਰ ਦਾ ਵਿਚਾਰ ਇਹ ਹੈ ਕਿ ਇਹ ਨਾਸ਼ਮਾਨ, ਮਿਥਿਆ ਅਤੇ ਸੁਪਨੇ ਦੇ ਸਮਾਨ ਝੂਠਾ ਹੈ।[4] ਕਬੀਰ ਆਸਤਿਕ ਵੇਦ ਕਰਕੇ ਸਭ ਕੁਝ ਹੀ ਬ੍ਰਹਮਈ ਮੰਨਦੇ ਹਨ। ਉਹ ਬ੍ਰਹਮ ਤੱਤ ਨੂੰ ਨਾਮ ਰੂਪ ਜਗਤ ਦਾ ਆਧਾਰ ਮੰਨਦੇ ਹਨ। ਉਹਨਾਂ ਅਨੁਸਾਰ ਜੋ ਵਾਸਤਵਿਕ ਤੌਰ ਤੇ ਦਿਸਦਾ ਹੈ, ਉਹ ਅਸਲ ਵਿਚ ਨਹੀਂ ਹੈ, ਪਰ ਜਿਸ ਕਾਰਣ ਇਸਦੀ ਅਜਿਹੀ ਸਥਿਤੀ ਹੈ - ਉਹ ਤੱਤ ਅਗਮ ਅਤੇ ਅਗੋਚਰ ਹੈ।[5]

ਕਬੀਰ ਨੇ ਸ੍ਰਿਸ਼ਟੀ ਦੀ ਉਤਪਤੀ ਤੋਂ ਪੂਰਵਲੀ ਅਵਸਥਾ ਦਾ ਜੋ ਵਰਣਨ ਕੀਤਾ ਹੈ - ਉਹ ਬੋਧਾਂ ਦੇ 'ਸੁੰਨਵਾਦ' ਦੇ ਉਲਟ ਅਤੇ ਵੇਦਾਂਤਕ ਦ੍ਰਿਸ਼ਟੀ ਅਨੁਸਾਰ ਹੀ ਹੈ। ਉਹ ਲਿਖਦੇ ਹਨ ਕਿ ਸ੍ਰਿਸ਼ਟੀ ਦੇ ਪੂਰਬ ਵਿਚ ਜਦੋਂ ਕੁਝ ਵੀ ਨਹੀਂ ਸੀ ਤਾਂ ਉਸ ਸਮੇਂ ਵੀ ਨਿਰਗੁਣ ਤੱਤ ਵਿਦਮਾਨ ਸੀ, ਅਜਿਹੇ ਤੱਤ ਦਾ ਵਰਣਨ ਨਹੀਂ ਹੋ ਸਕਦਾ, ਕਿਉਂਕਿ ਉਹ ਨਾਮਰੂਪ ਦੇ ਬੰਧਨਾਂ ਵਿਚ ਨਹੀਂ ਬੰਨ੍ਹਿਆ ਜਾ ਸਕਦਾ।[6]

ਨਿਰਗੁਣਵਾਦੀ ਸੰਤ ਕਵੀਆਂ ਦਾ ਜਗਤ ਸੰਬੰਧੀ ਸਿਧਾਂਤ ਸ਼ੰਕਰ ਦੇ ਅਨੁਸਾਰ ਹੀ ਹੈ, ਕਿਉਂਕਿ ਉਹ ਬ੍ਰਹਮ ਦੀ ਅਦਵੈਤਤਾ ਨੂੰ ਸਵੀਕਾਰਦੇ ਹੋਏ, ਸਭ ਦੇ ਮੂਲ ਵਿਚ ਬ੍ਰਹਮ ਸੱਤਾ ਦੇ ਅਸਤਿਤਵ ਨੂੰ ਹੀ ਪ੍ਰਵਾਨਦੇ ਹਨ।

ਕਬੀਰ ਨੇ ਮਾਇਆ ਨੂੰ ਬ੍ਰਹਮ ਦੁਆਰਾ ਉਤਪੰਨ ਪਰੰਪਰ ਹੀ ਮੰਨਿਆ ਹੈ। ਉਹ ਉਸਨੂੰ ਨਟਰਾਜ ਦੀ ਨਟਸਾਰੀ[7] ਕਹਿੰਦਾ ਹੈ। ਇਕ ਥਾਂ ਤੇ ਉਹ ਬ੍ਰਹਮ ਨੂੰ ਮਾਇਆ ਦਾ ਖਸਮ[8] ਕਹਿੰਦਾ ਹੈ। ਉਸਦੀ ਇਹ ਵਿਚਾਰਧਾਰਾ ਉਪਨਿਸ਼ਦਾਂ ਅਨੁਸਾਰ ਹੀ ਹੈ। ਸ਼ਵੇਤਾਸ਼੍ਵਤਰ ਉਪਨਿਸ਼ਦ[9]

---

1. ਕਬੀਰ ਗ੍ਰੰਥਾਵਲੀ, ਸੰਪਾਦਕ ਡਾ. ਸ਼ਾਮ ਸੁੰਦਰ ਦਾਸ, ਪੰਨਾ 103
2. ਉਹੀ, ਪੰਨਾ 301
3. ਉਹੀ, ਪੰਨਾ 17
4. ਸਮਝ ਵਿਚਾਰ ਜੀਵ ਜਬ ਦੇਖਾ, ਯਹੁ ਸੰਸਾਰ ਸੁਪਨ ਕਰ ਲੇਖਾ।
   (ਉਹੀ, ਪੰਨਾ 233)
5. ਉਹੀ, ਪੰਨਾ 133
6. ਉਹੀ, ਪੰਨਾ 238
7. ਉਹੀ, ਪੰਨਾ 227
8. ਤੇਰੇ ਮਾਇਆ ਮੋਹ ਭੁਲਾਨਾ, ਖਸਮ ਰਾਮ ਸੋ ਕਿਛੂ ਨ ਜਾਨਾ।
   (ਉਹੀ, ਪੰਨਾ 234)
9. ਸ਼ਵੇਤਾਸ਼੍ਵਤਰ ਉਪਨਿਸ਼ਦ 4/10

ਵਿਚ ਕਿਹਾ ਗਿਆ ਹੈ ਕਿ ਮਾਇਆ ਨੂੰ ਪ੍ਰਕ੍ਰਿਤੀ ਤੇ ਮਹੇਸ਼ਵਰ ਨੂੰ ਉਸਦਾ ਸੁਆਮੀ ਸਮਝਣਾ ਚਾਹੀਦਾ ਹੈ।

ਕਬੀਰ ਅਨੁਸਾਰ ਮਨ ਮਾਇਆ ਦਾ ਨਿਵਾਸ ਅਸਥਾਨ ਹੈ। ਉਹ ਮਾਇਆ ਨੂੰ ਇਕ ਡਾਇਨ ਦਸਦੇ ਹਨ ਜਿਹੜੀ ਕਿ ਰੋਜ਼ ਹੀ ਮਨ ਨੂੰ ਡੰਗਦੀ ਰਹਿੰਦੀ ਹੈ।[1] ਉਸ ਅਨੁਸਾਰ ਮਨ ਦੇ ਸਾਰੇ ਵਿਕਾਰ ਮਾਇਆ ਦੇ ਹੀ ਦੋਸਤ ਮਿਤ੍ਰ ਹਨ। ਕਾਮ ਕ੍ਰੋਧ ਲੋਭ, ਮੋਹ, ਅਹੰਕਾਰ, ਆਸ਼ਾ, ਤ੍ਰਿਸ਼ਨਾ ਮਾਨ ਆਦਿ ਮਾਇਆ ਦੇ ਹੀ ਸਾਥੀ ਹਨ। ਉਹ ਤਾਂ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਆਦਿ ਪੰਜ ਵਿਕਾਰਾਂ ਨੂੰ ਮਾਇਆ ਦੇ ਲੜਕੇ ਕਹਿੰਦਾ ਹੈ।[2]

ਕਬੀਰ ਨੇ ਮਾਇਆ ਨੂੰ ਭਗਤ ਤੇ ਭਗਵਾਨ, ਜੀਵ ਤੇ ਬ੍ਰਹਮ ਦੇ ਰਸਤੇ ਦੀ ਰੁਕਾਵਟ ਦਸਿਆ ਹੈ। ਉਸ ਅਨੁਸਾਰ ਮਾਇਆ ਤਾਂ ਇਕ ਅਜਿਹੀ ਵੇਸਵਾ ਹੈ ਜਿਹੜੀ ਕਿ ਸਰੀਰ ਦੀ ਹੱਟੀ ਤੇ ਬੈਠ ਕੇ ਕਾਮ ਦੇ ਬੰਧਨਾਂ ਵਿਚ ਸਭ ਨੂੰ ਬੰਨ੍ਹਣ ਦਾ ਯਤਨ ਕਰਦੀ ਹੈ। ਸਾਰਾ ਸੰਸਾਰ ਉਸਦੇ ਬੰਧਨਾਂ ਵਿਚ ਫਸਿਆ ਪਿਆ ਹੈ। ਕੇਵਲ ਇਕ ਕਬੀਰ ਹੀ ਉਸ ਦੁਸ਼ਟ ਦੇ ਇੰਦਰਜਾਲ ਤੋਂ ਬਚੇ ਹਨ।[3]

ਕਬੀਰ ਅਨੁਸਾਰ ਮਾਇਆ ਬੜੀ ਮੋਹਣੀ[4] ਅਤੇ ਮਧੁਰ[5] ਹੈ। ਅਜਿਹੀ ਲੁਭਾਉਣੀ ਮਾਇਆ ਪ੍ਰਭੂ ਦੀ ਭਗਤੀ ਨਹੀਂ ਕਰਨ ਦਿੰਦੀ। ਜਦੋਂ ਵੀ ਭਗਤ ਭਗਤੀ ਕਰਨ ਲਗਦਾ ਹੈ ਤਾਂ ਇਹ ਮਾਇਆ ਭਗਤ ਨੂੰ ਅਨੇਕ ਤਰ੍ਹਾਂ ਦੇ ਲਾਲਚਾਂ ਵਿਚ ਫਸਾ ਲੈਂਦੀ ਹੈ।[6]

ਕਬੀਰ ਅਨੁਸਾਰ ਮਾਇਆ ਦਾ ਵਿਸਥਾਰ ਬੜਾ ਹੀ ਵਿਆਪਕ ਹੈ। ਜਿਥੋਂ ਤਕ ਮਨ ਅਤੇ ਉਸ ਦੇ ਵਿਕਾਰਾਂ ਦੀ ਪਹੁੰਚ ਹੈ, ਇਹ ਸਭ ਮਾਇਆ ਹੀ ਹੈ। ਇਸੇ ਕਰਕੇ ਹੀ ਮਨ ਤੇ ਮਾਇਆ ਦਾ ਬੜਾ ਡੂੰਘਾ ਸੰਬੰਧ ਹੈ।

---

1. ਇਕ ਡਾਇਨ ਮੇਰੇ ਮਨ ਬਸੈ ਨਿਤ ਉਠ ਮੇਰੇ ਜੀਅ ਕੋ ਡਸੈ।
   (ਕਬੀਰ ਗ੍ਰੰਥਾਵਲੀ, ਸੰਪਾਦਕ ਡਾਕਟਰ ਸ਼ਿਆਮ ਸੁੰਦਰ ਦਾਸ, ਪੰਨਾ 168)
2. ਉਹੀ, ਪੰਨਾ 168
3. ਉਹੀ, ਪੰਨਾ 32
4. ਉਹੀ, ਪੰਨਾ 33
5. ਉਹੀ, ਪੰਨਾ 33
6. ਉਹੀ, ਪੰਨਾ 180

ਦੁਨਿਆਵੀ ਜੰਜਾਲ ਤੋਂ ਮੁਕਤ ਹੋ ਕੇ ਪਰਮਾਤਮਈ ਇਕਰੂਪਤਾ ਦੀ ਪ੍ਰਾਪਤੀ ਸੰਬੰਧੀ ਵਿਚਾਰ ਕਰਦਿਆਂ ਕਬੀਰ ਨੇ ਇਹ ਵਿਚਾਰ ਪੇਸ਼ ਕੀਤਾ ਹੈ ਕਿ ਜੇਕਰ ਸਾਧਕ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਵੀ ਹੋ ਜਾਵੇ ਅਤੇ ਉਸਨੇ ਯੋਗ ਸਾਧਨਾਂ ਦੁਆਰਾ ਸਿੱਧੀ ਵੀ ਪ੍ਰਾਪਤ ਕਰ ਲਈ ਹੋਵੇ, ਪਰ ਜੇਕਰ ਉਸਨੇ ਨਿਰਮਲ ਹਿਰਦੇ ਨਾਲ ਪ੍ਰਭੂ ਦੀ ਭਗਤੀ ਨਹੀਂ ਕੀਤੀ ਤਾਂ ਉਸਦੀ ਸਾਰੀ ਸਾਧਨਾ ਹੀ ਵਿਅਰਥ ਹੈ।[1] ਇਸ ਤਰ੍ਹਾਂ ਉਸਨੇ ਮੁਕਤੀ ਲਈ ਭਗਤੀ ਦੀ ਆਵਸ਼ਕਤਾ ਉਤੇ ਜ਼ੋਰ ਦਿਤਾ ਹੈ। ਕਬੀਰ ਲਈ ਨਾਮ ਸਿਮਰਨ ਜ਼ਰੂਰੀ ਹੈ, ਕਿਉਂਕਿ ਇਸ ਤੋਂ ਬਿਨਾਂ ਜੀਵਨ ਜੂਏ ਵਿਚ ਹਾਰਿਆ ਜਾਂਦਾ ਹੈ ਅਤੇ ਜੀਵ ਆਪਣੇ ਪਰਮ ਲਕਸ਼ ਨੂੰ ਪ੍ਰਾਪਤ ਕਰਨ ਤੋਂ ਅਸਮਰਥ ਰਹਿੰਦਾ ਹੈ।[2] ਕਬੀਰ ਭਗਤੀ ਨੂੰ ਜੀਵਨ ਦਾ ਲਕਸ਼ ਸਮਝਦੇ ਹਨ। ਇਨਸਾਨ ਲਈ ਭਗਵਾਨ ਦੀ ਭਗਤੀ ਤੇ ਕੇਵਲ ਭਗਤੀ ਹੀ ਜ਼ਰੂਰੀ ਹੈ।[3]

ਕਬੀਰ ਨੇ ਸਕਾਮ ਭਗਤੀ ਦੀ ਥਾਂ ਤੇ ਨਿਸ਼ਕਾਮ ਭਗਤੀ ਨੂੰ ਹੀ ਉਤਮ ਮੰਨਿਆ ਹੈ, ਕਿਉਂਕਿ ਨਿਸ਼ਕਾਮ ਸਰੂਪ ਭਗਵਾਨ ਨੂੰ ਨਿਸ਼ਕਾਮ ਭਗਤੀ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।[4]

ਕਬੀਰ ਅਨੁਸਾਰ ਸਤਿ ਸੰਗਤ ਆਤਮ ਸੰਜਮ ਲਈ ਬਹੁਤ ਹੀ ਜ਼ਰੂਰੀ ਹੈ। ਸੰਗਤ ਦੇ ਪ੍ਰਭਾਵ ਅਨੁਸਾਰ ਹੀ ਇਨਸਾਨ ਕਰਮ ਕਰਦਾ ਹੈ ਅਤੇ ਉਸਦੇ ਕੀਤੇ ਕਰਮ ਅਨੁਸਾਰ ਹੀ ਫਲ ਭੋਗਦਾ ਹੈ।[5] ਉਸ ਅਨੁਸਾਰ ਸਾਧੂ ਤਾਂ ਪਰਤੱਖ ਦੇਵਤਾ ਹੁੰਦਾ ਹੈ। ਸਾਧੂ ਦੀ ਕੀਤੀ ਸੰਗਤ ਕਦੇ ਵੀ ਵਿਅਰਥ ਨਹੀਂ ਜਾਂਦੀ। ਸਾਧੂ ਜਿਥੇ ਨਿਰਵੈਰ ਤੇ ਨਿਸ਼ਕਾਮ ਹੁੰਦੇ ਹਨ, ਉਥੇ ਸੀਤਲ,

---

1. ਕਬੀਰ ਗ੍ਰੰਥਾਵਲੀ, ਸੰਪਾਦਕ, ਡਾਕਟਰ ਸ਼ਿਆਮ ਸੁੰਦਰ ਦਾਸ, ਪੰਨਾ 173
2. ਉਹੀ, ਪੰਨਾ 131
3. ਉਹੀ, ਪੰਨਾ 127
4. ਜਬ ਲਗ ਭਗਤ ਸਕਾਮ ਹੈ, ਤਬ ਲਗ ਨਿਸ਼ਫਲ ਸੇਵ।
   ਕਹੈ ਕਬੀਰ ਵੈ ਕਿਉਂ ਮਿਲੈ, ਨਿਹਕਾਮੀ ਨਿਜਦੇਵ।
   (ਉਹੀ, ਪੰਨਾ 11)
5. ਜੋ ਜੈਸੀ ਸੰਗਤ ਕਰੈ, ਸੋ ਤੈਸੋ ਫਲ ਪਾਈ।
   (ਉਹੀ, ਪੰਨਾ 47)

ਪਰਉਪਕਾਰੀ, ਪਰਸੁਆਰਥੀ ਅਤੇ ਧਨ-ਸੰਪੰਨ ਵੀ ਹੁੰਦੇ ਹਨ। ਕਬੀਰ ਲਈ ਸੰਤ ਤੇ ਰਾਮ ਵਿਚ ਕੋਈ ਫਰਕ ਨਹੀਂ - ਇਸੇ ਕਰਕੇ ਹੀ ਉਹ ਸੰਤਾਂ ਨੂੰ ਨਾ ਨਿੰਦਣ ਲਈ ਕਹਿੰਦਾ ਹੈ।[1]

ਕਬੀਰ ਮੁਕਤੀ ਨੂੰ ਪੂਰਨ ਮੁਕਤ ਅਵਸਥਾ ਮੰਨਦੇ ਹਨ। ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਮੁਕਤ ਆਤਮਾ ਸਭ ਪ੍ਰਕਾਰ ਦੇ ਬੰਧਨਾਂ ਤੋਂ ਮੁਕਤ ਹੋ ਕੇ ਅਵਿਨਾਸ਼ੀ ਸਰੂਪ ਅਰਥਾਤ ਸ਼ੁਧ ਬੁਧ ਮੁਕਤ ਬ੍ਰਹਮ ਸਰੂਪ ਹੋ ਜਾਂਦੀ ਹੈ। ਇਸਨੂੰ ਪਰਮ ਪੱਦ ਦੀ ਅਵਸਥਾ ਕਿਹਾ ਜਾਂਦਾ ਹੈ। ਉਸ ਦਾ ਅਜਿਹਾ ਪ੍ਰਗਟਾ ਅਦਵੈਤਵਾਦੀ ਦ੍ਰਿਸ਼ਟੀ ਤੋਂ ਹੀ ਹੋਇਆ ਹੈ। ਉਸ ਅਨੁਸਾਰ ਆਤਮਾ ਕਿਤੇ ਆਂਦਾ ਜਾਂਦਾ ਨਹੀਂ, ਦਵੈਤ ਭਾਵ ਦਾ ਨਾਸ਼ ਹੋ ਜਾਣਾ ਹੀ ਮੁਕਤੀ ਹੈ।[2] ਉਸਦਾ ਇਹ ਦ੍ਰਿਸ਼ਟੀਕੋਣ ਬ੍ਰਿਹਦਾਰਣਯਕ ਉਪਨਿਸ਼ਦ[3] ਵਿਚ ਵਰਣਿਤ ਮੁਕਤੀ ਦੀ ਅਵਸਥਾ ਨਾਲ ਮੇਲ ਖਾਂਦਾ ਹੈ। ਉਥੇ ਦਵੈਤ ਨਾਸ਼ ਨੂੰ ਹੀ ਮੁਕਤੀ ਦੀ ਅਵਸਥਾ ਕਿਹਾ ਗਿਆ ਹੈ। ਇਸ ਤਰ੍ਹਾਂ ਕਬੀਰ ਨੇ ਦੂਸਰੇ ਨਿਰਗੁਣਵਾਦੀ ਭਗਤਾਂ ਵਾਂਗੂ ਮੁਕਤੀ ਨੂੰ ਬ੍ਰਹਮ ਸਾਖਸ਼ਤਾ ਤਥਾ ਅਨੰਦ ਦੀ ਅਵਸਥਾ ਦਸਿਆ ਹੈ। ਅਜਿਹੀ ਵਿਚਾਰਧਾਰਾ ਉਪਨਿਸ਼ਦਾਂ ਵਿਚ ਪ੍ਰਗਟਾਈ ਗਈ ਮੁਕਤੀ ਸੰਬੰਧੀ ਵਿਚਾਰਧਾਰਾ ਅਨੁਸਾਰ ਹੀ ਹੈ।

ਸੰਤ ਤੁਕਾ ਰਾਮ ਦਾ ਤਾਂ ਵਿਚਾਰ ਹੈ ਕਿ ਪਰਮਾਤਮਾ ਦੀਆਂ ਵਡਿਆਈਆਂ ਦਾ ਪ੍ਰਗਟਾ ਹੋਣਾ ਹੀ ਨਹੀਂ ਜਾ ਸਕਦਾ। ਅਜਿਹੇ ਗੁਣ ਗਾਣ ਸੰਬੰਧੀ ਉਹ ਆਪਣੇ ਆਪ ਨੂੰ ਅਸਮਰਥ ਸਮਝਦਾ ਹੈ। ਉਸ ਦਾ ਵਿਚਾਰ ਹੈ ਕਿ ਵੇਦ ਵੀ ਪਰਮਾਤਮਾ ਦੀਆਂ ਵਡਿਆਈਆਂ ਦਾ ਪ੍ਰਗਟਾ ਕਰਦੇ ਕਰਦੇ ਚੁੱਪ ਹੋ ਗਏ ਹਨ। ਜਿਸ ਪਰਮਾਤਮਾ ਦੇ ਤੇਜ ਨਾਲ ਚੰਦ ਤੇ ਸੂਰਜ ਪ੍ਰਕਾਸ਼ਮਾਨ ਹਨ, ਉਸ ਅਸੀਮ ਪਰਮਾਤਮਾ ਤਕ ਅਲਪੱਗ ਜੀਵ ਦੀ ਬੁੱਧੀ ਨਹੀਂ ਪਹੁੰਚ ਸਕਦੀ। ਜੀਵ ਦੀ ਜ਼ਬਾਨ ਤਾਂ ਉਸ ਵਿਰਾਟ ਤੇ ਵਿਸ਼ਾਲ ਪਰਮਾਤਮਾ ਦੀਆਂ ਵਡਿਆਈਆਂ ਦਾ ਪੂਰਨ ਪ੍ਰਗਟਾ ਨਾ ਕਰ ਸਕਦੀ ਹੋਣ ਕਰਕੇ, ਸੰਤ ਨੂੰ ਉਸਦੀ ਸ਼ਰਨ ਵਿਚ ਹੀ ਆ ਜਾਂਦੀ ਹੈ।[4]

ਸੰਤ ਤੁਕਾ ਰਾਮ ਦਾ ਵਿਚਾਰ ਹੈ ਕਿ ਸਾਰਾ ਜਗਤ ਤਿੰਨਾਂ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ, ਜੜ੍ਹ ਸ੍ਰਿਸ਼ਟੀ, ਚੇਤਨ ਯੁਕਤ ਜੀਵ ਅਤੇ ਈਸ਼ਵਰ। ਈਸ਼ਵਰ ਜੜ੍ਹ ਤੇ ਚਿਤ ਦਾ

---

1. ਸੰਤ ਕੋ ਮਤ ਕੋਈ ਨਿੰਦਹੁ। ਸੰਤ ਰਾਮ ਹੈ ਏਕੋ।
(ਕਬੀਰ ਗ੍ਰੰਥਾਵਲੀ, ਸੰਪਾਦਕ ਡਾਕਟਰ ਸ਼ਾਮ ਸੁੰਦਰ ਦਾਸ, ਪੰਨਾ 273)
2. ਉਹੀ, ਪੰਨਾ 140
3. ਬ੍ਰਿਹਦਾਰਣਯਕ ਉਪਨਿਸ਼ਦ 4/5/15
4. ਹਰੀ ਰਾਮ ਚੰਦ੍ਰ ਦਿਵੇਕਰ, ਸੰਤ ਤੁਕਾ ਰਾਮ, ਪੰਨਾ 197

ਅੰਤਰਜਾਮੀ ਤੇ ਸੰਚਾਲਕ ਹੈ। ਇਹ ਸਭ ਕੁਝ ਹੀ ਈਸ਼ਵਰ ਦੀ ਦੇਹ ਸਰੂਪ ਹੈ ਅਤੇ ਈਸ਼ਵਰ ਇਸ ਦੇਹ ਦਾ ਆਤਮਾ ਹੈ।

ਮਾਇਆ ਸੰਬੰਧੀ ਸੰਤ ਤੁਕਾ ਰਾਮ ਦਾ ਵਿਚਾਰ ਹੈ ਕਿ ਬ੍ਰਹਮ ਤੇ ਮਾਇਆ ਦਾ ਸੰਬੰਧ ਸਰੀਰ ਤੇ ਪਰਛਾਵੇਂ ਵਰਗਾ ਹੈ। ਧੁੱਪ ਅਨੁਸਾਰ ਜਿਵੇਂ ਨੀਵਾਂ ਲੇਟਣ ਉਤੇ ਛਾਇਆ ਸੰਗ ਨਾਲ ਬਿਲਕੁਲ ਇਕ ਰੂਪ ਹੀ ਹੋ ਜਾਂਦੀ ਹੈ, ਉਸੇ ਤਰ੍ਹਾਂ ਹੀ ਈਸ਼ਵਰ ਦੀ ਸ਼ਰਨ ਵਿਚ ਆਇਆਂ ਮਾਇਆ ਦਾ ਲੋਪ ਹੋ ਜਾਂਦਾ ਹੈ। ਇਸ ਤੋਂ ਬਿਨਾਂ ਹੋਰ ਕੋਈ ਸਾਧਨ ਸਫਲ ਨਹੀਂ ਹੋ ਸਕਦਾ। ਮਨੁੱਖ ਦੇ ਉਚੇ ਹੋਣ ਉਤੇ ਮਾਇਆ ਵਧਦੀ ਹੈ ਅਤੇ ਨੀਵੇਂ ਹੋਣ ਉਤੇ ਮਾਇਆ ਘਟਦੀ ਹੈ।[1] ਆਪ ਲਿਖਦੇ ਹਨ ਕਿ ਸੰਸਾਰ ਮਾਇਆ ਨਾਲ ਘਿਰਿਆ ਪਿਆ ਹੈ। ਇਹ ਸਮਝ ਕੇ ਮੈਨੂੰ ਵਿਵੇਕ ਨਹੀਂ ਆਉਂਦਾ। ਵਿਚਾਰ ਕਰਦਾ ਹਾਂ ਤਾਂ ਮੈਨੂੰ ਕੁਝ ਵੀ ਦਿਖਾਈ ਨਹੀਂ ਦਿੰਦਾ, ਪਰ ਮੈਨੂੰ ਦੁਖ ਇਸ ਗਲ ਦਾ ਹੈ ਕਿ ਇਸ ਤੋਂ ਛੁਟਕਾਰਾ ਨਹੀਂ ਹੁੰਦਾ। ਇਸ ਲਈ ਨਾਥ ਮੈਂ ਆਪ ਦੇ ਪੈਰਾਂ ਉਪਰ ਮੱਥਾ ਰਖਦਾ ਹਾਂ। ਪ੍ਰਭੂ ਜੋ ਕੁਝ ਵੀ ਤੁਸੀਂ ਕਰਨਾ ਹੈ - ਮੇਰੇ ਨਾਲ ਕਰੋ। ਮੈਂ ਤਾਂ ਕੇਵਲ ਆਪ ਨੂੰ ਹੀ ਦ੍ਰਿੜ੍ਹ ਪਕੜ ਲਿਆ ਹੈ।[2]

ਤੁਕਾ ਰਾਮ ਦਾ ਵਿਚਾਰ ਹੈ ਕਿ ਨਿਰਗੁਣ ਤੇ ਨਿਰੰਕਾਰ ਪਰਮਾਤਮਾ ਦਾ ਨਾਮ ਕਿਸੇ ਖਾਸ ਨਾਮ ਤੋਂ ਨਹੀਂ, ਸਗੋਂ ਕਿਸੇ ਵੀ ਨਾਮ ਤੋਂ ਲਿਆ ਜਾ ਸਕਦਾ ਹੈ। ਕਿਉਂਕਿ ਨਾਮ ਦੀ ਜ਼ਰੂਰਤ ਤਾਂ ਚਿੱਤ ਦੀ ਇਕਾਗਰਤਾ ਲਈ ਹੀ ਹੁੰਦੀ ਹੈ। ਨਾਮ ਕੋਈ ਵੀ ਹੋ ਸਕਦਾ ਹੈ - ਪਰ ਨਾਮ ਅਜਿਹਾ ਹੋਣਾ ਜ਼ਰੂਰੀ ਹੈ, ਜਿਸਤੋਂ ਕਿ ਸਰਬ ਸ਼ਕਤੀਮਾਨ, ਭਗਤ ਵਛਲ, ਈਸ਼ਵਰ ਦੀ ਕਲਪਨਾ ਹੋਵੇ, ਕਿਸੇ ਨਾਮ ਲੈਣ ਦਾ ਫਲ ਇਕੋ ਜਿਹਾ ਹੀ ਹੁੰਦਾ ਹੈ। ਉਹ ਪੁਰਾਤਨ ਧਾਰਮਿਕ ਕਥਾਂ ਦੇ ਹਵਾਲੇ ਦੇ ਕੇ ਸਿਮਰਨ ਦੀ ਉਪਯੋਗਤਾ ਦਸਦੇ ਹਨ ਕਿ ਅਜਾਮਲ, ਵਾਲਮੀਕ, ਗਣਿਕਾ, ਪ੍ਰਹਲਾਦ, ਧ੍ਰੂ ਇਤਿਆਦਿ ਨਾਮ ਸਿਮਰਨ ਦੇ ਸਹਾਰੇ ਹੀ ਤਰ ਗਏ ਹਨ। ਆਪ ਨੇ ਕੇਵਲ ਨਾਮ ਸਿਮਰਨ ਰਾਹੀਂ ਵਿਅਕਤੀ ਦਾ ਵਿਕਾਸ ਹੀ ਨਹੀਂ ਕਰਨਾ ਚਾਹਿਆ, ਸਗੋਂ ਪ੍ਰੇਮਪੂਰਵ ਦੀ ਸੇਵਾ ਰਾਹੀਂ ਸਮੁੱਚੇ ਸਮਾਜ ਦਾ ਪਾਰ ਉਤਾਰਾ ਕਰਨਾ ਚਾਹਿਆ ਹੈ।

ਤੁਕਾ ਰਾਮ ਨੇ ਈਸ਼ਵਰ ਪ੍ਰਾਪਤੀ ਦਾ ਬੜਾ ਸੌਖਾ ਸਾਧਨ ਨਾਮ ਸਿਮਰਨ ਹੀ ਦਸਿਆ ਹੈ। ਅਜਿਹੇ ਨਾਮ ਸਿਮਰਨ ਦੇ ਕਰਦੇ ਹੋਏ ਵਿਵਹਾਰ ਛਡਣ ਦੀ ਲੋੜ ਨਹੀਂ। ਗ੍ਰਿਹਸਤੀ ਲੋਕਾਂ ਨੇ

---

1. ਹਰੀ ਰਾਮ ਚੰਦ ਦਿਵੇਕਰ - ਸੰਤ ਤੁਕਾ ਰਾਮ, ਪੰਨਾ 197
2. ਉਹੀ, ਪੰਨਾ 197

ਚੰਗਾ ਪਕਵਾਣ ਦੀ ਲੋੜ ਨਹੀਂ, ਸੰਗਤ ਵਿਚ ਜਾਣ ਦੀ ਜ਼ਰੂਰਤ ਨਹੀਂ।[1]

ਨਾਮਦੇਵ ਨੇ ਆਪਣੇ ਅਨੇਕ ਅਭੰਗਾਂ ਵਿਚ ਪਰਮਾਤਮਾ ਦੇ ਨਿਰਗੁਣਪਰਕ ਗਿਆਨ ਤੋਂ ਮੁਕਤੀ ਤਥਾ ਉਸਦੇ ਸਗੁਣ ਸਰੂਪ ਦੀ ਭਗਤੀ ਦਾ ਵਰਦਾਨ ਮੰਗਿਆ ਹੈ, "ਅੰਤਰ ਬਾਹਰ ਵਿਚ ਤੇਰਾ ਨਿਰਗੁਣ, ਨਿਰੰਕਾਰ ਤਥਾ ਅਵਿਅਕਤ ਰੂਪ ਅਤੇ ਬਾਹਰ ਤੇਰਾ ਸਗੁਣ, ਸਾਕਾਰ ਵਿਅਕਤ ਰੂਪ ਵੇਖ ਕੇ ਮੇਰਾ ਮਨ ਉਨਮਨ ਹੋਇਆ ਹੈ। ਸੰਤਾਂ ਦੀ ਕਿਰਪਾ ਨਾਲ ਤੇਰੀ ਅੰਤਰ ਤੇ ਬਾਹਰੀ ਵਿਆਪਕਤਾ ਮੈਨੂੰ ਪ੍ਰਤੀਤ ਹੋਈ ਅਤੇ ਮੇਰੇ ਵਿਚ ਪਰਿਵਰਤਨ ਆਇਆ। ਨਾਮਦੇਵ ਜਾਚਨਾ ਕਰਦਾ ਹੈ ਕਿ ਹੇ ਪਰਮਾਤਮਾ ਤੇਰੇ ਤੇ ਮੇਰੇ ਵਿਚ ਸੁਆਮੀ ਸੇਵਕ ਭਾਵ ਹੋਵੇ।"[2]

ਦੂਸਰੇ ਦੇਵੀ ਦੇਵਤਿਆਂ ਦੀ ਪੂਜਾ ਨੂੰ ਨਿਰਾਰਥਕ ਦਸਦੇ ਹੋਏ, ਨਾਮਦੇਵ ਨੇ ਇਕ ਦੀ ਭਗਤੀ ਨੂੰ ਹੀ ਅਪਣਾਇਆ ਹੈ। ਉਹ ਕਹਿੰਦੇ ਹਨ, "ਜਿਵੇਂ ਮਾਰਵਾੜੀ ਨੂੰ ਪਾਣੀ ਪਿਆਰਾ ਲਗਦਾ ਹੈ, ਹਿਰਨ ਨੂੰ ਸੰਗੀਤ ਪਿਆਰਾ ਲਗਦਾ ਹੈ, ਉਸੇ ਤਰ੍ਹਾਂ ਹੇ ਪ੍ਰਭੂ ਤੂੰ ਮੈਨੂੰ ਪਿਆਰਾ ਲਗਦਾ ਹੈਂ। ਹੇ ਰਾਮ, ਤੇਰਾ ਨਾਮ ਰੂਪ ਅਤੇ ਰੰਗ ਸਭ ਬੜਾ ਹੀ ਸੁੰਦਰ ਹੈ ਤੇ ਮੈਨੂੰ ਚੰਗਾ ਲਗਦਾ ਹੈ। ਜਿਵੇਂ ਭੌਰੇ ਨੂੰ ਫੁੱਲ, ਕੋਇਲ ਨੂੰ ਅੰਬ ਦਾ ਦਰਖ਼ਤ ਪਿਆਰਾ ਲਗਦਾ ਹੈ, ਇਸੇ ਤਰ੍ਹਾਂ ਹੀ ਤੂੰ ਮੈਨੂੰ ਪਿਆਰਾ ਲਗਦਾ ਹੈਂ। ਜਿਵੇਂ ਚਕਵੀ ਨੂੰ ਸੂਰਜ, ਹੰਸ ਨੂੰ ਮਾਨ ਸਰੋਵਰ, ਇਸਤਰੀ ਨੂੰ ਪਤੀ, ਬੱਚੇ ਨੂੰ ਦੁੱਧ, ਚਾਤ੍ਰਿਕ ਨੂੰ ਮੀਂਹ ਅਤੇ ਮਛੀ ਨੂੰ ਪਾਣੀ ਪਿਆਰਾ ਲਗਦਾ ਹੈ, ਇਸੇ ਤਰ੍ਹਾਂ ਹੀ ਮੈਨੂੰ ਤੂੰ ਪਿਆਰਾ ਹੈਂ ਅਤੇ ਮੇਰਾ ਮਨ ਤੇਰੇ ਵਿਚ ਰਮਿਆ ਹੋਇਆ ਹੈ।"[3]

ਨਾਮਦੇਵ ਆਤਮਾ ਦੀ ਸ਼ੁਧਤਾ ਉਤੇ ਜ਼ੋਰ ਦਿੰਦੇ ਹਨ। ਜਿੰਨੀ ਦੇਰ ਤਕ ਆਤਮਾ ਸ਼ੁਧ ਨਹੀਂ ਹੁੰਦੀ, ਉਦੋਂ ਤਕ ਧਿਆਨ ਜਪ ਤਪ ਕਰਨ ਦਾ ਕੋਈ ਲਾਭ ਨਹੀਂ ਹੈ। ਰਾਮ ਪਖੰਡ ਪੂਰਨ ਭਗਤੀ ਕਰਨ ਉਤੇ ਖੁਸ਼ ਨਹੀਂ ਹੁੰਦੇ।

ਗੋਰਖ ਨਾਥ ਨੇ ਮਾਇਆ ਨੂੰ ਜ਼ਹਿਰੀਲੀ ਸਪਣੀ ਕਿਹਾ ਹੈ, ਜਿਸਨੇ ਕਿ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਨੂੰ ਡਸ ਲਿਆ ਹੈ। ਮਾਇਆ ਨੂੰ ਨਸ਼ਟ ਕੀਤੇ ਬਿਨਾਂ ਪਰਮ ਤੱਤ ਦੀ ਪ੍ਰਾਪਤੀ ਨਹੀਂ ਹੋ ਸਕਦੀ।[4]

---

1. ਹਰੀ ਰਾਮ ਚੰਦ੍ਰ ਦਿਵੇਕਰ - ਸੰਤ ਤੁਕਾ ਰਾਮ, ਪੰਨਾ 205
2. ਸਕਲ ਸੰਤ ਗਾਥਾ, ਅਭੰਗ 1698
3. ਸੰਤ ਸੁਧਾਸਾਰ, ਨਾਮਦੇਵ ਦੇ ਪਦੇ, ਪੰਨਾ 53
4. ਪੀਤਾਂਬਰ ਦੱਤ ਬੜਥਵਾਲ (ਸੰ:), ਗੋਰਖ ਬਾਨੀ, ਪੰਨਾ 139

ਸੰਤ ਬੇਣੀ ਜੀਵਨ ਮੁਕਤੀ ਦੇ ਇਛੁਕ ਹਨ। ਮਰਨ ਤੋਂ ਬਾਅਦ ਪ੍ਰਾਪਤ ਹੋਣ ਵਾਲੀ ਮੁਕਤੀ ਉਨ੍ਹਾਂ ਨੂੰ ਪਸੰਦ ਨਹੀਂ ਹੈ। ਉਨ੍ਹਾਂ ਦਾ ਮੁੱਖ ਉਦੇਸ਼ ਆਤਮ ਤੱਤ ਦੀ ਅਨੁਭੂਤੀ ਹੈ, ਜਿਸ ਲਈ ਉਨ੍ਹਾਂ ਨੇ ਸਰੀਰ ਉਪਰ ਚੰਦਨ ਆਦਿ ਦਾ ਪ੍ਰਯੋਗ ਕਰਨ ਵਾਲੇ ਮੁਕਤੀ ਪੁਰਸ਼ਾਂ ਨੂੰ, ਉਨ੍ਹਾਂ ਦੇ ਹਿਰਦੇ ਦੀ ਅਸ਼ੁੱਧਤਾ ਕਾਰਨ ਫਿਟਕਾਰ ਪਾਈ ਹੈ ਅਤੇ ਉਨ੍ਹਾਂ ਦੇ ਧਰਮ ਨੂੰ ਖੋਟਾ ਧਰਮ ਕਿਹਾ ਹੈ।[1]

ਸੰਤ ਪੀਪਾ ਦਾ ਮੱਤ ਇਹ ਹੈ ਕਿ ਮਾਨਵ ਸਰੀਰ ਦੇ ਅੰਦਰ ਹੀ ਇਸ਼ਟਦੇਵ, ਮੰਦਰ ਅਤੇ ਸਮਸਤ ਚਰ ਜੀਵ ਹਨ। ਕਾਇਆ ਵਿਚ ਹੀ ਧੂਪ, ਦੀਪ, ਫੁਲ, ਪੂਜਾ ਆਦਿ ਸਾਰੀਆਂ ਸਮਗਰੀਆਂ ਹਨ। ਬਿਨਾਂ ਕਿਤੇ ਆਏ ਗਏ ਹੀ ਕਾਇਆ ਵਿਚ ਨਵ ਨਿਧੀਆਂ ਪ੍ਰਾਪਤ ਹੋ ਜਾਂਦੀਆਂ ਹਨ। ਜੋ ਕੁਝ ਬ੍ਰਹਮੰਡ ਵਿਚ ਦਿਸਦਾ ਹੈ, ਉਹ ਹੀ ਕੁਝ ਪਿੰਡ ਵਿਚ ਹੈ। ਜਿਹੜਾ ਖੋਜਦਾ ਹੈ, ਉਸਨੂੰ ਪ੍ਰਾਪਤ ਹੋ ਜਾਂਦਾ ਹੈ।[2]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪੂਰਵ ਨਾਨਕ ਕਾਲ ਦੇ ਭਾਰਤੀ ਨਿਰਗੁਣਵਾਦੀ ਸੰਤਾਂ ਨੇ ਬ੍ਰਹਮ ਦੀ ਅਦਵੈਤਤਾ, ਸਿਰਜਨਾਤਮਕਤਾ, ਅਖੰਡਤਾ, ਸਰਬ ਵਿਆਪਕਤਾ, ਗਿਆਨ ਤੇ ਆਨੰਦ ਸਰੂਪਤਾ, ਜਗਤ ਦੀ ਨਾਸ਼ਮਾਨਤਾ, ਮਾਇਆ ਦੀ ਮਨਮੋਹਿਕਤਾ ਅਤੇ ਮੁਕਤੀ ਲਈ ਭਗਤੀ ਤੇ ਅੰਦਰ ਦੀ ਸੁੱਚਤਾ ਦਾ ਪ੍ਰਗਟਾ ਬਹੁਤਾ ਵੇਦਾਂਤਕ ਦ੍ਰਿਸ਼ਟੀਕੋਣ ਤੋਂ ਹੀ ਕੀਤਾ ਹੈ। ਭਾਵੇਂ ਕਿਤੇ ਕਿਤੇ ਦੂਸਰੇ ਪ੍ਰਭਾਵ ਵੀ ਮਿਲਦੇ ਹਨ ਪਰ ਮੁੱਖ ਤੌਰ ਤੇ ਉਨ੍ਹਾਂ ਉਪਰ ਪ੍ਰਭਾਵ ਵੇਦਾਂਤ ਦਾ ਹੀ ਹੈ। ਜਾਂ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦਾ ਬ੍ਰਹਮ, ਜਗਤ, ਮਾਇਆ ਤੇ ਮੁਕਤੀ ਸੰਬੰਧੀ ਦ੍ਰਿਸ਼ਟੀਕੋਣ, ਵੇਦਾਂਤਕ ਵਿਚਾਰਧਾਰਾ ਨਾਲ ਮੇਲ ਖਾਂਦਾ ਹੈ, ਵਿਸ਼ੇਸ਼ ਕਰ ਨਿਰਗੁਣਵਾਦੀ ਸੰਤ ਕਵੀਆਂ ਦੇ ਵਿਚਾਰਾਂ ਵਿਚ। ਹਿੰਦੀ ਵਿਚਾਰ ਜਗਤ ਵਿਚ, ਜਿਹੜੇ ਕਵੀਆਂ ਨੂੰ ਸਰਗੁਣਵਾਦੀ ਕਿਹਾ ਗਿਆ ਹੈ, ਉਨ੍ਹਾਂ ਦੀ ਬਾਣੀ ਵਿਚ ਬ੍ਰਹਮ ਵਿਚਾਰ ਬਹੁਤਾ ਨਿਰਗੁਣਵਾਦੀ ਦ੍ਰਿਸ਼ਟੀ ਤੋਂ ਹੀ ਹੋਇਆ ਹੈ। ਭਾਵ ਇਹ ਕਿ ਵੇਦਾਂਤ ਦਾ ਪ੍ਰਭਾਵ ਤਤਕਾਲੀਨ ਵਿਚਾਰਧਾਰਾ ਉਪਰ ਇਤਨਾ ਸੀ ਕਿ ਸਰਗੁਣਵਾਦੀ ਸੰਤ ਕਵੀ ਭੀ ਇਸ ਤੋਂ ਬਚ ਨਹੀਂ ਸਕੇ।

---

1. ਹਜ਼ਾਰੀ ਪ੍ਰਸਾਦ ਦਿਵੇਦੀ, ਉਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ 103
2. ਧਨਾਸਰੀ ਰਾਗੁ, ਆਦਿ ਗ੍ਰੰਥ, ਪੰਨਾ 695

ਅਧਿਆਇ ਤੀਜਾ

*
*
*
*

## ਵੇਦਾਂਤ ਅਤੇ ਗੁਰੂ ਨਾਨਕ ਬਾਣੀ ਦਾ ਸਿਧਾਂਤਕ ਪਖ

# ਵੇਦਾਂਤ
# ਅਤੇ
# ਗੁਰੂ ਨਾਨਕ ਬਾਣੀ ਦਾ ਸਿਧਾਂਤਕ ਪੱਖ

## ਬ੍ਰਹਮ

ਭਾਰਤੀ ਚਿੰਤਨ ਪਰੰਪਰਾ ਅਤੇ ਸਾਧਨਾ ਜਗਤ ਵਿਚ ਵੇਦਾਂਤ ਇਕ ਸ਼ਕਤੀਸ਼ਾਲੀ ਪ੍ਰਣਾਲੀ ਹੈ। ਇਸ ਨੇ ਵੱਖ ਵੱਖ ਤਰ੍ਹਾਂ ਦੀ ਸੋਚ ਨੂੰ ਬਹੁਤ ਹਦ ਤਕ ਪ੍ਰਭਾਵਿਤ ਕੀਤਾ ਹੈ। ਨਤੀਜੇ ਵਜੋਂ ਮੱਧ ਕਾਲੀਨ ਵਿਚਾਰਕਾਂ ਅਤੇ ਭਗਤਾਂ ਦੀ ਵਿਚਾਰ ਅਤੇ ਜੀਵਨ ਮਰਯਾਦਾ (ਭਗਤੀ ਲਹਿਰ) ਉਪਰ ਵੀ ਇਸ ਦਾ ਪ੍ਰਭਾਵ ਪਿਆ ਹੈ। ਗੁਰੂ ਨਾਨਕ, ਕਿਉਂਕਿ ਇਸ ਸਮੇਂ ਅਤੇ ਲਹਿਰ ਦੇ ਇਕ ਕ੍ਰਿਆਸ਼ੀਲ ਅਤੇ ਸਬਲ ਪਰਿਵਰਤਕ ਸਨ ਅਤੇ ਉਹਨਾਂ ਨੇ ਆਪਣੇ ਸਮੇਂ ਦੇ ਵਿਚਾਰਕ ਜੀਵਨ ਅਤੇ ਜਨ ਜੀਵਨ ਨੂੰ ਬਹੁਤ ਪ੍ਰਭਾਵਤ ਕੀਤਾ ਹੈ, ਜਿਸ ਕਰਕੇ ਹੀ ਉਹਨਾਂ ਨੂੰ ਜਨ ਜੀਵਨ ਨਾਲ ਪਰਿਚਤ ਮੁਹਾਵਰੇ ਵਿਚ ਹੀ ਗਲ ਕਰਨੀ ਪੈਣੀ ਸੀ। ਇਸ ਕਰਕੇ ਉਹਨਾਂ ਦੀ ਬਾਣੀ ਵਿਚ ਵੇਦਾਂਤਕ ਸ਼ਬਦਾਵਲੀ ਦੀ ਕਾਫੀ ਮਾਤਰਾ ਹੈ। ਇਸ ਨਾਲ ਵੇਦਾਂਤਕ ਵਿਚਾਰਾਂ ਦਾ ਆਉਣਾ ਵੀ ਜ਼ਰੂਰੀ ਸੀ ਪਰ ਇਹ ਅਸੀਂ ਜਾਣਦੇ ਹਾਂ ਕਿ ਗੁਰੂ ਨਾਨਕ ਨੇ ਇਹਨਾਂ ਵਿਚਾਰਾਂ ਨੂੰ ਜਿਉਂ ਦਾ ਤਿਉਂ ਨਹੀਂ ਅਪਣਾ ਲਿਆ। ਇਸ ਸਥਿਤੀ ਨੂੰ ਅਸੀਂ ਅਗਲੇ ਪੰਨਿਆਂ ਵਿਚ ਵਿਚਾਰਦੇ ਹਾਂ।

ਵੱਖ ਵੱਖ ਦੇਸ਼ਾਂ ਦੇ ਦਾਰਸ਼ਨਿਕਾਂ ਦੁਆਰਾ ਬ੍ਰਹਮ ਤਤ ਦਾ ਪ੍ਰਗਟਾ ਵਖ ਵਖ ਸ਼ੈਲੀ ਵਿਚ ਕੀਤਾ ਹੋਇਆ ਮਿਲਦਾ ਹੈ। ਬ੍ਰਹਮ ਤੱਤ ਸਾਰੇ ਧਰਮਾਂ ਦਾ ਸਾਰ ਤੱਤ ਹੈ। ਪਰਮ ਤੱਤ ਦੀ ਪੁਰਸ਼ ਰੂਪ ਵਿਚ ਕਲਪਨਾ ਕੀਤੀ ਗਈ ਹੈ। ਇਸ ਦਾ ਪ੍ਰਥਮ ਪ੍ਰਗਟਾ ਰਿਗ ਵੇਦ ਦੇ ਪੁਰਸ਼ ਸੂਕਤ[1] ਵਿਚ ਹੋਇਆ ਹੈ। ਉਥੇ ਦਸਿਆ ਗਿਆ ਹੈ ਕਿ ਪੁਰਸ਼ ਦੇ ਹਜ਼ਾਰ ਮਸਤਕ ਹਨ, ਹਜ਼ਾਰ ਨੇਤਰ ਹਨ ਅਤੇ ਹਜ਼ਾਰ ਪੈਰ ਹਨ। ਉਹ ਸਾਰੀ ਪ੍ਰਿਥਵੀ ਵਿਚ ਵਿਆਪਕ ਹੈ ਅਤੇ ਉਸ ਤੋਂ ਦਸ ਅੰਗੁਲ ਪਰੇ ਵੀ ਹੈ। ਜੋ ਕੁਝ ਹੈ, ਜੋ ਕੁਝ ਹੋਵੇਗਾ, ਸਭ ਉਹ ਪੁਰਸ਼ ਹੀ ਹੈ। ਉਹ ਅੰਮ੍ਰਿਤਾਂ ਦਾ ਸੁਆਮੀ ਹੈ। ਜਿਤਨੇ ਅੰਨ ਨਾਲ ਪਲਣ ਵਾਲੇ ਜੀਵ ਹਨ, ਉਹ ਸਭ ਵਿਚ ਹੀ ਵਿਆਪਕ ਹੈ। ਉਸ ਦੀ ਮਹਿਮਾ ਤੋਂ ਵਡਾ ਉਹ ਹੀ ਪੁਰਸ਼ ਹੈ। ਸਾਰਾ ਵਿਸ਼ਵ ਉਸ ਦਾ ਕੇਵਲ ਚੌਥਾ ਅੰਸ਼ ਹੀ ਹੈ, ਉਸ ਦੇ ਤਿੰਨ ਪਾਦ ਬਾਹਰ ਅੰਤਰਿਕਸ਼ ਵਿਚ ਹਨ। ਉਸ ਦੇ ਇਕ ਪਾਦ ਨਾਲ ਸਰਬਭੂਤ ਵਿਆਪਤ ਹੈ ਅਤੇ ਤਿੰਨ ਪਾਦ ਅੰਮ੍ਰਿਤ ਹਨ, ਜੋ ਸਵਰਗ ਵਿਚ ਹਨ। ਉਹ ਹੀ ਚੌਹਾਂ ਪਾਸੇ ਅਤੇ ਚਰ-ਅਚਰ ਵਿਚ ਵਿਆਪਤ ਹੈ।

---

1. ਰਿਗ ਵੇਦ, 1/60

ਮੁੰਡਕ ਉਪਨਿਸ਼ਦ ਵਿਚ ਬ੍ਰਹਮ ਨੂੰ ਪੁਰਸ਼ ਅਤੇ ਕਰਤਾ ਕਿਹਾ ਗਿਆ ਹੈ।[1] ਮੁੰਡਕ ਉਪਨਿਸ਼ਦ ਵਿਚ ਕਿਹਾ ਗਿਆ ਹੈ ਕਿ ਜਿਵੇਂ ਮਕੜੀ ਆਪਣੇ ਵਿਚੋਂ ਜਾਲਾ ਕਢ ਲੈਂਦੀ ਹੈ, ਜਿਵੇਂ ਧਰਤੀ ਵਿਚੋਂ ਬੂਟੀਆਂ ਉਗ ਪੈਂਦੀਆਂ ਹਨ, ਜਿਵੇਂ ਜੀਂਦੇ ਮਨੁਖ ਦੇ ਸਰੀਰ ਵਿਚੋਂ ਰੋਮ ਉਗਮ ਪੈਂਦੇ ਹਨ ਤਿਵੇਂ ਬ੍ਰਹਮ ਨੇ ਆਪਣੇ ਵਿਚੋਂ ਸਭ ਕੁਝ ਨੂੰ ਰਚਿਆ ਹੈ।[2] ਇਕ ਹੋਰ ਥਾਂ ਤੇ ਮੁੰਡਕ ਉਪਨਿਸ਼ਦ ਵਿਚ ਕਿਹਾ ਗਿਆ ਹੈ ਕਿ ਉਸੇ ਬ੍ਰਹਮ ਤੋਂ ਹੀ ਸਭੇ ਸਾਗਰ ਅਤੇ ਸਭੇ ਪਰਬਤ ਉਪਜਦੇ ਹਨ। ਉਸੇ ਵਿਚ ਹੀ ਹਰ ਤਰ੍ਹਾਂ ਦੇ ਨਦੀਆਂ ਨਾਲੇ ਵਹਿੰਦੇ ਹਨ, ਉਸੇ ਤੋਂ ਹੀ ਹਰ ਤਰ੍ਹਾਂ ਦੀਆਂ ਬੂਟੀਆਂ ਤੇ ਉਨ੍ਹਾਂ ਦੇ ਰਸ ਨਿਕਲਦੇ ਹਨ ਅਤੇ ਉਹ ਹੀ ਹਰ ਤਤ ਵਿਚ ਜੀਵ ਹੋ ਕੇ ਰਚਿਆ ਮਿਚਿਆ ਹੋਇਆ ਹੈ।[3]

ਕਠ ਉਪਨਿਸ਼ਦ ਵਿਚ ਬ੍ਰਹਮ ਨੂੰ ਸਭ ਤੋਂ ਪਰੇ ਮੰਨਿਆ ਗਿਆ ਹੈ।[4]

ਭਗਵਦ ਗੀਤਾ ਵਿਚ ਵੀ ਪੁਰਸ਼ ਨੂੰ ਸਭ ਤੋਂ ਪਰੇ ਮੰਨਿਆ ਗਿਆ ਹੈ।[5] ਪਰ ਗੀਤਾ ਦੇ ਤਿੰਨੇ ਪੁਰਸ਼ਾਂ, ਖਰ, ਅਖਰ ਤੇ ਪੁਰਸ਼ੋਤਮ ਵਿਚੋਂ ਕੇਵਲ ਪੁਰਸ਼ੋਤਮ ਹੀ ਪਰਮ ਸੱਤਾ ਦਾ ਵਾਚਕ ਹੈ।

ਬ੍ਰਹਮ ਦੇ ਇਕ ਹੋਣ ਦਾ ਪ੍ਰਥਮ ਸੰਕੇਤ ਤਾਂ ਰਿਗ ਵੇਦ ਵਿਚੋਂ ਹੀ ਮਿਲਦਾ ਹੈ, ਜਿਥੇ ਕਿ ਉਸ ਨੂੰ 'ਤਦੇਕਮ੍' (ਉਹ ਇਕ ਹੈ) ਆਖਿਆ ਗਿਆ ਹੈ।[6]

ਉਪਨਿਸ਼ਦਾਂ ਵਿਚ ਪਰਮਾਤਮਾ ਦੇ ਇਕ ਹੋਣ ਸੰਬੰਧੀ ਬੜੀਆਂ ਥਾਵਾਂ ਤੇ ਚਰਚਾ ਹੋਈ ਹੈ। ਬ੍ਰਹਦਾਰਣਯਕ ਉਪਨਿਸ਼ਦ [7] ਵਿਚ ਅਜਿਹੇ ਵਾਕ ਮਿਲਦੇ ਹਨ ਜਿਥੇ ਕਿ ਇਕ ਬ੍ਰਹਮ ਨੂੰ ਛਡ ਕੇ ਨਾਨਾਤਵ ਦੀ ਗੁੰਜਾਇਸ਼ ਨਹੀਂ ਮਿਲਦੀ।

---

1. ਕਰਤਾਰਮੀਸ਼ੰ ਪੁਰਸ਼ੰ ਬ੍ਰਹਮਯੋਨਿਮ
   (ਮੁੰਡਕ 3, ਖੰਡ 1, ਸ਼੍ਰੁਤੀ 3.)
2. ਮੁੰਡਕ ਉਪਨਿਸ਼ਦ 2.1.6.
3. ਉਹੀ 3.1.1
4. ਪੁਰਸ਼ਾਨ੍ਨ ਪਰੰ ਕਿੰਚਿਤਸਾ ਕਾਸ਼੍ਠਾ ਸਾ ਪਰਾ ਗਤਿ।
   (ਅਧਿਆਇ 1, ਵੱਲੀ 3, ਸ਼੍ਰੁਤੀ 11)
5. ਉਤਮ: ਪੁਰਸ਼ਸਤਵਨਯ: ਪਰਮਾਤਮੇਤਿਯੁਦਾਹ੍ਰਤ:
   (ਅਧਿਆਇ, ਸਲੋਕ 17)
6. ਨਾਸਦੀਯ ਸੂਕਤ 10.129
7. ਬ੍ਰਹਦਾਰਣਯਕ ਉਪਨਿਸ਼ਦ, ਅਧਿਆਇ 4, ਬ੍ਰਹਮ 4, ਸਰੁਤੀ 11

ਛਾਂਦੋਗਯ ਉਪਨਿਸ਼ਦ[1] ਵਿਚ ਸਾਰੇ ਬ੍ਰਹਮ ਨੂੰ ਹੀ ਇਕ ਮੰਨਿਆ ਗਿਆ ਹੈ।

ਤੈਤ੍ਰੀਯ ਉਪਨਿਸ਼ਦ[2] ਵਿਚ ਸੰਪੂਰਨ ਵਿਸ਼ਵ ਦੀ ਉਤਪਤੀ, ਗਤੀ, ਪਾਲਣ ਸਥਿਤੀ ਅਤੇ ਨਾਸ ਦੇ ਕਾਰਣ ਨੂੰ ਬ੍ਰਹਮ ਕਿਹਾ ਗਿਆ ਹੈ।

ਮੁੰਡਕ ਉਪਨਿਸ਼ਦ[3] ਵਿਚ ਓਅੰਕਾਰ ਨੂੰ ਸਰਬ ਉਤਪਤੀ ਦਾ ਮੂਲ ਕਾਰਨ ਮੰਨਦੇ ਹੋਏ ਕਿਹਾ ਗਿਆ ਹੈ ਕਿ ਓਅੰਕਾਰ ਅੱਖਰ ਹੀ ਸਭ ਕੁਝ ਹੈ। ਇਹ ਜੋ ਕੁਝ ਭੂਤ, ਵਰਤਮਾਨ ਤੇ ਭਵਿਖਤ, ਇਹਨਾਂ ਤਿੰਨਾਂ ਕਾਲਾਂ ਤੋਂ ਜੋ ਕੁਝ ਪ੍ਰਸਿਧ ਹੈ ਉਹੀ ਪੂਰਨ ਨਿਆਇ ਨਾਲ ਓਅੰਕਾਰ ਹੀ ਹੈ।

ਮੁੰਡਕ ਉਪਨਿਸ਼ਦ[4] ਵਿਚ ਪਰਮੇਸਰ ਨੂੰ ਸਰਬਗ, ਸਰਵਾਤੀਤ, ਗਿਆਨਮਈ ਤਪ ਵਾਲਾ ਦਸਦੇ ਹੋਏ ਜਗਤ ਦੇ ਨਾਮ ਰੂਪ ਤੇ ਆਨੰਦ ਦਾ ਸ੍ਰਿਸ਼ਟਾ ਕਿਹਾ ਗਿਆ ਹੈ।

ਸ੍ਵੇਤਾਸ੍ਵਤਰ ਉਪਨਿਸ਼ਦ[5] ਵਿਚ ਲਿਖਿਆ ਹੈ ਕਿ ਉਹ ਜੋ ਹਰ ਕਾਰਣ ਦਾ ਮੂਲ ਹੈ, ਜਿਸ ਵਿਚੋਂ ਸਭ ਦਿਸਦਾ ਸੰਸਾਰ ਸਮੂਹੇ ਤੌਰ ਤੇ ਉਤਪੰਨ ਹੋਇਆ ਹੈ, ਉਸੇ ਵਿਚ ਲੀਨ ਵੀ ਹੋ ਜਾਂਦਾ ਹੈ। ਉਹ ਸਭ ਕਿਰਿਆਵਾਂ ਦਾ ਮਾਲਕ ਹੈ। ਸ੍ਵੇਤਾਸ੍ਵਤਰ ਉਪਨਿਸ਼ਦ[6] ਵਿਚ ਇਕ ਹੋਰ ਥਾਂ ਤੇ ਕਿਹਾ ਗਿਆ ਹੈ ਕਿ ਉਹ ਸੂਖਮ ਤੋਂ ਵੀ ਅਤਿ ਸੂਖਮ ਹੈ ਜੋ ਆਪਣੀ ਮੌਜ ਵਿਚ ਅਨੇਕ ਪ੍ਰਕਾਰ ਦੇ ਨਾਮ ਰੂਪਾਂ ਦਾ ਕਰਤਾ ਹੈ ਅਤੇ ਆਪ ਹੀ ਸਾਰੇ ਪਸਾਰੇ ਨੂੰ ਸੰਪਟ ਕਰੀ ਬੈਠਾ ਹੈ। ਉਸ ਨੂੰ ਆਨੰਦਪੂਰ ਦਾਤਾ ਤੇ ਮਾਲਕ ਜਾਣਨ ਨਾਲ ਸਦੀਵੀ ਸ਼ਾਂਤੀ ਪ੍ਰਾਪਤ ਹੁੰਦੀ ਹੈ।

ਉਪਨਿਸ਼ਦਾਂ ਵਿਚ ਪੁਰਖ ਦੇ ਸਰਬ ਵਿਆਪੀ ਹੋਣ ਦੇ ਅਰਥਾਂ ਦੀ ਪੁਸ਼ਟੀ ਮਿਲਦੀ ਹੈ। ਮੁੰਡਕ ਉਪਨਿਸ਼ਦ[7] ਵਿਚ ਕਿਹਾ ਗਿਆ ਹੈ ਕਿ ਉਹ ਪ੍ਰਕਾਸ਼ ਸਰੂਪ, ਮੂਰਤ ਤੋਂ ਰਹਿਤ ਪੁਰਖ,

---

1. ਛਾਂਦੋਗਯ ਉਪਨਿਸ਼ਦ 6/2/1
2. ਤੈਤ੍ਰੀਯ ਉਪਨਿਸ਼ਦ 3/1
3. ਮੁੰਡਕ ਉਪਨਿਸ਼ਦ, ਰਿਤੀ 1
4. ਮੁੰਡਕ ਉਪਨਿਸ਼ਦ 1/6
5. ਸ੍ਵੇਤਾਸ੍ਵਤਰ ਉਪਨਿਸ਼ਦ 4/4
6. ਉਹੀ 4/7
7. ਮੁੰਡਕ ਉਪਨਿਸ਼ਦ 2/1/2

ਬਾਹਰ ਅੰਦਰ ਮੌਜੂਦ, ਜਨਮ ਤੋਂ ਰਹਿਤ, ਪ੍ਰਾਣਾਂ ਤੋਂ ਬਿਨਾਂ, ਮਨ ਤੋਂ ਰਹਿਤ, ਸ਼ੁਧ ਅੱਖਰਾਂ ਤੋਂ ਪਰੇ ਹੋਰ ਪਰੇ ਹੈ।

ਸ਼ਵੇਤਾਸ਼ਵਤਰ ਉਪਨਿਸ਼ਦ[1] ਵਿਚ ਲਿਖਿਆ ਹੈ ਕਿ ਸਾਰੇ ਦਾ ਸਾਰਾ ਜਗਤ ਇਸੇ 'ਪੁਰਖ' ਨਾਲ ਭਰਪੂਰ ਹੈ। ਉਸ ਤੋਂ ਕੋਈ ਹੋਰ ਵਡਾ ਨਹੀਂ ਤੇ ਨਾ ਕੋਈ ਉਸ ਤੋਂ ਵੱਖਰਾ ਹੈ।

ਉਪਨਿਸ਼ਦਾਂ ਵਿਚ ਬ੍ਰਹਮ ਦਾ ਨਕਾਰਾਤਮਕ ਚਿਤਰਣ ਭੀ ਹੋਇਆ ਮਿਲਦਾ ਹੈ। ਨਕਾਰਾਤਮਕ ਤੋਂ ਭਾਵ ਇਹ ਹੈ 'ਉਹ ਅਜਿਹਾ ਨਹੀਂ'। 'ਉਹ ਅਜਿਹਾ ਹੈ' ਕਹਿਣ ਦੀ ਥਾਂ ਤੇ 'ਉਹ ਅਜਿਹਾ ਨਹੀਂ' ਕਹਿਣ ਨਾਲ ਗਲ ਬਹੁਤ ਚੰਗੀ ਤਰ੍ਹਾਂ ਸਮਝ ਆ ਜਾਂਦੀ ਹੈ। ਉਪਨਿਸ਼ਦਾਂ ਵਿਚ ਇਸ ਸਿਧਾਂਤ ਨੂੰ 'ਨੇਤਿਵਾਦ' ਕਹਿੰਦੇ ਹਨ ਬ੍ਰਹਦਾਰਣਯਕ ਉਪਨਿਸ਼ਦ[2] ਵਿਚ ਲਿਖਿਆ ਹੈ ਕਿ ਬ੍ਰਹਮ ਗਿਆਨੀ ਉਸ ਤੱਤ ਨੂੰ ਅੱਖਰ (ਅਬਿਨਾਸ਼ੀ) ਆਖਦੇ ਹਨ। ਉਹ ਨਾ ਮੋਟਾ ਹੈ, ਨਾ ਪਤਲਾ ਹੈ, ਨਾ ਨਿਕਾ ਹੈ, ਨਾ ਵੱਡਾ ਹੈ, ਉਹ ਨਾ ਲਾਲ ਹੈ, ਨਾ ਦ੍ਰਵ ਹੈ, ਨਾ ਛਾਂ ਹੈ, ਨਾ ਹਨੇਰਾ ਹੈ, ਨਾ ਪਵਨ ਹੈ, ਨਾ ਅਕਾਸ਼ ਹੈ, ਨਾ ਸੰਗਯੁਕਤ ਹੈ, ਨਾ ਰਸ ਹੈ, ਨਾ ਅੱਖ ਹੈ, ਨਾ ਕੰਨ ਹੈ, ਨਾ ਬਾਣੀ ਹੈ, ਨਾ ਮੰਨ ਹੈ, ਨਾ ਤੇਜ ਹੈ, ਨਾ ਪ੍ਰਾਣ ਹੈ, ਨਾ ਮੂੰਹ ਹੈ, ਨਾ ਮਾਪ ਹੈ, ਉਹ ਨਾ ਅੰਦਰ ਹੈ ਨਾ ਬਾਹਰ, ਉਹ ਖਾਂਦਾ ਵੀ ਕੁਝ ਨਹੀਂ ਤੇ ਨਾ ਉਸ ਨੂੰ ਹੀ ਕੋਈ ਖਾਂਦਾ ਹੈ।

ਕਠ ਉਪਨਿਸ਼ਦ[3] ਵਿਚ ਕਿਹਾ ਗਿਆ ਹੈ ਕਿ ਬ੍ਰਹਮ ਅਛੇਦ, ਅਰੂਪ, ਰਸ ਤੇ ਗੰਧ ਤੋਂ ਰਹਿਤ ਹੈ। ਉਹ ਨਿਤ ਹੈ, ਅਬਿਨਾਸ਼ੀ ਹੈ, ਅਨਾਦੀ ਤੇ ਅਨੰਤ ਹੈ ਅਤੇ ਮਹੱਤ ਤੋਂ ਵੀ ਪਰੇ ਹੈ।

ਉਪਨਿਸ਼ਦਾਂ ਵਿਚ ਬ੍ਰਹਮ ਨੂੰ ਨਿਰਭਉ ਵਿਸ਼ੇਸ਼ਣ ਨਾਲ ਸੰਬੋਧਨ ਕੀਤਾ ਗਿਆ ਹੈ। ਕਠ ਉਪਨਿਸ਼ਦ[4] ਵਿਚ ਲਿਖਿਆ ਹੈ ਕਿ ਬ੍ਰਹਮ ਦੇ ਭੈ ਵਿਚ ਹੀ ਸੂਰਜ ਚਮਕਦਾ ਹੈ। ਉਸ ਦੇ ਭੈ ਵਿਚ ਹੀ ਇੰਦਰ, ਵਾਯੂ ਤੇ ਕਾਲ ਚਲਦੇ ਹਨ।

ਤੈਤ੍ਰੀਯ ਉਪਨਿਸ਼ਦ ਵਿਚ ਲਿਖਿਆ ਹੈ:

> "ਬ੍ਰਹਮ ਦੇ ਭੈ ਵਿਚ ਹੀ ਪਵਨ ਵਗਦੀ ਹੈ। ਉਸ ਦੇ ਭੈ ਵਿਚ ਹੀ ਅਗਨੀ, ਇੰਦਰ ਤੇ ਕਾਲ ਆਦਿ ਆਪਣਾ ਕਰਤੱਵ ਕਰਦੇ ਹਨ।"[5]

---

1. ਸ਼ਵੇਤਾਸ਼ਵਤਰ ਉਪਨਿਸ਼ਦ 1/1/5
2. ਬ੍ਰਹਦਾਰਣਯਕ ਉਪਨਿਸ਼ਦ 1.4.9-34
3. ਕਠ ਉਪਨਿਸ਼ਦ 1/1/5
4. ਉਹੀ 2/2/3
5. ਤੈਤ੍ਰੀਯ ਉਪਨਿਸ਼ਦ 9/2/1

ਬ੍ਰਹਦਾਰਣਯਕ ਉਪਨਿਸ਼ਦ[1] ਵਿਚ ਲਿਖਿਆ ਹੈ ਕਿ ਸਮੁਚੀ ਪ੍ਰਕਿਰਤੀ ਉਸ ਦੇ ਭੈ ਵਿਚ ਆਪਣੇ ਆਪ ਕਾਰੇ ਲਗੀ ਹੋਈ ਹੈ। ਉਸ ਦੀ ਕੀ ਮਜਾਲ ਹੈ ਕਿ ਉਹ ਜ਼ਰਾ ਜਿੰਨੀ ਅਣਗਹਿਲੀ ਕਰੇ।

ਤੈਤ੍ਰੀਯ ਉਪਨਿਸ਼ਦ[2] ਵਿਚ ਬ੍ਰਹਮ ਨੂੰ ਅਭਯ ਆਖਿਆ ਗਿਆ ਹੈ ਅਤੇ ਨਾਲ ਹੀ ਕਿਹਾ ਗਿਆ ਹੈ ਕਿ ਜੀਵ ਇਸ ਦੇ ਮੁਕਾਬਲੇ ਤੇ ਭੈ-ਰਹਿਤ ਨਹੀਂ ਹੁੰਦਾ ਪਰ ਜੇ ਕਰ ਜੀਵ ਬ੍ਰਹਮ ਨੂੰ ਪ੍ਰਾਪਤ ਕਰ ਲਵੇ ਤਾਂ ਇਹ ਪ੍ਰਾਪਤੀ ਉਸ ਨੂੰ ਬ੍ਰਹਮ ਵਾਂਗ ਹੀ ਭਯ ਰਹਿਤ ਕਰ ਦੇਦੀ ਹੈ।

ਉਪਨਿਸ਼ਦਾਂ ਵਿਚ ਆਮ ਤੌਰ ਤੇ ਬ੍ਰਹਮ ਨੂੰ ਅਕਾਲ ਕਿਹਾ ਗਿਆ ਹੈ। ਅਕਾਲ ਦਾ ਅਰਥ ਮੌਤ ਤੋਂ ਹੀ ਲਿਆ ਗਿਆ ਹੈ।

ਮੁੰਡਕ ਉਪਨਿਸ਼ਦ[3] ਵਿਚ ਕਿਹਾ ਹੈ ਕਿ ਬ੍ਰਹਮ ਪ੍ਰਕਾਸ਼ਮਈ ਹੈ। ਉਹ ਸੂਖਮ ਤੋਂ ਵੀ ਸੂਖਮ ਹੈ। ਉਹ ਜੋ ਸਾਰੇ ਸੰਸਾਰ ਤੇ ਸੰਸਾਰਕ ਜੀਵਾਂ ਨੂੰ ਰਚਣ ਵਾਲਾ ਹੈ, ਉਹੀ ਕਾਲ (ਮ੍ਰਿਤੂ) ਰਹਿਤ ਬ੍ਰਹਮ ਹੈ।

ਬ੍ਰਹਦਾਰਣਯਕ ਉਪਨਿਸ਼ਦ[4] ਵਿਚ ਕਿਹਾ ਗਿਆ ਹੈ ਕਿ ਬ੍ਰਹਮ ਦੂਰ ਨਾਮ ਵਾਲਾ ਹੈ, ਕਿਉਂਕਿ ਕਾਲ ਮ੍ਰਿਤੂ ਉਸ ਤੋਂ ਦੂਰ ਰਹਿੰਦਾ ਹੈ ਅਤੇ ਜੋ ਉਸ ਨੂੰ ਲੱਖ ਲੈਂਦਾ ਹੈ, ਉਹ ਵੀ ਅਕਾਲ (ਮ੍ਰਿਤੂ ਰਹਿਤ) ਹੋ ਜਾਂਦਾ ਹੈ।

ਉਪਨਿਸ਼ਦਾਂ ਵਿਚ ਬ੍ਰਹਮ ਨੂੰ ਅਜੂਨੀ ਤੇ ਅਕਾਰਨ ਆਦਿ ਸ਼ਬਦਾਂ ਨਾਲ ਸੰਬੋਧਨ ਕੀਤਾ ਗਿਆ ਹੈ। ਕਠ ਉਪਨਿਸ਼ਦ ਵਿਚ ਕਿਹਾ ਗਿਆ ਹੈ:-

> "ਉਹ ਬ੍ਰਹਮ ਨਾ ਜੰਮਦਾ ਹੈ ਤੇ ਨਾ ਹੀ ਮਰਦਾ ਹੈ। ਨਾ ਕਿਸੇ ਵਸਤੂ ਵਿਚੋਂ ਉਗਮਦਾ ਹੈ ਤੇ ਉਸ ਵਿਚੋਂ ਵੀ ਕੋਈ ਚੀਜ਼ ਉਗਮਦੀ ਨਹੀਂ। ਉਹ ਅਜਨਮਾ ਹੈ, ਸਦੀਵੀ ਹੈ, ਅਬਿਨਾਸ਼ੀ ਅਤੇ ਸਨਾਤਨ (ਅਨਾਦਿ) ਹੈ। ਸੰਸਾਰ ਦੇ ਨਾਸ ਹੋ ਜਾਣ ਤੇ ਵੀ ਉਹ ਕਾਇਮ ਰਹਿੰਦਾ ਹੈ।"[5]

---

1. ਬ੍ਰਹਦਾਰਣਯਕ ਉਪਨਿਸ਼ਦ 3/8/9
2. ਤੈਤ੍ਰੀਯ ਉਪਨਿਸ਼ਦ 2/9
3. ਮੁੰਡਕ ਉਪਨਿਸ਼ਦ 2/2/2
4. ਬ੍ਰਹਦਾਰਣਯਕ ਉਪਨਿਸ਼ਦ 1/3/9
5. ਕਠ ਉਪਨਿਸ਼ਦ 1/2/18

ਭਗਵਦ ਗੀਤਾ ਵਿਚ ਲਿਖਿਆ ਹੈ:

> "ਆਪਣੀ ਯੋਗ ਮਾਇਆ ਵਿਚ ਛੁਪਿਆ ਹੋਣ ਕਰਕੇ ਮੈਂ ਸਾਰਿਆਂ ਨੂੰ ਪ੍ਰਤਖ ਹੋ ਕੇ ਨਹੀਂ ਦਿਸਦਾ, ਇਸ ਲਈ ਅਗਿਆਨੀ ਪੁਰਸ਼ ਮੈਨੂੰ ਜਨਮ ਮਰਣ ਵਿਹੀਣ ਅਬਿਨਾਸ਼ੀ ਪੁਰਸ਼ (ਪਰਮਾਤਮ-ਤੱਤ) ਨਹੀਂ ਜਾਣਦੇ।"[1]

ਤੈਤ੍ਰੀਯ ਉਪਨਿਸ਼ਦ[2] ਵਿਚ ਬ੍ਰਹਮ ਦੇ ਲਈ ਵਰਤੇ ਗਏ ਲੱਛਣਾਂ ਵਿਚੋਂ ਸੱਚ ਨੂੰ ਪ੍ਰਥਮ ਸਥਾਨ ਦਿਤਾ ਗਿਆ ਹੈ।

ਬ੍ਰਹਦਾਰਣਯਕ ਉਪਨਿਸ਼ਦ[3] ਵਿਚ ਕਿਹਾ ਗਿਆ ਹੈ ਕਿ ਇਹ ਅਮਰ ਤੱਤ ਸਚ ਤੋਂ ਹੀ ਅਛਾਦਿਤ ਹੈ।

ਛਾਂਦੋਗਯ ਉਪਨਿਸ਼ਦ[4] ਵਿਚ ਆਇਆ ਹੈ ਕਿ ਆਰੰਭ ਵਿਚ ਇਕ ਮਾਤਰ ਅਦੁਤੀ ਸਤਿ ਹੀ ਸੀ। ਇਸ ਵਿਚ[5] ਇਕ ਹੋਰ ਥਾਂ ਤੇ ਦਸਿਆ ਹੈ ਕਿ ਇਸ ਬ੍ਰਹਮ ਦਾ ਨਾਮ ਹੀ ਸਤਿ ਹੈ।

ਬ੍ਰਹਮ ਦੇ ਸਤਿ ਸਰੂਪ ਦੀ ਵਿਆਖਿਆ ਉਪਨਿਸ਼ਦਾਂ ਵਿਚ ਥਾਂ ਥਾਂ ਤੇ ਹੋਈ ਹੈ। ਬ੍ਰਹਦਾਰਣਯਕ ਉਪਨਿਸ਼ਦ[6], ਮੁੰਡਕ ਉਪਨਿਸ਼ਦ[7], ਵਿਚ ਬ੍ਰਹਮ ਦੇ ਸਤਿ ਸਰੂਪ ਨੂੰ ਬਿਆਨਿਆ ਗਿਆ ਹੈ।

ਵੇਦਾਂ ਅਤੇ ਉਪਨਿਸ਼ਦਾਂ ਵਿਚ ਬ੍ਰਹਮ ਨੂੰ ਅਭੈ ਕਿਹਾ ਗਿਆ ਹੈ। ਅਭੈ ਤੇ ਨਿਰਭੈ ਸ਼ਬਦ ਸਮਾਨ ਅਰਥਕ ਹੀ ਹਨ। ਸਬਾਲ ਉਪਨਿਸ਼ਦ[8] ਵਿਚ ਬ੍ਰਹਮ ਦੇ ਵਿਸ਼ੇਸ਼ਣ "ਅਭੈ ਅਸ਼ੋਕੀ ਅਨੰਤ" ਦਸੇ

---

1. ਭਗਵਦ ਗੀਤਾ 7/25
2. ਸਤਿਅੰ ਗਿਆਨਮਅਨੰਤੰ ਬ੍ਰਹਮ
   (ਵਲੀ 2, ਅਨੁਵਾਦ 1, ਸਰੁਤੀ 1)
3. ਤਦੇਤਦ ਮ੍ਰਿਤ ਸਤਿਯੇਨਾਛੰਨੰ
   (ਅਧਿਆਇ 6, ਖੰਡ 2, ਸਰੁਤੀ 3)
4. ਛਾਂਦੋਗਯ ਉਪਨਿਸ਼ਦ 6/2/1
5. ਉਹੀ 2/3/4
6. ਬ੍ਰਹਦਾਰਣਯਕ ਉਪਨਿਸ਼ਦ 2/3/6
7. ਮੁੰਡਕ ਉਪਨਿਸ਼ਦ 2/2/2
8. ਸਬਾਲ ਉਪਨਿਸ਼ਦ, ਅਧਿਆਇ 50

ਗਏ ਹਨ। ਕਠ ਉਪਨਿਸ਼ਦ[1] ਵਿਚ ਵੀ ਬ੍ਰਹਮ ਦਾ ਵਿਸ਼ੇਸ਼ਣ ਅਤੇ ਹੀ ਕੀਤਾ ਗਿਆ ਹੈ।

ਭਗਵਦ ਗੀਤਾ[2] ਵਿਚ ਬ੍ਰਹਮ ਨੂੰ ਨਿਰਵੈਰ ਕਿਹਾ ਗਿਆ ਹੈ। ਕਠ ਉਪਨਿਸ਼ਦ[3] ਵਿਚ ਪਾਰਬ੍ਰਹਮ ਨੂੰ ਸ਼ਬਦ, ਰੂਪ, ਰਸ ਤੇ ਗੰਧ ਤੋਂ ਰਹਿਤ ਅਬਿਨਾਸ਼ੀ, ਨਿਤ, ਅਨਾਦਿ, ਅਨੰਤ ਤੇ ਪਰਾਤਪਰ ਮੰਨਿਆ ਗਿਆ ਹੈ।

ਕਬੀਰ ਅਨੁਸਾਰ[4] ਨਾਮ ਰੂਪਾਤਮਕ ਸ੍ਰਿਸ਼ਟੀ ਵਿਚ ਜਦ ਕੁਝ ਨਹੀਂ ਸੀ, ਤਦ ਉਹੀ ਆਪ ਆਪਣੀ ਸ਼ਕਤੀ ਨਾਲ ਵਿਦਮਾਨ ਸੀ। ਉਹ ਅਰੂਪ ਤੇ ਨਿਰਗੁਣ ਬ੍ਰਹਮ ਸੀ।

ਕਠ ਉਪਨਿਸ਼ਦ[5] ਵਿਚ ਬ੍ਰਹਮ ਦੇ ਅਨੰਤ ਪ੍ਰਕਾਸ਼ ਦਾ ਵਰਣਨ ਕਰਦਿਆਂ ਹੋਇਆਂ ਦਸਿਆ ਗਿਆ ਹੈ ਕਿ ਉਥੇ ਨਾ ਤਾਂ ਸੂਰਜ ਪ੍ਰਕਾਸ਼ਤ ਹੁੰਦਾ ਹੈ, ਨਾ ਚੰਦਰਮਾ ਤੇ ਨਾ ਹੀ ਤਾਰੇ ਚਮਕਦੇ ਹਨ। ਉਥੇ ਬਿਜਲੀ ਦੇ ਲਿਸ਼ਕਾਰੇ ਵੀ ਨਹੀਂ ਹਨ। ਇਹ ਲੌਕਿਕ ਅਗਨੀ ਉਸ ਦੇ ਪ੍ਰਕਾਸ਼ ਨਾਲ ਹੀ ਪ੍ਰਕਾਸ਼ਤ ਹੈ। ਇਸ ਦੇ ਪ੍ਰਕਾਸ਼ ਹੋਣ ਨਾਲ ਸਾਰੀਆਂ ਵਸਤਾਂ ਪ੍ਰਕਾਸ਼ਤ ਹੁੰਦੀਆਂ ਹਨ ਅਤੇ ਉਸ ਦੇ ਪ੍ਰਕਾਸ਼ ਨਾਲ ਸੰਪੂਰਨ ਜਗਤ ਪ੍ਰਕਾਸ਼ਤ ਹੈ।

ਭਗਵਦ ਗੀਤਾ[6] ਵਿਚ ਬ੍ਰਹਮ ਦਾ ਵਿਅਕਤ, ਅਵਿਅਕਤ ਅਤੇ ਵਿਅਕਤ-ਅਵਿਅਕਤ ਤਿੰਨਾਂ ਰੂਪਾਂ ਵਿਚ ਹੀ ਪ੍ਰਗਟਾ ਹੋਇਆ ਹੈ। ਬ੍ਰਹਮ ਨੂੰ ਵਿਰਾਟ, ਵਿਅਕਤ ਰੂਪ ਵਿਚ ਚਿਤਰਦਿਆਂ ਕਿਹਾ ਗਿਆ ਹੈ ਕਿ ਅਨੇਕ ਬਾਹਵਾਂ, ਅਨੇਕ ਪੇਟਾਂ, ਅਨੇਕ ਮੁਖਾਂ ਅਤੇ ਅਨੇਕ ਨੇਤ੍ਰਾਂ ਵਾਲੇ ਅਨੰਤ ਰੂਪ ਨੂੰ ਚੌਹਾਂ ਪਾਸੇ ਵੇਖਿਆ ਜਾ ਸਕਦਾ ਹੈ। ਪਰ ਉਸ ਵਿਸ਼ਵ ਰੂਪ ਦਾ ਨਾ ਅੰਤ, ਨਾ ਮੱਧ ਤੇ ਨਾ ਹੀ ਆਦਿ ਦਿਸ ਪੈਂਦਾ ਹੈ।

ਈਸ਼ਾਵਾਸ਼ਯ ਉਪਨਿਸ਼ਦ[7] ਵਿਚ ਪਰਮਾਤਮਾ ਨੂੰ ਵਿਰੋਧਾਤਮਕ ਤੱਤਾਂ ਵਾਲਾ ਦਸ ਕੇ ਉਸ ਦੀ ਮਹਾਨਤਾ ਨੂੰ ਪ੍ਰਗਟਾਇਆ ਗਿਆ ਹੈ ਜਿਹਾ ਕਿ ਉਹ ਆਤਮ ਚਲਦਾ ਵੀ ਹੈ ਤੇ ਨਹੀਂ ਵੀ

---

1. ਅਭਿਯੰ ਤ੍ਰਿਤੀਸ਼ਰਤਾ ਪਾਰੰ ਨਾਚਿਕੇਤੰ ਸਕੇਮਹਿ।
   (ਅਧਿਆਇ 1, ਵੱਲੀ 3, ਰਿਤਿ 2)
2. ਸਮੋ ਹੰ ਸਾਰਵ ਭੂ ਤੇਸੁ ਨ ਮੇ ਦੇਸ਼ਯੋ ਸਿਤ ਨ ਪ੍ਰਿਯ।
   (ਅਧਿਆਇ 9, ਸਲੋਕ 29)
3. ਕਠ ਉਪਨਿਸ਼ਦ 1/3/15
4. ਰਾਮ ਜੀ ਲਾਲ, ਕਬੀਰ ਦਰਸ਼ਨ, ਪੰਨਾ 142
5. ਕਠ ਉਪਨਿਸ਼ਦ 2/2/15
6. ਭਗਵਦ ਗੀਤਾ 11/16, 13/19
7. ਈਸ਼ਾਵਾਸ਼ਯ ਉਪਨਿਸ਼ਦ 5

ਚਲਦਾ। ਉਹ ਸਭ ਦੇ ਨੇੜੇ ਵੀ ਹੈ ਅਤੇ ਸਭ ਦੇ ਦੂਰ ਵੀ।

ਸ਼ੰਕਰ ਨੇ ਉਪਨਿਸ਼ਦਕ ਸਾਹਿਤ ਨੂੰ ਆਧਾਰ ਬਣਾ ਕੇ ਆਪਣੇ ਸਿਧਾਂਤ ਦਾ ਪ੍ਰਗਟਾਵਾ ਕੀਤਾ ਹੈ। ਉਸ ਨੇ ਬ੍ਰਹਮ ਨੂੰ ਅਦਵੈਤ ਤੱਤ ਮੰਨ ਕੇ ਅਦਵੈਤਵਾਦ ਦੇ ਸਿਧਾਂਤ ਨੂੰ ਪ੍ਰਗਟਾਇਆ ਹੈ। ਅਦਵੈਤ ਸਿਧਾਂਤ ਆਪਣਾ ਆਧਾਰ ਬ੍ਰਹਮ ਸੂਤਰ, ਭਗਵਦ ਗੀਤਾ ਅਤੇ ਉਪਨਿਸ਼ਦਾਂ ਨੂੰ ਮੰਨਦਾ ਹੈ, ਜਿਹੜੇ ਕਿ ਵੇਦਾਂ ਦੇ ਅੰਤ ਵਿਚ ਹੋਣ ਕਰਕੇ ਵੇਦਾਂਤ ਕਹੇ ਜਾਂਦੇ ਹਨ। ਇਹ ਵੇਦਾਂ ਦੇ ਆਤਮਕ ਸਾਰ ਨੂੰ ਪੇਸ਼ ਕਰਦੇ ਹਨ। ਸ਼ੰਕਰ ਨੇ ਬ੍ਰਹਮ ਸੂਤ੍ਰ ਭਾਸ਼ਯ[1] ਵਿਚ ਅਦਵੈਤ ਬ੍ਰਹਮ ਦੀ ਪਰਿਭਾਸ਼ਾ ਇਸ ਪ੍ਰਕਾਰ ਦਿਤੀ ਹੈ, ਕਿ ਨਾਮ ਰੂਪ ਦੇ ਦੁਆਰਾ ਅਭਿਅਕਤ, ਅਨੇਕ ਕਰਤਿਆਂ ਤੇ ਭੁਗਤਿਆਂ ਨਾਲ ਸੰਯੁਕਤ, ਕ੍ਰਿਆ ਤੇ ਫੱਲ ਦੇ ਸਹਾਰੇ ਮਨ ਨਾਲ ਜਿਸ ਦੀ ਰਚਨਾ ਤੇ ਸਰੂਪ ਦਾ ਵਿਚਾਰ ਨਹੀਂ ਹੋ ਸਕਦਾ, ਅਜਿਹੇ ਜਗਤ ਦੀ ਉਤਪਤੀ, ਸਥਿਤੀ ਤੇ ਨਾਸ ਦਾ ਸਰਬ ਸ਼ਕਤੀਮਾਨ ਤੇ ਸਰਬਗ ਕਾਰਣ ਜਿਹੜਾ ਹੁੰਦਾ ਹੈ, ਉਸ ਨੂੰ ਪਰਮਾਤਮਾ ਕਹਿੰਦੇ ਹਨ।

ਇਸ ਤਰ੍ਹਾਂ ਸ਼ੰਕਰ ਅਨੁਸਾਰ ਬ੍ਰਹਮ ਦੀਆਂ ਵਿਸ਼ੇਸ਼ਤਾਵਾਂ ਸਰਬ-ਸ਼ਕਤੀਮਾਨਤਾ, ਸਰਬਗਤਾ, ਸਰਬ ਵਿਆਪਕਤਾ ਅਤੇ ਅਧਿਸ਼ਠਾਨਤਾ ਹੈ।

ਸ਼ੰਕਰ ਭਾਸ਼ਯ[2] ਅਨੁਸਾਰ ਸਮਸਤ ਚੇਤਨ ਅਤੇ ਅਚੇਤਨ, ਸਾਮਾਨਯ ਅਤੇ ਵਿਸ਼ੇਸ਼, ਸਾਰੀਆਂ ਵਸਤੂਆਂ ਦਾ ਇਕ ਬ੍ਰਹਮ ਵਿਚ ਹੀ ਅੰਤਰ ਭਾਵ ਹੁੰਦਾ ਹੈ। ਸ਼ੰਕਰ [redacted][3] [redacted] ਇਕ ਹੋਰ ਥਾਂ ਤੇ [redacted] ਲਿਖਦਾ ਹੈ ਕਿ ਬ੍ਰਹਮ ਦੀ ਹਸਤੀ ਬੜੀ ਹੀ ਵਿਲਖਣ ਹੈ, ਵੇਖਣ ਤੋਂ ਪਤਾ ਲਗਦਾ ਹੈ ਕਿ ਬ੍ਰਹਮ ਦਾ ਅਸਤਿਤਵ ਹਰ ਥਾਂ ਤੇ ਵਿਆਪਕ ਹੈ, ਪਰ ਦੇਸ਼ ਤੇ ਕਾਲ ਅਤੀਤ ਹੋਣ ਦੇ ਕਾਰਣ, ਬ੍ਰਹਮ ਦਾ ਅਸਤਿਤਵ ਕਿਸੇ ਥਾਂ ਤੇ ਵੀ ਕਿਹਾ ਨਹੀਂ ਜਾ ਸਕਦਾ। ਉਹ ਇਕ ਐਸਾ ਸੂਖਮ ਤੱਤ ਹੈ ਜਿਸ ਦਾ ਨਿਰਦੇਸ਼ ਬਾਣੀ ਅਤੇ ਮਨ ਦੁਆਰਾ ਸੰਭਵ ਨਹੀਂ ਹੈ ਪਰ ਇਸ ਤੋਂ ਇਹ ਭਾਵ ਨਹੀਂ ਹੈ ਕਿ ਉਹ ਭਾਵ ਰਹਿਤ ਹੈ।

ਅਦਵੈਤ ਵੇਦਾਂਤ ਵਿਚ ਬ੍ਰਹਮ ਦਾ ਪ੍ਰਗਟਾ ਦੋ ਪੱਖਾਂ ਤੋਂ ਹੋਇਆ: ਇਕ ਵਿਹਾਰਕ ਤੇ ਦੂਸਰਾ ਪਰਮਾਰਥਕ। ਵਿਹਾਰਕ ਪੱਖ ਤੋਂ ਉਪਾਸਨਾ ਕਰਨ ਲਈ, ਬ੍ਰਹਮ ਦਾ ਸਰੂਪ ਸਗੁਣ ਹੈ, ਪਰ ਪਰਮਾਰਥਕ ਦ੍ਰਿਸ਼ਟੀ ਤੋਂ ਇਹ ਸਰੂਪ ਨਿਰਗੁਣ ਹੈ।

---

1. ਸ਼ੰਕਰ ਭਾਸ਼ਯ ਬ੍ਰਹਮ ਸੂਤ੍ਰ 1/1/2
2. ਸ਼ੰਕਰ ਭਾਸ਼ਯ ਬ੍ਰਹਦਾਰਣਯਕ ਉਪਨਿਸ਼ਦ 2/4/6
3. ਸ਼ੰਕਰ ਭਾਸ਼ਯ ਬ੍ਰਹਮ ਸੂਤ੍ਰ 3/2/22

ਸ਼ੰਕਰ ਨੇ ਬ੍ਰਹਮ ਸੂਤਰ[1] ਦੀ ਵਿਆਖਿਆ ਕਰਦਿਆਂ ਹੋਇਆਂ ਨਿਰਗੁਣ ਬ੍ਰਹਮ ਨੂੰ ਸਰਵੋਤਮ ਸਤਿ ਮੰਨਿਆ ਹੈ। ਉਸ ਅਨੁਸਾਰ ਬ੍ਰਹਮ ਦੀ ਸਤਿਅਤਾ ਦਾ ਇਹ ਹੀ ਤਾਤਪਰਜ ਹੈ ਕਿ ਉਹ ਦੇਸ਼ ਕਾਲ ਆਦਿ ਦੇ ਬੰਧਨਾਂ ਤੋਂ ਮੁਕਤ ਹੈ। ਅਦਵੈਤਵਾਦ ਦਾ ਮੂਲ ਭਾਵ ਇਹ ਹੈ ਕਿ ਬ੍ਰਹਮ ਹੀ ਸਤਿ ਹੈ, ਜਗਤ ਮਿਥਿਆ ਹੈ, ਜੀਵ ਬ੍ਰਹਮ ਤੋਂ ਕਿਸੇ ਤਰ੍ਹਾਂ ਵੀ ਵੱਖ ਨਹੀਂ ਹੈ। ਇਸ ਤਰ੍ਹਾਂ ਜੀਵ ਤੇ ਬ੍ਰਹਮ ਇਕ ਹੀ ਹਨ - ਦੋਹਾਂ ਵਿਚ ਕੋਈ ਅੰਤਰ ਨਹੀਂ ਹੈ। ਅੰਤਰ ਕੇਵਲ ਮਾਇਆ ਜਾਂ ਅਵਿਦਿਆ ਕਾਰਨ ਹੀ ਦਿਖਾਈ ਦਿੰਦਾ ਹੈ।

ਸ਼ੰਕਰ ਨੇ ਸਗੁਣ ਬ੍ਰਹਮ ਦੀ ਸਥਾਪਨਾ ਦਾ ਪ੍ਰਯੋਜਨ ਉਪਾਸਨਾ ਨੂੰ ਹੀ ਦਸਿਆ ਹੈ।[2]

ਸ਼ੰਕਰ ਅਨੁਸਾਰ ਸਗੁਣ ਬ੍ਰਹਮ ਅਥਵਾ ਈਸ਼ਵਰ ਦੀ ਉਪਾਸਨਾ ਦੇ ਦੁਆਰਾ ਜੀਵ ਦੀ ਅੰਤ ਰ ਆਤਮਾ ਸ਼ੁਧ ਹੁੰਦੀ ਹੈ ਤੇ ਜੀਵ ਪਾਰਬ੍ਰਹਮ ਦਾ ਸਾਖਿਆਤਕਾਰ ਕਰਦਾ ਹੈ।[3]

ਸ਼ੰਕਰ ਅਨੁਸਾਰ ਸਤਿ ਪਦਾਰਥ ਉਸ ਨੂੰ ਹੀ ਮੰਨਿਆ ਜਾਂਦਾ ਹੈ ਜੋ ਸਾਰੀਆਂ ਅਵਸਥਾਵਾਂ ਵਿਚ ਇਕ ਸਰੂਪ ਵਿਚ ਹੀ ਕਾਇਮ ਰਹਿੰਦਾ ਹੈ।[4]

ਅਦਵੈਤਵਾਦ ਵਿਚ ਕੇਵਲ ਬ੍ਰਹਮ ਨੂੰ ਹੀ ਨਿੱਤ ਪਦਾਰਥ ਮੰਨਿਆ ਗਿਆ ਹੈ ਪਰ ਰਾਮਾਨੁਜ ਨੇ ਬ੍ਰਹਮ, ਜੀਵ ਤੇ ਜਗਤ ਤਿੰਨਾਂ ਪਦਾਰਥਾਂ ਨੂੰ ਸਵੀਕਾਰ ਕੀਤਾ ਹੈ। ਉਸ ਨੇ ਬ੍ਰਹਮ ਨੂੰ ਆਤਮਾ ਤੇ ਪ੍ਰਕਿਰਤੀ ਦੁਆਰਾ ਵਿਸ਼ਿਸ਼ਟ ਮੰਨਿਆ ਹੈ। ਜਿਸ ਤਰ੍ਹਾਂ ਆਤਮਾ ਸਰੀਰ ਦਾ ਪ੍ਰਬੰਧ ਕਰਦੀ ਹੈ ਇਸੇ ਤਰ੍ਹਾਂ ਹੀ ਈਸ਼ਵਰ ਜੀਵ ਅਤੇ ਜਗਤ ਦਾ ਪ੍ਰਬੰਧ ਕਰਦਾ ਹੈ। ਇਸ ਪ੍ਰਕਾਰ ਈਸ਼ਵਰ ਵਿਸ਼ੇਸ਼ ਅਤੇ ਜੀਵ ਤੇ ਜਗਤ ਵਿਸ਼ਿਸ਼ਟ ਹਨ। ਈਸ਼ਵਰ (ਅੰਗੀ ਜਾਂ ਵਿਸ਼ੇਸ਼) ਅਤੇ ਜੀਵ ਤੇ ਜਗਤ (ਅੰਗ ਤੇ ਵਿਸ਼ੇਸ਼ਣ) ਆਪਸ ਵਿਚ ਅਭਿੰਨ ਹਨ, ਵੱਖਰੇ ਵੱਖਰੇ ਨਹੀ ਕੀਤੇ ਜਾ ਸਕਦੇ।

ਰਾਮਾਨੁਜ ਨੇ ਸ਼ੰਕਰ ਦੇ ਨਿਰਗੁਣ ਬ੍ਰਹਮ ਦੇ ਸੰਕਲਪ ਦੀ ਥਾਂ ਤੇ ਸਗੁਣ ਬ੍ਰਹਮ ਦਾ ਸੰਕਲਪ ਪੇਸ਼ ਕੀਤਾ ਹੈ। ਪਰ ਦੋਹਾਂ ਨੇ ਹੀ ਬ੍ਰਹਮ ਨੂੰ ਸਤਿ, ਚਿਤ ਤੇ ਆਨੰਦ ਸਵੀਕਾਰਿਆ ਹੈ।

---

1. ਸ਼ੰਕਰ ਭਾਸ਼੍ਯ ਬ੍ਰਹਮ ਸੂਤ੍ਰ 3/2/22
2. (ੳ) ਉਹੀ 1/1/20
   (ਅ) ਛਾਂਦੋਗਯ ਉਪਨਿਸ਼ਦ 8/1/1
3. Deussen's System of Vedanta, p. 103
4. ਸ਼ੰਕਰ ਭਾਸ਼੍ਯ ਬ੍ਰਹਮ ਸੂਤ੍ਰ 2/1/11

ਯਤਿਪਤਿਮਤਦੀਪਕਾ[1] ਅਨੁਸਾਰ ਬ੍ਰਹਮ ਨੂੰ ਕਾਰਣ ਬ੍ਰਹਮ ਤੇ ਕਰਮ ਬ੍ਰਹਮ ਸਵੀਕਾਰਿਆ ਗਿਆ ਹੈ। ਸ੍ਰਿਸ਼ਟੀ ਦੀ ਸਿਰਜਨਾ ਸਮੇਂ, ਜਦੋਂ ਬ੍ਰਹਮ ਜੀਵਾਂ ਤੇ ਭੌਤਿਕ ਵਸਤੂਆਂ ਵਿਚ ਵਿਦਮਾਨ ਹੁੰਦਾ ਹੈ ਤਾਂ ਉਦੋਂ ਉਹ ਕਰਮ ਬ੍ਰਹਮ ਹੁੰਦਾ ਹੈ ਪਰ ਪਰਲੈ ਕਾਲ ਵਿਚ ਜਦੋਂ ਉਹ ਵਸਤੂਆਂ ਦੀ ਅਣਹੋਂਦ ਕਾਰਨ ਅਸਰੀਰੀ ਜੀਵਾਂ ਤੇ ਨਿਰਵਿਸ਼ਿਅਕ ਪ੍ਰਕਿਰਤੀ ਵਿਚ ਵਿਦਮਾਨ ਹੁੰਦਾ ਹੈ ਤਾਂ ਉਦੋਂ ਉਹ ਕਾਰਣ ਬ੍ਰਹਮ ਹੁੰਦਾ ਹੈ।

ਮਧਵਾਚਾਰੀਆ ਦਵੈਤਵਾਦੀ ਹੈ। ਦਵੈਤਵਾਦ ਦਾ ਜਨਮ ਅਦਵੈਤਵਾਦ ਦੇ ਪ੍ਰਤੀਕਰਮ ਵਿਚੋਂ ਹੋਇਆ। ਮਧਵ ਬ੍ਰਹਮ ਦੇ ਨਿਰਗੁਣ ਰੂਪ ਦੀ ਥਾਂ ਤੇ ਉਸ ਦੇ ਸਗੁਣ ਰੂਪ ਨੂੰ ਹੀ ਠੀਕ ਸਮਝਦਾ ਹੈ। ਸਗੁਣ ਬ੍ਰਹਮ ਅਨੇਕ ਗੁਣਾਂ ਦਾ ਮਾਲਕ ਹੈ, ਉਹ ਸ੍ਰਿਸ਼ਟੀ ਦੀ ਉਤਪਤੀ, ਪਾਲਣਾ,ਮੁਕਤੀ ਤੇ ਸੰਘਾਰ ਦੀ ਦ੍ਰਿਸ਼ਟੀ ਤੋਂ ਸਰਬਸ਼ਕਤੀਮਾਨ ਹੈ। ਮਧਵ ਨੇ ਬ੍ਰਹਮ ਨੂੰ ਵਿਸ਼ਨੂੰ ਦਾ ਰੂਪ ਦਿਤਾ ਹੈ। ਵਿਸ਼ਨੂੰ ਹੀ ਸੰਸਾਰ ਦਾ ਪੂਰਨ ਰੂਪ ਵਿਚ ਸ਼ਾਸਨ ਕਰਦਾ ਹੈ। ਉਹ ਹੀ ਸਿਰਜਨਹਾਰ ਤੇ ਨਾਸ਼ਕ ਹੈ। ਉਹ ਵਿਸ਼ਨੂੰ ਨੂੰ ਸਾਰੇ ਜੀਵਾਂ ਦਾ ਅੰਤਰਯਾਮੀ ਮੰਨਦਾ ਹੈ।[2]

ਮਧਵ ਅਨੁਸਾਰ ਲਕਸ਼ਮੀ ਪਰਮਾਤਮਾ ਦੀ ਸ਼ਕਤੀ ਹੈ। ਉਹ ਪਰਮਾਤਮਾ ਤੋਂ ਭਿੰਨ ਅਤੇ ਕੇਵਲ ਉਸ ਦੇ ਹੀ ਅਧੀਨ ਹੈ।[3]

ਮਧਵ ਈਸ਼ਵਰ ਨੂੰ ਉਪਾਦਾਨ ਕਾਰਨ ਨਾ ਮੰਨ ਕੇ ਕੇਵਲ ਕਾਰਨ ਹੀ ਮੰਨਦਾ ਹੈ। ਕਿਉਂਕਿ ਜਿਹੜਾ ਈਸ਼ਵਰ ਗਿਆਨ ਸਰੂਪ ਹੈ ਉਸ ਤੋਂ ਜੜ੍ਹ ਜਗਤ ਦੀ ਉਤਪਤੀ ਕਿਸ ਤਰ੍ਹਾਂ ਹੋ ਸਕਦੀ ਹੈ।[4]

ਮਧਵ ਨੇ ਈਸ਼ਵਰ, ਜੜ੍ਹ ਤੇ ਜਗਤ ਵਿਚਲੇ ਭਿੰਨ ਭਿੰਨ ਭੇਦਾਂ ਨੂੰ ਵਿਵਹਾਰਕ ਸੀਮਾ ਤੋਂ ਚੁਕ ਕੇ ਪਰਮਾਰਥਕ ਸੀਮਾ ਤੇ ਪਹੁੰਚਾਇਆ ਹੈ। ਉਸ ਅਨੁਸਾਰ ਇਹਨਾਂ ਵਿਚਲਾ ਭੇਦ ਬੜਾ ਹੀ ਸੁਭਾਵਿਕ ਹੈ।

ਨਿੰਮਬਾਰਕ ਦੇ ਮਤ ਨੂੰ ਦਵੈਤਾਦਵੈਤਵਾਦ ਕਿਹਾ ਜਾਂਦਾ ਹੈ। ਇਸ ਮਤ ਅਨੁਸਾਰ ਜੀਵ, ਜਗਤ ਤੇ ਬ੍ਰਹਮ ਵਿਚ ਦਵੈਤ ਵੀ ਹੈ ਅਤੇ ਅਦਵੈਤ ਵੀ। ਇਸੇ ਕਰਕੇ ਇਸ ਨੂੰ ਭੇਦਾਭੇਦਵਾਦ ਵੀ ਕਹਿੰਦੇ ਹਨ।

---

1. ਯਤਿਪਤਿਮਤਦੀਪਿਕਾ, ਪੰਨਾ 39
2. ਮਧਵ ਭਾਸ਼ਯ 1/2/13
3. ਮਧਵ ਸਿਧਾਂਤ ਸਾਰ, ਪੰਨਾ 26
4. Ghate – The Vedanta, p. 34

ਨਿੰਬਾਰਕ ਨੇ ਬ੍ਰਹਮ ਦੀ ਸਰਬਸ਼ਕਤੀਮਾਨਤਾ ਵਾਲੇ ਅਨੇਕ ਗੁਣਾਂ ਨੂੰ ਸਵੀਕਾਰ ਕੀਤਾ ਹੈ। ਉਸ ਅਨੁਸਾਰ ਸਰਬਸ਼ਕਤੀਮਾਨ ਹੋਣ ਕਰਕੇ ਈਸ਼ਵਰ ਆਪਣੀ ਇਛਾ ਅਨੁਸਾਰ ਸਮਸਤ ਸੰਸਾਰ ਦੀ ਸਿਰਜਨਾ ਕਰਦਾ ਹੈ। ਪਰਲੈ ਕਾਲ ਵਿਚ ਜੀਵ ਤੇ ਜਗਤ ਈਸ਼ਵਰ ਵਿਚ ਹੀ ਸਮਾ ਜਾਂਦੇ ਹਨ। ਪਰਲੈ ਤੋਂ ਬਾਦ ਤੇ ਸ੍ਰਿਸ਼ਟੀ ਦੇ ਪੁਨਰ ਨਿਰਮਾਣ ਦੇ ਵਿਚਕਾਰਲੇ ਸਮੇਂ ਵਿਚ ਜੀਵ ਤੇ ਜਗਤ ਈਸ਼ਵਰ ਵਿਚ ਹੀ ਸਥਿਤ ਰਹਿੰਦੇ ਹਨ।[1]

ਨਿੰਬਾਰਕ ਨੇ ਨਿਰਗੁਣ ਬ੍ਰਹਮ ਦੀ ਥਾਂ ਤੇ ਸਗੁਣ ਬ੍ਰਹਮ ਦੀ ਸੱਤਾ ਨੂੰ ਸਵੀਕਾਰਿਆ ਹੈ। ਉਸ ਅਨੁਸਾਰ ਸਗੁਣ ਬ੍ਰਹਮ ਸਾਰੇ ਦੋਸ਼ਾਂ ਤੋਂ ਰਹਿਤ ਅਤੇ ਕਲਿਆਣਮਈ ਗੁਣਾਂ ਨਾਲ ਭਰਪੂਰ ਹੈ।[2]

ਸ਼ੰਕਰ ਅਨੁਸਾਰ ਬ੍ਰਹਮ ਆਪਣੀ ਮਾਇਆ ਸ਼ਕਤੀ ਕਾਰਨ ਜਗਤ ਦਾ ਉਪਾਦਾਨ ਕਾਰਣ ਹੈ ਜਦੋਂ ਕਿ ਨਿੰਬਾਰਕ ਅਨੁਸਾਰ ਈਸ਼ਵਰ ਚਿਤ ਤੇ ਅਚਿਤ ਸ਼ਕਤੀ ਦੇ ਰਾਹੀਂ ਜਗਤ ਦਾ ਉਪਾਦਾਨ ਕਾਰਣ ਹੈ। ਇਸ ਤਰ੍ਹਾਂ ਇਨ੍ਹਾਂ ਦੋਹਾਂ ਵਿਚ ਕਾਰਣ-ਕਾਰਜ ਸਿਧਾਂਤ ਸੰਬੰਧੀ ਫਰਕ ਹੈ।

ਵਲਭਾਚਾਰੀਆ ਦੇ ਮਤ ਨੂੰ ਸ਼ੁਧਾਦਵੈਤਵਾਦ ਕਹਿੰਦੇ ਹਨ। ਵਲਭ ਨੇ ਆਤਮਾ ਤੇ ਪਰਮਾਤਮਾ ਦੀ ਸ਼ੁਧ ਅਦਵੈਤਤਾ ਉਤੇ ਜ਼ੋਰ ਦਿਤਾ ਹੈ। ਸ਼ੰਕਰ ਅਨੁਸਾਰ ਮਾਇਆ ਦਾ ਬ੍ਰਹਮ ਨਾਲ ਲਗਾਉ ਹੁੰਦਾ ਹੈ ਪਰ ਵਲਭ ਬ੍ਰਹਮ ਨੂੰ ਮਾਇਆ ਦੇ ਸੰਬੰਧ ਤੋਂ ਮੁਕਤ ਮੰਨਦੇ ਹਨ। ਇਸੇ ਕਰਕੇ ਇਸ ਮਤ ਨੂੰ ਸ਼ੁਧਾਦਵੈਤਵਾਦ ਕਿਹਾ ਜਾਂਦਾ ਹੈ।

ਵਲਭ ਅਨੁਸਾਰ ਬ੍ਰਹਮ ਨਿਰਗੁਣ ਤੇ ਸਗੁਣ ਦੋਵੇਂ ਹੀ ਹੈ। ਸ਼ੁਧਾਦਵੈਤ ਤੱਤ ਹੋਣ ਕਾਰਣ ਬ੍ਰਹਮ ਨਿਰਗੁਣ ਹੈ ਅਤੇ ਅਨੰਤ ਗੁਣਾਂ ਨਾਲ ਯੁਕਤ ਹੋਣ ਕਰਕੇ ਬ੍ਰਹਮ ਸਗੁਣ ਹੈ। ਉਸ ਅਨੁਸਾਰ ਬ੍ਰਹਮ ਸੰਪੂਰਨ ਜਗਤ ਦਾ ਆਧਾਰ, ਸਾਰੇ ਪਦਾਰਥਾਂ ਤੋਂ ਬੇਲਾਗ, ਮਾਇਆ ਨੂੰ ਆਪਣੇ ਅਧੀਨ ਰਖਣ ਵਾਲਾ, ਆਪਣੀ ਬਣਾਈ ਸ੍ਰਿਸ਼ਟੀ ਵਿਚ ਮਗਨ ਰਹਿਣ ਵਾਲਾ ਸਰਬ ਸ਼ਕਤੀਮਾਨ ਹੈ। ਇਸ ਮੱਤ ਅਨੁਸਾਰ ਸ੍ਰੀ ਕ੍ਰਿਸ਼ਨ ਨੂੰ ਪੂਰਨ ਪਾਰਬ੍ਰਹਮ ਮੰਨਿਆ ਗਿਆ ਹੈ।

ਬ੍ਰਹਮ ਦੇ ਨਿਰਗੁਣ ਤੇ ਸਗੁਣ ਰੂਪ ਦੇ ਵਿਰੋਧ ਦੀ ਸਮਾਨਤਾ ਪ੍ਰਗਟਾਉਂਦੇ ਹੋਏ ਵਲਭ ਲਿਖਦੇ ਹਨ ਕਿ ਜਿਸ ਤਰ੍ਹਾਂ ਸੱਪ ਕੁੰਡਲ ਆਦਿ ਅਨੇਕ ਰੂਪਾਂ ਨੂੰ ਗ੍ਰਹਿਣ ਕਰਕੇ ਕੁੰਡਲ ਆਦਿਕ ਅਨੇਕ ਰੂਪਾਂ ਵਿਚ ਦਿਖਾਈ ਦੇਂਦਾ ਹੈ ਪਰ ਸੱਪ ਤੇ ਉਸ ਦੇ ਕੁੰਡਲਾਂ ਵਿਚ ਅਭੇਦਤਾ ਹੁੰਦੀ ਹੈ।

---

1. ਨਿੰਬਾਰਕ ਭਾਸ਼ਯ, ਬ੍ਰਹਮ ਸੂਤ੍ਰ 1/1/16
2. ਨਿੰਬਾਰਕ ਦਸ਼ਸ਼ਲੋਕੀ 4.

ਇਸ ਤਰ੍ਹਾਂ ਬ੍ਰਹਮ ਦਾ ਸਰੂਪ ਵੀ ਭਗਤ ਦੀ ਇਛਾ ਅਨੁਸਾਰ ਅਨੇਕ ਪ੍ਰਕਾਰ ਨਾਲ ਪ੍ਰਗਟ ਹੁੰਦਾ ਹੈ।[1]

ਗੁਰੂ ਨਾਨਕ ਦੇਵ ਨੇ ਇਕ ਅਧਿਆਤਮਕ ਆਗੂ ਹੋਣ ਦੇ ਨਾਤੇ ਬ੍ਰਹਮ ਦੇ ਸਰੂਪ ਦਾ ਵਿਸ਼ੇਸ਼ ਤੌਰ ਤੇ ਪ੍ਰਗਟਾ ਕੀਤਾ ਹੈ। ਉਹਨਾਂ ਦਾ ਬ੍ਰਹਮ ਸੰਕਲਪ ਨਿਰਗੁਣਵਾਦੀ ਹੀ ਹੈ। ਉਹਨਾਂ ਨੇ ਮੂਲ ਮੰਤਰ ਵਿਚ ਬ੍ਰਹਮ ਦੇ ਸਰੂਪ ਦਾ ਇਸ ਤਰ੍ਹਾਂ ਪ੍ਰਗਟਾ ਕੀਤਾ ਹੈ:-

> ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ
> ਅਜੂਨੀ ਸੈਭੰ ਗੁਰਪਰਸਾਦਿ ॥2

ਭਾਵ ਇਹ ਕਿ ਉਹ ਇਕ ਹੈ, ਉਹ ਓਅੰਕਾਰ ਸਰੂਪ ਹੈ, ਉਹ ਸਤਿਨਾਮੁ ਵਾਲਾ ਹੈ ਅਰਥਾਤ ਉਸ ਦੀ ਹਸਤੀ ਦਾ ਵਾਚਕ ਕੇਵਲ ਨਾਮ ਹੀ ਹੈ, ਜਿਹੜਾ ਕਿ ਸੱਚ ਹੈ, ਬਾਕੀ ਜਿਤਨੇ ਨਾਮ ਹਨ, ਉਹ ਉਸ ਦੇ ਗੁਣਾਂ ਦੇ ਵਾਚਕ ਹਨ। ਉਸ ਦੇ ਪ੍ਰਮੁੱਖ ਗੁਣ ਇਹ ਹਨ:-

> "ਉਹ ਕਰਤਾਰ ਹੈ, ਸ੍ਰਿਸ਼ਟੀ ਦੀ ਉਤਪਤੀ ਕਰਕੇ ਉਸ ਦੇ ਵਿਚ ਨਿਵਾਸ ਕਰਨ ਵਾਲਾ ਹੈ। ਮਹਾਨ ਪੁਰਖ ਅਤੇ ਮਹਾਨ ਸ਼ਕਤੀ ਦਾ ਮਾਲਕ ਹੈ, ਉਹ ਸਾਰੀਆਂ ਸ਼ਕਤੀਆਂ ਦਾ ਮਾਲਕ ਹੈ।" ਬ੍ਰਹਮ ਦੇ ਨਿਸ਼ੇਧਾਤਮਕ ਗੁਣ ਇਹ ਹਨ, "ਉਹ ਭੈ ਰਹਿਤ ਹੈ, ਵੈਰ ਰਹਿਤ ਹੈ, ਕਾਲ ਤੋਂ ਰਹਿਤ ਹੈ, ਜੂਨਾਂ ਵਿਚ ਨਹੀਂ ਪੈਂਦਾ, ਤ੍ਰਿਪੁਟੀ ਤੋਂ ਪਰੇ ਹੈ।" "ਇਸ ਪ੍ਰਕਾਰ ਪ੍ਰਮੁੱਖ ਗੁਣਾਂ ਤੋਂ ਸ਼ੁਰੂ ਹੋ ਕੇ ਪ੍ਰਮੁੱਖ ਗੁਣਾਂ ਵਿਚ ਹੀ ਅੰਤ ਕਰਦੇ ਹਨ " ਉਹ ਸਵੈਭੂ ਹੈ। ਉਹ ਪ੍ਰਾਪਤ ਹੋਣ ਵਾਲਾ ਹੈ ਅਤੇ ਉਸ ਦੀ ਪ੍ਰਾਪਤੀ ਗੁਰੂ ਕਿਰਪਾ ਦੁਆਰਾ ਹੀ ਹੁੰਦੀ ਹੈ।[3]

ਗੁਰੂ ਨਾਨਕ ਬਾਣੀ ਵਿਚਲਾ ਬ੍ਰਹਮ ਦਾ ਸਰੂਪ ਨਿਰਗੁਣ ਹੈ। ਨਿਰਗੁਣ ਬ੍ਰਹਮ ਦਾ, ਬਾਣੀ ਤੋਂ ਪਰੇ ਹੋਣ ਕਰਕੇ, ਪੂਰਨ ਰੂਪ ਵਿਚ ਪ੍ਰਗਟਾ ਨਹੀਂ ਕੀਤਾ ਜਾ ਸਕਦਾ। ਗੁਰੂ ਨਾਨਕ

---

1. ਅਨੁਭਾਸ਼ਯ, ਬ੍ਰਹਮ ਸੂਤ੍ਰ 3/2/27
2. ਆਦਿ ਗ੍ਰੰਥ, ਪੰਨਾ 1
3. ਮੋਹਨ ਸਿੰਘ, ਪੰਜਾਬੀ ਭਾਸ਼ਾ ਵਿਗਿਆਨ ਅਤੇ ਗੁਰਮਤਿ ਗਿਆਨ, ਪੰਨੇ 21-23

ਬਾਣੀ ਵਿਚ ਪਰਮਾਤਮਾ ਨੂੰ ਅਵਿਅਕਤ ਹੀ ਮੰਨਿਆ ਗਿਆ ਹੈ।[1] ਪਰਮਾਤਮਾ ਸੰਬੰਧੀ ਪੂਰਨ ਰੂਪ ਵਿਚ ਉਹੋ ਹੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ ਜਿਹੜਾ ਕਿ ਪਰਮਾਤਮਾ ਜਿਤਨਾ ਹੀ ਵੱਡਾ ਹੋਵੇ।[2] ਪਰ, ਪਰਮਾਤਮਾ ਕਿਉਂਕਿ ਇਕ ਹੀ ਹੈ ਇਸ ਲਈ ਉਸ ਸੰਬੰਧੀ ਸੰਪੂਰਨ ਜਾਣਕਾਰੀ ਅਸੰਭਵ ਹੀ ਹੈ।

ਗੁਰੂ ਸਾਹਿਬ ਨੇ ਨਿਰਗੁਣ ਪਰਮਾਤਮਾ ਦੇ ਪ੍ਰਗਟਾ ਲਈ ਨਿਰਗੁਣਤਾ ਵਾਚਕ ਵਿਸ਼ੇਸ਼ਣਾਂ ਦਾ ਪ੍ਰਯੋਗ ਕੀਤਾ ਹੈ। ਜਿਹਨਾਂ ਦਾ ਕਿ ਅਸੀਂ ਹੇਠਾਂ ਵਰਣਨ ਕਰਦੇ ਹਾਂ। ਉਂਜ ਅਜਿਹਾ ਪ੍ਰਗਟਾ ਸੰਖਿਪਤ ਰੂਪ ਵਿਚ ਮੂਲ ਮੰਤਰ ਵਿਚ ਹੀ ਪੇਸ਼ ਹੋਇਆ ਹੈ।

ਪਰਮਾਤਮਾ ਲਈ ਨਿਰਭਉ ਵਿਸ਼ੇਸ਼ਣ ਵਰਤਿਆ ਗਿਆ ਹੈ। ਨਿਰਭਉ ਦਾ ਅਰਥ ਡਰ ਤੋਂ ਰਹਿਤ ਹੈ। ਸਾਰੇ ਸੰਸਾਰ ਵਿਚ ਵਿਚਰਦੇ ਜੀਵਾਂ ਨੂੰ ਆਪਣੇ ਤੋਂ ਸ਼ਕਤੀਸ਼ਾਲੀ ਹਸਤੀ ਜਾਂ ਜੀਵ ਦਾ ਡਰ ਹੁੰਦਾ ਹੈ। ਪਰ ਪਰਮਾਤਮਾ ਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਵਰਗਾ ਨਾ ਕੋਈ ਹੈ ਤੇ ਨਾ ਕੋਈ ਹੋਇਆ ਹੈ।[3] ਇਕ ਪਰਮਾਤਮਾ ਦੀ ਸ਼ਕਤੀ ਸਰਵੋਤਮ ਹੈ ਜਿਸ ਲਈ ਉਸ ਨੂੰ ਕਿਸੇ ਪ੍ਰਕਾਰ ਦਾ ਕੋਈ ਡਰ ਨਹੀਂ ਹੈ।[4] ਕੇਵਲ ਪਰਮਾਤਮਾ ਕਿਸੇ ਸ਼ਕਤੀ ਦੇ ਡਰ ਤੋਂ ਹੀ ਮੁਕਤ ਨਹੀਂ ਸਗੋਂ ਉਸ ਦੇ ਭੈ ਵਿਚ ਸਾਰੀ ਸ੍ਰਿਸ਼ਟੀ ਦਾ ਕਾਰ ਵਿਹਾਰ ਚਲ ਰਿਹਾ ਹੈ। ਉਸ ਦੇ ਭੈ ਵਿਚ ਹੀ ਪਵਨ ਚਲਦੀ ਹੈ, ਨਦੀਆਂ ਚਲਦੀਆਂ ਹਨ, ਅਗਨੀ ਬਿਨਾਂ ਕਿਸੇ ਫੈਲ ਦੇ ਆਪਣੀ ਕਾਰ ਕਰਦੀ ਹੈ, ਧਰਤੀ ਭਾਰ ਨਾਲ ਦਬੀ ਪਈ ਹੈ, ਇੰਦਰ ਆਪਣੇ ਸਿਰ ਤੇ ਬਰਸਾਤ ਦਾ ਭਾਰ ਚੁਕਦਾ ਹੈ, ਧਰਮਰਾਜ ਆਪਣਾ ਕੰਮ ਕਰਦਾ ਹੈ, ਸੂਰਜ ਤੇ ਚੰਦਰਮਾ ਕਰੋੜਾਂ ਮੀਲ ਨਿਰੰਤਰ ਚਲਦੇ ਹਨ ਅਤੇ ਬੁਧ, ਸੁਰ ਤੇ ਨਾਥ ਇਤਿਆਦਿਕ ਕੰਮ ਵਿਚ ਰੁਝੇ ਪਏ ਹਨ। ਉਸ ਦੇ ਭੈ ਵਿਚ

1. (ੳ) ਹੁਕਮੁ ਨ ਕਹਿਆ ਜਾਈ।

(ਜਪੁ, ਆਦਿ ਗ੍ਰੰਥ, ਪੰਨਾ 1)

(ਅ) ਤਾ ਕੀਆ ਗਲਾ ਕਥੀਆ ਨ ਜਾਹਿ।

ਜੇ ਕੋ ਕਹੈ ਪਿਛੈ ਪਛੁਤਾਇ।

(ਜਪੁ, ਆਦਿ ਗ੍ਰੰਥ, ਪੰਨਾ 8)

2. ਏਵਡੁ ਊਚਾ ਹੋਵੈ ਕੋਇ।

(ਜਪੁ, ਆਦਿ ਗ੍ਰੰਥ, ਪੰਨਾ 5)

3. ਗੁਣ ਏਹੋ ਹੋਰੁ ਨਾਹੀ ਕੋਇ।
ਨਾ ਕੋ ਹੋਆ ਨਾ ਕੋ ਹੋਇ।

(ਆਸਾ ਰਾਗੁ, ਆਦਿ ਗ੍ਰੰਥ, ਪੰਨਾ 349)

4. ਏਕੋ ਰਉ ਨਾਹੀ ਭਉ ਕੋਇ।

ਕਰਤਾ ਕਰੇ ਕਰਾਵੈ ਸੋਇ।

(ਬਿਲਾਵਲ ਰਾਗੁ, ਆਦਿ ਗ੍ਰੰਥ, ਪੰਨਾ 796)

ਹੀ ਅਨੇਕਾਂ ਜੰਮਦੇ ਤੇ ਮਰਦੇ ਹਨ।[1] ਗੁਰੂ ਸਾਹਿਬ ਦਾ ਵਿਚਾਰ ਹੈ ਕਿ ਅਜਿਹਾ ਨਿਰਭਉ ਪਰਮਾਤਮਾ ਇਕ ਹੀ ਹੈ ਜਿਹੜਾ ਸੱਚ ਹੈ।[2] ਗੁਰੂ ਸਾਹਿਬ ਨੇ ਜਿਥੇ ਪਰਮਾਤਮਾ ਨੂੰ ਨਿਰਭਉ ਦਸਿਆ ਹੈ ਉਥੇ ਨਾਲ ਹੀ ਨਿਰਭਉ ਪਰਮਾਤਮਾ ਦੇ ਲੱਛਣਾਂ ਦਾ ਵੀ ਬਿਆਨ ਕੀਤਾ ਹੈ। ਗੁਰੂ ਸਾਹਿਬ ਦਸਦੇ ਹਨ ਕਿ ਅਜਿਹਾ ਪਰਮਾਤਮਾ ਕਿਸੇ ਹਿਸਾਬ ਵਿਚ ਨਹੀਂ ਆਉਂਦਾ, ਉਸ ਦੇ ਕੰਮਾਂ ਦਾ ਲੇਖਾ ਨਹੀਂ ਲਿਖਿਆ ਜਾਂਦਾ, ਉਹ ਅਜੂਨੀ, ਅਤੀਤ ਤੇ ਸੈਭੰ ਹੈ ਪਰ ਨਾਲ ਹੀ ਉਹ ਆਪਣੀ ਬਣਾਈ ਕੁਦਰਤ ਦੇ ਸਾਰੇ ਕਾਰਜਾਂ ਨੂੰ ਦੇਖ ਰਿਹਾ ਹੈ।[3] ਗੁਰੂ ਸਾਹਿਬ ਦਸਦੇ ਹਨ ਕਿ ਜਿਹੜੇ ਵਿਅਕਤੀ ਉਸ ਪਰਮਾਤਮਾ ਦੇ ਭਉ ਵਿਚ ਰਹਿੰਦੇ ਹਨ ਉਹ ਨਿਰਭਉ ਪਦ ਨੂੰ ਪ੍ਰਾਪਤ ਕਰ ਲੈਂਦੇ ਹਨ।[4] ਫਿਰ ਆਪ ਦਸਦੇ ਹਨ ਕਿ ਜਿਹਨਾਂ ਦੇ ਮਨ ਵਿਚ ਉਸ ਪਰਮਾਤਮਾ ਪ੍ਰਤੀ ਭਉ ਹੁੰਦਾ ਹੈ ਉਹਨਾਂ ਵਿਚ ਨਿਮਰਤਾ ਦੇ ਗੁਣਾਂ ਦਾ ਸੰਚਾਰ ਹੋਣ ਉਪਰੰਤ ਪਰਮਾਤਮਾ ਪ੍ਰਤੀ ਪਿਆਰ ਦੀ ਭਾਵਨਾ ਪੈਦਾ ਹੋ ਜਾਂਦੀ ਹੈ।[5] ਮਨਮੁਖ ਲੋਕਾਂ ਨੂੰ ਪਰਮਾਤਮਾ ਦੀ ਨਿਰਭਉ

---

1. ਭੈ ਵਿਚ ਪਵਣੁ ਵਹੈ ਸਦ ਵਾਉ।

   .. .. ..

   ਭੈ ਵਿਚ ਆਵਹਿ ਜਾਵਹਿ ਪੂਰ।

   (ਆਸਾ ਰਾਗੁ, ਵਾਰ, ਪੰਨਾ 464)

2. ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ।

   (ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 464)

3. ਨਿਰਭਉ ਸੋ ਸਿਰਿ ਨਾਹੀ ਲੇਖਾ। ਆਪਿ ਅਲੇਖੁ ਕੁਦਰਤਿ ਹੈ ਦੇਖਾ।

   ਆਪਿ ਅਤੀਤੁ ਅਜੋਨੀ ਸੰਭਉ ਨਾਨਕ ਗੁਰਮਤਿ ਸੋ ਪਾਇਆ।

   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1042)

4. ਭੈ ਰਚਿ ਰਹੈ ਸੁ ਨਿਰਭਉ ਹੋਇ।

   (ਗਉੜੀ ਰਾਗੁ, ਆਦਿ ਗ੍ਰੰਥ, ਪੰਨਾ 223)

5. ਨਾਨਕ ਜਿਨ ਮਨਿ ਭਉ ਤਿਨਾ ਮਨਿ ਭਾਉ।

   (ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 465)

ਸ਼ਖਸੀਅਤ ਦਾ ਗਿਆਨ ਨਹੀਂ ਹੁੰਦਾ ਜਿਸ ਕਰਕੇ ਉਹ ਦੁਸ਼-ਬਿਰਤੀਆਂ ਦੀਆਂ ਤ੍ਰਿਸ਼ਨਾਵਾਂ ਵਿਚ ਜਲਦੇ ਹੋਏ ਪੁਕਾਰਾਂ ਕਰਦੇ ਫਿਰਦੇ ਹਨ।[1]

ਗੁਰੂ ਨਾਨਕ ਦੇਵ ਅਨੁਸਾਰ ਸਰਬ ਸ਼ਕਤੀਮਾਨ ਅਤੇ ਸਰਬ-ਉਤਪਤੀ ਵਾਲੇ ਪਰਮਾਤਮਾ ਦੀ ਜੋਤ ਸਾਰੀ ਸ੍ਰਿਸ਼ਟੀ ਵਿਚ ਸਮਾਈ ਹੋਈ ਹੈ। ਉਹ ਪਰਮਾਤਮਾ ਨਿਰਵੈਰ ਵੀ ਹੈ।[2] ਵੈਰ ਦੀ ਅਵਸਥਾ ਤਾਂ ਬਰਾਬਰੀ ਦੀ ਹਾਲਤ ਵਿਚ ਪੈਦਾ ਹੁੰਦੀ ਹੈ ਪਰ ਪਰਮਾਤਮਾ ਤਾਂ ਲਾਸਾਨੀ, ਸ੍ਰਿਸ਼ਟਾ, ਪਾਲਕ ਤੇ ਸੰਘਾਰਕ ਹੋਣ ਦੇ ਨਾਲ ਨਾਲ ਜੀਵਾਂ ਨੂੰ ਉਹਨਾਂ ਦੁਆਰਾ ਕੀਤੇ ਕਰਮਾਂ ਅਨੁਸਾਰ ਹੀ ਦੁਖ ਸੁਖ ਦੇਂਦਾ ਹੈ। ਇਸ ਲਈ ਉਸ ਦਾ ਵੈਰ ਯੁਕਤ ਹੋਣਾ ਅਸੰਭਵ ਹੈ। ਉਹ ਤਾਂ ਕਰਮ-ਫਲ-ਦਾਤਾ ਹੀ ਹੈ। ਉਹ ਤਾਂ ਜੁਗਾਂ ਜੁਗਾਂਤਰਾਂ ਤੋਂ ਸ੍ਰਿਸ਼ਟੀ ਦੀ ਸਿਰਜਨਾ ਕਰ ਰਿਹਾ ਹੈ। ਇਸ ਕਰਕੇ ਉਸ ਦਾ ਕਿਸੇ ਨਾਲ ਵੈਰ ਨਹੀਂ ਹੋ ਸਕਦਾ। ਪਰਮਾਤਮਾ ਤਾਂ ਜਨਮ ਮਰਨ ਦੇ ਧੰਦਿਆਂ ਤੋਂ ਮੁਕਤ ਹੈ।[3] ਆਪ ਅਨੁਸਾਰ ਤਾਂ ਮਿਹਰਬਾਨ ਤੇ ਦਯਾਵਾਨ ਪਰਮਾਤਮਾ ਦਾ ਕਿਸੇ ਨਾਲ ਵੈਰ ਨਹੀਂ।[4]

ਗੁਰੂ ਨਾਨਕ ਦੇਵ ਪਰਮਾਤਮਾ ਲਈ ਨਿਰਗੁਣਵਾਦੀ ਅਕਾਲ ਵਿਸ਼ੇਸ਼ਣ ਵਰਤਦੇ ਹਨ। ਸੰਸਾਰਕ ਜੀਵ ਜਨਮਦੇ ਹਨ ਇਸ ਕਰਕੇ ਉਹਨਾਂ ਦੀ ਮੌਤ ਨੂੰ ਪ੍ਰਾਪਤ ਕਰਨਾ ਅਤਿ ਜ਼ਰੂਰੀ ਹੈ। ਸੰਸਾਰਕ ਵਸਤੂਆਂ ਤੇ ਜੀਵ ਸਮੇਂ ਦੇ ਬਦਲਣ ਨਾਲ ਬਦਲਦੇ, ਟੁਟਦੇ ਤੇ ਭਜਦੇ ਹਨ।[5] ਪਰ ਗੁਰੂ ਨਾਨਕ ਦੇਵ ਦੁਆਰਾ ਪ੍ਰਗਟਾਇਆ ਗਿਆ ਸ੍ਰਿਸ਼ਟੀ ਦਾ ਸਿਰਜਣਹਾਰ ਬ੍ਰਹਮ ਅਜੂਨੀ ਸੈਭੰ ਅਤੇ

---

1. ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ।
   (ਮਲਾਰ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 1288)
2. ਨਿਰਭਉ ਨਿਰੰਕਾਰੁ, ਨਿਰਵੈਰੁ ਪੂਰਨ ਜੋਤਿ ਸਮਾਈ।
   (ਸੋਰਠਿ ਰਾਗੁ, ਆਦਿ ਗ੍ਰੰਥ, ਪੰਨਾ 596)
3. ਜੁਗਿ ਜੁਗਿ ਥਾਪਿ ਸਦਾ ਨਿਰਵੈਰੁ।
   ਜਨਮਿ ਮਰਣਿ ਨਹੀਂ ਧੰਧਾ ਧੈਰੁ।
   (ਰਾਮਕਲੀ ਰਾਗੁ, ਦਖਣੀ ਓਅੰਕਾਰ, ਆਦਿ ਗ੍ਰੰਥ, ਪੰਨਾ 931)
4. ਆਪੇ ਮਿਹਰ ਦਇਆ ਪਤਿ ਦਾਤਾ, ਨਾ ਕਿਸੈ ਕੋ ਬੈਰਾਈ ਹੇ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1022)
5. ਜੋ ਉਪਜੈ ਸੋ ਕਾਲ ਸੰਘਾਰਿਆ।
   (ਗਉੜੀ ਰਾਗੁ, ਆਦਿ ਗ੍ਰੰਥ, ਪੰਨਾ 227)

ਸਤਿ ਹੈ, ਇਸ ਲਈ ਉਹ ਕਾਲ ਤੇ ਬੰਧਨ ਤੋਂ ਉਚਾ ਹੈ।[1] ਬ੍ਰਹਮ ਕੇਵਲ ਕਾਲ ਦੀ ਪਕੜ ਵਿਚ ਹੀ ਨਹੀਂ ਆਉਂਦਾ ਸਗੋਂ ਉਸ ਨੇ ਤਾਂ ਕਾਲ ਤੇ ਬਿਕਾਲ ਨੂੰ ਇਕ ਵਾਰੀ ਵਿਚ ਹੀ ਗ੍ਰਸ ਲਿਆ ਹੈ।[2] ਆਪ ਦਸਦੇ ਹਨ ਕਿ ਜਿਥੇ ਪਰਮਾਤਮਾ ਅਲਖ ਅਪਾਰ ਤੇ ਅਪਹੁੰਚ ਹੈ ਉਥੇ ਕਾਲ ਤੇ ਕਰਮ ਦੇ ਬੰਧਨਾਂ ਤੋਂ ਵੀ ਸੁਤੰਤਰ ਹੈ।[3]

ਗੁਰੂ ਨਾਨਕ ਦੇਵ ਨੇ ਬ੍ਰਹਮ ਲਈ ਨਿਰਗੁਣ ਵਾਚੀ ਅਜੂਨੀ ਸ਼ਬਦ ਵੀ ਵਰਤਿਆ ਹੈ। ਆਪ ਇਹ ਕਹਿਣਾ ਚਾਹੁੰਦੇ ਹਨ ਕਿ ਪਰਮਾਤਮਾ ਅਜਨਮਾ ਹੈ ਉਹ ਜਨਮ ਧਾਰਨ ਕਰਨ ਦੇ ਚੱਕਰ ਵਿਚ ਨਹੀਂ ਆਉਂਦਾ, ਉਸ ਦਾ ਮਾਤਾ ਪਿਤਾ ਵੀ ਕੋਈ ਨਹੀਂ।[4] ਪਰਮਾਤਮਾ ਜਨਮ ਮਰਨ ਦੇ ਚਕਰ ਤੋਂ ਮੁਕਤ ਹੈ।[5] ਪਰਮਾਤਮਾ ਦੇ ਮਾਤਾ ਪਿਤਾ ਅਤੇ ਰੂਪ ਰੇਖਾ ਰਹਿਤ ਹੋਣ ਸੰਬੰਧੀ ਇਕ ਥਾਂ ਤੇ ਆਪ ਬ੍ਰਹਮ ਨੂੰ ਸੰਬੋਧਨ ਕਰਦੇ ਹਨ, ਕਿ ਉਸਦੀ ਮਾਤਾ ਪਿਤਾ ਨਹੀਂ ਹੈ, ਉਸਨੂੰ ਕਿਸੇ ਨੇ ਪੈਦਾ ਨਹੀਂ ਕੀਤਾ ਹੈ। ਉਸਦਾ ਰੂਪ ਤੇ ਰੇਖਾ ਨਹੀਂ ਤੇ ਉਹ ਕਿਸੇ ਵੀ ਵਰਣ ਵਿਚ ਨਹੀਂ ਹੈ, ਉਸਨੂੰ ਭੁਖ ਤੇ ਪਿਆਸ ਨਹੀਂ ਲਗਦੀ ਸਗੋਂ ਉਹ ਹਮੇਸ਼ਾਂ ਹੀ ਰਜਿਆ ਰਹਿੰਦਾ ਹੈ।[6] ਫਿਰ ਆਪ

---

1. ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ। ਤੂ ਪੁਰਖੁ ਅਲੇਖ ਅਗੰਮ ਨਿਰਾਲਾ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1038)
2. ਕਾਲ ਬਿਕਾਲ ਕੀਏ ਇਕ ਗ੍ਰਾਸਾ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1038)
3. ਅਲਖ ਅਪਾਰ ਅਗੰਮ ਅਗੋਚਰ ਨਾ ਤਿਸ ਕਾਲ ਨਾ ਕਰਮਾ।
   (ਸੋਰਠਿ ਰਾਗੁ, ਆਦਿ ਗ੍ਰੰਥ, ਪੰਨਾ 597)
4. ਨਾ ਤਿਸੁ ਮਾਤ ਪਿਤਾ ਸੁਤ ਬੰਧਪ।
   (ਸੋਰਠਿ ਰਾਗੁ, ਆਦਿ ਗ੍ਰੰਥ, ਪੰਨਾ 597)
5. ਜਨਮਿ ਮਰਣਿ ਨਹੀ ਧੰਧਾ ਧੇਰੁ।
   (ਰਾਮਕਲੀ ਰਾਗੁ, ਦਖਣੀ ਓਅੰਕਾਰ, ਆਦਿ ਗ੍ਰੰਥ, ਪੰਨਾ 931)
6. ਨਾ ਤਿਸੁ ਬਾਪ ਨਾ ਮਾਇ ਕਿਨਿ ਤੂੰ ਜਾਇਆ।
   ਨਾ ਤਿਸੁ ਰੂਪ ਨਾ ਰੇਖ ਵਰਣ ਸਬਾਇਆ।
   ਨਾ ਤਿਸੁ ਭੁਖ ਪਿਆਸ ਰਜਾ ਧਾਇਆ।
   (ਮਲਾਰ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 1280)

ਕਹਿੰਦੇ ਹਨ ਕਿ ਜਗਤ ਉਸ ਦਾ ਪਰਛਾਵਾਂ ਹੈ ਜਿਸ ਦਾ ਕੋਈ ਬਾਪ, ਮਾਂ, ਭੈਣ ਤੇ ਭਰਾ ਨਹੀਂ, ਨਾ ਉਸ ਦੀ ਉਤਪਤੀ ਤੇ ਨਾਸ਼ ਹੁੰਦਾ ਹੈ, ਉਸ ਦੀ ਕੁਲ ਤੇ ਜਾਤੀ ਵੀ ਕੋਈ ਨਹੀਂ, ਅਜਿਹੇ ਪਰਮਾਤਮਾ ਨਾਲ ਮੇਰਾ ਮਨ ਲਗ ਗਿਆ ਹੈ।[1] ਗੁਰੂ ਨਾਨਕ ਦੇਵ ਨੇ ਕਈ ਹੋਰ ਥਾਵਾਂ ਤੇ ਪਰਮਾਤਮਾ ਲਈ ਅਜੋਨੀ ਸ਼ਬਦ ਦਾ ਪ੍ਰਯੋਗ ਕੀਤਾ ਹੈ।[2]

ਗੁਰੂ ਨਾਨਕ ਦੇਵ ਦਾ ਵਿਚਾਰ ਹੈ ਕਿ ਸਰਬਸ਼ਕਤੀਮਾਨ, ਸਰਬ ਸ੍ਰਿਸ਼ਟਾ, ਅਜੂਨੀ ਸੈਭੰ ਅਤੇ ਅਕਾਲ ਪਰਮਾਤਮਾ ਦੀ ਬਣਾਈ ਹੋਈ ਸ੍ਰਿਸ਼ਟੀ ਅਤੇ ਉਸ ਦੇ ਗੁਣ ਵੀ ਅਨੰਤ ਹਨ। ਭਾਵ ਇਹ ਕਿ ਅਜਿਹੇ ਪਰਮਾਤਮਾ ਦੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ। 'ਜਪੁ' ਬਾਣੀ ਵਿਚ ਆਪ ਨੇ ਪਰਮਾਤਮਾ ਦੀ ਅਨੰਤਤਾ ਦੀ ਬਹੁਤ ਚਰਚਾ ਕੀਤੀ ਹੈ, ਪਰਮਾਤਮਾ ਦੀਆਂ ਸਿਫਤਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ, ਪਰਮਾਤਮਾ ਦੀਆਂ ਬਣਾਈਆਂ ਚੀਜ਼ਾਂ ਤੇ ਦਾਤਾਂ ਬੇਅੰਤ ਹਨ, ਪਰਮਾਤਮਾ ਨੂੰ ਵੇਖਣ ਸੁਣਨ ਵਾਲੇ ਬੇਅੰਤ ਹਨ। ਸ੍ਰਿਸ਼ਟੀ ਦੇ ਆਕਾਰ ਵੀ ਬੇਅੰਤ ਹਨ। ਪਰਮਾਤਮਾ ਦੀ ਬਣਾਈ ਸ੍ਰਿਸ਼ਟੀ ਦੀ ਮਹਾਨਤਾ ਦਾ ਅੰਤ ਪਾਉਣ ਲਈ ਕਿਤਨੇ ਹੀ ਵਿਰਲਾਪ ਕਰਦੇ ਰਹੇ ਹਨ ਪਰ ਕੋਈ ਵੀ ਉਸ ਦਾ ਅੰਤ ਨਹੀਂ ਪਾ ਸਕਿਆ। ਜਿਤਨਾ ਕੋਈ ਪਰਮਾਤਮਾ ਸੰਬੰਧੀ ਕਹਿੰਦਾ ਹੈ, ਉਤਨਾ ਹੀ ਪਰਮਾਤਮਾ ਹੋਰ ਬਹੁਤਾ ਹੋਈ ਜਾਂਦਾ ਹੈ।

ਗੁਰੂ ਸਾਹਿਬ ਅਨੁਸਾਰ ਪਰਮਾਤਮਾ ਦੇ ਨਾਮ, ਰੂਪ ਅਤੇ ਗੁਣ ਅਨੇਕ ਹੀ ਹਨ। ਇਸ ਲਈ ਉਸ ਦੇ ਅਜਿਹੇ ਪੱਖ ਸੰਬੰਧੀ ਚਰਚਾ ਨਹੀਂ ਕੀਤੀ ਜਾ ਸਕਦੀ।[4] ਇਕ ਥਾਂ ਤੇ ਉਹ

---

1. ਜਗੁ ਤਿਸ ਕੀ ਛਾਇਆ ਜਿਸੁ ਬਾਪੁ ਨ ਮਾਇਆ।
   ਨਾ ਤਿਸੁ ਭੈਣ ਨਾ ਭਰਾਉ ਕਮਾਇਆ।
   ਨਾ ਤਿਸੁ ਓਪਤਿ ਖਪਤਿ ਕੁਲ ਜਾਤੀ ਓਹੁ ਅਜਰਾਵਰੁ ਮਨ ਭਾਇਆ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1038)
2. (ੳ) ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ।
   (ਸੋਰਠਿ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 498)
   (ਅ) ਸੁਰਿਨਰ ਨਾਥ ਬੇਅੰਤ ਅਜੋਨੀ ਸਾਚੈ ਮਹਿਲ ਅਪਾਰਾ।
   (ਗੂਜਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 489)
3. ਅੰਤੁ ਨ ਸਿਫਤੀ ਕਹਣਿ ਨ ਅੰਤੁ।
   .. .. ..
   ਬਹੁਤਾ ਕਹੀਐ ਬਹੁਤਾ ਹੋਇ।
   (ਜਪੁ, ਪਉੜੀ 24, ਆਦਿ ਗ੍ਰੰਥ, ਪੰਨਾ 5)
4. ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ।
   (ਆਸਾ ਰਾਗੁ, ਆਦਿ ਗ੍ਰੰਥ, ਪੰਨਾ 358)

ਪਰਮਾਤਮਾ ਦੀ ਹਸਤੀ ਨੂੰ ਦਰਿਆ ਤੇ ਜੀਵ ਨੂੰ ਮਛਲੀ ਦਾ ਰੂਪ ਦੇਂਦੇ ਹੋਏ ਦਸਦੇ ਹਨ ਕਿ ਤੁਛ ਤੇ ਸੀਮਤ ਬੁਧੀ ਵਾਲਾ ਜੀਵ ਅਨੰਤ ਪਰਮਾਤਮਾ ਦੇ ਗੁਣਾਂ ਨੂੰ ਨਹੀਂ ਜਾਣ ਸਕਦਾ।[1] ਕੋਈ ਵੀ ਵਿਅਕਤੀ ਉਸਦੇ ਵਡੇ ਸਾਰੇ ਪਸਾਰੇ ਨੂੰ ਆਪਣੀ ਸੀਮਤ ਸੂਝ ਕਰਕੇ ਨਹੀਂ ਜਾਣ ਸਕਦਾ।[2]

ਇਸ ਦੇ ਨਾਲ ਆਪ ਨੇ ਪਰਮਾਤਮਾ ਦੇ ਕਈ ਹੋਰ ਨਿਰਗੁਣ ਵਾਚਕ ਵਿਸ਼ੇਸ਼ਣ ਵਰਤੇ ਹਨ ਜਿਹਾ ਕਿ ਨਿਰੰਕਾਰ[3], ਅਨੂਪ[4], ਨਿਰੰਜਨ[5], ਅਗੰਮ

---

1. ਤੂੰ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤ ਲਹਾ।
(ਸਿਰੀ ਰਾਗੁ, ਆਦਿ ਗ੍ਰੰਥ, ਪੰਨਾ 25)

2. ਸੁਣਿ ਵਡਾ ਆਖੈ ਸਭੁ ਕੋਇ।
ਕੇਵਡੁ ਵਡਾ ਡੀਠਾ ਹੋਇ।
ਕੀਮਤਿ ਪਾਇ ਨ ਕਹਿਆ ਜਾਇ। ਕਹਣੈ ਵਾਲੇ ਤੇਰੇ ਰਹੇ ਸਮਾਇ।
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ। ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ।
(ਜਪੁ, ਆਦਿ ਗ੍ਰੰਥ, ਪੰਨਾ 9)

3. (ੳ) ਨਾਨਕ ਨਿਰਭਉ ਨਿਰੰਕਾਰੁ। ਹੋਰ ਕੇਤੇ ਰਾਮ ਰਵਾਲ।
(ਆਸਾ ਰਾਗੁ, ਵਾਰ, ਸਲੋਕ, ਪੰਨਾ 464)
(ਅ) ਸਗਲਿਆ ਭਉ ਲਿਖਿਆ ਸਿਰਿ ਲੇਖੁ।
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ।
(ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 464)

4. (ੳ) ਕਿਆ ਉਪਮਾ ਤੇਰੀ ਆਖੀ ਜਾਇ।
ਤੂੰ ਸਰਬੇ ਪੂਰਿ ਰਹਿਆ ਲਿਵ ਲਾਇ।
(ਆਸਾ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 350)
(ਅ) ਤੂ ਆਦਿ ਜੁਗਾਦਿ ਕਰਹਿ ਪ੍ਰਤਿਪਾਲਾ।
ਘਟਿ ਘਟਿ ਰੂਪੁ ਅਨੂਪ ਦਇਆਲਾ।
(ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1031)

5. ਜਪਸਿ ਨਿਰੰਜਨ ਰਚਸਿ ਮਨਾ।
ਕਾਹੇ ਬੋਲਹਿ ਜੋਗੀ ਕਪਟੁ ਘਨਾ। ਰਹਾਉ।
(ਗਉੜੀ ਰਾਗੁ, ਆਦਿ ਗ੍ਰੰਥ, ਪੰਨਾ 156)

6. ਸਭ ਕੈ ਮਧਿ ਸਭਹੂ ਤੇ ਬਾਹਰ ਰਾਗ ਦੋਖ ਤੇ ਨਿਆਰੇ।
(ਸੂਹੀ ਰਾਗੁ, ਛੰਤ, ਆਦਿ ਗ੍ਰੰਥ, ਪੰਨਾ 784)

ਅਗੋਚਰ[1], ਅਲਖ ਅਪਾਰ,[2] ਅਮੁਲ[3] ਇਤਿਆਦਿ।

ਗੁਰੂ ਨਾਨਕ ਦੇਵ ਨੇ ਬ੍ਰਹਮ ਲਈ ਓਅੰਕਾਰ ਸ਼ਬਦ ਦਾ ਵੀ ਪ੍ਰਯੋਗ ਕੀਤਾ ਹੈ। ਜਪੁ ਬਾਣੀ ਦੇ ਆਦਿ ਵਿਚ ਆਏ ਮੂਲ ਮੰਤਰ ਦੇ ਸ਼ੁਰੂ ਦਾ ਇਹ ਸ਼ਬਦ ਬ੍ਰਹਮ ਦਾ ਹੀ ਵਾਚਕ ਹੈ। ਵੈਦਿਕ ਤੇ ਉਪਨਿਸ਼ਦਕ ਸਾਹਿਤ ਵਿਚ ਬ੍ਰਹਮ ਲਈ ਇਸ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਗੁਰੂ ਸਾਹਿਬ ਨੇ 'ਓਅੰਕਾਰ' ਨਾਂ ਦੀ ਬਾਣੀ ਵਿਚ ਓਅੰਕਾਰ ਤੇ ਪਰਮਾਤਮਾ ਦੀ ਇਕਾਤਮਿਕਤਾ ਨੂੰ ਸਥਾਪਿਤ ਕਰਦਿਆਂ ਹੋਇਆਂ ਲਿਖਿਆ ਹੈ ਕਿ ਓਅੰਕਾਰ ਤੋਂ ਹੀ ਬ੍ਰਹਮਾ ਦੀ ਉਤਪਤੀ ਹੋਈ ਹੈ, ਓਅੰਕਾਰ ਹੀ ਚੇਤਨਤਾ ਦਾ ਕਾਰਨ ਹੈ। ਓਅੰਕਾਰ ਤੋਂ ਹੀ ਪਰਬਤਾਂ ਤੇ ਵੇਦਾਂ ਦੀ ਰਚਨਾ ਹੋਈ ਹੈ। ਓਅੰਕਾਰ ਦੇ ਸਿਮਰਨ ਦੁਆਰਾ ਹੀ ਕਲਿਆਣ ਹੁੰਦਾ ਹੈ।[4]

---

1. (ੳ) ਅਗਮ ਅਗੋਚਰੁ ਰੂਪੁ ਨ ਰੇਖਿਆ।
ਖੋਜਤ ਖੋਜਤ ਘਟਿ ਘਟਿ ਦੇਖਿਆ।
(ਬਿਲਾਵਲ ਰਾਗੁ, ਆਦਿ ਗ੍ਰੰਥ, ਪੰਨਾ 838)

(ਅ) ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ।
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ।
ਘਟਿ ਘਟਿ ਜੋਤਿ ਤੁਮਾਰੀ।
(ਬਿਲਾਵਲ ਰਾਗੁ, ਆਦਿ ਗ੍ਰੰਥ, ਪੰਨਾ 795)

2. ਅਲਖ ਅਪਾਰ ਅਗੰਮ ਅਗੋਚਰ।
ਨਾ ਤਿਸੁ ਕਾਲ ਨ ਕਰਮਾ।
(ਸੋਰਠਿ ਰਾਗੁ, ਆਦਿ ਗ੍ਰੰਥ, ਪੰਨਾ 597)

3. ਅਮੁਲੋ ਅਮੁਲੁ ਆਖਿਆ ਨ ਜਾਇ।
ਆਖਿ ਆਖਿ ਰਹੇ ਲਿਵ ਲਾਇ।
(ਜਪੁ, ਆਦਿ ਗ੍ਰੰਥ, ਪੰਨਾ 5)

4. ਓਅੰਕਾਰਿ ਬ੍ਰਹਮਾ ਉਤਪਤਿ।
ਓਅੰਕਾਰੁ ਕੀਆ ਜਿਨਿ ਚਿਤਿ।
ਓਅੰਕਾਰਿ ਸੈਲ ਜੁਗ ਭਏ।
ਓਅੰਕਾਰਿ ਬੇਦ ਨਿਰਮਏ।
ਓਅੰਕਾਰਿ ਸਬਦਿ ਉਧਰੇ,
ਓਅੰਕਾਰਿ ਗੁਰਮੁਖਿ ਤਰੇ।
ਓਨਮ ਅਖਰ ਸੁਣਹੁ ਬੀਚਾਰੁ।
ਓਨਮ ਅਖਰੁ ਤ੍ਰਿਭਵਣ ਸਾਰੁ।
(ਰਾਮਕਲੀ ਰਾਗੁ, ਦਖਣੀ ਓਅੰਕਾਰ, ਆਦਿ ਗ੍ਰੰਥ, ਪੰਨਾ 930)

ਓਅੰਕਾਰ ਦੀ ਹਸਤੀ ਵਿਚ ਵਿਲਖਣਤਾ ਦਾ ਗੁਣ ਹੈ। ਓਅੰਕਾਰ ਖਣਾਨ ਤੇ ਆਵਾਗਵਣ ਤੋਂ ਮੁਕਤ ਹੈ। ਉਹ ਅਪਹੁੰਚ ਤੇ ਅਗੋਚਰ ਹੈ ਅਤੇ ਨਾਲ ਹੀ ਉਸ ਦੀ ਰੂਪ ਰੇਖਾ ਵੀ ਕੋਈ ਨਹੀਂ ਹੈ। ਦੀਰਘ ਦ੍ਰਿਸ਼ਟੀ ਨਾਲ ਦੇਖਿਆਂ ਇਹ ਪਤਾ ਲਗਦਾ ਹੈ ਕਿ ਉਹ ਸਰਬ ਵਿਆਪਕ ਹੈ।[1]

ਗੁਰੂ ਨਾਨਕ ਦੇਵ ਨੇ ਪਰਮਾਤਮਾ ਦੇ ਵਿਰੋਧਭਾਸਕ ਰੂਪ ਦਾ ਵੀ ਪ੍ਰਗਟਾਵਾ ਕੀਤਾ ਹੈ। ਭਾਰਤੀ ਦਰਸ਼ਨ ਵਿਚ ਬ੍ਰਹਮ ਸੰਬੰਧੀ ਅਜਿਹਾ ਪ੍ਰਗਟਾਵਾ ਬਹੁਤ ਥਾਵਾਂ ਤੇ ਹੋਇਆ ਮਿਲਦਾ ਹੈ। ਗੁਰੂ ਸਾਹਿਬ ਦਾ ਵਿਚਾਰ ਹੈ ਕਿ ਪਰਮਾਤਮਾ ਸ੍ਰਿਸ਼ਟੀ ਦੀ ਸਿਰਜਨਾ ਵੀ ਕਰਦਾ ਹੈ ਤੇ ਨਾਸ ਵੀ ਕਰਦਾ ਹੈ। ਉਹ ਵਿਅਕਤੀਆਂ ਦਾ ਮਿਲਾਪ ਵੀ ਕਰਾਉਂਦਾ ਹੈ ਤੇ ਵਿਛੋੜਾ ਵੀ ਕਰਾਉਂਦਾ ਹੈ। ਉਹ ਬੰਦਿਆਂ ਨੂੰ ਮਾਰਦਾ ਵੀ ਹੈ ਤੇ ਜਿਵਾਉਂਦਾ ਵੀ ਹੈ।[2] ਉਹ ਦੁਨੀਆਂ ਦੇ ਨੇੜੇ ਵੀ ਹੈ ਤੇ ਦੂਰ ਵੀ ਹੈ।[3] ਪਰਮਾਤਮਾ ਦੀਆਂ ਹਜ਼ਾਰਾਂ ਅੱਖਾਂ ਹਨ ਤੇ ਉਸ ਦੀ ਇਕ ਅੱਖ ਵੀ ਨਹੀਂ, ਉਸ ਦੀਆਂ ਹਜ਼ਾਰਾਂ ਮੂਰਤੀਆਂ ਹਨ ਤੇ ਕੋਈ ਮੂਰਤੀ ਵੀ ਨਹੀਂ, ਉਸ ਦੇ ਹਜ਼ਾਰਾਂ ਪੈਰ ਹਨ ਤੇ ਕੋਈ ਵੀ ਨਹੀਂ, ਉਸ ਦੀਆਂ ਹਜ਼ਾਰਾਂ ਨਾਸਿਕਾਂ ਹਨ ਤੇ ਕੋਈ ਨਾਸਿਕ ਵੀ ਨਹੀਂ।[4]

ਗੁਰੂ ਨਾਨਕ ਦੇਵ ਨੇ ਸ੍ਰਿਸ਼ਟੀ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਦੇ ਬ੍ਰਹਮ ਦੇ ਸਰੂਪ ਦਾ ਬਿਆਨ ਕਰਦਿਆਂ ਲਿਖਿਆ ਹੈ ਕਿ ਇਥੇ ਅਰਬਾਂ ਖਰਬਾਂ ਸਾਲ ਪਹਿਲਾਂ ਕੇਵਲ ਅੰਧਕਾਰ ਹੀ

---

1. ਏਕਮ ਏਕੰਕਾਰ ਨਿਰਾਲਾ। ਅਮਰੁ ਅਜੋਨੀ ਜਾਤ ਨ ਜਾਲਾ।
   ਅਗਮ ਅਗੋਚਰੁ ਰੂਪੁ ਨ ਰੇਖਿਆ। ਖੋਜਤ ਖੋਜਤ ਘਟਿ ਘਟਿ ਦੇਖਿਆ।
   (ਬਿਲਾਵਲ ਰਾਗੁ, ਆਦਿ ਗ੍ਰੰਥ, ਪੰਨਾ 838)
2. ਆਪੇ ਥਾਪਿ ਉਥਾਪੇ ਆਪੇ।
   ਆਪੇ ਜੋੜ ਵਿਛੋੜੇ ਕਰਤਾ ਆਪੇ ਮਾਰ ਜੀਵਾਇਦਾ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1034)
3. ਆਪੇ ਨੇੜੈ ਆਪੇ ਦੂਰਿ।
   (ਰਾਮਕਲੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 876)
4. ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ, ਸਹਸ ਮੂਰਤਿ ਨਨਾ ਏਕ ਤੋਹੀ।
   ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ।
   (ਧਨਾਸਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 663)

ਅੰਧਕਾਰ ਸੀ। ਉਸ ਸਮੇਂ ਧਰਤੀ, ਅਕਾਸ਼, ਦਿਨ ਰਾਤ, ਚੰਦ ਸੂਰਜ, ਜੀਵਾਂ ਦੀਆਂ ਚਾਰ ਖਾਣੀਆਂ, ਪਉਣ ਪਾਣੀ, ਖੰਡ ਪਾਤਾਲ, ਸਤ ਸਾਗਰ, ਨਦੀਆਂ, ਤਿੰਨ ਲੋਕ, ਸਵਰਗ ਨਰਕ, ਆਵਾਗਵਣ, ਬ੍ਰਹਮਾ ਵਿਸ਼ਨੂੰ ਸ਼ਿਵਜੀ, ਇਸਤ੍ਰੀ ਪੁਰਖ, ਜੋਗੀ, ਜੰਗਮ ਗੋਪੀਆਂ ਕ੍ਰਿਸ਼ਨ, ਤੁਲਸੀ ਮਾਲਾ, ਜੀਵ ਜੰਤੂ, ਮਾਇਆ ਉਸਤਤ, ਸ਼ਿਵ ਸ਼ਕਤੀ ਇਤਿਆਦਿਕ ਕਿਸੇ ਦੀ ਵੀ ਹੋਂਦ ਨਹੀਂ ਸੀ। ਕੇਵਲ ਤੇ ਕੇਵਲ ਪਰਮਾਤਮਾ ਦਾ ਹੁਕਮ ਹੀ ਸੀ। ਉਹ ਅਲੱਖ, ਅਗੋਚਰ, ਅਸੀਮ, ਬ੍ਰਹਮ ਆਪਣੀ ਮਾਇਆ ਵਿਚ ਮਸਤ ਹੋਇਆ ਸੀ।[1] ਫਿਰ ਇਕ ਹੋਰ ਥਾਂ ਤੇ ਲਿਖਦੇ ਹਨ ਕਿ ਕਿਤਨੇ ਹੀ ਜੁਗ ਪਹਿਲੇ ਇਥੇ ਧੁੰਧੂਕਾਰ ਸੀ ਤੇ ਸਿਰਜਣਹਾਰ ਪਰਮਾਤਮਾ ਸਮਾਧੀ ਵਿਚ ਲੀਨ ਹੋਇਆ ਪਿਆ ਸੀ।[2]

ਗੁਰੂ ਨਾਨਕ ਦੇਵ ਦਾ ਵਿਚਾਰ ਹੈ ਕਿ ਨਿਰਗੁਣ ਬ੍ਰਹਮ ਨੇ ਬਿਨਾਂ ਕਿਸੇ ਬਾਹਰਲੀ ਸਹਾਇਤਾ ਦੇ ਆਪਣੇ ਆਪ ਨੂੰ ਸਗੁਣ ਰੂਪ ਵਿਚ ਪੈਦਾ ਕੀਤਾ ਹੈ।[3]

ਗੁਰੂ ਨਾਨਕ ਦੇਵ ਨੇ ਪਰਮਾਤਮਾ ਦੇ ਵਿਰਾਟ ਸਰੂਪ ਦਾ ਵਰਣਨ ਕਈ ਥਾਵਾਂ ਤੇ ਕੀਤਾ ਹੈ। ਆਪ ਨੇ ਮੰਦਰ ਦੀ ਸੀਮਤ ਆਰਤੀ ਦੀ ਥਾਂ ਤੇ ਪਰਮਾਤਮਾ ਦੀ ਵਿਰਾਟ ਆਰਤੀ ਹੁੰਦੀ ਦਸੀ ਹੈ, ਜਿਥੇ ਅਕਾਸ਼ ਰੂਪੀ ਥਾਲ ਵਿਚ ਸੂਰਜ ਤੇ ਚੰਦਰਮਾ ਦੋ ਦੀਵੇ ਪਏ ਹਨ, ਤਾਰਿਆਂ ਦਾ ਮੰਡਲ ਮੋਤੀਆਂ ਦਾ ਕੰਮ ਦੇ ਰਿਹਾ ਹੈ। ਮਲਿਆਗਿਰ ਪਹਾੜ ਦੀ ਸਾਰੀ ਚੰਦਨ ਧੂਫ ਦਾ ਕੰਮ ਦੇ ਰਹੀ ਹੈ, ਪਵਨ ਚੌਰੀ ਕਰ ਰਹੀ ਹੈ, ਸਾਰੀ ਬਨਾਸਪਤੀ ਫੁੱਲਾਂ ਦੇ ਸਮਾਨ ਹੈ ਅਤੇ ਇਸ ਤਰ੍ਹਾਂ ਕੁਦਰਤ ਆਪ ਹੀ ਪਰਮਾਤਮਾ ਦੀ ਬੜੀ ਅਸਚਰਜ ਆਰਤੀ ਕਰ ਰਹੀ ਹੈ।[4] ਮਾਰੂ ਰਾਗ

---

1. ਅਰਬਦ ਨਰਬਦ ਧੁੰਧੂਕਾਰਾ . . . . .
   ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ।
   (ਮਾਰੂ ਰਾਗ, ਸੋਲਹੇ, ਆਦਿ ਗ੍ਰੰਥ, ਪੰਨਾ 1035/1036)
2. ਕੇਤੜਿਆਂ ਜੁਗ ਧੁੰਧੂਕਾਰੇ। ਤਾੜੀ ਲਾਈ ਸਿਰਜਣਹਾਰੇ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1023)
3. (ੳ) ਆਪੇ ਆਪ ਉਪਾਇ ਨਿਰਾਲਾ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1036)
   (ਅ) ਆਪ ਉਪਾਇਆ ਜਗਤ ਸਬਾਇਆ।
   (ਮਾਰੂ ਰਾਗੁ, ਆਦਿ ਗ੍ਰੰਥ, ਪੰਨਾ 1022)
   (ੲ) ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।
   ਦੁਯੀ ਕੁਦਰਤਿ ਸਾਜੀਐ ਕਰਿ ਆਸਣ ਡਿਠੋ ਚਾਉ।
   ਦਾਤਾ ਕਰਤਾ ਆਪ ਤੂ ਤੁਸ ਦੇਵਹਿ ਕਰਹਿ ਪਸਾਉ।
   (ਆਸਾ ਰਾਗੁ, ਵਾਰੁ, ਆਦਿ ਗ੍ਰੰਥ, ਪੰਨਾ 463)
4. ਧਨਾਸਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 663

ਵਿਚ ਇਕ ਹੋਰ ਥਾਂ ਤੇ ਕਹਿੰਦੇ ਹਨ ਪਰਮਾਤਮਾ ਆਪ ਸਭ ਕੁਝ ਹੀ ਹੈ ਪਰਮਾਤਮਾ ਪਵਨ, ਪਾਣੀ ਤੇ ਅਗਨੀ ਆਪ ਹੀ ਹੈ ਅਤੇ ਉਹ ਆਪ ਹੀ ਇਹਨਾਂ ਦਾ ਮੇਲ ਕਰਵਾਉਂਦਾ ਹੈ। ਭੌਰਾ, ਦ੍ਰਖਤ, ਦ੍ਰਖਤ ਦਾ ਫੁੱਲ ਤੇ ਫੱਲ ਆਪ ਹੀ ਹੈ। ਉਹ ਆਪ ਹੀ ਦਿਨ ਤੇ ਰਾਤ ਬਣਿਆ ਹੋਇਆ ਹੈ ਜਿਸ ਕਰਕੇ ਉਸ ਦੇ ਸਰੂਪ ਦਾ ਪਤਾ ਨਹੀਂ ਲਗਦਾ।[1] ਪਰਮਾਤਮਾ ਦੀ ਵਿਰਾਟਤਾ ਦਾ ਅੰਦਾਜ਼ਾ ਆਪ ਦੇ ਇਹਨਾਂ ਸ਼ਬਦਾਂ ਤੋਂ ਲਾਇਆ ਜਾ ਸਕਦਾ ਹੈ। ਆਪ ਕਹਿੰਦੇ ਹਨ ਕਿ ਪਰਮਾਤਮਾ ਦੀ ਵਡਿਆਈ ਤੇ ਉੱਚਤਾ ਦਾ ਅੰਦਾਜ਼ਾ ਅਜੇ ਤਕ ਨਹੀਂ ਲਾਇਆ ਜਾ ਸਕਦਾ, ਕਿਉਂਕਿ ਪਰਮਾਤਮਾ ਬੜਾ ਗਹਿਰ ਗੰਭੀਰ ਤੇ ਗੁਣਾਂ ਦਾ ਖ਼ਜ਼ਾਨਾ ਹੈ, ਬੇਸ਼ਕ ਗਿਆਨੀਆਂ ਧਿਆਨੀਆਂ ਪੀਰਾਂ ਤੇ ਵੇਦ ਸ਼ਾਸਤਰਾਂ ਆਦਿ ਨੇ ਉਸ ਪਰਮਾਤਮਾ ਦੀ ਵਡਿਆਈ ਦਾ ਅੰਦਾਜ਼ਾ ਲਾਉਣਾ ਚਾਹਿਆ ਹੈ ਪਰ ਕੋਈ ਵੀ ਅਜਿਹਾ ਨਹੀਂ ਕਰ ਸਕਿਆ।[2]

ਗੁਰੂ ਨਾਨਕ ਨੇ ਆਪਣੇ ਪ੍ਰਭੂ ਅਰਥਾਤ ਬ੍ਰਹਮ ਨੂੰ ਉਪਰੋਕਤ ਵਿਸ਼ੇਸ਼ਣਾਂ ਤੋਂ ਉਪਰੰਤ ਕੁਝ ਹੋਰ ਵਿਸ਼ੇਸ਼ਣਾਂ ਨਾਲ ਭੀ ਯਾਦ ਕੀਤਾ ਹੈ। ਉਨ੍ਹਾਂ ਦੁਆਰਾ ਵਰਤੇ ਕੁਝ ਵਿਸ਼ੇਸ਼ਣ ਇਸ ਪ੍ਰਕਾਰ ਹਨ:

<u>ਪਰਮਾਤਮਾ ਇਕ ਹੈ:</u> ਗੁਰੂ ਨਾਨਕ ਦੇਵ ਤੋਂ ਪਹਿਲਾਂ ਵੀ ਭਾਰਤੀ ਦਰਸ਼ਨ ਵਿਚ ਪਰਮਾਤਮਾ ਦੇ ਇਕ ਹੋਣ ਸੰਬੰਧੀ ਵੈਦਿਕ ਤੇ ਉਪਨਿਸ਼ਦਕ ਸਾਹਿਤ ਵਿਚ ਵਿਚਾਰ ਹੋਈ ਮਿਲਦੀ ਹੈ। ਗੁਰੂ ਨਾਨਕ ਦੇਵ ਨੇ ਪਰਮਾਤਮਾ ਸੰਬੰਧੀ '੧' ਹਿੰਦਸਾ ਵਰਤਿਆ ਹੈ ਤਾਂ ਜੋ ਬਾਦ ਵਿਚ ਕਿਸੇ ਸਮੇਂ ਪਰਮਾਤਮਾ ਦੇ ਇਕ ਹੋਣ ਬਾਰੇ ਭੁਲੇਖਾ ਨਾ ਪੈਦਾ ਹੋ ਜਾਵੇ। ਇਸ ਤਰ੍ਹਾਂ ਕਰਕੇ ਗੁਰੂ ਨਾਨਕ ਦੇਵ ਨੇ ਬੜੇ ਸਪਸ਼ਟ ਰੂਪ ਵਿਚ ਇਕ ਈਸ਼ਵਰਵਾਦੀ ਸਿਧਾਂਤ ਨੂੰ ਸਥਾਪਤ ਕੀਤਾ ਹੈ।

ਮੂਲ ਮੰਤਰ ਤੋਂ ਇਲਾਵਾ ਗੁਰੂ ਸਾਹਿਬ ਨੇ ਕਈ ਹੋਰ ਥਾਵਾਂ ਤੇ ਵੀ ਸਪਸ਼ਟ ਤੌਰ ਤੇ ਪਰਮਾਤਮਾ ਦੀ ਇਕ ਹੋਂਦ ਸੰਬੰਧੀ ਵਿਚਾਰ ਪ੍ਰਗਟਾਏ ਹਨ। ਕਈ ਥਾਵਾਂ ਤੇ ਉਹਨਾਂ ਨੇ

---

1. (ੳ) ਆਪੇ ਪਉਣ ਪਾਣੀ ਬੈਸੰਤਰ ਆਪੇ ਮੇਲਿ ਮਿਲਾਈ ਹੇ।
   (ਅ) ਆਪੇ ਭਵਰੁ ਫੁਲੁ ਫਲੁ ਤਰਵਰੁ। ਆਪੇ ਜਲੁ ਥਲੁ ਸਾਗਰੁ ਸਰਵਰੁ।
   (ੲ) ਆਪੇ ਦਿਨਸੁ ਆਪੇ ਹੀ ਰੈਣੀ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1020-21)
2. ਸੁਣਿ ਵਡਾ ਆਖੈ ਸਭ ਕੋਈ
   ਕੇਵਡੁ ਵਡਾ ਡੀਠਾ ਹੋਈ।
   (ਆਸਾ ਰਾਗੁ, ਆਦਿ ਗ੍ਰੰਥ, ਪੰਨਾ 348-349)

ਆਪਣੇ ਅਜਿਹੇ ਵਿਚਾਰਾਂ ਨੂੰ ਸ਼ਬਦਾਂ ਦੇ ਦੁਹਰਾਉ ਨਾਲ ਹੋਰ ਭੀ ਜ਼ਿਆਦਾ ਦ੍ਰਿੜ ਕੀਤਾ ਹੈ।[1] ਉਹ ਤਾਂ ਇਥੋਂ ਤਕ ਕਹਿੰਦੇ ਹਨ ਕਿ ਪਰਮਾਤਮਾ ਪੱਟੀ, ਕਲਮ ਤੇ ਲਿਖਣਹਾਰਾ ਆਪ ਹੀ ਹੈ। ਇਸ ਲਈ ਉਹ ਇਕੋ ਹੀ ਹੈ ਦੂਸਰਾ ਕਹਿਣ ਦੀ ਕੋਈ ਜ਼ਰੂਰਤ ਨਹੀਂ ਹੈ।[2] ਫਿਰ ਉਹ ਕਹਿੰਦੇ ਹਨ ਕਿ ਸਾਰੀ ਸ੍ਰਿਸ਼ਟੀ ਵਿਚ ਇਕੋ ਹੀ ਪਰਮਾਤਮਾ ਦੂਰ ਤੇ ਨੇੜੇ ਸਮਾਇਆ ਹੋਇਆ ਹੈ, ਉਸ ਤੋਂ ਬਿਨਾਂ ਦੂਸਰਾ ਕੋਈ ਨਹੀਂ ਹੈ।[3] ਉਹ ਇਕੋ ਪਰਮਾਤਮਾ ਹੀ ਜ਼ਿੰਦਗੀ ਤੇ ਉਸ ਵਿਚਲੀਆਂ ਦਾਤਾਂ ਦੇਂਦਾ ਤੇ ਵਾਪਸ ਲੈਂਦਾ ਹੈ। ਉਸ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ ਹੈ।[4] ਪਰਮਾਤਮਾ ਜੁਗਾਂ ਜੁਗਾਂਤਰਾਂ ਤੋਂ ਇਕੱਲਾ ਇਕ ਹੈ ਜਿਸ ਨੇ ਕਿ ਸ੍ਰਿਸ਼ਟੀ ਦਾ ਸਾਰਾ ਖੇਲ ਰਚਾਇਆ ਹੋਇਆ ਹੈ ਅਤੇ ਸਾਰਾ ਕੁਝ ਉਸ ਦਾ ਹੀ ਕੀਤਾ ਹੋਇਆ ਹੈ।[5]

---

1. (ੳ) ਸਾਹਿਬੁ ਮੇਰਾ ਏਕੋ ਹੈ। ਏਕੋ ਹੈ ਭਾਈ ਏਕੋ ਹੈ।
(ਆਸਾ ਰਾਗੁ, ਆਦਿ ਗ੍ਰੰਥ, ਪੰਨਾ 350)
(ਅ) ਸਾਹਿਬੁ ਮੇਰਾ ਏਕੁ ਹੈ। ਅਵਰੁ ਨਹੀ ਭਾਈ।
(ਆਸਾ ਰਾਗੁ, ਆਦਿ ਗ੍ਰੰਥ, ਪੰਨਾ 420)

2. ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ।
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ।
(ਮਲਾਰ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 1291)

3. ਪੂਛੁ ਨੇੜੇ ਹਰਿ ਦੂਰਿ ਨ ਜਾਣਹੁ ਏਕੋ ਸਿਸਟ ਸਬਾਈ।
ਏਕੰਕਾਰੁ ਅਵਰ ਨਹੀ ਦੂਜਾ ਨਾਨਕ ਏਕੁ ਸਮਾਈ।
(ਰਾਮਕਲੀ ਰਾਗੁ, ਦਖਣੀ ਓਅੰਕਾਰ, ਆਦਿ ਗ੍ਰੰਥ, ਪੰਨਾ 930)

4. ਏਕੋ ਲੇਵੈ ਏਕੋ ਦੇਵੈ ਅਵਰੁ ਨ ਦੂਜਾ ਮੈ ਸੁਣਿਆ।
(ਆਸਾ ਰਾਗੁ, ਪਟੀ, ਆਦਿ ਗ੍ਰੰਥ, ਪੰਨਾ 433)

5. ਸਦਾ ਸਦਾ ਤੂੰ ਏਕੁ ਹੈ ਤੁਧੁ ਦੂਜਾ ਖੇਲੁ ਰਚਾਇਆ।
ਹਉਮੈ ਗਰਬੁ ਉਪਾਇ ਕੈ ਲੋਭੁ ਅੰਤਰਿ ਜੰਤਾ ਪਾਇਆ।
ਜਿਉ ਭਾਵੈ ਤਿਉ ਰਖੁ ਤੂ ਸਭ ਕਰੇ ਤੇਰਾ ਕਰਾਇਆ।
(ਮਾਝ ਰਾਗੁ, ਆਦਿ ਗ੍ਰੰਥ, ਪੰਨਾ 139)

ਕਰਤਾ ਪੁਰਖ: ਗੁਰੂ ਨਾਨਕ ਦੇਵ ਨੇ ਪਰਮਾਤਮਾ ਨੂੰ ਸ੍ਰਿਸ਼ਟੀ ਦਾ ਕਰਤਾ ਮੰਨਿਆ ਹੈ। ਉਹਨਾਂ ਲਈ ਪ੍ਰਕਿਰਤੀ ਦੀ ਆਪਣੀ ਕੋਈ ਸੁਤੰਤਰ ਹਸਤੀ ਨਹੀਂ ਪਰਮਾਤਮਾ ਦੁਆਰਾ ਸਿਰਜੀ ਗਈ ਪ੍ਰਕਿਰਤੀ ਪਰਮਾਤਮਾ ਦੇ ਹੀ ਅਧੀਨ ਹੈ। ਪਰਮਾਤਮਾ ਨੇ ਆਪਣੇ ਆਪ ਨੂੰ ਬਣਾਉਣ ਤੋਂ ਬਾਦ ਦੂਸਰੀ ਕੁਦਰਤ ਦੀ ਸਿਰਜਨਾ ਕੀਤੀ ਹੈ।[1] ਆਪ ਅਨੁਸਾਰ ਪਰਮਾਤਮਾ ਨੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਆਦਿਕ ਦੇਵਤਿਆਂ ਨੂੰ ਪੈਦਾ ਕੀਤਾ ਹੈ। ਉਸ ਨੇ ਆਪਣੀ ਜੋਤੀ ਤੋਂ ਕੀ ਕੁਝ ਪੈਦਾ ਕੀਤਾ ਹੈ, ਇਹ ਕੇਵਲ ਉਸ ਨੂੰ ਹੀ ਪਤਾ ਹੈ।[2] ਗੁਰੂ ਸਾਹਿਬ ਕਹਿੰਦੇ ਹਨ ਕਿ ਪਰਮਾਤਮਾ ਸਾਰੇ ਕਾਰਨਾਂ ਦੇ ਪੈਦਾ ਕਰਨ ਦੀ ਸਮਰਥਾ ਰਖਦਾ ਹੈ। ਉਸ ਕਰਤੇ ਨੇ ਆਪਣੀ ਸ਼ਕਤੀ ਨਾਲ ਵੱਖ ਵੱਖ ਤਰ੍ਹਾਂ ਦੀ ਸਿਰਜਨਾ ਕੀਤੀ ਹੈ ਅਤੇ ਸਾਰੇ ਕਾਰਨ ਉਸ ਕਰਤੇ ਦੇ ਵੱਸ ਵਿਚ ਹਨ।[3] ਉਸ ਪਾਰਬ੍ਰਹਮ ਕਰਤੇ ਨੇ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ। ਉਸ ਨੇ ਕਈ ਰੰਗਾਂ ਨਾਲ ਰੰਗ ਬਰੰਗੀ ਰਚਨਾ ਬਣਾ ਦਿਤੀ ਹੈ। ਉਹ ਪਰਮਾਤਮਾ ਆਪਣੀ ਬਣਾਈ ਹੋਈ ਖੇਡ ਨੂੰ ਆਪ ਹੀ ਜਾਣਦਾ ਹੈ।[4] ਪਰਮਾਤਮਾ ਜੀਵਾਂ ਦੀ ਉਤਪਤੀ ਦੇ ਚਾਰੇ ਸਾਧਨਾਂ ਨੂੰ ਆਪ ਬਣਾਉਣ

---

1. ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 463

2. ਕ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ।
ਦੇਵੀ ਦੇਵ ਉਪਾਏ ਵੇਸਾ।
ਜੋਤੀ ਜਾਤੀ ਗਣਤ ਨ ਆਵੈ।
ਜਿਨਿ ਸਾਜੀ ਸੋ ਕੀਮਤ ਪਾਵੈ।
(ਬਿਲਾਵਲ ਰਾਗੁ, ਆਦਿ ਗ੍ਰੰਥ, ਪੰਨਾ 839)

3. ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ।
ਕਾਰਣ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ।
(ਸਹਸਕ੍ਰਿਤੀ, ਆਦਿ ਗ੍ਰੰਥ, ਪੰਨਾ 1353)

4. ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ।
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ।
ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ।
(ਮਾਝ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 138)

ਤੋਂ ਬਾਦ ਆਪ ਹੀ ਉਹਨਾਂ ਸਾਰਿਆਂ ਵਿਚ ਵਿਆਪਕ ਹੈ।[1]

ਗੁਰੂ ਨਾਨਕ ਦੇਵ ਅਨੁਸਾਰ ਪਰਮਾਤਮਾ ਕੇਵਲ ਸ੍ਰਿਸ਼ਟੀ ਦੀ ਸਿਰਜਨਾ ਹੀ ਨਹੀਂ ਕਰਦਾ ਸਗੋਂ ਉਸ ਦਾ ਸੰਚਾਲਨ ਵੀ ਕਰਦਾ ਹੈ। ਉਹ ਆਪਣੇ ਪੈਦਾ ਕੀਤੇ ਵੱਖ ਵੱਖ ਜੀਵਾਂ ਨੂੰ ਵੱਖ ਵੱਖ ਧੰਦਿਆਂ ਤੇ ਲਾਉਂਦਾ ਹੈ।[2] ਉਹ ਜੀਵਾਂ ਦੀ ਬਹੁਪੱਖੀ ਸੰਭਾਲ ਵੀ ਕਰਦਾ ਹੈ ਕਿਉਂਕਿ ਉਸ ਨੂੰ ਆਪਣੀ ਪੈਦਾ ਕੀਤੀ ਸਿਰਜਨਾ ਦੀ ਚਿੰਤਾ ਹੈ।[3]

ਪਰਮਾਤਮਾ ਕੇਵਲ ਸ੍ਰਿਸ਼ਟੀ ਦੀ ਸਿਰਜਨਾ ਤੇ ਪ੍ਰਬੰਧ ਹੀ ਨਹੀਂ ਕਰਦਾ ਸਗੋਂ ਆਪਣੇ ਵਿਰਲੀ ਸ਼ਕਤੀ ਕਾਰਨ ਚਲ ਰਹੇ ਪ੍ਰਬੰਧ ਵਿਚ ਰੁਕਾਵਟ ਵੀ ਪਾ ਦੇਂਦਾ ਹੈ ਅਤੇ ਉਸ ਦੀ ਤੋਰ ਵੀ ਬਦਲ ਦੇਂਦਾ ਹੈ। ਪਰਮਾਤਮਾ ਦੀ ਅਜਿਹੀ ਅਸਚਰਜਤਾ ਭਰੀ ਹਸਤੀ ਸਧਾਰਨ ਜੀਵਾਂ ਲਈ ਬਹੁਤ ਮਹਤਵਪੂਰਣ ਬਣੀ ਹੋਈ ਹੈ। ਪਰਮਾਤਮਾ ਮਾਸਾਹਾਰੀਆਂ ਨੂੰ ਘਾਹ ਅਤੇ ਘਾਸਹਾਰੀਆਂ ਨੂੰ ਮਾਸ ਖਵਾ ਸਕਦਾ ਹੈ। ਵਗਦੀਆਂ ਨਦੀਆਂ ਵਿਚ ਟਿੱਬੇ ਬਣਾ ਕੇ ਮਾਰੂਥਲਾਂ ਨੂੰ ਅਸਗਾਹ ਸਮੁੰਦਰ ਵਿਚ ਬਦਲ ਸਕਦਾ ਹੈ। ਕੀੜਿਆਂ ਭਾਵ ਨਿਮਾਣਿਆਂ ਨੂੰ ਬਾਦਸ਼ਾਹੀਅਤ ਦੇ ਸਕਦਾ ਹੈ ਅਤੇ ਲਸ਼ਕਰਾਂ ਨੂੰ ਮਿਟੀ ਵਿਚ ਮਿਲਾ ਸਕਦਾ ਹੈ। ਸਾਹ ਲੈਣ ਵਾਲਿਆਂ ਨੂੰ ਬਿਨਾ

---

1. ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ।
ਏਕੁ ਪੁਰਖੁ ਮੈਂ ਤੇਰਾ ਵੇਖਿਆ ਤੂ ਸਭਨਾ ਮਾਹਿ ਰਵੰਤਾ।
(ਸੋਰਠ ਰਾਗੁ, ਆਦਿ ਗ੍ਰੰਥ, ਪੰਨਾ 596)

2. (ੳ) ਤੁਧੁ ਆਪੇ ਜਗਤ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ।
(ਮਾਝ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 138)
(ਅ) ਆਪ ਉਪਾਇਆ ਜਗਤੁ ਸਬਾਇਆ।
ਜਿਨਿ ਸਿਰਿਆ ਤਿਨਿ ਧੰਧੈ ਲਾਇਆ।
(ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1023)

3. ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ।
ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹੁ।
(ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 467)

ਸਾਹ ਦੇ ਕੇ ਜਿਉਂਦਾ ਰਖ ਸਕਦਾ ਹੈ। ਜਿਸ ਤਰ੍ਹਾਂ ਉਸ ਦੀ ਮਰਜ਼ੀ ਹੁੰਦੀ ਹੈ ਉਸੇ ਤਰ੍ਹਾਂ ਹੀ ਉਹ ਰੋਜ਼ੀ ਦੇਂਦਾ ਹੈ।[1]

ਸਤਿਨਾਮ:- ਸਤਿ ਸ਼ਬਦ ਅਥਵਾ 'ਸਚ' ਪਰਮਾਤਮਾ ਦਾ ਵਾਚਕ ਰੂਪ ਹੈ। ਗੁਰੂ ਸਾਹਿਬ ਅਨੁਸਾਰ ਪਰਮਾਤਮਾ ਆਦਿ ਜੁਗਾਦਿ ਤੋਂ ਸੱਚ ਹੈ। ਹੁਣ ਵੀ ਸਚ ਹੈ ਤੇ ਅਗੇ ਸਚ ਹੀ ਹੋਵੇਗਾ।[2] ਗੁਰੂ ਸਾਹਿਬ ਕਹਿੰਦੇ ਹਨ ਕਿ ਪਰਮਾਤਮਾ ਤਾਂ ਅਜਿਹਾ ਸੱਚ ਹੈ ਜਿਹੜਾ ਕਿ ਹਮੇਸ਼ਾ ਨਵਾਂ ਰਹਿੰਦਾ ਹੈ ਪੁਰਾਣਾ ਨਹੀਂ ਹੁੰਦਾ। ਅਜਿਹੇ ਸੱਚੇ ਪਰਮਾਤਮਾ ਨੂੰ ਉਦੋਂ ਤਕ ਜਪਦੇ ਰਹਿਣਾ ਚਾਹੀਦਾ ਹੈ, ਜਿਤਨੀ ਦੇਰ ਤਕ ਉਸ ਦਾ ਅਨੁਭਵ ਨਾ ਹੋ ਜਾਵੇ।[3] ਉਹ ਸਚਾ ਸਾਹਿਬ ਇਕੋ ਹੀ ਹੈ ਜਿਹੜਾ ਕਿ ਸਚ ਰੂਪ ਵਿਚ ਹੀ ਸ੍ਰਿਸ਼ਟੀ ਵਿਚ ਵਿਚਰਦਾ ਹੈ। ਜਿਸ ਵਿਅਕਤੀ ਉਤੇ ਉਸ ਸਚੇ ਦੀ ਮਿਹਰਬਾਨੀ ਹੁੰਦੀ ਹੈ ਉਹੋ ਹੀ ਸਚ ਨੂੰ ਮਿਲ ਕੇ ਸਚੇ ਨਾਮ ਦੀ ਕਮਾਈ ਕਰਦਾ ਹੈ।[4]

---

1. ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ।
ਘਾਹੁ ਖਾਨਿ ਤਿਨਾ ਮਾਸ ਖਵਾਲੇ ਏਹਿ ਚਲਾਏ ਰਾਹੁ।
ਨਦੀਆ ਵਿਚ ਟਿਬੇ ਦੇਖਾਲੇ ਥਲੀ ਕਰੇ ਅਸਗਾਹ।
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ।
ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ।
ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ
(ਮਾਝ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 144)

2. ਆਦਿ ਸਚੁ ਜੁਗਾਦਿ ਸਚੁ।
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।
(ਜਪੁ, ਆਦਿ ਗ੍ਰੰਥ, ਪੰਨਾ 1)

3. ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ।
ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ।
(ਰਾਮਕਲੀ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 955)

4. ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ।
ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ, ਤਾ ਤਿਨੀ ਸਚੁ ਕਮਾਇਆ।
(ਆਸਾ ਰਾਗੁ, ਆਦਿ ਗ੍ਰੰਥ, ਪੰਨਾ 466)

ਸਚੇ ਪਰਮਾਤਮਾ ਨੇ ਸ੍ਰਿਸ਼ਟੀ ਦੀ ਸਿਰਜਨਾ ਕੀਤੀ ਹੈ। ਉਹ ਸਚੇ ਨਾਮ ਵਾਲਾ ਸਚਾ ਪਰਮਾਤਮਾ ਹਮੇਸ਼ਾ ਲਈ ਕਾਇਮ ਰਹੇਗਾ।[1] ਸਚੇ ਪਰਮਾਤਮਾ ਦੁਆਰਾ ਸਿਰਜੀ ਗਈ ਸ੍ਰਿਸ਼ਟੀ ਦੇ ਨਾਸ ਦੀ ਸਮਰਥਾ ਵੀ ਉਸ ਸੱਚੇ ਵਿਚ ਹੀ ਹੈ।[2]

ਜਿਹੜੇ ਮੁਨੀ ਤੇ ਸੇਵਕ ਸਚੇ ਪਰਮਾਤਮਾ ਦੇ ਨਾਮ ਰੰਗ ਵਿਚ ਰੰਗੇ ਗਏ ਹਨ ਉਹ ਦੁਨੀਆਂ ਦੀ ਬਾਜ਼ੀ ਜਿਤ ਗਏ ਹਨ ਅਤੇ ਅਜਿਹੇ ਵਿਅਕਤੀਆਂ ਤੋਂ ਗੁਰੂ ਨਾਨਕ ਦੇਵ ਸਦਕੇ ਜਾਂਦੇ ਹਨ।[3] ਜਿਹੜੇ ਵਿਅਕਤੀ ਸਚੇ ਨਾਮ ਵਿਚ ਮਿਲ ਗਏ ਹਨ ਉਹ ਸਚਿਆਰ ਬਣ ਗਏ ਹਨ, ਉਹ ਮਾੜੇ ਪਾਸਿਆਂ ਵਲ ਨਾ ਪੈ ਕੇ 'ਸਚੇ' ਪਰਮਾਤਮਾ ਨਾਲ ਮਨ ਲਾ ਕੇ ਆਵਾਗਵਣ ਦੇ ਚੱਕਰਾਂ ਤੋਂ ਮੁਕਤ ਹੋ ਗਏ ਹਨ।[4] ਗੁਰੂ ਸਾਹਿਬ ਦਾ ਤਾਂ ਇਥੋਂ ਤਕ ਵਿਚਾਰ ਹੈ ਕਿ ਸੱਚੇ ਪਰਮਾਤਮਾ ਦੀ ਸਾਰੀ ਕਾਰ ਸਚੀ ਹੈ ਅਤੇ ਉਸ ਦੁਆਰਾ ਬਣਾਏ ਗਏ ਖੰਡ, ਬ੍ਰਹਮੰਡ, ਲੋਕ ਤੇ ਆਕਾਰ ਸਭ ਸਚੇ ਹੀ ਹਨ।[5] ਸਚਾ ਪਾਤਸ਼ਾਹ ਆਪਣੀ ਮਿਹਰ ਤੇ ਬਖਸ਼ਿਸ਼ ਦੁਆਰਾ ਆਪਣੇ ਸਾਧਕਾਂ ਨੂੰ

---

1. ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ।
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ।
(ਜਪੁ, ਆਦਿ ਗ੍ਰੰਥ, ਪੰਨਾ 6)

2. ਸਾਚਾ ਸਚੁ ਸੋਈ ਅਵਰੁ ਨ ਕੋਈ।
ਜਿਨਿ ਸਿਰਜੀ ਤਿਨ ਹੀ ਫੁਨਿ ਗੋਈ।
(ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1020)

3. ਮੁਨਿ ਜਨ ਸੇਵਕ ਸਾਧਿਕਾ ਨਾਮ ਰਤੇ ਗੁਣ ਤਾਸੁ।
ਸਚਿ ਰਤੇ ਜੇ ਜਿਣਿ ਗਏ ਹਉ ਸਦ ਬਲਿਹਾਰੈ ਜਾਸੁ।
(ਸਿਰੀ ਰਾਗੁ, ਆਦਿ ਗ੍ਰੰਥ, ਪੰਨਾ 57)

4. ਸਚਿ ਮਿਲੈ ਸਚਿਆਰ ਕੂੜਿ ਨ ਪਾਈਐ।
ਸਚਿ ਸਿਉ ਚਿਤੁ ਲਾਇ ਬਹੁੜਿ ਨ ਆਈਐ।
(ਆਸਾ ਰਾਗੁ, ਆਦਿ ਗ੍ਰੰਥ, ਪੰਨਾ 419)

5. ਸਚੇ ਤੇਰੇ ਖੰਡ ਸਚੇ ਬ੍ਰਹਮੰਡ।
ਸਚੇ ਤੇਰੇ ਲੋਅ ਸਚੇ ਆਕਾਰ।
(ਆਸਾ ਰਾਗੁ, ਆਦਿ ਗ੍ਰੰਥ, ਪੰਨਾ 463)

ਆਪਣੇ ਨਾਲ ਮਿਲਾ ਲੈਂਦਾ ਹੈ।[1]

<u>ਸਰਬਸ਼ਕਤੀਮਾਨ:</u> ਪਰਮਾਤਮਾ ਸਰਬਸ਼ਕਤੀਮਾਨ ਹੈ। ਇਸ ਸ੍ਰਿਸ਼ਟੀ ਤੇ ਸਭ ਕੁਝ ਪਰਮਾਤਮਾ ਦੀ ਮਰਜ਼ੀ ਅਨੁਸਾਰ ਹੀ ਹੁੰਦਾ ਹੈ। ਇਥੋਂ ਤਕ ਕਿ ਸਾਧਕ ਨੂੰ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਨਾ ਅਤੇ ਤੀਰਥ ਅਸਥਾਨਾਂ ਦਾ ਇਸ਼ਨਾਨ ਕਰਨਾ ਉਸ ਦੀ ਮਰਜ਼ੀ ਅਨੁਸਾਰ ਹੀ ਮਿਲਦਾ ਹੈ।[2] ਪਰਮਾਤਮਾ ਜੀਵਾਂ ਨੂੰ ਮਾਰਨ, ਜਿਵਾਉਣ ਅਤੇ ਬਖਸ਼ਿਸ਼ ਕਰਕੇ ਆਪਣੇ ਨਾਲ ਮਿਲਾਉਣ ਤੇ ਆਪਣਾ ਨਾਮ ਜਪਾਉਣ ਦੀ ਸਮਰਥਾ ਰਖਦਾ ਹੈ।[3] ਪਰਮਾਤਮਾ ਜਿਹਨਾਂ ਉਤੇ ਮਿਹਰਬਾਨ ਹੁੰਦਾ ਹੈ ਉਹਨਾਂ ਦੀ ਕਾਇਆ ਕਲਪ ਹੋ ਜਾਂਦੀ ਹੈ। ਉਹ ਕਾਵਾਂ ਤੇ ਬਗਲਿਆਂ ਅਰਥਾਤ ਮਨਮੁਖਾਂ ਤੇ ਦੰਭੀਆਂ ਨੂੰ ਆਪਣੀ ਮਿਹਰ ਦੁਆਰਾ ਹੰਸ ਅਰਥਾਤ ਗੁਰਮੁਖ ਬਣਾ ਦੇਂਦਾ ਹੈ।[4]

<u>ਸੈਭੰ:-</u> ਇਹ ਸ਼ਬਦ ਮੂਲ ਮੰਤਰ ਵਿਚ ਗੁਰੂ ਨਾਨਕ ਦੇਵ ਨੇ ਪਰਮਾਤਮਾ ਲਈ ਵਰਤਿਆ ਹੈ। ਇਸ ਸ਼ਬਦ ਦਾ ਭਾਵ ਇਹ ਹੈ ਕਿ ਜਿਹੜਾ ਬਿਨਾਂ ਕਿਸੇ ਨਿਰਮਾਣ ਕਰਤੇ ਦੇ ਆਪਣੀ ਹੋਂਦ ਆਪ ਹੀ ਧਾਰਨ ਕਰ ਲਵੇ। ਗੁਰੂ ਸਾਹਿਬ ਨੇ ਪਰਮਾਤਮਾ ਲਈ ਇਸ ਭਾਵਨਾ ਵਾਲੇ ਸ਼ਬਦਾਂ ਦੀ ਕਈ ਥਾਵਾਂ ਤੇ ਵਰਤੋਂ ਕੀਤੀ ਹੈ। ਉਹਨਾਂ ਦਾ ਵਿਚਾਰ ਹੈ ਕਿ ਪਰਮਾਤਮਾ ਨੇ ਆਪਣੇ ਆਪ ਵਿਚੋਂ ਆਪਣੇ ਆਪ ਨੂੰ ਸਾਜਿਆ ਹੈ ਤੇ ਫਿਰ ਉਸ ਨੇ ਆਪਣਾ ਨਾਮ ਵੀ ਆਪ ਹੀ ਰਚਿਆ ਹੈ।[5]

---

1. ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਏ।
   (ਸਿਰੀ ਰਾਗੁ, ਆਦਿ ਗ੍ਰੰਥ, ਪੰਨਾ 18)
2. ਤੁਧੁ ਭਾਵੈ ਤਾ ਵਾਵਹਿ ਗਾਵਹਿ ਤੁਧੁ ਭਾਵੈ ਜਲਿ ਨਾਵਹਿ।
   (ਮਾਝ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 144)
3. ਤੂੰ ਮਾਰ ਜੀਵਾਲਹਿ ਬਖਸਿ ਮਿਲਾਇ।
   ਜਿਉ ਭਾਵੀ ਤਿਉ ਨਾਮੁ ਜਪਾਇ।
   (ਗਉੜੀ ਰਾਗੁ, ਆਦਿ ਗ੍ਰੰਥ, ਪੰਨਾ 154)
4. ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ।
   ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ।
   (ਸਲੋਕ, ਆਦਿ ਗ੍ਰੰਥ, ਪੰਨਾ 91)
5. ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।
   (ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 463)

ਪਰਮਾਤਮਾ ਕਿਸੇ ਦੁਆਰਾ ਬਣਾਇਆ ਨਹੀਂ ਜਾ ਸਕਦਾ ਸਗੋਂ ਉਹ ਆਪਣੇ ਆਪ ਹੀ ਪੈਦਾ ਹੋਇਆ ਹੈ।[1] ਪਰਮਾਤਮਾ ਦੀ ਕੋਈ ਜਾਤੀ ਨਹੀਂ ਉਹ ਅਜੂਨੀ ਤੇ ਆਪਣੇ ਆਪ ਪੈਦਾ ਹੋਇਆ ਹੈ।[2]

<u>ਸਰਬ ਵਿਆਪਕ:</u> ਗੁਰੂ ਸਾਹਿਬ ਨੇ ਪਰਮਾਤਮਾ ਦੀ ਸਰਬਵਿਆਪਕਤਾ ਸੰਬੰਧੀ ਵਿਚਾਰ ਕੀਤੀ ਹੈ। ਸ੍ਰਿਸ਼ਟੀ ਦਾ ਸਿਰਜਣਹਾਰ ਪਰਮਾਤਮਾ ਸ੍ਰਿਸ਼ਟੀ ਦੇ ਕਣ ਕਣ ਵਿਚ ਵਿਆਪਕ ਹੋ ਕੇ ਇਸ ਦਾ ਪਸਾਰਾ ਵੇਖ ਰਿਹਾ ਹੈ। ਉਹ ਜਲ, ਥਲ ਤੇ ਸਾਰਿਆਂ ਜੀਵਾਂ ਵਿਚ ਸਮਾਇਆ ਹੋਇਆ ਹੈ।[3] ਪਰਮਾਤਮਾ ਚਾਰ ਤਰ੍ਹਾਂ ਨਾਲ ਪੈਦਾ ਕੀਤੇ ਗਏ ਸਾਰੇ ਜੀਵਾਂ ਵਿਚ ਵਸਿਆ ਹੋਇਆ ਹੈ।[4] ਸਾਰੀਆਂ ਥਾਵਾਂ ਤੇ ਪਰਮਾਤਮਾ ਦੀ ਜੋਤੀ ਦਾ ਹੀ ਪਸਾਰਾ ਹੈ। ਹਰ ਥਾਂ ਤੇ ਪਰਮਾਤਮਾ ਹੀ ਮੌਜੂਦ ਹੈ।[5] ਜੋ ਕੁਝ ਦਿਸਦਾ ਹੈ ਉਹ ਪਰਮਾਤਮਾ ਆਪ ਹੀ ਆਪ ਹੈ।[6]

---

1. ਥਾਪਿਆ ਨ ਜਾਇ ਕੀਤਾ ਨ ਹੋਇ।
   ਆਪੇ ਆਪਿ ਨਿਰੰਜਨੁ ਸੋਇ।
   (ਜਪੁ, ਆਦਿ ਗ੍ਰੰਥ, ਪੰਨਾ 2)
2. ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ।
   (ਸੋਰਠਿ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 497)
3. ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ।
   ਜਲਿ ਥਲਿ ਮਹੀਅਲਿ ਭਰਿਪੁਰ ਲੀਣਾ, ਆਪੇ ਸਰਬ ਸਮਾਣਾ। ਰਹਾਉ।
   (ਸੋਰਠਿ ਰਾਗੁ, ਆਦਿ ਗ੍ਰੰਥ, ਪੰਨਾ 496)
4. ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ।
   ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ।
   (ਸੋਰਠਿ, ਰਾਗੁ, ਪਦੇ, ਆਦਿ ਗ੍ਰੰਥ, ਪੰਨਾ 496)
5. ਸਰਬ ਜੋਤਿ ਤੇਰੀ ਪਸਰ ਰਹੀ। ਜਹ ਜਹ ਦੇਖਾ ਤਹ ਨਰਹਰੀ।
   (ਰਾਮਕਲੀ ਰਾਗੁ, ਆਦਿ ਗ੍ਰੰਥ, ਪੰਨਾ 876)
6. ਜੋ ਦੀਸੈ ਸੋ ਆਪੇ ਆਪਿ।
   ਆਪਿ ਉਪਾਇ ਆਪੇ ਘਟਿ ਥਾਪਿ।
   (ਰਾਮਕਲੀ ਰਾਗੁ, ਆਦਿ ਗ੍ਰੰਥ, ਪੰਨਾ 931)

<u>ਖਸਮ ਰੂਪ</u>: ਗੁਰੂ ਨਾਨਕ ਬਾਣੀ ਵਿਚ ਪਰਮਾਤਮਾ ਲਈ ਖਸਮ ਜਾਂ ਮਾਲਕ ਵਿਸ਼ੇਸ਼ਣ ਵਰਤਿਆ ਗਿਆ ਹੈ। ਆਪ ਸਾਧਕ ਨੂੰ ਇਕ ਮਹਾਨ ਮਾਲਕ ਦਾਤੇ ਦੀ ਚਾਕਰੀ ਕਰਨ ਲਈ ਕਹਿੰਦੇ ਹਨ। ਉਹਨਾਂ ਦਾ ਵਿਚਾਰ ਹੈ ਕਿ ਮਾਲਕ ਅੱਗੇ ਨਿਮਰਤਾ ਸਹਿਤ ਬੇਨਤੀ ਕਰਨੀ ਹੀ ਉਚਿਤ ਹੈ ਕਿਉਂਕਿ ਖਸਮ ਅੱਗੇ ਹੁਕਮ ਨਹੀਂ ਸਗੋਂ ਅਰਦਾਸ ਕਰਨੀ ਹੀ ਲੋੜੀਂਦੀ ਹੈ।[1] ਗੁਰੂ ਸਾਹਿਬ ਸਾਧਕ ਨੂੰ ਅਜਿਹੇ ਮਾਲਕ ਦਾ ਹੁਕਮ ਮੰਨਣ ਦਾ ਆਦੇਸ਼ ਦੇਂਦੇ ਹਨ ਕਿਉਂਕਿ ਅਜਿਹਾ ਕਰਨ ਨਾਲ ਮਨ ਇੱਛਤ ਫੱਲਾਂ ਦੀ ਪ੍ਰਾਪਤੀ ਹੁੰਦੀ ਹੈ ਅਤੇ ਉਸ ਦੀ ਦਰਗਾਹ ਵਿਚ ਇਜ਼ਤ ਤੇ ਮਾਣ ਨਸੀਬ ਹੁੰਦਾ ਹੈ।[2]

ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਨੇ ਬ੍ਰਹਮ ਬਾਰੇ ਆਪਣੇ ਸਿਧਾਂਤ ਨੂੰ ਬਣਾਉਣ ਅਤੇ ਇਸ ਦੀ ਵਿਆਖਿਆ ਕਰਨ ਹਿਤ ਬਹੁਤ ਸਾਰੇ ਪਰਿਭਾਸ਼ਕ ਸ਼ਬਦ ਉਹੀ ਵਰਤੇ ਹਨ, ਜੋ ਕਿ ਪਹਿਲਾਂ ਵੇਦਾਂਤ ਪਰੰਪਰਾ ਵਿਚ ਮੌਜੂਦ ਹਨ। ਇੰਜ ਗੁਰੂ ਨਾਨਕ ਬਾਣੀ ਦੇ ਸਿਧਾਂਤਕ ਪਹਿਲੂ ਉਪਰ ਵੇਦਾਂਤ ਦਾ ਰੰਗ ਸਾਫ ਦਿਸ ਆਉਂਦਾ ਹੈ। ਪਰ ਜਦੋਂ ਬ੍ਰਹਮ ਦੇ ਹੋਰ ਗੁਣਾਂ ਅਤੇ ਇਸ ਦੇ ਸ੍ਰਿਸ਼ਟੀ ਨਾਲ ਸੰਬੰਧ ਨੂੰ ਸਾਹਮਣੇ ਰਖਕੇ ਦੇਖਿਆ ਜਾਵੇ ਤਾਂ ਇੰਜ ਲਗੇਗਾ ਜਿਵੇਂ ਗੁਰੂ ਨਾਨਕ ਨੇ ਇਨ੍ਹਾਂ ਪਰੰਪਰਾਗਤ ਵੇਦਾਂਤਕ ਪਰਿਭਾਸ਼ਕ ਸ਼ਬਦਾਂ ਨੂੰ ਪਰੰਪਰਾਗਤ ਅਰਥਾਂ ਵਿਚ ਨਾ ਵਰਤ ਕੇ ਨਵੇਂ ਅਰਥ ਦਿਤੇ ਹਨ। ਨਤੀਜੇ ਵਜੋਂ ਗੁਰੂ ਨਾਨਕ ਦੇ ਬ੍ਰਹਮ ਸਿਧਾਂਤ ਵਿਚ ਭੀ ਫਰਕ ਆ ਗਿਆ ਹੈ।ਇਹ ਇਸ ਕਰਕੇ ਭੀ ਕਿ ਗੁਰੂ ਨਾਨਕ ਨੇ ਜੋ ਸਾਧਨਾ ਮਾਰਗ ਅਪਨਾਇਆ, ਉਹ ਭੀ, ਕਾਫੀ ਹਦ ਤਕ ਸ਼ੁਧ ਵੇਦਾਂਤੀਆਂ ਨਾਲੋਂ ਵਖਰਾ ਸੀ। ਇੰਜ ਬ੍ਰਹਮ ਪ੍ਰਤਿ ਦ੍ਰਿਸ਼ਟੀਕੋਣ ਜਾਂ ਉਨ੍ਹਾਂ ਦੇ ਬ੍ਰਹਮ-ਸਿਧਾਂਤ ਵਿਚ ਫਰਕ ਆਉਣਾ ਹੀ ਸੀ।

---

1. ਜਿਸਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ।
ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ।
(ਆਸਾ ਰਾਗੁ, ਵਾਰ, ਪਉੜੀ 22, ਆਦਿ ਗ੍ਰੰਥ, ਪੰਨਾ 474)

2. ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ।
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ।
ਤਾ ਦਰਗਹ ਪੈਧਾ ਜਾਇਸੀ।
(ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 471)

## ਜੀਵ

ਜੀਵ ਅਤੇ ਆਤਮਾ ਸੰਬੰਧੀ ਰਿਗ ਵੇਦ[1] ਵਿਚ ਜ਼ਿਕਰ ਮਿਲਦਾ ਹੈ। ਇਥੇ ਪਰਮਾਤਮਾ ਤੇ ਆਤਮਾ ਨੂੰ ਇਕੋ ਦ੍ਰਿਖ਼ਤ ਉਤੇ ਬੈਠੇ ਪਰਸਪਰ ਮਿਤਰਤਾ ਭਾਵ ਰਖਣ ਵਾਲੇ ਦੋ ਪੰਛੀਆਂ ਨਾਲ ਤੁਲਨਾ ਦਿਤੀ ਗਈ ਹੈ, ਜਿਹਨਾਂ ਵਿਚੋਂ ਇਕ ਪੰਛੀ ਦ੍ਰਿਖ਼ਤ ਦੇ ਫੱਲ ਖਾਏ ਬਿਨਾਂ ਸਾਖੀ ਰੂਪ ਵਿਚ ਕੇਵਲ ਵੇਖਦਾ ਰਹਿੰਦਾ ਹੈ ਅਤੇ ਦੂਸਰਾ ਦ੍ਰਿਖ਼ਤ ਦੇ ਫੱਲਾਂ ਨੂੰ ਖਾਂਦਾ ਹੈ।

ਸ਼੍ਵੇਤਾਸ਼੍ਵਤਰ ਉਪਨਿਸ਼ਦ[2] ਵਿਚ ਵੀ ਅਜਿਹਾ ਕਥਨ ਮਿਲਦਾ ਹੈ। ਆਤਮਾ, ਮਨ, ਇੰਦਰੀਆਂ ਆਦਿ ਦਾ ਪਰਸਪਰ ਸੰਬੰਧ ਕਠ ਉਪਨਿਸ਼ਦ[3] ਵਿਚ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ਕਿ ਆਤਮਾ ਰਥੀ (ਰਥ ਦਾ ਮਾਲਕ) ਹੈ, ਸਰੀਰ ਰਥ ਹੈ, ਬੁਧੀ ਰਥਵਾਨ ਹੈ, ਮਨ ਲਗਾਮ ਹੈ, ਇੰਦਰੀਆਂ ਘੋੜੇ ਹਨ ਅਤੇ ਵਿਸ਼ੇ ਉਹਨਾਂ ਘੋੜਿਆਂ ਦੇ ਚਲਣ ਦੇ ਮਾਰਗ ਹਨ।

ਉਪਨਿਸ਼ਦਾਂ ਵਿਚ ਮੁਖ ਤੌਰ ਤੇ ਅਧਿਆਤਮ ਵਿਦਿਆ ਪ੍ਰਧਾਨ ਹੈ, ਫਿਰ ਵੀ ਉਹਨਾਂ ਵਿਚ ਭੌਤਿਕ ਦ੍ਰਿਸ਼ਟੀ ਦਾ ਬਿਲਕੁਲ ਅਭਾਵ ਨਹੀਂ ਹੈ।

ਆਦਰਸ਼ਵਾਦੀ ਵਿਚਾਰਕਾਂ ਨੇ ਉਪਨਿਸ਼ਦਾਂ ਉਪਰ ਵਿਚਾਰ ਕਰਦੇ ਹੋਏ ਬੜੇ ਜ਼ੋਰ ਨਾਲ ਕਿਹਾ ਹੈ ਕਿ ਜੀਵ ਅਨਾਦੀ ਤੇ ਸ਼ਾਸਵਤ ਚੇਤਨਯ ਹੈ।[4]

ਆਦਰਸ਼ਵਾਦੀਆਂ ਅਨੁਸਾਰ ਆਤਮਾ ਸੁਤੰਤਰ ਚੇਤਨਯ ਹੈ ਅਤੇ ਸਰੀਰ ਤੋਂ ਵੱਖਰੀ ਉਸ ਦੀ ਸੁਤੰਤਰ ਸੱਤਾ ਹੈ। ਉਹ ਜਗਤ ਨੂੰ ਬ੍ਰਹਮ ਦਾ ਮੂਲ ਭੂਤ ਕਾਰਨ ਸਵੀਕਾਰ ਕਰਦੇ ਹਨ ਅਤੇ ਆਤਮਾ (ਜੀਵ) ਅਤੇ ਬ੍ਰਹਮ ਵਿਚ ਅਨੰਤ ਅਭੇਦ ਮੰਨਦੇ ਹਨ।

ਛਾਂਦੋਗਯ ਉਪਨਿਸ਼ਦ[5] ਵਿਚ ਅਨਾਦੀ ਤੱਤ (ਸੱਤ) ਦੇ ਅਸਤਿਤਵ ਦੀ ਚਰਚਾ ਦੇ ਪ੍ਰਸੰਗ ਵਿਚ ਸੱਤ ਦਾ ਅਰਥ ਬ੍ਰਹਮ ਕਰਦਿਆਂ ਹੋਇਆਂ, ਆਰੰਭ ਵਿਚ ਕੇਵਲ ਉਸੇ ਦੀ ਹੀ ਸੱਤਾ ਮੰਨੀ

---

1. ਰਿਗ ਵੇਦ 1/164/20
2. ਸ਼੍ਵੇਤਾਸ਼੍ਵਤਰ ਉਪਨਿਸ਼ਦ 4/6
3. ਕਠ ਉਪਨਿਸ਼ਦ 1/3/3-4
4. ਛਾਂਦੋਗਯ ਉਪਨਿਸ਼ਦ 3-14-1
5. ਉਹੀ 6-2-1

ਗਈ ਹੈ। ਇਸ ਤੋਂ ਜਗਤ ਦਾ ਮੂਲ ਕਾਰਨ ਸੱਤ ਸਾਬਤ ਹੁੰਦਾ ਹੈ, ਇਸੇ ਤੋਂ ਅਗਨੀ ਤੇ ਉਸ ਤੋਂ ਬਾਦ ਸਾਰੇ ਤੱਤਾਂ ਦੀ ਉਤਪਤੀ ਹੋਈ ਹੈ।

ਤੈਤ੍ਰੀਯ ਉਪਨਿਸ਼ਦ[1] ਵਿਚ ਆਤਮਾ ਤੋਂ ਆਕਾਸ਼ ਦੀ ਉਤਪਤੀ ਹੋਣ ਉਪਰੰਤ ਅੰਨ, ਅੰਨ ਤੋਂ ਬਾਦ ਵੀਰਜ ਅਤੇ ਵੀਰਜ ਤੋਂ ਮਨੁਖ ਦੀ ਉਤਪਤੀ ਦੀ ਚਰਚਾ ਕੀਤੀ ਗਈ ਹੈ। ਇਸ ਤੋਂ ਕਿ ਇਕ ਗਲ ਸਪਸ਼ਟ ਹੈ ਕਿ ਆਤਮਾ ਅਨਾਦੀ ਅਤੇ ਸਰੀਰ ਤੋਂ ਵਖਰੀ ਹੋਣ ਵਾਲੀ ਹੈ।

ਬ੍ਰਹਦਾਰਣਯਕ ਉਪਨਿਸ਼ਦ ਵਿਚ ਆਤਮਾ ਨੂੰ ਪ੍ਰਕਾਸ਼ ਸਰੂਪ ਚੇਤਨਯ ਦੇ ਰੂਪ ਵਿਚ ਸਵੀਕਾਰ ਕੀਤਾ ਗਿਆ ਹੈ। ਇਸ ਤਰ੍ਹਾਂ ਮਾਨਵ ਦਾ ਪ੍ਰਕਾਸ਼ ਉਸ ਦੀ ਆਤਮਾ ਹੈ। ਇਸੇ ਹੀ ਪ੍ਰਕਾਸ਼ ਦੇ ਕਾਰਣ ਮਨੁਖ ਚੇਤੰਨ ਅਤੇ ਗਿਆਤਾ ਹੈ। ਆਤਮਾ ਦੀ ਸਰਬ ਵਿਆਪਕਤਾ ਨੂੰ ਸਥਾਪਤ ਕਰਦੇ ਹੋਏ ਇਸ ਨੂੰ ਪਾਣੀ ਵਿਚ ਘੁਲੇ ਹੋਏ ਲੂਣ ਨਾਲ ਉਪਮਾਇਆ ਗਿਆ ਹੈ।

ਮੁੰਡਕ ਉਪਨਿਸ਼ਦ[2] ਵਿਚ ਵੀ ਬ੍ਰਹਮ ਹੀ ਬ੍ਰਹਮੰਡ ਕਹਿ ਕੇ ਬ੍ਰਹਮ ਦੀ ਸਰਬ ਵਿਆਪਕਤਾ ਨੂੰ ਸਵੀਕਾਰਿਆ ਗਿਆ ਹੈ।

ਪੰਡਤ ਬਲਦੇਵ ਉਪਾਧਿਆਇ[3] ਦਾ ਵਿਚਾਰ ਹੈ ਕਿ ਉਪਨਿਸ਼ਦਾਂ ਵਿਚ ਪਰਮਾਤਮਾ ਅਤੇ ਆਤਮਾ ਨੂੰ ਇਕ ਰੂਪ ਕਹਿੰਦੇ ਹੋਏ ਦਸਿਆ ਗਿਆ ਹੈ ਕਿ ਆਤਮਾ ਨਿਤ ਹੈ, ਉਹ ਕਦੇ ਮਰਦੀ ਨਹੀਂ। ਉਹ ਵਿਸ਼ਿਆਂ ਦਾ ਗ੍ਰਹਿਣ ਕਰਨ ਵਾਲੀਆਂ ਸਾਡੀਆਂ ਸਾਰੀਆਂ ਇੰਦਰੀਆਂ ਤੋਂ, ਸੰਕਲਪ ਵਿਕਲਪ ਵਾਲੇ ਸਾਡੇ ਮਨ ਤੋਂ, ਵਿਵੇਚਨਾਤਮਕ ਬੁਧੀ ਅਤੇ ਅਸਾਡੀ ਸੱਤਾ ਦੇ ਕਾਰਣ - ਭੂਤ ਪ੍ਰਾਣਾਂ ਤੋਂ ਵੱਖ ਹੈ।

ਉਪਨਿਸ਼ਦਾਂ ਵਿਚ ਅਧਿਆਤਮਵਾਦੀ ਜਾਂ ਆਦਰਸ਼ਵਾਦੀ ਦ੍ਰਿਸ਼ਟੀਕੋਣ ਦੇ ਨਾਲ ਨਾਲ ਭੌਤਿਕਵਾਦੀ ਦ੍ਰਿਸ਼ਟੀਕੋਣ ਦਾ ਵੀ ਪ੍ਰਗਟਾਵਾ ਮਿਲਦਾ ਹੈ। ਭੌਤਿਕਵਾਦੀ ਆਤਮਾ ਤੇ ਬ੍ਰਹਮ ਦੀ ਸੁਤੰਤਰ ਸੱਤਾ ਸਵੀਕਾਰਦੇ ਹੋਏ ਆਤਮਾ (ਜੀਵ) ਨੂੰ ਪਦਾਰਥ ਤੋਂ ਪੈਦਾ ਹੋਇਆ ਦਸਦੇ ਹਨ। ਉਪਨਿਸ਼ਦਾਂ ਵਿਚ ਜਗਤ ਦਾ ਅਨਾਦੀ ਅਤੇ ਮੂਲ ਕਾਰਣ ਪਦਾਰਥ ਹੀ ਦਸਿਆ ਗਿਆ ਹੈ। ਜਗਤ ਦੀ ਰਚਨਾ, ਜਗਤ ਦੀ ਸਥਿਤੀ ਅਤੇ ਕਾਰਜਸ਼ੀਲਤਾ ਪਦਾਰਥ ਦੇ ਅੰਦਰ ਮੌਜੂਦ ਗੁਣ ਦੇ ਕਾਰਣ ਮੰਨੀ ਗਈ ਹੈ।[4] ਇਸ ਤਰ੍ਹਾਂ ਉਪਨਿਸ਼ਦਾਂ ਦੇ ਸਿਰਜਣਹਾਰਿਆਂ ਸਾਹਮਣੇ ਭੌਤਿਕਵਾਦੀ ਦ੍ਰਿਸ਼ਟੀਕੋਣ ਵੀ ਜ਼ਰੂਰ ਸੀ।

33376

1. ਤੈਤ੍ਰੀਯ ਉਪਨਿਸ਼ਦ 2-1-1
2. ਮੁੰਡਕ ਉਪਨਿਸ਼ਦ 2-2-12
3. ਭਾਰਤੀ ਦਰਸ਼ਨ, ਪੰਨਾ 39
4. ਛਾਂਦੋਗਯ ਉਪਨਿਸ਼ਦ, 6-2-1-3, ਬ੍ਰਾਹਦਾਰਣਯਕ ਉਪਨਿਸ਼ਦ 5-5-1 , ਤੈਤ੍ਰੀਯ ਉਪਨਿਸ਼ਦ 2-1-1

ਇਸ ਤਰ੍ਹਾਂ ਉਪਨਿਸ਼ਦਾਂ ਵਿਚ ਜਿਥੇ ਅਧਿਆਤਮਵਾਦੀਆਂ ਨੇ ਸੰਪੂਰਨ ਜਗਤ ਅਤੇ ਇਸ ਦੇ ਕਾਰ ਵਿਹਾਰ ਨੂੰ ਪਰਮਾਤਮਾ ਦੀ ਅਭਿਵਿਅਕਤੀ ਦੇ ਰੂਪ ਵਿਚ ਹੀ ਸਵੀਕਾਰਿਆ ਹੈ, ਉਥੇ ਭੌਤਿਕਵਾਦੀਆਂ ਨੇ ਪਦਾਰਥ ਨੂੰ ਹੀ ਸ੍ਰਿਸ਼ਟੀ ਦਾ ਕਰਤਾ ਮੰਨਿਆ ਹੈ। ਭੌਤਿਕਵਾਦੀਆਂ ਦੀ ਸੁਰ ਬੜੀ ਮੱਧਮ ਹੈ ਜਦੋਂ ਕਿ ਅਧਿਆਤਮਵਾਦੀਆਂ ਦੀ ਸੁਰ ਬੜੀ ਹੀ ਪ੍ਰਧਾਨ ਹੈ।

ਭਗਵਦ ਗੀਤਾ ਵਿਚ ਵੀ ਆਤਮਾ ਸੰਬੰਧੀ ਵਿਸਤਾਰ ਸਹਿਤ ਚਰਚਾ ਹੋਈ ਮਿਲਦੀ ਹੈ। ਗੀਤਾ ਅਨੁਸਾਰ ਆਤਮਾ ਨਿੱਤ ਹੈ ਅਤੇ ਇਸ ਉਪਰ ਕਿਸੇ ਵਸਤੂ ਦਾ ਪ੍ਰਭਾਵ ਨਹੀਂ ਪੈਂਦਾ।[1] ਉਹ ਸਦੀਵੀ ਅਤੇ ਸਨਾਤਨ ਹੈ, ਮਰਦਾ ਕੇਵਲ ਸਰੀਰ ਹੀ ਹੈ।[2] ਆਤਮਾ ਅਵਿਅਕਤ, ਨਿਰਵਿਕਾਰ ਅਤੇ ਅਚਿੰਤ ਹੈ।[3] ਉਹ ਪਰਮਾਤਮਾ ਦਾ ਕੇਵਲ ਸਨਾਤਨ ਅੰਸ਼ ਹੈ।[4]

ਸ਼ੰਕਰ ਨੇ ਜੀਵ ਤੇ ਬ੍ਰਹਮ ਦੀ ਏਕਤਾ ਨੂੰ ਸਵੀਕਾਰ ਕੀਤਾ ਹੈ। ਉਸ ਨੇ ਜੀਵ ਨੂੰ ਬ੍ਰਹਮ ਹੀ ਕਿਹਾ ਹੈ। ਉਸ ਨੇ ਜਿਥੇ ਬ੍ਰਹਮ ਦੇ ਅਨਾਦੀ, ਯਥਾਰਥਕ ਅਤੇ ਨਿਰਵਿਸ਼ੇਸ਼ ਅਸਤਿਤਵ ਨੂੰ ਸਵੀਕਾਰਿਆ ਹੈ, ਉਥੇ ਨਾਲ ਹੀ ਜੀਵ ਦੀ ਕੇਵਲ ਵਿਹਾਰਕ ਸੱਤਾ ਹੀ ਮੰਨੀ ਹੈ। ਉਸ ਅਨੁਸਾਰ ਅਵਿਦਿਆ ਦੇ ਕਾਰਣ ਈਸ਼ਵਰ ਜੀਵ ਦੇ ਰੂਪ ਵਿਚ ਪ੍ਰਤੀਤ ਹੁੰਦਾ ਹੈ। ਇਸ ਤਰ੍ਹਾਂ ਜੀਵ ਦੀ ਕੋਈ ਯਥਾਰਥਕ ਸੱਤਾ ਨਹੀਂ ਹੈ।

ਡਾ: ਰਾਮ ਜੀ ਲਾਲ ਦਾ ਵਿਚਾਰ ਹੈ ਕਿ ਆਤਮਾ ਗਿਆਨ ਰੂਪ ਹੈ ਤੇ ਗਿਆਤਾ ਵੀ। ਇਸ ਨੂੰ ਜਾਨਣ ਲਈ ਕਿਸੇ ਗਿਆਨ ਦੀ ਲੋੜ ਨਹੀਂ। ਇਹ ਨਿੱਤ, ਨਿਰਾਕਾਰ, ਅਮਰ, ਸਰਬ ਵਿਆਪੀ, ਅਕਰਤਾ, ਅਭੋਗਤਾ ਅਤੇ ਸੁਖ ਦੁਖ ਤੋਂ ਪਰੇ ਹੈ। ਇਸ ਦਾ ਵਿਹਾਰਕ ਰੂਪ ਜੀਵ ਹੈ ਅਵਿਦਿਆ ਜੀਵ ਦਾ ਅਗਿਆਨ ਹੈ। ਆਤਮਾ ਜਦੋਂ ਨਾਮ ਰੂਪ ਦੀ ਉਪਾਧੀ ਨਾਲ ਯੁਕਤ ਹੁੰਦੀ ਹੈ ਤਾਂ ਇਹ ਜੀਵ ਅਖਵਾਉਂਦੀ ਹੈ।[5]

ਸ਼ੰਕਰ ਅਨੁਸਾਰ ਜੀਵ ਤੇ ਈਸ਼ਵਰ ਦਾ ਸੰਬੰਧ ਅੰਸ਼ ਤੇ ਅੰਸ਼ੀ ਦਾ ਸੰਬੰਧ ਹੈ। ਮੂਲ ਤੱਤ ਇਕ ਬ੍ਰਹਮ ਹੀ ਹੈ, ਬ੍ਰਹਮ ਹੀ ਅਵਿਦਿਆ ਦੇ ਕਾਰਨ ਜੀਵਤਵ ਨੂੰ ਪ੍ਰਾਪਤ ਕਰਦਾ ਹੈ। ਅਸਲੀਅਤ ਵਿਚ ਜੀਵਾਂ ਦਾ ਵਾਸਤਵਿਕ ਸਰੂਪ ਬ੍ਰਹਮ ਹੀ ਹੈ।[6] ਅਵਿਦਿਆ ਦੀ ਨਿਵਿਰਤੀ ਉਤੇ ਜੀਵ ਈਸ਼ਵਰ

---

1. ਭਗਵਦ ਗੀਤਾ 2/23
2. ਉਹੀ 2/20
3. ਉਹੀ 2/25
4. ਉਹੀ 15/7
5. ਕਬੀਰ ਦਰਸ਼ਨ, ਪੰਨਾ 166
6. ਭਾਮਤੀ, ਬ੍ਰਹਮ ਸੂਤ੍ਰ, 1/4/3

ਤਵ ਨੂੰ ਪ੍ਰਾਪਤ ਕਰਦਾ ਹੈ। ਸਾਰੇ ਸੁਖ ਦੁਖ ਦਾ ਭੋਗਣ ਵਾਲਾ ਅਤੇ ਵੱਖ ਵੱਖ ਕਾਰਜਾਂ ਦਾ ਕਰਤਾ ਇਹ ਜੀਵ ਹੀ ਹੈ।[1]

ਜੀਵ ਤੇ ਈਸ਼ਵਰ:

ਈਸ਼ਵਰ ਮਾਇਆ ਸ਼ਕਤੀ ਸੰਪੰਨ ਹੈ ਅਤੇ ਜੀਵ ਅਵਿਦਿਆ ਉਪਾਧੀ ਤੋਂ ਉਤਪੰਨ ਹੈ। ਜਦੋਂ ਈਸ਼ਵਰ ਸਰਬ ਗਿਆਨੀ, ਸਰਬਸ਼ਕਤੀਮਾਨ ਤੇ ਸਰਬਵਿਆਪਕ ਹੈ ਉਦੋਂ ਜੀਵ ਅਲਪਗ, ਤੁਛ ਅਤੇ ਲਘੂ ਹੈ।[2]

ਜੀਵ ਤੇ ਈਸ਼ਵਰ ਦਾ ਇਕ ਫਰਕ ਇਹ ਵੀ ਹੈ ਕਿ ਜੀਵ ਸੰਸਾਰਕ ਦੁਖ ਸੁਖ ਦਾ ਅਨੁਭਵ ਕਰਦਾ ਹੈ ਅਤੇ ਈਸ਼ਵਰ ਦੁਖ ਸੁਖ ਦਾ ਅਨੁਭਵ ਨਹੀਂ ਕਰਦਾ।

ਜੀਵ ਤੇ ਆਤਮਾ:

ਹਰੇਕ ਜੀਵ ਦਾ ਮੂਲ ਸਰੂਪ ਆਤਮਾ ਹੀ ਹੈ। ਆਤਮਾ ਹਰ ਇਕ ਜੀਵ ਵਿਚ ਬ੍ਰਹਮ ਰੂਪ ਹੈ। ਆਤਮਾ ਦੀ ਅਮਰਤਾ ਤੇ ਅਜਰਤਾ ਸ਼ੰਕਰ ਦੇ ਵੇਦਾਂਤ ਵਿਚ ਥਾਂ ਥਾਂ ਤੇ ਮੰਨੀ ਜਾਂਦੀ ਹੈ।[3] ਜੀਵ ਵੀ ਆਤਮਾ ਤੋਂ ਵੱਖ ਨਹੀਂ ਹੈ। ਨਾ ਇਹ ਉਸ ਦਾ ਅੰਸ਼ ਹੈ ਤੇ ਨਾ ਹੀ ਉਸ ਦਾ ਰੂਪਾਂਤਰ ਹੈ। ਇਸ ਦੇ ਉਲਟ ਜੀਵ ਸੁਭਾਵਕ ਤੌਰ ਤੇ ਆਤਮਾ ਹੀ ਹੈ।

ਜੀਵ ਤੇ ਆਤਮਾ ਦੇ ਇਕ ਹੋਣ ਉਤੇ ਵੀ ਜੀਵ ਦੀ ਆਤਮਰੂਪਤਾ ਦੇ ਬੋਧ ਦੇ ਨਾ ਹੋਣ ਦਾ ਕਾਰਣ ਇਹ ਹੈ ਕਿ ਇਹ ਅਵਿਦਿਆ ਤੋਂ ਪੈਦਾ ਹੋਈ ਵੱਖ ਵੱਖ ਉਪਾਧੀਆਂ ਤੋਂ ਆਵ੍ਰਿਤ ਹੈ। ਅਵਿਦਿਆ ਦੀ ਨਿਵਿਰਤੀ ਉਤੇ ਜੀਵ ਆਤਮ ਰੂਪਤਾ ਨੂੰ ਹੀ ਪ੍ਰਾਪਤ ਕਰਦਾ ਹੈ। ਆਤਮਰੂਪਤਾ ਦੀ ਹੀ ਸਥਿਤੀ ਬ੍ਰਹਮਤਵ ਦੀ ਸਥਿਤੀ ਹੈ।

ਰਾਮਾਨੁਜ ਨੇ ਸ਼ੰਕਰ ਦੇ ਵਿਪਰੀਤ ਜੀਵ ਨੂੰ ਬ੍ਰਹਮ ਮੰਨਣ ਦੀ ਥਾਂ ਤੇ ਜੀਵ ਦੀ ਵੱਖਰੀ ਸੱਤਾ ਨੂੰ ਸਵੀਕਾਰ ਕੀਤਾ ਹੈ।[4] ਰਾਮਾਨੁਜ ਅਨੁਸਾਰ ਪਰਮਾਤਮਾ ਪ੍ਰਕਾਰੀ ਸੱਤਾ ਹੈ ਜੀਵ

---

1. ਸ਼ੰਕਰ ਭਾਸ਼ਯ ਬ੍ਰਹਮ ਸੂਤ੍ਰ 2/2/29, 2/3/33
2. (ੳ) ਉਹੀ 2/3/29
   (ਅ) ਸ਼ਵੇਤਾ ਸ਼ਵਤਰ ਉਪਨਿਸ਼ਦ 5/9
3. ਸ਼ੰਕਰ ਭਾਸ਼ਯ ਗੀਤਾ 2/20, 2/24
4. Hiriyana, Outlines of Indian Philosophy, p. 405

ਉਸ ਦਾ ਪ੍ਰਕਾਰ ਹੈ। ਇਹ ਮੱਤ ਸਤਿਕਾਰਯਵਾਦ ਦਾ ਅਨੁਸਰਣ ਹੈ।[1] ਰਾਮਾਨੁਜ ਅਨੁਸਾਰ ਜੀਵ ਬ੍ਰਹਮ ਦਾ ਪ੍ਰਕਾਰ ਹੋਣ ਦੇ ਸਤ, ਆਨੰਦ, ਗਿਆਨ, ਸ਼ਕਤੀ ਸੰਪੰਨ, ਚੇਤਨਯ ਸਰੂਪ, ਅਪਰਿਵਰਤਨਸ਼ੀਲ, ਅਗੋਚਰ ਅਤੇ ਅਨੁਰੂਪ ਹੈ।[2]

ਸ਼ੰਕਰ ਵੇਦਾਂਤ ਦੇ ਵਿਪਰੀਤ ਜੀਵ ਤੇ ਬ੍ਰਹਮ ਵਿਚ ਅਦਵੈਤਤਾ ਨਾ ਮੰਨ ਕੇ 'ਅੰਸ਼ ਅੰਸ਼ੀ' ਭਾਵ ਦਾ ਪ੍ਰਗਟਾਵਾ ਕੀਤਾ ਗਿਆ ਹੈ। ਬ੍ਰਹਮ ਅੰਸ਼ੀ ਤੇ ਜੀਵ ਉਸ ਦਾ ਅੰਸ਼ ਹੈ। ਜੀਵ ਦੀ ਹਸਤੀ ਉਸੇ ਤਰ੍ਹਾਂ ਹੀ ਪਰਮਾਤਮਾ ਤੇ ਨਿਰਭਰ ਹੈ ਜਿਵੇਂ ਕਿ ਸਰੀਰ ਦੀ ਹੋਂਦ ਆਤਮਾ ਉਤੇ ਅਤੇ ਗੁਣ ਦੀ ਹੋਂਦ ਉਸ ਵਸਤੂ ਉਤੇ ਜਿਸ ਨਾਲ ਕਿ ਉਸ ਦਾ ਸੰਬੰਧ ਹੁੰਦਾ ਹੈ। ਇਸ ਤਰ੍ਹਾਂ ਜੀਵ ਈਸ਼ਵਰ ਦੇ ਅਧੀਨ ਹੈ। ਜੀਵ ਦਾ ਕੰਮ ਬ੍ਰਹਮ ਦਾ ਵਿਸ਼ੇਸ਼ਣ ਤੇ ਪ੍ਰਕਾਰ ਹੋਣ ਦੇ ਕਾਰਣ ਹੀ ਉਸ ਨੂੰ 'ਬ੍ਰਹਮ ਦਾ ਅੰਸ਼' ਕਿਹਾ ਗਿਆ ਹੈ।[3]

ਰਾਮਾਨੁਜ ਅਨੁਸਾਰ ਬ੍ਰਹਮ ਨਿਯਮਕ ਸੱਤਾ ਹੈ ਅਤੇ ਜੀਵ ਨਿਯਮਯ ਹੈ। ਉਹ ਜੀਵਾਂ ਦੀ ਉਤਪਤੀ ਕਰਕੇ ਉਹਨਾਂ ਦਾ ਨਿਯਮਯ ਕਰਦਾ ਹੈ। ਇਸ ਸੰਬੰਧ ਤੋਂ ਇਲਾਵਾ ਪਰਮਾਤਮਾ ਤੇ ਜੀਵ ਦੇ ਸਬੰਧ ਨੂੰ ਰਖਿਅਕ ਰਖਿਸ਼ਤ ਵੀ ਮੰਨਿਆ ਗਿਆ ਹੈ। ਭਗਵਾਨ ਜੀਵਾਂ ਨੂੰ ਭਗਤੀ ਦੀ ਪ੍ਰੇਰਨਾ ਦੇ ਕੇ ਉਹਨਾਂ ਦੀ ਰਖਿਆ ਲਈ ਬ੍ਰਹਮੰਡ ਦੀ ਰਚਨਾ ਕਰਦਾ ਹੈ। ਭਗਵਾਨ ਜੀਵਾਂ ਉਪਰ ਇਸ ਤਰ੍ਹਾਂ ਮਿਹਰਬਾਨੀ ਕਰਦਾ ਹੈ ਕਿ ਪਰਲੋ ਸਮੇਂ ਸਾਰੇ ਜੀਵ ਆਪਣੇ ਨਾਮ ਤੇ ਰੂਪ ਦਾ ਤਿਆਗ ਕਰਕੇ ਆਪਣੇ ਅੰਸ਼ੀ ਪਰਮਾਤਮਾ ਵਿਚ ਸਮਾ ਜਾਂਦੇ ਹਨ।

ਰਾਮਾਨੁਜ ਨੇ ਜੀਵ ਦੇ ਬਧ, ਮੁਕਤ ਤੇ ਨਿੱਤ ਤਿੰਨ ਭੇਦ ਮੰਨੇ ਹਨ।[4] ਜਿਹੜੇ ਜੀਵ ਅਗਿਆਨ ਕਾਰਣ ਬਾਰ ਬਾਰ ਜਨਮ ਲੈਂਦੇ ਹਨ ਉਹ ਬੱਧ ਕਹਾਉਂਦੇ ਹਨ। ਜਿਹੜੇ ਜੀਵ ਆਪਣੀ ਬੁਧੀ, ਗੁਣਾਂ ਤੇ ਭਗਤੀ ਰਾਹੀਂ ਸੰਸਾਰ ਤੋਂ ਮੁਕਤੀ ਪ੍ਰਾਪਤ ਕਰਦੇ ਹਨ, ਉਹ ਮੁਕਤ ਜੀਵ ਹਨ ਅਤੇ ਜਿਹੜੇ ਜੀਵ ਕਰਮ ਤੇ ਪ੍ਰਕ੍ਰਿਤੀ ਤੋਂ ਮੁਕਤ ਹੋ ਕੇ ਆਨੰਦ ਭੋਗਦੇ ਹਨ ਅਤੇ ਬੈਕੁੰਠ ਵਿਚ ਨਿਵਾਸ ਕਰਦੇ ਉਹ ਹਨ ਉਹ ਨਿੱਤ ਜੀਵ ਹਨ।

ਰਾਮਾਨੁਜ ਨੇ ਜੀਵ ਨੂੰ ਗਿਆਤਾ ਕਿਹਾ ਹੈ। ਬੰਧਨ ਤੇ ਮੁਕਤੀ ਦੋਨਾਂ ਅਵਸਥਾਵਾਂ ਵਿਚ ਜੀਵ ਦਾ ਗਿਆਨ ਬਣਿਆ ਰਹਿੰਦਾ ਹੈ।[5]

---

1. ਰਾਮਾਨੁਜ, ਸ੍ਰੀ ਭਾਸ਼ਯ 2-1-15
2. ਉਹੀ 2-2/2/16-32, 2/3/18
3. ਉਹੀ 2/3/45
4. ਯਤਿੰਦ੍ਰਮਤਦੀਪਿਕਾ, ਪੰਨਾ 32
5. S. Radha Krishan, Indian Philosophy, Vol. II, p. 692

ਰਾਮਾਨੁਜ ਅਨੁਸਾਰ ਜੀਵ ਜਗਤ ਦੀ ਰਚਨਾ ਭਗਵਾਨ ਦੀ ਲੀਲਾ ਹੈ। ਉਹ ਭਗਤਾਂ ਦੀ ਰਖਿਆ ਲਈ ਸਮੇਂ ਸਮੇਂ ਅਵਤਾਰ ਧਾਰਦੇ ਰਹਿੰਦੇ ਹਨ। ਉਹ ਇਸ ਨੂੰ ਭਗਵਾਨ ਦਾ ਗੌਪਰਿਤਵ ਭਾਵ ਮੰਨਦਾ ਹੈ ਅਤੇ ਉਪਦੇਸ਼ ਦੇਂਦਾ ਹੈ ਕਿ ਜੀਵ ਉਸ ਨੂੰ ਸਰਬਗ ਤੇ ਸਰਬਸ਼ਕਤੀਮਾਨ ਮੰਨ ਕੇ ਉਸ ਦੇ ਅਨੁਗ੍ਰਹਿ ਦੀ ਇੱਛਾ ਕਰਦਾ ਰਹੇ।[1]

ਸ੍ਰੀ ਰਾਮ ਜੀ ਲਾਲ ਨੇ ਸ੍ਰੀ ਭਾਸ਼ਯ ਦੇ ਆਧਾਰ ਤੇ ਇਹ ਮੰਨਿਆ ਹੈ ਕਿ ਕਰਮਾਂ ਦੇ ਅਨੁਸਾਰ ਹੀ ਆਤਮਾ ਨੂੰ ਸਰੀਰ ਪ੍ਰਾਪਤ ਹੁੰਦਾ ਹੈ। ਸਰੀਰ ਵਿਚ ਬੰਨ੍ਹੇ ਜਾਣ ਨਾਲ ਆਤਮਾ ਇੰਦਰੀਆਂ ਦੇ ਬੰਧਨ ਵਿਚ ਹੋ ਜਾਂਦੀ ਹੈ। ਭਾਵੇਂ ਆਤਮਾ ਅਣੂਰੂਪ ਹੈ, ਫਿਰ ਵੀ ਸਰੀਰ ਦੇ ਹਰ ਇਕ ਭਾਗ ਨੂੰ ਚੇਤਨਯਯੁਕਤ ਕਰ ਦਿੰਦੀ ਹੈ। ਇਸ ਚੇਤਨਯ ਯੁਕਤ ਸਰੀਰ ਨੂੰ ਹੀ ਆਤਮਾ ਆਪਣਾ ਰੂਪ ਮੰਨ ਲੈਂਦੀ ਹੈ।[2]

ਮਧਵ ਦੇ ਦਵੈਤਵਾਦ ਅਨੁਸਾਰ ਅਣੂਜੀਵ ਸਰਬ ਵਿਆਪਕ ਬ੍ਰਹਮ ਦੀ ਸੱਤਾ ਤੋਂ ਭਿੰਨ ਹੈ। ਜੀਵ ਤੇ ਬ੍ਰਹਮ ਵਿਚਲੀ ਭਿੰਨਤਾ ਮੁਕਤੀ ਦੀ ਅਵਸਥਾ ਵਿਚ ਵੀ ਬਣੀ ਰਹਿੰਦੀ ਹੈ। ਜੀਵ ਆਪਸ ਵਿਚ ਇਕ ਦੂਸਰੇ ਤੋਂ ਵੀ ਭਿੰਨ ਹਨ।

ਸਾਰੇ ਜੀਵਾਂ ਦਾ ਆਧਾਰ ਪਰਮਾਤਮਾ ਹੀ ਹੈ, ਜਿਹੜਾ ਉਹਨਾਂ ਦੇ ਪੂਰਬਲੇ ਕਰਮਾਂ ਅਨੁਸਾਰ ਹੀ ਉਹਨਾਂ ਨੂੰ ਕਰਮ ਕਰਨ ਲਈ ਪ੍ਰਵਿਰਤ ਕਰਦਾ ਹੈ।[3] ਇਥੋਂ ਤਕ ਕਿ ਜੀਵ ਦਾ ਸੁਪਨਾ ਵੀ ਪਰਮਾਤਮਾ ਦੀ ਇਛਾ ਤੇ ਹੀ ਅਧਾਰਤ ਹੁੰਦਾ ਹੈ।[4]

ਜੀਵ ਆਪਣੇ ਪੂਰਬਲੇ ਕਰਮਾਂ ਅਨੁਸਾਰ ਮੋਹ, ਦੁਖ ਅਤੇ ਭੈ ਆਦਿਕ ਦੋਸ਼ਾਂ ਨਾਲ ਭਰਿਆ ਹੋਇਆ ਹੈ, ਫਿਰ ਵੀ ਉਸ ਦਾ ਸੁਭਾ ਆਨੰਦ ਹੀ ਹੈ। ਮੁਕਤ ਅਵਸਥਾ ਵਿਚ ਜੀਵ ਆਪਣੇ ਆਨੰਦ ਸਰੂਪ ਸੁਭਾ ਨੂੰ ਪ੍ਰਾਪਤ ਕਰ ਲੈਂਦਾ ਹੈ।

ਪਰਮਾਤਮਾ ਨਿਯਮਯ ਅਤੇ ਜੀਵ ਨਿਯਮਕ ਹੈ। ਜਿਸ ਵਕਤ ਤਕ ਜੀਵ ਮੁਕਤੀ ਪ੍ਰਾਪਤ ਨਹੀਂ ਕਰ ਲੈਂਦਾ, ਉਸ ਵਕਤ ਤਕ ਉਸ ਦੀ ਵਿਸ਼ਿਸ਼ਟ ਸੱਤਾ ਬਣੀ ਰਹਿੰਦੀ ਹੈ।

ਜੀਵ ਤਿੰਨ ਪ੍ਰਕਾਰ ਦੇ ਹਨ। ਮੁਕਤੀ ਯੋਗ, ਨਿੱਤ ਸੰਸਾਰੀ ਅਤੇ ਤਮੋ ਯੋਗ। ਮੁਕਤੀ ਯੋਗ ਜੀਵਾਂ ਵਿਚ ਦੇਵ ਰਿਸ਼ੀ ਆਦਿਕ ਉਤਮ ਰੂਪ ਦੇ ਜੀਵ ਆਉਂਦੇ ਹਨ, ਨਿਤ ਸੰਸਾਰੀ ਜੀਵ ਦੁਖ ਸੁਖ

---

1. ਭਗਵਦ ਗੀਤਾ 9/30
2. ਕਬੀਰ ਦਰਸ਼ਨ, ਪੰਨਾ 166
3. ਮਧਵ ਭਾਸ਼ਯ ਬ੍ਰਹਮ ਸੂਤ੍ਰ 2/3/41, 2/3/42
4. ਉਹੀ 3/2/35

ਦਾ ਅਨੁਭਵ ਕਰਦੇ ਹੋਏ ਨਰਕ ਸਵਰਗ ਆਦਿ ਵਿਚ ਵਿਚਰਦੇ ਰਹਿੰਦੇ ਹਨ, ਜਦੋਂ ਕਿ ਦੈਂਤ ਰਾਕਸ਼ ਆਦਿ ਤਮੋ ਯੋਗੀ ਜੀਵ ਹਨ।

ਜੀਵ ਆਤਮਾ ਅਣੂ ਹੈ। ਹਰ ਇਕ ਪ੍ਰਾਣੀ ਵਿਚ ਭਿੰਨ ਭਿੰਨ ਜੀਵ ਹੈ। ਇਹ ਮਾਇਆ ਦੇ ਅਧੀਨ ਹੈ। ਇਹ ਕਰਤਾ ਅਤੇ ਭੋਗਤਾ ਹੈ।

ਵਲਭ ਦੇ ਮਤ ਨੂੰ ਸ਼ੁਧਾਦਵੈਤਵਾਦ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਮਤ, ਅਦਵੈਤਵਾਦ ਦੇ ਵਿਪਰੀਤ ਬ੍ਰਹਮ ਨੂੰ ਮਾਇਆ ਸੰਪੰਨ ਨਾ ਮੰਨ ਕੇ ਉਸ ਦੀ ਸ਼ੁਧ ਸਰੂਪਤਾ ਨੂੰ ਸਵੀਕਾਰਦਾ ਹੈ। ਵਲਭ ਅਨੁਸਾਰ ਬ੍ਰਹਮ ਮਾਇਆ ਸੰਪੰਨ ਨਹੀਂ ਹੈ ਉਹ ਕਾਰਜ ਕਾਰਣ ਰੂਪ ਹੈ। ਬ੍ਰਹਮ ਪੂਰਣ ਸ਼ੁਧ ਸੱਤਾ ਹੋਣ ਦੇ ਕਾਰਣ ਅਮਾਇਕ ਹੈ।

ਜੀਵ ਦਾ ਆਵਿਰਭਾਵ ਬ੍ਰਹਮ ਤੋਂ ਉਸੇ ਤਰ੍ਹਾਂ ਹੀ ਹੁੰਦਾ ਹੈ ਜਿਸ ਤਰ੍ਹਾਂ ਕਿ ਚਿੰਗਿਆਰੀਆਂ ਅਗਨੀ ਵਿਚੋਂ ਨਿਕਲਦੀਆਂ ਹਨ। ਉਸ ਨੇ ਜੀਵ ਦੀ ਉਤਪਤੀ ਤੇ ਮੌਤ ਨੂੰ ਨਹੀਂ ਮੰਨਿਆ। ਜਨਮ ਲੈਣਾ ਤੇ ਮਰਨਾ ਸਰੀਰ ਦਾ ਧਰਮ ਹੈ - ਜੀਵ ਦਾ ਨਹੀਂ।

ਜੀਵ ਅਣੂ ਤੇ ਈਸ਼ਵਰ ਦਾ ਅੰਸ਼ ਹੈ। ਅਣੂ ਹੁੰਦੇ ਹੋਏ ਵੀ ਜੀਵ ਸਰਬਵਿਆਪਕ ਹੈ, ਪਰ ਉਹ ਈਸ਼ਵਰ ਦੀ ਤਰ੍ਹਾਂ ਸਰਬਗ ਨਹੀਂ ਹੈ। ਜੀਵ ਉਸੇ ਤਰ੍ਹਾਂ ਹੀ ਈਸ਼ਵਰ ਦਾ ਅੰਸ਼ ਹੈ, ਜਿਸ ਤਰ੍ਹਾਂ ਕਿ ਚਿੰਗਿਆਰੀਆਂ ਅਗਨੀ ਦਾ ਅੰਸ਼ ਹਨ। ਇਸ ਤਰ੍ਹਾਂ ਜੀਵ ਤੇ ਬ੍ਰਹਮ ਵਿਚ ਅਭਿੰਨਤਾ ਹੈ।[1]

ਆਤਮਾ ਵਿਚ, ਪਰਮਾਤਮਾ ਦੀ ਇਛਾ ਅਨੁਸਾਰ ਦਬਿਆ ਹੋਇਆ ਆਨੰਦ ਜਦੋਂ ਪ੍ਰਗਟ ਹੋ ਜਾਂਦਾ ਹੈ ਤਾਂ ਅਣੂ ਆਤਮਾ ਸਰਬ ਵਿਆਪੀ ਹੋ ਜਾਂਦੀ ਹੈ। ਆਤਮਾਵਾਂ ਦੇ ਦੁਖ ਸੁਖ ਉਹਨਾਂ ਦੇ ਪਿਛਲੇ ਜਨਮਾਂ ਦੇ ਕਰਮਾਂ ਦਾ ਫੈਲ ਹਨ।

ਜੀਵ ਸੱਤ ਹੈ, ਕਿਉਂਕਿ ਇਹ ਪਰਮਾਤਮਾ ਦੀ ਲੀਲ੍ਹਾ ਹੈ। ਪਰਮਾਤਮਾ ਦੀ ਲੀਲ੍ਹਾ ਮਿਥਿਆ ਨਹੀਂ ਹੋ ਸਕਦੀ। ਸੱਚੇ ਦੀ ਰਚਨਾ ਵੀ ਸੱਚੀ ਹੈ, ਇਸ ਕਰਕੇ ਇਸ ਨੂੰ ਅਭਾਸ ਸੱਤਾ ਮੰਨਣਾ ਠੀਕ ਨਹੀਂ ਹੈ।

ਜੀਵ ਈਸ਼ਵਰ ਦਾ ਅੰਸ਼ ਹੋਣ ਦੇ ਕਾਰਣ ਈਸ਼ਵਰ ਤੋਂ ਅਭਿੰਨ ਹੈ। ਜੀਵ ਦਾ ਜੀਵਤਵ ਈਸ਼ਵਰ ਦਾ ਆਵਿਰਭਾਵ ਅਤੇ ਤਿਰੋਭਾਵ ਕਿਰਿਆਵਾਂ ਦਾ ਫੈਲ ਹੈ। ਇਹਨਾਂ ਕਿਰਿਆਵਾਂ

---

1. ਪ੍ਰਸਥਾਨ ਰਤਨਾਕਰ, ਪੰਨਾ 159

ਦੁਆਰਾ ਹੀ ਈਸ਼ਵਰ ਦੀਆਂ ਕੁਝ ਸ਼ਕਤੀਆਂ ਅਤੇ ਗੁਣ ਜੀਵ ਵਿਚ ਤਿਰੋਭੂਤ ਹੋ ਜਾਂਦੇ ਹਨ ਤੇ ਕੁਝ ਆਵਿਰਭੂਤ ਹੋ ਜਾਂਦੇ ਹਨ।[1]

ਨਿੰਬਾਰਕ ਅਨੁਸਾਰ ਜੀਵ ਤੇ ਪਰਮਾਤਮਾ ਦਾ ਸੰਬੰਧ ਅੰਸ਼ ਤੇ ਅੰਸ਼ੀ ਜਾਂ ਸ਼ਕਤੀ ਤੇ ਸ਼ਕਤੀਮਾਨ ਦਾ ਸੰਬੰਧ ਹੈ। ਜੀਵ ਅਨੰਤ ਅਤੇ ਅਣੂਰੂਪ ਹਨ। ਅਣੂ ਹੋਣ ਤੇ ਵੀ ਉਹ ਦੁਖ ਸੁਖ ਦਾ ਅਨੁਭਵ ਕਰਨ ਦੇ ਸਮਰਥ ਹਨ। ਸ਼ੰਕਰ ਦੇ ਵਿਪਰੀਤ ਜੀਵ ਬੰਧ ਅਤੇ ਮੁਕਤ ਦੋਨਾਂ ਅਵਸਥਾਵਾਂ ਵਿਚ ਹੀ ਕਾਰਜ ਕਰਦਾ ਰਹਿੰਦਾ ਹੈ। ਮੁਕਤ ਰੂਹਾਂ ਦਾ ਵਿਅਕਤਿਤਵ ਵੀ ਕਾਇਮ ਰਹਿੰਦਾ ਹੈ ਤੇ ਉਹ ਬ੍ਰਹਮ ਵਿਚ ਲੀਨ ਨਹੀਂ ਹੁੰਦੀਆਂ। ਮੁਕਤੀ ਦਾ ਮਤਲਬ ਆਤਮਾ ਦੇ ਵਿਅਕਤਿਤਵ ਦਾ ਵਿਨਾਸ਼ ਨਹੀਂ ਸਗੋਂ ਆਤਮਾ ਦੇ ਅਸਲੀ ਸੁਭਾ ਤੇ ਗੁਣਾਂ ਦਾ ਵਿਕਾਸ ਹੈ। ਜਦੋਂ ਆਤਮਾ ਆਪਣੇ ਪੂਰਣ ਵਿਕਾਸ ਤੇ ਪਹੁੰਚ ਜਾਂਦੀ ਹੈ ਤਾਂ ਉਸ ਦੇ ਵਿਚ ਦੇਵੀਗੁਣ ਆ ਜਾਂਦੇ ਹਨ ਅਤੇ ਉਹ ਈਸ਼ਵਰ ਦਾ ਰੂਪ ਹੋ ਜਾਂਦੀ ਹੈ। ਅਜਿਹੀ ਮੁਕਤੀ ਮਰਨ ਪਿਛੋਂ ਹੀ ਸੰਭਵ ਹੈ। ਇਸ ਸੰਸਾਰ ਵਿਚ ਜਿਵੇਂ ਅਦ੍ਵੈਤੀ ਮੰਨਦੇ ਹਨ, ਸੰਭਵ ਨਹੀਂ ਹੈ।[2]

ਜੀਵ ਬੇਸ਼ਕ ਕਰਤਾ, ਗਿਆਤਾ ਤੇ ਭੋਗਤਾ ਹੈ, ਪਰ ਉਹ ਸਦਾ ਹੀ ਈਸ਼ਵਰ ਦੇ ਅਧੀਨ ਰਹਿੰਦਾ ਹੈ, ਮੁਕਤ ਅਵਸਥਾ ਵਿਚ ਵੀ ਉਹ ਈਸ਼ਵਰ ਦੇ ਅਧੀਨ ਹੀ ਰਹਿੰਦਾ ਹੈ।

ਜੀਵ ਬੰਧ ਤੇ ਮੁਕਤ ਦੋ ਤਰ੍ਹਾਂ ਦੇ ਹੁੰਦੇ ਹਨ। ਬੰਧ ਜੀਵ - ਮੁਮੁਕਸ਼ੂ ਅਤੇ ਬਿਭੁਕਸ਼ੂ ਦੋ ਪ੍ਰਕਾਰ ਦੇ ਹਨ। ਮੁਮੁਕਸ਼ੂ ਮੁਕਤੀ ਦਾ ਇਛਕ ਹੁੰਦਾ ਹੈ ਅਤੇ ਬਿਭੁਕਸ਼ੂ ਸੰਸਾਰਕ ਪਦਾਰਥਾਂ ਦੇ ਆਨੰਦ ਮਾਨਣ ਦਾ ਇਛਕ ਹੁੰਦਾ ਹੈ। ਮੁਕਤ ਜੀਵਾਂ ਵਿਚੋਂ ਨਿੱਤ ਮੁਕਤ ਜੀਵ ਭਗਵਦ ਕ੍ਰਿਪਾ ਦੁਆਰਾ ਆਨੰਦ ਦੀ ਪ੍ਰਾਪਤੀ ਕਰਦੇ ਹਨ ਅਤੇ ਮੁਕਤ ਜੀਵ ਆਪਣੀ ਸਾਧਨਾ ਦੇ ਜ਼ੋਰ ਨਾਲ ਸੰਸਾਰ ਚੱਕਰ ਤੋਂ ਮੁਕਤੀ ਪ੍ਰਾਪਤ ਕਰਦੇ ਹਨ। ਨਿੰਬਾਰਕ ਅਨੁਸਾਰ ਮੁਕਤੀ ਦੀ ਪ੍ਰਾਪਤੀ ਭਗਵਦ ਕ੍ਰਿਪਾ ਦੇ ਰਾਹੀਂ ਹੀ ਸੰਭਵ ਹੈ।[3]

---

1. Dr. S.N. Das Gupta, Vol. IV, p. 367.
2. ਭਾਈ ਜੋਧ ਸਿੰਘ, ਗੁਰੂ ਨਾਨਕ ਅਤੇ ਵੇਦਾਂਤ, ਗੁਰੂ ਨਾਨਕ ਜੀਵਨ ਦਰਸ਼ਨ ਤੇ ਕਲਾ (ਸੰਪਾਦਕ) ਡਾਕਟਰ ਸੁਰਿੰਦਰ ਸਿੰਘ ਕੋਹਲੀ, ਪੰਨਾ 84
3. ਦਸ਼ਸ਼ਲੋਕੀ - 2

ਗੁਰੂ ਨਾਨਕ ਅਨੁਸਾਰ ਜੀਵ ਪਰਮਾਤਮਾ ਦੀ ਸ੍ਰਿਸ਼ਟੀ ਦੀ ਸਰਵੋਤਮ ਰਚਨਾ ਹੈ। ਆਪਣੇ ਵਿਚਲੀ ਚੇਤਨਤਾ ਕਾਰਣ ਹੀ ਇਹ ਦੁਖ ਸੁਖ ਦੇ ਅਨੁਭਵਾਂ ਨੂੰ ਪ੍ਰਾਪਤ ਕਰਦੀ ਹੈ। ਜੀਵ ਦੀ ਉਪਜ ਪਰਮਾਤਮਾ ਦੇ ਹੁਕਮ ਤੋਂ ਹੀ ਹੁੰਦੀ ਹੈ ਅਤੇ ਪਰਮਾਤਮਾ ਦੀ ਮਰਜ਼ੀ ਨਾਲ ਹੀ ਇਸ ਨੂੰ ਇਜ਼ਤ ਤੇ ਮਾਣ ਦੀ ਪ੍ਰਾਪਤ ਹੁੰਦੀ ਹੈ।[1] ਪਰਮਾਤਮਾ ਦੇ ਹੁਕਮ ਅਨੁਸਾਰ ਹੀ ਜੀਵ ਹੋਂਦ ਵਿਚ ਆਉਂਦਾ ਹੈ ਅਤੇ ਹੁਕਮ ਨਾਲ ਹੀ ਚਲਾ ਜਾਂਦਾ ਹੈ। ਸ੍ਰਿਸ਼ਟੀ ਦੇ ਹਰ ਪਾਸੇ ਹੀ ਪਰਮਾਤਮਾ ਦਾ ਹੁਕਮ ਪਸਰਿਆ ਹੋਇਆ ਹੈ।[2] ਸਾਰੇ ਜੀਵਾਂ ਦਾ ਕਰਤਾ ਉਹ ਪਰਮਾਤਮਾ ਹੀ ਹੈ।[3] ਉਸ ਨੇ ਜੀਵਾਂ ਨੂੰ ਪੈਦਾ ਕਰਕੇ ਅਜਿਹੀ ਜੁਗਤੀ ਕੇਵਲ ਆਪਣੇ ਹੱਥ ਵਿਚ ਹੀ ਲਈ ਹੋਈ ਹੈ।[4] ਸਾਰੇ ਜੀਵ ਉਸ ਪਰਮਾਤਮਾ ਦੇ ਹੀ ਅਧੀਨ ਹਨ।[5]

ਪਰਮਾਤਮਾ ਜੀਵਾਂ ਦੀ ਉਤਪਤੀ ਕਰਕੇ ਉਹਨਾਂ ਦੀ ਦੇਖ ਭਾਲ ਕਰਦਾ ਹੋਇਆ ਉਹਨਾਂ ਨੂੰ ਰੋਜ਼ੀ ਵੀ ਦੇਂਦਾ ਹੈ।[6] ਉਸ ਨੂੰ ਆਪਣੇ ਪੈਦਾ ਕੀਤੇ ਹੋਏ ਜੀਵਾਂ ਦੀ ਚਿੰਤਾ ਵੀ ਹੁੰਦੀ ਹੈ।

---

1. ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ।
   (ਜਪੁ, ਆਦਿ ਗ੍ਰੰਥ, ਪੰਨਾ 1)

2. ਹੁਕਮੇ ਆਵੈ ਹੁਕਮੇ ਜਾਇ। ਆਗੈ ਪਾਛੈ ਹੁਕਮਿ ਸਮਾਇ।
   (ਗਉੜੀ ਰਾਗੁ, ਆਦਿ ਗ੍ਰੰਥ, ਪੰਨਾ 151)

3. ਤੂ ਅੰਤਰਜਾਮੀ ਜੀਅ ਸਭ ਤੇਰੇ।
   ਤੂ ਦਾਤਾ ਹਮ ਸੇਵਕ ਤੇਰੇ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1038/1039)

4. ਜੀਅ ਉਪਾਇ ਜੁਗਤਿ ਹਥਿ ਕੀਨੀ।
   (ਆਸਾ ਰਾਗੁ, ਆਦਿ ਗ੍ਰੰਥ, ਪੰਨਾ 350)

5. ਜੀਅ ਪਿੰਡ ਸਭੁ ਤੇਰੈ ਪਾਸਿ।
   (ਸਿਰੀ ਰਾਗੁ, ਆਦਿ ਗ੍ਰੰਥ, ਪੰਨਾ 25)

6. ਜੀਅ ਉਪਾਇ ਰਿਜ਼ਕੁ ਦੇ ਆਪੇ।
   (ਮਾਰੂ ਰਾਗੁ, ਆਦਿ ਗ੍ਰੰਥ, ਪੰਨਾ 1042)

ਜਿਸ ਕਰਕੇ ਉਸ ਨੂੰ ਉਹਨਾਂ ਦੇ ਉਚਿਤ ਪ੍ਰਬੰਧ ਦੀ ਚਿੰਤਾ ਹੁੰਦੀ ਹੈ।[1]

ਜੀਵ ਦੀ ਸਾਰੀ ਹਸਤੀ ਬ੍ਰਹਮ ਤੇ ਹੀ ਅਧਾਰਿਤ ਹੈ। ਜਦੋਂ ਉਹ ਦੁਨੀਆਵੀ ਪਦਾਰਥਾਂ ਦੇ ਪਿਆਰ ਵਿਚ ਫਸ ਕੇ ਪਰਮਾਤਮਾ ਤੋਂ ਦੂਰ ਹੋ ਜਾਂਦਾ ਹੈ ਤਾਂ ਉਸ ਦੀ ਹਸਤੀ ਬੜੀ ਨਿਤਾਣੀ ਜਿਹੀ ਬਣ ਜਾਂਦੀ ਹੈ। ਉਸ ਨੂੰ ਚਾਰੇ ਪਾਸੇ ਪਰਮਾਤਮਾ ਦਾ ਪ੍ਰਕਾਸ਼ ਹੀ ਨਜ਼ਰ ਆਉਂਦਾ ਹੈ, ਉਦੋਂ ਤਕ ਉਹ ਪ੍ਰਸੰਨ ਚਿਤ ਰਹਿੰਦਾ ਹੈ, ਪਰ ਜਦੋਂ ਉਹ ਪਰਮਾਤਮਾ ਦੀ ਰੋਸ਼ਨੀ ਤੋਂ ਪਰੇ ਹੋ ਜਾਂਦਾ ਹੈ ਤਾਂ ਉਦੋਂ ਉਸ ਦੀ ਹਾਲਤ ਬੜੀ ਮਾੜੀ ਹੋ ਜਾਂਦੀ ਹੈ।[2]

ਸਤਿ ਪਰਮਾਤਮਾ ਤੋਂ ਪੈਦਾ ਹੋਇਆ ਜੀਵ ਅਮਰ ਤੇ ਅਡੁਬ ਹੁੰਦਾ ਹੈ।[3] ਪਰਮਾਤਮਾ ਦੇ ਸਾਜੇ ਹੋਏ ਜੀਵ ਨੂੰ ਮਾਰਿਆ ਵੀ ਨਹੀਂ ਜਾ ਸਕਦਾ।[4] ਪਰਮਾਤਮਾ ਸਾਰੇ ਜੀਵਾਂ ਵਿਚ ਵਿਆਪਕ ਹੈ।[5] ਸਾਰੇ ਜੀਵਾਂ ਵਿਚ ਪਸਰੀ ਹੋਈ ਜੋਤ ਕਾਰਨ ਹੀ ਸਾਰੇ ਜੀਵਾਂ ਵਿਚ ਚਾਨਣ ਪਸਰਿਆ ਹੋਇਆ ਹੈ।[6] ਇਕ ਥਾਂ[7] ਉਤੇ ਉਹ ਕਹਿੰਦੇ ਹਨ ਕਿ ਸਾਰੇ ਜੀਵਾਂ ਵਿਚ ਪਰਮਾਤਮਾ

---

1. ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ।
   (ਬਿਲਾਵਲ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 795)
2. ਜਹ ਜਹ ਦੇਖਾ ਤਹ ਤਹ ਤੂ ਹੈ, ਤੁਝ ਤੇ ਨਿਕਸੀ ਫੂਟ ਮਰਾਂ।
   (ਸਿਰੀ ਰਾਗੁ, ਆਦਿ ਗ੍ਰੰਥ, ਪੰਨਾ 556)
3. ਨ ਜੀਉ ਮਰੈ ਨ ਡੂਬੈ ਤਰੈ।
   (ਗਉੜੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 151)
4. ਨਾ ਜੀਉ ਮਰੈ ਨ ਮਾਰਿਆ ਜਾਈ ਕਰਿ ਕਰਿ ਦੇਖੈ ਸਬਦਿ ਰਜਾਈ ਹੇ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1026)
5. ਸਰਬ ਜੋਤਿ ਤੇਰੀ ਪਸਰ ਰਹੀ। ਜਹ ਜਹ ਦੇਖਾ ਤਹ ਨਰਹਰੀ।
   (ਰਾਮਕਲੀ ਰਾਗੁ, ਚਉਪਦੇ, ਆਦਿ ਗ੍ਰੰਥ, ਪੰਨਾ 876)
6. ਸਭ ਮਹਿ ਜੋਤਿ ਜੋਤਿ ਹੈ ਸੋਇ।
   (ਧਨਾਸਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 663)
7. ਅੰਤਰਿ ਜੋਤਿ ਭਲੀ ਜਗ ਜੀਵਨ। ਸਭ ਘਟ ਭੋਗੈ ਹਰਿ ਰਸੁ ਪੀਵਨ।
   ਆਪੇ ਲੇਵੈ ਆਪੇ ਦੇਵੈ ਤਿਹੁ ਲੋਈ ਜਗਤ ਪਿਤਾ ਦਾਤਾ ਹੇ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1031)

ਦੀ ਜੋਤ ਪਸਰੀ ਹੋਈ ਹੈ। ਉਹ ਸਾਰੇ ਹੀ ਸਰੀਰਾਂ ਨੂੰ ਭੋਗਦਾ ਤੇ ਅਨੰਦ ਮਾਣਦਾ ਹੈ। ਉਹ ਆਪੇ ਹੀ ਸਾਰਿਆਂ ਨੂੰ ਸਾਹ ਦੇਂਦਾ ਤੇ ਲੈਂਦਾ ਹੈ। ਉਹ ਤਿੰਨਾਂ ਲੋਕਾਂ ਦਾ ਸਿਰਜਣਹਾਰ ਤੇ ਦਾਤਾ ਹੈ।

ਗੁਰੂ ਨਾਨਕ ਦੇਵ ਅਨੁਸਾਰ ਪਰਮਾਤਮਾ ਦੁਆਰਾ ਜੀਵਾਂ ਦੀ ਉਤਪਤੀ ਚਾਰ ਸਾਧਨਾਂ ਦੁਆਰਾ ਹੁੰਦੀ ਹੈ ਅਤੇ ਇਹਨਾਂ ਚਾਰ ਸਾਧਨਾਂ ਦੁਆਰਾ ਪੈਦਾ ਹੋਏ ਜੀਵਾਂ ਵਿਚ ਪਰਮਾਤਮਾ ਆਪ ਹੀ ਰਮਿਆ ਹੁੰਦਾ ਹੈ। ਜਿਵੇਂ:

ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ॥
ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ॥[1]

ਗੁਰੂ ਸਾਹਿਬ ਦਾ ਵਿਚਾਰ ਹੈ ਕਿ ਆਤਮਾ ਵਿਚ ਪਰਮਾਤਮਾ ਅਤੇ ਪਰਮਾਤਮਾ ਵਿਚ ਆਤਮਾ ਰਮਿਆ ਹੋਇਆ ਹੈ। ਇਸ ਤਰ੍ਹਾਂ ਆਤਮਾ ਤੇ ਪਰਮਾਤਮਾ ਦੀ ਅਭਿੰਨਤਾ ਹੈ। ਆਤਮਾ ਪਰਮਾਤਮਾ ਦੀ ਉਹ ਸ਼ਕਤੀ ਹੈ ਜਿਸ ਵਿਚ ਪਰਮਾਤਮਾ ਦੇ ਸਾਰੇ ਹੀ ਗੁਣ ਮੌਜੂਦ ਹਨ।[2] ਪਰਮਾਤਮਾ ਸਾਰਿਆਂ ਹਿਰਦਿਆਂ ਵਿਚ ਵਿਆਪਕ ਹੈ। ਜੀਵ ਅਸਲ ਵਿਚ ਪਰਮਾਤਮਾ ਹੀ ਹਨ। ਜਦੋਂ ਇਸ ਗਿਆਨ ਰੂਪੀ ਚਾਨਣ ਦਾ ਪ੍ਰਕਾਸ਼ ਹੁੰਦਾ ਹੈ ਤਾਂ ਆਤਮਾ ਸਹਿਜੇ ਹੀ ਅਨੰਦ ਵਿਚ ਲੀਨ ਹੋ ਜਾਂਦੀ ਹੈ।[3]

ਆਤਮਾ ਪਰਮਾਤਮਾ ਦਾ ਅੰਸ਼ ਹੈ। ਆਤਮਾ ਸਤਿ, ਚਿਤ, ਅਨੰਦ ਤੇ ਅਮਰ ਹੈ। ਮਨੁਖ ਦਾ ਸਭ ਤੋਂ ਉੱਤਮ ਉਦੇਸ਼ ਇਹ ਹੈ ਕਿ ਉਹ ਆਤਮਾ ਨੂੰ ਸਾਖਿਆਤ ਕਰ ਲਵੇ ਜਿਸ ਨਾਲ ਉਹ ਨਿਰੰਕਾਰ ਪਰਮਾਤਮਾ ਹੀ ਹੋ ਜਾਂਦਾ ਹੈ।[4] ਜੀਵ ਦੇ ਅੰਦਰ ਪਰਮਾਤਮਾ ਦਾ ਨਿਵਾਸ ਹੈ।

---

1. ਸੋਰਠਿ, ਪਦੇ 4/3, ਆਦਿ ਗ੍ਰੰਥ, ਪੰਨਾ 596
2. ਆਤਮ ਮਹਿ ਰਾਮੁ ਰਾਮ ਮਹਿ ਆਤਮੁ।
   (ਭੈਰਉ ਰਾਗੁ, ਆਦਿ ਗ੍ਰੰਥ, ਪੰਨਾ 1153)
3. ਸਭ ਮਹਿ ਜੀਉ ਜੀਉ ਹੈ ਸੋਈ ਘਟਿ ਘਟਿ ਰਹਿਆ ਸਮਾਈ।
   ਗੁਰ ਪਰਸਾਦਿ ਘਰ ਹੀ ਪਰਗਾਸਿਆ ਸਹਿਜੇ ਸਹਿਜ ਸਮਾਈ।
   (ਭੈਰਉ ਰਾਗੁ, ਆਦਿ ਗ੍ਰੰਥ, ਪੰਨਾ 1275)
4. ਆਤਮ ਚੀਨ ਭਏ ਨਿਰੰਕਾਰੀ।
   (ਆਸਾ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 415)

ਜਦੋਂ ਜੀਵ ਦੇ ਅੰਦਰ ਪਰਮਾਤਮਾ ਦਾ ਵਸੇਬਾ ਹੋ ਜਾਂਦਾ ਹੈ ਤਾਂ ਉਸ ਵਿਚੋਂ ਹੰਕਾਰ ਦੀ ਨਿਵਿਰਤੀ ਹੋ ਜਾਂਦੀ ਹੈ ਅਤੇ ਉਸ ਨੂੰ ਪਰਮਾਤਮਾ ਸਾਖਸ਼ਾਤ ਰੂਪ ਵਿਚ ਮਿਲ ਜਾਂਦਾ ਹੈ। ਇਸ ਤਰ੍ਹਾਂ ਜੀਵਾਂ ਦੀ ਉਤਪਤੀ ਤੇ ਲੀਨਤਾ ਬ੍ਰਹਮ ਵਿਚ ਹੀ ਹੁੰਦੀ ਹੈ।[1]

ਪਰ, ਇਸ ਦੇ ਵਿਪਰੀਤ, ਜੀਵ ਜਿਤਨੀ ਦੇਰ ਤਕ ਮਾਇਆ ਦੇ ਪ੍ਰਭਾਵ ਅਧੀਨ ਰਹਿੰਦਾ ਹੈ, ਉਸ ਦਾ ਆਵਾਗਵਨ ਬਣਿਆ ਰਹਿੰਦਾ ਹੈ। ਕੀਤੇ ਹੋਏ ਕਰਮਾਂ ਅਨੁਸਾਰ ਉਸ ਨੂੰ 84 ਲੱਖ ਜੂਨਾਂ ਵਿਚ ਭਟਕਣਾ ਪੈਂਦਾ ਹੈ। ਉਸ ਨੂੰ ਕਦੀ ਰੁਖ, ਕਦੀ ਪਸ਼ੂ, ਪੰਛੀ ਤੇ ਕਦੀ ਸੱਪ ਦੀ ਜੂਨ ਵਿਚ ਭਟਕਣਾ ਪੈਂਦਾ ਹੈ।[2] ਮਾਇਆ ਗ੍ਰਸਤ ਜੀਵ ਬਚੇ ਨਹੀਂ ਰਹਿ ਸਕਦੇ। ਉਹ ਉਸੇ ਤਰ੍ਹਾਂ ਹੀ ਪਕੜੇ ਜਾਂਦੇ ਹਨ ਜਿਵੇਂ ਮਛੀ ਜਾਲ ਵਿਚ ਅਚਾਨਕ ਪਕੜੀ ਜਾਂਦੀ ਹੈ ਤੇ ਫਿਰ ਦੁਖੀ ਹੁੰਦੀ ਹੈ।[3]

ਗੁਰੂ ਸਾਹਿਬ ਦਾ ਵਿਚਾਰ ਹੈ ਕਿ ਜੀਵ ਅਨੰਤ ਹਨ।[4] ਉਹਨਾਂ ਅਨੁਸਾਰ ਜੀਵ ਦੇ ਅਣਗਿਣਤ ਜਨਮਾਂ ਦਾ ਕੋਈ ਅੰਤ ਨਹੀਂ ਹੈ। ਜੀਵ ਦੇ ਕਿਤਨੇ ਹੀ ਮਾਂ ਪਿਉ ਤੇ ਪੁਤਰ ਧੀਆਂ ਬਣੇ ਹਨ ਤੇ ਕਿਤਨੇ ਹੀ ਗੁਰੂਆਂ ਦਾ ਉਹ ਚੇਲਾ ਬਣਿਆ ਹੈ।[5]

---

1. ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ।
   (ਮਾਰੂ ਰਾਗੁ, ਆਦਿ ਗ੍ਰੰਥ, ਪੰਨਾ 1035)
2. ਕੇਤੇ ਰੁਖ ਬਿਰਖ ਹਮ ਚੀਨੇ, ਕੇਤੇ ਪਸੂ ਉਪਾਇ।
   ਕੇਤੇ ਨਾਗ ਕੁਲੀ ਮਹਿ ਆਏ, ਕੇਤੇ ਪੰਖ ਉਡਾਇ।
   (ਗਉੜੀ ਰਾਗੁ, ਆਦਿ ਗ੍ਰੰਥ, ਪੰਨਾ 156)
3. ਜਿਉਂ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ।
   (ਸਿਰੀ ਰਾਗੁ, ਆਦਿ ਗ੍ਰੰਥ, ਪੰਨਾ 55)
4. ਤਿਸੁ ਵਿਚਿ ਜੀਅ ਜੁਗਤਿ ਕੇ ਰੰਗ।
   ਤਿਨਕੇ ਨਾਮ ਅਨੇਕ ਅਨੰਤ।
   (ਜਪੁ, ਆਦਿ ਗ੍ਰੰਥ, ਪੰਨਾ 7)
5. ਘਰ ਦਰ ਫਿਰਿ ਥਾਕੀ ਬਹੁ ਤੇਰੇ। ਜਾਤਿ ਅਸੰਖ ਅੰਤ ਨਹੀਂ ਮੇਰੇ।
   ਕੇਤੇ ਮਾਤ ਪਿਤਾ ਸੁਤ ਧੀਆ। ਕੇਤੇ ਗੁਰ ਚੇਲੇ ਫੁਨਿ ਹੂਆ।
   (ਰਾਮਕਲੀ ਰਾਗੁ, ਦਖਣੀ ਓਅੰਕਾਰ, ਆਦਿ ਗ੍ਰੰਥ, ਪੰਨਾ 932)

ਇਕ ਹੋਰ ਥਾਂ ਤੇ ਗੁਰੂ ਸਾਹਿਬ ਲਿਖਦੇ ਹਨ ਕਿ ਜੀਵ ਆਤਮਾ ਕਈਆਂ ਸਰੀਰਾਂ ਨਾਲ ਜੁੜ ਕੇ ਵਿਛੜੀ ਅਤੇ ਵਿਛੜ ਕੇ ਫਿਰ ਜੁੜੀ ਹੈ। ਜੀਵ ਕਈ ਵਾਰੀ ਜਨਮ ਲੈ ਕੇ ਮਰੇ ਅਤੇ ਕਈ ਵਾਰੀ ਜਨਮੇ ਹਨ। ਕਈਆਂ ਗੁਰੂਆਂ ਦੇ ਚੇਲੇ ਬਣੇ ਹਨ। ਜਿਹਨਾਂ ਜਾਤੀਆਂ ਵਿਚ ਜੀਵ ਪਿਛੇ ਜਨਮਿਆ ਸੀ ਅਤੇ ਜਿਸ ਅਵਸਥਾ ਵਿਚ ਹੁਣ ਹੈ ਅਤੇ ਜਿਸ ਅਵਸਥਾ ਵਿਚ ਅਗੇ ਹੋਵੇਗਾ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ।[1]

ਜੀਵ ਬੇਸ਼ਕ ਪਰਮਾਤਮਾ ਨਾਲੋਂ ਭਿੰਨ ਹੈ, ਫਿਰ ਵੀ, ਉਹ ਪਰਮਾਤਮਾ ਦੇ ਅਧੀਨ ਹੀ ਹੈ। ਜੀਵਾਂ ਦੇ ਹਿਸਾਬ ਵਿਚ ਸ਼ੁਰੂ ਤੋਂ ਜੋ ਕੁਝ ਪੈ ਜਾਂਦਾ ਹੈ, ਉਸੇ ਅਨੁਸਾਰ ਹੀ ਅਮਲ ਕਰਦੇ ਹਨ, ਜੀਵਾਂ ਦੇ ਆਪਣੇ ਵਸ ਕੁਝ ਨਹੀਂ ਹੈ। ਪਰਮਾਤਮਾ ਕਈਆਂ ਨੂੰ ਆਪਣੀ ਮਰਜ਼ੀ ਨਾਲ ਖੁਆਰ ਕਰਦਾ ਹੈ।[2] ਅਰਥਾਤ ਜੀਵ ਦੇ ਹਰ ਕਰਮ ਪਿਛੇ ਪਰਮਾਤਮਾ ਦੀ ਮਰਜ਼ੀ ਚਲ ਰਹੀ ਹੈ।

## ਮਨੁਖ:

ਗੁਰੂ ਨਾਨਕ ਦੇਵ ਅਨੁਸਾਰ ਪਰਮਾਤਮਾ ਦੀ ਬਣਾਈ ਸ੍ਰਿਸ਼ਟੀ ਵਿਚੋਂ ਚੇਤਨਤਾ ਤੇ ਬੁਧੀ ਦਾ ਸੁਆਮੀ ਮਨੁਖ ਹੀ ਸਰਵੋਤਮ ਸਥਾਨ ਰਖਦਾ ਹੈ। ਗੁਰੂ ਨਾਨਕ ਦੇਵ ਮਨੁਖੀ ਜੀਵਨ ਦੀ ਦੁਰਲੱਭਤਾ ਸ੍ਰੇਸ਼ਟਤਾ ਤੇ ਉਤਮਤਾ ਨੂੰ ਬਿਆਨ ਕਰਦੇ ਹੋਏ ਦਸਦੇ ਹਨ ਕਿ ਗੁਰਮੁਖ ਵਿਅਕਤੀਆਂ ਨੂੰ ਹੀ ਇਸ ਜੂਨ ਦੀ ਮਹੱਤਤਾ ਦਾ ਗਿਆਨ ਹੁੰਦਾ ਹੈ।[3] ਕੇਵਲ ਮਨੁਖੀ ਜੂਨ ਵਿਚ ਜੀਵ ਪਰਮਾਤਮਾ ਨੂੰ ਮਿਲ

---

1. ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ। ਜੀਵਿ ਜੀਵਿ ਮੁਏ ਮੁਏ ਜੀਵੇ।
ਕੇਤਿਆ ਕੇ ਬਾਪ ਕੇਤਿਆ ਕੇ ਬੇਟੇ। ਕੇਤੇ ਗੁਰ ਚੇਲੇ ਹੂਏ।
ਆਗੈ ਪਾਛੈ ਗਣਤ ਨ ਆਵੈ। ਕਿਆ ਜਾਤੀ ਕਿਆ ਹੁਣਿ ਹੂਏ।
(ਸਾਰੰਗ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 1238)

2. ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ ਤਾ ਤਿਨੀ ਖਸਮੁ ਧਿਆਇਆ।
ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ।
ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ।
(ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 469)

3. ਮਾਣਸ ਜਨਮੁ ਦੁਲੰਭ ਗੁਰਮੁਖਿ ਪਾਇਆ।
(ਸੂਹੀ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 751)

ਸਕਦਾ ਹੈ।[1] ਜਿਹੜੇ ਮਨੁਖ ਅਜਿਹਾ ਅਮੋਲਕ ਮਨੁਖੀ ਜੀਵਨ ਪਾ ਕੇ ਵੀ ਪਰਮਾਤਮਾ ਦਾ ਸਿਮਰਨ ਨਹੀਂ ਕਰਦੇ ਉਹ ਹਮੇਸ਼ਾ ਦੁਖੀ ਰਹਿੰਦੇ ਹਨ।[2] ਉਹਨਾਂ ਬੰਦਿਆਂ ਦਾ ਹੀਰੇ ਵਰਗਾ ਕੀਮਤੀ ਮਨੁਖਾ ਜਨਮ ਸੰਸਾਰਕ ਸੁਆਦਾਂ ਤੇ ਆਰਾਮ ਪ੍ਰਸਤੀਆਂ ਵਿਚ ਗਲਤਾਨ ਹੋਣ ਕਾਰਨ ਕੌਡੀ ਵਾਂਗ ਐਵੇਂ ਬਿਰਥਾ ਹੀ ਚਲਾ ਜਾਂਦਾ ਹੈ।[3]

ਗੁਰੂ ਸਾਹਿਬ ਅਨੁਸਾਰ ਅਸਲੀ ਮਨੁਖਾ ਜੀਵਨ ਉਹੋ ਹੀ ਹੈ ਜਿਹੜਾ ਕਿ ਨਾਮ ਨੂੰ ਹਿਰਦੇ ਵਿਚ ਵਸਾ ਕੇ ਜੀਵਿਆ ਜਾਂਦਾ ਹੈ। ਜੇਕਰ ਕੋਈ ਨਾਮ ਰਹਿਤ ਜੀਵਨ ਬਸਰ ਕਰਦਾ ਹੈ ਤਾਂ ਉਸ ਦੀ ਜ਼ਿੰਦਗੀ ਇਕ ਲਾਹਨਤ ਦੀ ਜ਼ਿੰਦਗੀ ਹੈ ਅਤੇ ਉਸ ਦਾ ਖਾਣਾ ਪੀਣਾ ਸਭ ਹਰਾਮ ਹੀ ਹੈ।[4]

ਗੁਰੂ ਨਾਨਕ ਦੇਵ ਨੇ ਮਨੁਖੀ ਜੀਵਨ ਦੀਆਂ ਅਵਸਥਾਵਾਂ ਨੂੰ ਨੌਂ ਵੱਖ ਵੱਖ ਹਿਸਿਆਂ ਵਿਚ ਵੰਡਿਆ ਹੈ। ਉਹਨਾਂ ਦੁਆਰਾ ਕੀਤੀ ਗਈ ਵੰਡ ਬੜੀ ਚਿਤ੍ਰਾਤਮਕ ਹੈ। ਆਪ ਸਾਰੀ ਉਮਰ ਦਾ ਨਿਚੋੜ ਪੇਸ਼ ਕਰਦੇ ਹੋਏ ਲਿਖਦੇ ਹਨ ਕਿ ਮਨੁਖ ਦੀ ਦਸ ਸਾਲ ਤਕ ਦੀ ਬਚਪਨ ਦੀ ਅਵਸਥਾ ਰਹਿੰਦੀ ਹੈ। ਵੀਹਾਂ ਸਾਲਾਂ ਤਕ ਜਵਾਨੀ ਆ ਜਾਂਦੀ ਹੈ। ਤੀਹਾਂ ਸਾਲਾਂ ਤਕ ਸੁੰਦਰਤਾ ਦੀ ਸਿਖਰ ਹੋ ਜਾਂਦੀ ਹੈ। ਚਾਲੀ ਸਾਲਾਂ ਤਕ ਅਧਖੜ ਅਵਸਥਾ ਸ਼ੁਰੂ ਹੋ ਜਾਂਦੀ ਹੈ। 50 ਸਾਲਾਂ ਦੀ ਉਮਰ ਵਿਚ ਪ੍ਰਾਣੀ ਦੇ ਪੈਰ ਖਿਸਕਣ ਲਗਦੇ ਹਨ। 60 ਸਾਲਾਂ ਦੀ ਉਮਰ ਵਿਚ ਬਜ਼ੁਰਗੀ ਆ ਜਾਂਦੀ ਹੈ। ਸੱਤਰ ਸਾਲਾਂ ਦੀ ਉਮਰ ਵਿਚ ਮਨੁਖ ਦੀ ਮੱਤ ਹੀਣੀ ਹੋ ਜਾਂਦੀ ਹੈ। ਅੱਸੀ ਸਾਲਾਂ ਦੀ ਉਮਰ ਵਿਚ ਜੀਵ ਕੋਈ ਕੰਮ ਕਾਰ ਕਰ ਸਕਣ ਤੋਂ ਅਸਮਰਥ ਹੋ ਜਾਂਦਾ ਹੈ। 90 ਸਾਲਾਂ ਦੀ ਉਮਰ ਵਿਚ ਉਸ ਦੀਆਂ ਸਾਰੀਆਂ ਸ਼ਕਤੀਆਂ ਜੁਆਬ ਦੇ ਜਾਂਦੀਆਂ

---

1. ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹੁ।
   (ਸਿਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 20)
2. ਨਾਮੁ ਵਿਸਾਰਿ ਦੋਖ ਦੁਖ ਸਹੀਐ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1028)
3. ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ ਬਦਲੈ ਜਾਇ।
   (ਸਿਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 22)
4. ਸੋ ਜੀਵਿਆ ਜਿਸੁ ਮਨਿ ਵਸਿਆ ਸੋਇ। ਨਾਨਕ ਅਵਰੁ ਨ ਜੀਵੈ ਕੋਇ।
   ਜੇ ਜੀਵੈ ਪਤਿ ਲਥੀ ਜਾਇ। ਸਭ ਹਰਾਮ ਜੇਤਾ ਕਿਛੁ ਖਾਇ।
   (ਮਾਝ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 142)

ਦੇ ਜਾਂਦੀਆਂ ਹਨ ਤੇ ਉਹ ਕੇਵਲ ਬਿਸਤਰ ਤੇ ਲੰਮਾ ਹੀ ਪਿਆ ਰਹਿੰਦਾ ਹੈ।[1]

## ਮਨੁਖੀ ਜੀਵਨ ਦੇ ਭੇਦ:

ਗੁਰੂ ਨਾਨਕ ਦੇਵ ਨੇ ਮਨੁਖਾਂ ਦੁਆਰਾ ਕੀਤੇ ਜਾਂਦੇ ਵੱਖ ਵੱਖ ਕਾਰਜਾਂ ਅਨੁਸਾਰ ਉਸ ਦੇ ਵੱਖ ਵੱਖ ਭੇਦ ਕੀਤੇ ਹਨ। ਸ੍ਰਿਸ਼ਟੀ ਉਤੇ ਵਿਚਰਦੇ ਅਸੰਖਾਂ ਹੀ ਜੀਵ ਪੁੰਨੀ ਤੇ ਪਾਪੀ, ਚੰਗੇ ਤੇ ਮੰਦੇ ਦੋ ਤਰ੍ਹਾਂ ਦੇ ਕਰਮ ਕਰਦੇ ਹਨ। ਚੰਗੇ ਤੇ ਪੁੰਨ ਵਾਲੇ ਕਰਮ ਕਰਨ ਵਾਲਿਆਂ ਨੂੰ ਗੁਰਮੁਖ ਅਤੇ ਮਾੜੇ ਤੇ ਪਾਪ ਵਾਲੇ ਕਰਮ ਕਰਨ ਵਾਲਿਆਂ ਨੂੰ ਮਨਮੁਖ ਕਿਹਾ ਜਾਂਦਾ ਹੈ। ਇਸ ਤਰ੍ਹਾਂ ਮਨੁਖ ਦੋ ਤਰ੍ਹਾਂ ਦੀਆਂ ਬਿਰਤੀਆਂ ਅਨੁਸਾਰ ਜ਼ਿੰਦਗੀ ਵਿਚ ਵਿਚਰਦੇ ਹਨ। ਗੁਰੂ ਨਾਨਕ ਦੇਵ ਦੀ ਭਾਸ਼ਾ ਵਿਚ ਇਕ ਬਿਰਤੀ ਕੰਵਲ ਬਿਰਤੀ ਅਤੇ ਦੂਸਰੀ ਡੱਡੂ ਬਿਰਤੀ ਹੈ। ਕੰਵਲ ਬਿਰਤੀ ਵਾਲੇ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਪਰਮਾਤਮਾ ਨਾਲ ਮਿਲ ਜਾਂਦੇ ਹਨ ਜਦੋਂ ਕਿ ਡੱਡੂ ਬਿਰਤੀ ਵਾਲੇ ਵਿਸ਼ਿਆਂ ਵਿਕਾਰਾਂ ਵਿਚ ਰੁੱਝੇ ਰਹਿਣ ਕਾਰਣ ਉਹਨਾਂ ਪਦਾਰਥਾਂ ਨੂੰ ਸਭ ਕੁਝ ਸਮਝਦੇ ਹੋਣ ਕਾਰਣ ਅੰਮ੍ਰਿਤ ਰੂਪੀ ਨਾਮ ਨੂੰ ਨਾ ਪ੍ਰਾਪਤ ਕਰਨ ਕਾਰਣ ਪਰਮਾਤਮਾ ਤੋਂ ਦੂਰ ਰਹਿੰਦੇ ਹਨ।[2]

## ਸਰੀਰ

ਗੁਰੂ ਸਾਹਿਬ ਦਾ ਵਿਚਾਰ ਹੈ ਕਿ ਸਰੀਰ, ਪੌਣ, ਪਾਣੀ ਤੇ ਅੱਗ ਆਦਿਕ ਪੰਜ ਤੱਤਾਂ ਦੇ ਮੇਲ ਤੋਂ ਬਣਿਆ ਹੈ। ਇਹ ਚੰਚਲ ਤੇ ਨਾ ਟਿਕਣ ਵਾਲੀ ਬੁਧੀ ਦਾ ਟਿਕਾਣਾ ਹੈ। ਇਸ ਦੇ ਨੌਂ ਦਰਵਾਜ਼ੇ (ਦੋ ਨਾਸਾਂ, ਦੋ ਅੱਖਾਂ, ਦੋ ਕੰਨ, ਮੂੰਹ, ਗੁਦਾ ਅਤੇ ਲਿੰਗ) ਅਤੇ ਇਕ ਦਸਵਾਂ ਦੁਆਰ

---

1. ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ।
ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ।
ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ।
ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ।
(ਮਾਝ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 140)

2. ਬਿਮਲ ਮਲਾਰ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ।
ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀਂ ਰੇ।
ਦਾਦਰ ਤੂ ਕਬਹਿ ਨ ਜਾਨਸਿ ਰੇ।
ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ।
(ਮਾਰੂ ਰਾਗੁ, ਆਦਿ ਗ੍ਰੰਥ, ਪੰਨਾ 990)

(ਅੰਤਹਕਰਣ) ਹੈ। ਗਿਆਨੀ ਲੋਕ ਇਸ ਨੂੰ ਚੰਗੀ ਤਰ੍ਹਾਂ ਸਮਝ ਕੇ ਵਿਚਾਰ ਕਰਦੇ ਹਨ।[1]

ਇਕ ਹੋਰ ਥਾਂ ਤੇ ਗੁਰੂ ਸਾਹਿਬ ਲਿਖਦੇ ਹਨ ਕਿ ਪਰਮਾਤਮਾ ਨੇ ਸਰੀਰ ਦਾ ਨਿਰਮਾਣ ਪਿਤਾ ਦੇ ਵੀਰਜ ਅਤੇ ਮਾਤਾ ਦੇ ਰੱਜ ਦੁਆਰਾ ਕੀਤਾ ਹੈ। ਪਵਨ ਪਾਣੀ ਅਗਨੀ ਆਦਿਕ ਪੰਜ ਤੱਤਾਂ ਨੂੰ ਇਕੱਠਾ ਕਰਕੇ ਸਰੀਰ ਦੀ ਸਿਰਜਨਾ ਕੀਤੀ ਹੈ। ਮਾਇਆ ਦੇ ਮੋਹ ਦੇ ਪਸਾਰੇ ਰਾਹੀਂ ਪਰਮਾਤਮਾ ਆਪਣੀ ਖੇਲ੍ਹ ਆਪ ਹੀ ਕਰ ਰਿਹਾ ਹੈ।[2]

ਸਰੀਰ ਤੇ ਜੀਵ-ਆਤਮਾ

ਸਰੀਰ ਦੀ ਹਸਤੀ ਜੀਵਾਤਮਾ ਨਾਲ ਜੁੜੇ ਹੋਣ ਤੇ ਹੀ ਹੈ। ਜੀਵ ਆਤਮਾ ਦੇ ਚਲੇ ਜਾਣ ਤੇ ਸਰੀਰ ਇਕੱਲਾ ਹੋ ਕੇ ਬੜਾ ਡਰਾਉਣਾ ਲਗਦਾ ਹੈ। ਸਰੀਰ ਵਿਚ ਜੀਵ ਆਤਮਾ ਦੀ ਹੋਂਦ ਸਮੇਂ ਜ਼ਿੰਦਗੀ ਦੀ ਬਲਦੀ ਹੋਈ ਅੱਗ ਜੀਵਾਤਮਾ ਦੇ ਚਲੇ ਜਾਣ ਉਪਰੰਤ ਬੁਝ ਜਾਂਦੀ ਹੈ ਅਤੇ ਅਜਿਹਾ ਹੁੰਦਿਆਂ ਧੂੰਆਂ ਵੀ ਨਹੀਂ ਨਿਕਲਦਾ ਅਰਥਾਤ ਜੀਵ ਆਤਮਾ ਦੇ ਸਰੀਰ ਨਾਲੋਂ ਟੁੱਟ ਕੇ ਜਾਣ ਦਾ ਗਿਆਨ ਕਿਸੇ ਨੂੰ ਨਹੀਂ ਹੁੰਦਾ।[3]

ਮਨ (ਪਛਮੀ ਜਗਤ ਦੇ ਸ਼ਬਦ mind ਦਾ ਇਹ ਸਮਾਨਾਰਥਕ ਨਹੀਂ ਹੈ)

ਮਨ ਮਨੁਖੀ ਸਰੀਰ ਵਿਚਲੀ ਇਕ ਅਜਿਹੀ ਸ਼ਕਤੀ ਹੈ ਜਿਸ ਨਾਲ ਮਨਨ ਕਰਨ ਦਾ ਕਾਰਜ ਕੀਤਾ ਜਾਂਦਾ ਹੈ। ਇਹ ਮਨੁਖੀ ਸਰੀਰ ਵਿਚਲੀ ਬੜੀ ਮਹਾਨ ਸ਼ਕਤੀ ਹੈ, ਜਿਸ ਦੇ ਰਾਹੀਂ ਇੰਦਰੀਆਂ ਦਾ ਸੰਚਾਲਨ ਹੁੰਦਾ ਹੈ। ਇਹ ਇਤਨੀ ਬਲਵਾਨ ਤਾਕਤ ਹੈ ਜਿਸ ਨੂੰ ਕਿ ਕਾਬੂ ਕੀਤੇ ਬਿਨਾਂ ਜੀਵ ਮੁਸ਼ਕਲਾਂ ਵਿਚ ਹੀ ਫਸਿਆ ਰਹਿੰਦਾ ਹੈ। ਅਧਿਆਤਮਕ ਵਿਅਕਤੀਆਂ ਨੇ ਮਨ ਉਤੇ ਕਾਬੂ ਪਾਉਣ ਉਤੇ ਬਹੁਤ ਜ਼ੋਰ ਦਿਤਾ ਹੈ।

---

1. ਗਉੜੀ ਰਾਗੁ, ਪਦੇ 4/1-2, ਆਦਿ ਗ੍ਰੰਥ, ਪੰਨਾ 151

2. ਬਿੰਦੁ ਰਕਤੁ ਮਿਲਿ ਪਿੰਡੁ ਸਰੀਆ। ਪਉਣੁ ਪਾਣੀ ਅਗਨੀ ਮਿਲਿ ਜੀਆ।
   ਆਪੇ ਚੋਜ ਕਰੇ ਰੰਗ ਮਹਲੀ ਹੋਰ ਮਾਇਆ ਮੋਹ ਪਸਾਰਾ ਹੇ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1026)

3. ਸੁੰਞੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ।
   ਭਾਹਿ ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਹਿ।
   (ਸਿਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 19)

ਗੁਰੂ ਸਾਹਿਬ ਨੇ ਮਨ ਦੀ ਉਤਪਤੀ ਪੰਜ ਤੱਤਾਂ ਤੋਂ ਹੋਈ ਮੰਨੀ ਹੈ।[1] ਗੁਰੂ ਸਾਹਿਬ ਨੇ ਮਨ ਦੇ ਦੋ ਰੂਪ ਮੰਨੇ ਹਨ (1) ਜੋਤਮਈ ਮਨ (2) ਹੰਕਾਰਮਈ ਮਨ।

ਜੋਤਮਈ ਮਨ ਉਸ ਜੋਤੀ ਸਰੂਪ ਪਰਮਾਤਮਾ ਨਾਲ ਮਿਲ ਕੇ ਜੋਤੀ ਸਰੂਪ ਬਣਦਾ ਹੈ। ਅਜਿਹੇ ਮਨ ਵਿਚ ਨਾਮ ਰੂਪੀ ਮਾਣਕ, ਲਾਲ ਤੇ ਰਤਨ ਇਤਿਆਦਿ ਕੀਮਤੀ ਪਦਾਰਥ ਮਿਲਦੇ ਹਨ।[2] ਜੋਤਮਈ ਮਨ ਇਕ ਨਿਰਭਉ ਰਾਜਾ ਹੁੰਦਾ ਹੈ ਜਿਹੜਾ ਕਿ ਵਿਸ਼ੇ ਵਾਸ਼ਨਾਵਾਂ ਦੇ ਖੇਤਰ ਵਿਚਲੀਆਂ ਪੰਜ ਦੁਸ਼ ਬਿਰਤੀਆਂ ਨੂੰ ਮਾਰ ਕੇ ਉਹਨਾਂ ਨੂੰ ਆਪਣੇ ਵਸ ਕਰ ਲੈਂਦਾ ਹੈ। ਅਤੇ ਹਉਮੈ ਨੂੰ ਗ੍ਰਸ ਕੇ ਇਕ ਬਹਾਦਰ ਸੂਰਬੀਰ ਬਣਦਾ ਹੈ।[3]

<u>ਅੰਧਕਾਰਮਈ ਮਨ:</u>

ਇਹ ਮਨ ਦਾ ਪੁੱਠਾ ਜਾਂ ਕਾਲਾ ਪਾਸਾ ਹੈ ਜਿਹੜਾ ਕਿ ਇਨਸਾਨ ਨੂੰ ਦਰ ਦਰ ਤੇ ਭਟਕਾਉਂਦਾ ਫਿਰਦਾ ਹੈ। ਗੁਰੂ ਸਾਹਿਬ ਨੇ ਅਜਿਹੇ ਮਨ ਨੂੰ ਮਤਵਾਲੇ ਹਾਥੀ ਵਰਗਾ ਦਸਿਆ ਹੈ। ਅਜਿਹਾ ਮਨ ਮਾਇਆ ਦੇ ਜਾਲ ਵਿਚ ਫਸਿਆ, ਹੈਰਾਨੀ ਦੀ ਹਾਲਤ ਵਿਚ ਭਟਕਦਾ ਫਿਰਦਾ ਹੈ।[4] ਮਨ ਤਾਂ ਇਕ ਲਾਲਚੀ ਰਾਜੇ ਵਾਂਗ ਹੈ, ਜਿਸਦਾ ਕਿ ਲਾਲਚ ਵਧਦਾ ਹੀ ਜਾਂਦਾ ਹੈ।[5] ਮਨ ਵਿਚਲਾ

---

1. ਇਹ ਮਨੁ ਪੰਚੁ ਤਤੁ ਸੇ ਜਨਮਾ
   (ਆਸਾ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 415)
2. ਮਨ ਮਾਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ।
   (ਸਿਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 22)
3. ਇਹੁ ਮਨੁ ਰਾਜਾ ਸੂਰ ਸੰਗ੍ਰਾਮਿ। ਇਹੁ ਮਨੁ ਨਿਰਭਉ ਗੁਰਮੁਖਿ ਨਾਮਿ।
   ਮਾਰੇ ਪੰਚ ਅਪੁਨੈ ਵਸਿ ਕੀਏ। ਹਉਮੈ ਗ੍ਰਾਸਿ ਇਕਤੁ ਥਾਇ ਕੀਏ।
   (ਆਸਾ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 415)
4. ਮਨ ਮੈਗਲੁ ਸਾਕਤੁ ਦੇਵਾਨਾ। ਬਨ ਖੰਡਿ ਮਾਇਆ ਮੋਹਿ ਹੈਰਾਨਾ।
   ਇਤ ਉਤ ਜਾਹਿ ਕਾਲ ਕੇ ਚਾਪੇ।
   (ਆਸਾ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 415)
5. ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ।
   (ਆਸਾ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 419)

ਲਾਲਚ ਉਸਨੂੰ ਸਥਿਰ ਨਹੀਂ ਰਹਿਣ ਦਿੰਦਾ। ਇਸ ਲਈ ਉਹ ਆਪਣੇ ਲਾਲਚ ਦੀ ਪੂਰਤੀ ਵਾਸਤੇ ਚਾਰੇ ਦਿਸ਼ਾਵਾਂ ਵਿਚ ਤਲਾਸ਼ ਕਰਦਾ ਫਿਰਦਾ ਹੈ।[1]

ਗੁਰੂ ਨਾਨਕ ਦੇਵ ਅਜਿਹੇ ਭਟਕਦੇ ਹੋਏ ਮਨ ਨੂੰ ਕਾਬੂ ਵਿਚ ਰਖਣ ਦਾ ਸਾਧਨ ਵੀ ਪ੍ਰਸਤੁਤ ਕਰਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਚਾਰੇ ਦਿਸ਼ਾਵਾਂ ਵਿਚ ਭਟਕਦੇ ਹੋਏ ਮਨ ਨੂੰ, ਗੁਰੂ ਤੋਂ ਪ੍ਰਾਪਤ ਗਿਆਨ ਦੁਆਰਾ ਹੀ ਬੰਨ੍ਹਿਆ ਜਾ ਸਕਦਾ ਹੈ।[2] ਮੈਲੇ ਮਨ ਨੂੰ ਸੁੱਚਾ ਕਰਨ ਦਾ ਇਕੋ ਇਕ ਸਾਧਨ ਨਾਮ ਵਿਚ ਬਿਰਤੀ ਲਗਾਉਣ ਦਾ ਹੀ ਹੈ।[3] ਗੁਰਮੁਖ ਆਪਣੇ ਵਿਚਲੀ ਹਉਮੈ ਨੂੰ ਮਾਰ ਕੇ ਆਪਣੇ ਮਨ ਨੂੰ ਜਿੱਤ ਲੈਂਦੇ ਹਨ।[4] ਗੁਰੂ ਤੋਂ ਪ੍ਰਾਪਤ ਸ਼ਬਦ ਉਤੇ ਵਿਚਾਰ ਦੁਆਰਾ ਵਿਰਲੇ ਵਿਅਕਤੀ ਹੀ ਮਨ ਨੂੰ ਮਾਰ ਲੈਂਦੇ ਹਨ।[5] ਸੰਸਾਰਕ ਬੰਧਨਾਂ ਵਿਚ ਬੰਨ੍ਹਿਆ ਹੋਇਆ ਮਨ ਗੁਰੂ ਦੇ ਸ਼ਬਦ ਦੁਆਰਾ ਪਰਮਾਤਮਾ ਦੀ ਸੇਵਾ ਕਰਨ ਨਾਲ ਛੁਟ ਜਾਂਦਾ ਹੈ।[6] ਮਨ ਤਾਂ ਅਸਲ ਵਿਚ

---

1. ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ।
   (ਰਾਮਕਲੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 876)
2. ਗਿਆਨ ਕਾ ਬੱਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ।
   (ਆਸਾ ਰਾਗੁ, ਆਦਿ ਗ੍ਰੰਥ, ਪੰਨਾ 469)
3. ਮਨ ਮੈਲੇ ਸੂਚਾ ਕਿਉ ਹੋਇ।
   ਸਾਚਿ ਮਿਲੈ ਪਾਵੈ ਪਤਿ ਸੋਇ।
   (ਧਨਾਸਰੀ ਰਾਗੁ, ਆਦਿ ਗ੍ਰੰਥ, ਪੰਨਾ 686)
4. ਗੁਰਮੁਖਿ ਮਨ ਜੀਤਾ ਹਉਮੈ ਮਾਰਿ।
   (ਰਾਮਕਲੀ ਰਾਗੁ, ਸਿਧ ਗੋਸਟਿ, ਆਦਿ ਗ੍ਰੰਥ, ਪੰਨਾ 946)
5. ਗੁਰ ਤੇ ਮਨੁ ਮਾਰਿਆ ਸਬਦੁ ਵੀਚਾਰਿਆ ਤੇ ਵਿਰਲੇ ਸੰਸਾਰਾ।
   (ਭੈਰਉ ਰਾਗੁ, ਆਦਿ ਗ੍ਰੰਥ, ਪੰਨਾ 1125)
6. ਬੰਧਨਿ ਬਾਧਿਆ ਇਨਿ ਬਿਧਿ ਛੂਟੈ ਗੁਰਮੁਖਿ ਸੇਵੈ ਨਰਹਰੇ।
   (ਤੁਖਾਰੀ ਰਾਗੁ, ਛੰਤ, ਆਦਿ ਗ੍ਰੰਥ, ਪੰਨਾ 1112)

ਵਿਚ ਸੁਲਤਾਨ ਹੈ, ਗੁਰੂ ਦੁਆਰਾ ਹੀ ਮਨ ਦਾ ਪ੍ਰਕਾਸ਼ਿਤ ਰੂਪ ਉਘੜਦਾ ਹੈ।[1] ਗੁਰੂ ਸਾਹਿਬ ਦਾ ਵਿਚਾਰ ਹੈ ਕਿ ਅਜਿਹੇ ਸ਼ਕਤੀਸ਼ਾਲੀ ਮਨ ਨੂੰ ਮਾਰ ਦੇਣ ਵਾਲਾ ਸਾਰੀ ਦੁਨੀਆਂ ਦਾ ਵਿਜੇਤਾ ਹੋ ਜਾਂਦਾ ਹੈ।[2]

ਵੇਦਾਂਤ ਅਤੇ ਗੁਰੂ ਨਾਨਕ ਦੀ ਬਾਣੀ ਵਿਚ ਆਏ ਜੀਵ ਸਿਧਾਂਤ ਦੀ ਪਰਸਪਰ ਤੁਲਨਾ ਤੋਂ ਬਾਅਦ, ਇਹ ਅਨੁਮਾਨ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ, ਸਿਧਾਂਤ ਦੇ ਹੋਰ ਪਹਿਲੂਆਂ ਦੀ ਤਰ੍ਹਾਂ, ਇਸ ਪਹਿਲੂ ਵਿਚ ਵੀ ਦੋਹਾਂ ਵਿਚਾਰਧਾਰਾਵਾਂ ਵਿਚ ਅੰਤਰ ਹੈ। ਗੁਰੂ ਨਾਨਕ ਦੇਵ ਨੇ ਜੀਵ ਦੀ ਨਿਰੰਤਰ ਹੋਂਦ, ਜਨਮ-ਮਰਨ ਤੋਂ ਮੁਕਤ ਅਤੇ ਸਿਰਫ ਪੰਜਾਂ ਤਤਾਂ ਦੇ ਰੂਪ ਬਦਲਣ ਵਾਲੇ ਵਿਚਾਰਾਂ ਨੂੰ ਅਗੇ ਰਖਕੇ, ਵੇਦਾਂਤਕ ਵਿਚਾਰਧਾਰਾ ਤੋਂ ਕੁਛ ਵਖਰਾਪਨ ਲਿਆਂਦਾ ਹੈ ਅਤੇ ਇਹੀ ਵਖਰਾਪਨ ਇਕ ਵਖਰੇ ਸਿਧਾਂਤ ਦਾ ਚੌਖਟਾ ਤਿਆਰ ਕਰਦਾ ਹੈ।

---

1. ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ।
   (ਸਿਰੀ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 62)

2. ਮਨ ਜੀਤੈ ਜਗੁ ਜੀਤੁ।
   (ਜਪੁ, ਆਦਿ ਗ੍ਰੰਥ, ਪੰਨਾ 6)

## ਜਗਤ

ਭਾਰਤੀ ਚਿੰਤਨ ਪਰੰਪਰਾ ਵਿਚ ਜਗਤ ਦੀ ਰਚਨਾ ਸੰਬੰਧੀ ਅਧਿਆਤਮਵਾਦੀ ਜਾਂ ਆਦਰਸ਼ਵਾਦੀ ਅਤੇ ਭੌਤਿਕਵਾਦੀ ਦੋ ਪ੍ਰਕਾਰ ਦੀਆਂ ਰਾਵਾਂ ਮਿਲਦੀਆਂ ਹਨ। ਪਹਿਲੀ ਵਿਚਾਰਧਾਰਾ ਅਨੁਸਾਰ ਜਗਤ ਪਰਮ ਚੇਤੰਨ ਅਲੌਕਿਕ ਸੱਤਾ ਦੀ ਰਚਨਾ ਹੈ ਅਤੇ ਦੂਸਰੀ ਦ੍ਰਿਸ਼ਟੀ ਅਨੁਸਾਰ ਜਗਤ ਦਾ ਮੂਲ ਕਾਰਨ ਪਦਾਰਥ ਹੈ ਅਤੇ ਪਦਾਰਥ ਵਿਚ ਵਿਕਾਸ ਦੀ ਸੁਭਾਵਕ ਸ਼ਕਤੀ ਹੁੰਦੀ ਹੈ। ਉਪਨਿਸ਼ਦਾਂ ਦੀ ਜਗਤ ਪ੍ਰਤੀ ਧਾਰਨਾ ਅਧਿਆਤਮਵਾਦੀ ਹੈ ਜਦੋਂ ਕਿ ਬ੍ਰਾਹਮਣ ਗ੍ਰੰਥਾਂ ਦੀ ਵਿਚਾਰਧਾਰਾ ਅਧਿਆਤਮਵਾਦੀ ਤੇ ਭੌਤਿਕਵਾਦੀ ਦੋਨਾਂ ਤਰ੍ਹਾਂ ਦੀ ਹੀ ਹੈ।

'ਨਾਸਦੀਯਸੂਕਤ' ਵਿਚ ਜਗਤ ਦੀ ਰਚਨਾ ਸੰਬੰਧੀ ਵਿਸਤ੍ਰਿਤ ਚਰਚਾ ਕੀਤੀ ਗਈ ਹੈ। ਇਸ ਗ੍ਰੰਥ ਵਿਚ ਮੁਖ ਤੌਰ ਤੇ ਇਸ ਗੱਲ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਨਾਮ ਰੂਪਾਤਮਕ ਜਗਤ ਪਰਮ ਸੱਤਾ ਵਿਚ ਹੀ ਅਵਿਅਕਤ ਰੂਪ ਵਿਚ ਮੌਜੂਦ ਸੀ। ਸ਼ੁਰੂ ਵਿਚ ਉਸ ਨੇ ਕੋਈ ਵਿਸ਼ੇਸ਼ ਆਕਾਰ ਧਾਰਨ ਨਹੀਂ ਸੀ ਕੀਤਾ ਹੋਇਆ।

ਰਿਗਵੇਦ[1] ਵਿਚ ਦਸਿਆ ਗਿਆ ਹੈ ਕਿ ਓਅੰਕਾਰ ਤੋਂ ਸ੍ਰਿਸ਼ਟੀ ਦੀ ਉਤਪਤੀ ਹੋਈ ਹੈ। ਇਸ ਗੱਲ ਨੂੰ ਕਈਆਂ ਥਾਵਾਂ ਤੇ ਦੁਹਰਾਇਆ ਗਿਆ ਹੈ ਕਿ ਸ੍ਰਿਸ਼ਟਾ ਸ਼ਕਤੀ ਸਾਰੀ ਸ੍ਰਿਸ਼ਟੀ ਵਿਚ ਪ੍ਰਵੇਸ਼ ਕਰਕੇ ਉਸ ਦੀ ਰਚਨਾ ਦੇ ਕਾਰਜ ਨੂੰ ਸੰਪੰਨ ਕਰਦੀ ਹੈ।[2]

ਛਾਂਦੋਗਯ ਉਪਨਿਸ਼ਦ[3] ਅਨੁਸਾਰ ਸ੍ਰਿਸ਼ਟੀ ਦੇ ਆਰੰਭ ਵਿਚ ਪਰਮਾਤਮਾ ਆਪਣੀ ਮਹਿਮਾ ਵਿਚ ਹੋਰ ਕਿਸੇ ਦੀ ਟੇਕ ਨਾ ਸਮਝਦਾ ਹੋਇਆ ਆਪਣੇ ਆਪ ਵਿਚ ਪ੍ਰਤਿਸ਼ਠਿਤ ਸੀ।

ਮੈਤ੍ਰੀ ਉਪਨਿਸ਼ਦ[4] ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾ ਦੀ ਅਵਸਥਾ ਨੂੰ ਪੂਰਨ ਅੰਧਕਾਰ ਦੀ ਸਥਿਤੀ ਮੰਨਦਾ ਹੈ।

---

1. ਰਿਗ ਵੇਦ 1/3/22
2. ਉਹੀ, 10/9/6
3. ਛਾਂਦੋਗਯ ਉਪਨਿਸ਼ਦ 7/24/1
4. ਮੈਤ੍ਰੀ ਉਪਨਿਸ਼ਦ 4-5

ਛਾਂਦੋਗਯ ਉਪਨਿਸ਼ਦ[1] ਵਿਚ ਪਰਮਾਤਮਾ ਤੋਂ ਪਹਿਲਾਂ ਤੇਜ, ਫਿਰ ਜਲ ਤੇ ਪ੍ਰਿਥਵੀ ਇਹਨਾਂ ਤਿੰਨਾਂ ਦੀ ਉਤਪਤੀ ਹੋਈ ਮੰਨੀ ਗਈ ਹੈ।

ਤੈਤ੍ਰੀਯ ਉਪਨਿਸ਼ਦ[2] ਅਨੁਸਾਰ ਪਰਮ ਸੱਤ ਨੇ ਆਪਣੇ ਆਪ ਨੂੰ ਜਗਤ ਦੇ ਰੂਪ ਵਿਚ ਸਾਕਾਰ ਕੀਤਾ।

ਮੁੰਡਕ ਉਪਨਿਸ਼ਦ[3] ਅਨੁਸਾਰ ਜਿਵੇਂ ਮਘਦੀ ਅੱਗ ਵਿਚੋਂ ਉਸ ਵਰਗੇ ਰੂਪ ਵਾਲੀਆਂ ਅਸੰਖ ਚਿਣਗਾਂ ਪ੍ਰਗਟ ਹੁੰਦੀਆਂ ਹਨ, ਉਸੇ ਤਰ੍ਹਾਂ ਅਬਿਨਾਸ਼ੀ ਪਰਮਾਤਮਾ ਵਿਚੋਂ ਅਨੇਕ ਤਰ੍ਹਾਂ ਦੇ ਭਾਵ ਉਤਪੰਨ ਹੁੰਦੇ ਹਨ ਤੇ ਫਿਰ ਵਿਲੀਨ ਹੁੰਦੇ ਹਨ।

ਮੁੰਡਕ ਉਪਨਿਸ਼ਦ[4] ਵਿਚ ਇਕ ਹੋਰ ਥਾਂ ਤੇ ਕਿਹਾ ਗਿਆ ਹੈ ਕਿ ਜਿਵੇਂ ਮਕੜੀ ਆਪਣੇ ਜਾਲੇ ਨੂੰ ਬਣਾਉਂਦੀ ਤੇ ਨਿਗਲ ਜਾਂਦੀ ਹੈ, ਉਸੇ ਤਰ੍ਹਾਂ ਹੀ ਅੱਖਰ ਬ੍ਰਹਮ ਆਪਣੇ ਵਿਚੋਂ ਹੀ ਸ੍ਰਿਸ਼ਟੀ ਦੀ ਸਿਰਜਣਾ ਕਰਦਾ ਹੈ ਅਤੇ ਇੱਛਾ ਕਰਨ ਤੇ ਉਸ ਨੂੰ ਆਪਣੇ ਵਿਚ ਸਮੇਟ ਲੈਂਦਾ ਹੈ।

ਕਠ ਉਪਨਿਸ਼ਦ ਅਨੁਸਾਰ[5] ਜਿਵੇਂ ਅਗਨੀ ਇਕ ਹੁੰਦੇ ਹੋਏ ਵੀ ਚਿਣਗਾਂ ਵਿਚ ਅਨੇਕ ਰੂਪ ਵਾਲੀ ਹੋ ਜਾਂਦੀ ਹੈ, ਉਸੇ ਤਰ੍ਹਾਂ ਪਰਮਾਤਮਾ ਇਕ ਹੁੰਦਾ ਹੋਇਆ ਵੀ ਸਾਰਿਆਂ ਰੂਪਾਂ ਵਾਲਾ ਹੋ ਜਾਂਦਾ ਹੈ।

ਛਾਂਦੋਗਯ ਉਪਨਿਸ਼ਦ[6] ਵਿਚ ਸਾਰੇ ਵਿਸ਼ਵ ਨੂੰ ਹੀ ਬ੍ਰਹਮ ਕਿਹਾ ਗਿਆ ਹੈ।

ਪ੍ਰਸ਼ਨ ਉਪਨਿਸ਼ਦ[7] ਵਿਚ ਸ੍ਰਿਸ਼ਟੀ ਦੇ ਕ੍ਰਮ ਸੰਬੰਧੀ ਵਿਚਾਰ ਕਰਦਿਆਂ ਕਿਹਾ ਗਿਆ ਹੈ ਕਿ ਸਭ ਤੋਂ ਪਹਿਲਾਂ ਪ੍ਰਾਣ ਦੀ ਰਚਨਾ ਹੋਈ ਫਿਰ ਸ਼ਰਧਾ ਨੂੰ ਉਤਪੰਨ ਕੀਤਾ ਗਿਆ, ਉਸ ਤੋਂ ਬਾਦ ਕ੍ਰਮਵਾਰ ਅੰਨ, ਵੀਰਜ, ਤਪ, ਅਨੇਕ ਮੰਤ੍ਰ, ਕਰਮ, ਵੱਖ ਵੱਖ ਲੋਕ ਅਤੇ ਉਹਨਾਂ ਦੇ ਨਾਵਾਂ ਦੀ ਰਚਨਾ ਹੋਈ।

ਭਗਵਦ ਗੀਤਾ[8] ਵਿਚ ਸ੍ਰਿਸ਼ਟੀ ਦੀ ਰਚਨਾ ਨੂੰ ਪ੍ਰਕ੍ਰਿਤੀ ਦਾ ਪਰਿਣਾਮ ਨਾ ਮੰਨਦਿਆਂ ਹੋਇਆਂ ਪੁਰਸ਼ੋਤਮ ਦੀ ਰਚਨਾ ਮੰਨਿਆ ਗਿਆ ਹੈ। ਗੀਤਾ ਅਨੁਸਾਰ ਸ੍ਰਿਸ਼ਟੀ ਅਨਾਦੀ ਤੇ ਸੁਤੰਤਰ ਤੱਤ ਹੈ।

---

1. ਛਾਂਦੋਗਯ ਉਪਨਿਸ਼ਦ 6/8_/6
2. ਤੈਤ੍ਰੀਯ ਉਪਨਿਸ਼ਦ 2/7
3. ਮੁੰਡਕ ਉਪਨਿਸ਼ਦ 2/1/1
4. ਉਹੀ 1/1/7
5. ਕਠ ਉਪਨਿਸ਼ਦ 2/2/9
6. ਛਾਂਦੋਗਯ ਉਪਨਿਸ਼ਦ 3/14/1
7. ਪ੍ਰਸ਼ਨ-ਉਪਨਿਸ਼ਦ 6/4
8. ਭਗਵਦ ਗੀਤਾ 8/18

ਸ਼ੰਕਰ ਅਨੁਸਾਰ ਜਗਤ ਮਿਥਿਆ ਹੈ, ਸੱਤ ਨਹੀਂ ਹੈ। ਇਸ ਕਰਕੇ ਇਸ ਨੇ ਸਥਿਰ ਨਹੀਂ ਰਹਿਣਾ ਪਰਿਵਰਤਨਸ਼ੀਲਤਾ ਇਸ ਦੇ ਸੁਭਾ ਵਿਚ ਹੈ। ਬ੍ਰਹਮ ਆਤਮਾ ਦਾ ਗਿਆਨ ਹੋਣ ਤੋਂ ਪਹਿਲੇ ਜਗਤ ਦੇ ਵਿਵਹਾਰਾਂ ਦੀ ਸੱਤਤਾ ਹੈ। ਉਹ ਇਸੇ ਤਰ੍ਹਾਂ ਹੀ ਹੈ ਜਿਵੇਂ ਜਾਗ੍ਰਿਤ ਅਵਸਥਾ ਤੋਂ ਪਹਿਲੇ ਸੁਪਨ ਦਸ਼ਾ ਦੇ ਸਾਰੇ ਵਿਵਹਾਰ ਸਤਿ ਹੀ ਪ੍ਰਤੀਤ ਹੁੰਦੇ ਹਨ।[1] ਪਰਮਾਰਥ ਅਵਸਥਾ ਵਿਚ ਜਗਤ ਦੇ ਸਾਰੇ ਵਿਵਹਾਰ ਲੁਪਤ ਹੋ ਜਾਂਦੇ ਹਨ।[2]

ਸ਼ੰਕਰ ਫਿਰ ਕਹਿੰਦੇ ਹਨ ਕਿ ਬ੍ਰਹਮ ਬੋਧ ਦੀ ਅਵਸਥਾ ਵਿਚ ਜਗਤ ਦਾ ਲੋਪ ਨਹੀਂ ਹੁੰਦਾ ਸਗੋਂ ਦਵੈਤ ਮੂਲਕ ਨਾਮ ਰੂਪਾਤਮਕ ਪਰਪੰਚ ਅਤੇ ਉਸ ਤੋਂ ਪੈਦਾ ਹੋਣ ਵਾਲੇ ਸਾਰੇ ਵਿਵਹਾਰਾਂ ਦਾ ਲੋਪ ਹੋ ਜਾਂਦਾ ਹੈ, ਪ੍ਰਤੱਖ ਦ੍ਰਿਸ਼ਟਮਾਨ ਜਗਤ ਦਾ ਲੋਪ ਨਹੀਂ ਹੁੰਦਾ।[3]

ਸ਼ੰਕਰ ਅਗਿਆਨ ਨੂੰ ਬ੍ਰਹਮ ਵਾਂਗ ਅਨਾਦੀ ਮੰਨਦਾ ਹੈ। ਅਗਿਆਨ ਦਾ ਵਾਸਤਵਿਕ ਰੂਪ ਮਾਇਆ ਹੈ। ਉਸ ਅਨੁਸਾਰ ਸੰਸਾਰ ਮਾਇਆ ਦੀ ਕ੍ਰਿਤ ਹੈ। ਇਸ ਤਰ੍ਹਾਂ ਸੰਸਾਰ ਅਸੀਮਤ ਨਹੀਂ ਭਰਮ ਹੈ। ਦ੍ਰਿਸ਼ਟਮਾਨ ਸੰਸਾਰ ਅਗਿਆਨ ਆਸ਼੍ਰਿਤ ਨਹੀਂ, ਇਸ ਲਈ ਬ੍ਰਹਮ ਇਸ ਦਾ ਕਰਤਾ ਨਹੀਂ ਹੈ।

ਆਚਾਰੀਆ ਗੌੜ ਪਾਦ ਅਨੁਸਾਰ ਨਾਮਰੂਪਾਤਮਕ ਜਗਤ ਦੀ ਸੱਤਾ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ, ਕਿਉਂਕਿ ਜਗਤ ਤਾਂ ਕੇਵਲ ਪ੍ਰਤੀਤ ਸੱਤਾ ਹੈ ਅਤੇ ਪ੍ਰਤੀਤ ਦਾ ਕਾਰਨ ਜੀਵ ਦੀ ਅਵਿਦਿਆ ਹੈ।[4]

ਰਾਮਾਨੁਜ ਸ਼ੰਕਰ ਦੇ ਵਿਪਰੀਤ ਜਗਤ ਨੂੰ ਮਿਥਿਆ ਮੰਨਣ ਦੀ ਥਾਂ ਤੇ ਜਗਤ ਨੂੰ ਬ੍ਰਹਮ ਜਿਤਨਾ ਸਤਿ ਸਵੀਕਾਰ ਕਰਦੇ ਹਨ। ਉਹਨਾਂ ਅਨੁਸਾਰ ਬ੍ਰਹਮ ਤੇ ਜਗਤ ਵਿਚ ਫਰਕ ਕੇਵਲ ਇਤਨਾ ਹੈ ਕਿ ਬ੍ਰਹਮ ਜਿਥੇ ਵਿਰਾਟ, ਸਰਬਸ਼ਕਤੀਮਾਨ ਤੇ ਸਰਬਗ ਹੈ ਉਥੇ ਜਗਤ ਅਲਪਗ, ਸੀਮਤ ਸ਼ਕਤੀ ਤੇ ਸੀਮਤ ਗਿਆਨ ਰਖਦਾ ਹੈ। ਜਿਸ ਤਰ੍ਹਾਂ ਸੋਨੇ ਦੇ ਗਹਿਣਿਆਂ ਦਾ ਮੂਲ ਆਧਾਰ ਸੋਨਾ ਹੀ ਹੁੰਦਾ

---

1. ਸ਼ੰਕਰ ਭਾਸ਼ਯ ਬ੍ਰਹਮ ਸੂਤ੍ਰ 2/1/14
2. ਉਹੀ 2/1/14
3. ਉਹੀ 2/1/14
4. ਗੌੜਪਾਦ ਕਾਰਿਕਾ 4/58

ਹੈ, ਇਸੇ ਤਰ੍ਹਾਂ ਹੀ ਬ੍ਰਹਮ ਜਗਤ ਦਾ ਮੂਲ ਆਧਾਰ ਹੈ। ਜਗਤ ਦੀ ਵਾਸਤਵਿਕਤਾ ਸਥਾਪਤ ਕਰਦੇ ਹੋਏ ਉਹ ਕਹਿੰਦੇ ਹਨ ਕਿ ਜਗਤ ਦੀ ਯਥਾਰਥ ਸੱਤਾ ਬ੍ਰਹਮ ਤੇ ਆਧਾਰਿਤ ਹੈ। ਇਸ ਲਈ ਜਗਤ ਵੀ ਯਥਾਰਥ ਹੈ। ਉਹ ਇਹ ਦਲੀਲ ਦੇਦੇ ਹਨ ਕਿ ਜੋ ਪ੍ਰਗਟ ਹੈ ਉਹ ਵਾਸਤਵਿਕ ਹੈ, ਜਗਤ ਦਿਖਾਈ ਦੇਦਾ ਹੈ ਤੇ ਉਪਸਥਿਤ ਹੈ ਇਸ ਲਈ ਇਹ ਵਾਸਤਵਿਕ ਹੈ।[1]

ਰਾਮਾਨੁਜ ਅਨੁਸਾਰ ਬ੍ਰਹਮ ਤੇ ਜਗਤ ਦਾ ਆਪਸ ਵਿਚ ਬੜਾ ਨਿਕਟਤਮ ਸੰਬੰਧ ਹੈ। ਇਸ ਸੰਬੰਧ ਦੇ ਆਧਾਰ ਤੇ ਜਗਤ ਨੂੰ ਬ੍ਰਹਮ ਦਾ ਸਰੀਰ ਅਤੇ ਵਿਸ਼ੇਸ਼ਣ ਹੋਣ ਦੇ ਕਾਰਨ ਮਿਥਿਆ ਨਹੀਂ ਕਿਹਾ ਜਾ ਸਕਦਾ। ਜਿਸ ਪ੍ਰਕਾਰ ਨੀਲ ਕਮਲ ਦਾ ਨੀਲਤਵ ਕਮਲ ਤੋਂ ਵੱਖਰਾ ਨਹੀਂ ਕਿਹਾ ਜਾ ਸਕਦਾ ਇਸੇ ਤਰ੍ਹਾਂ ਜਗਤ ਦੀ ਸੱਤਾ ਵੀ ਜਗਤ ਤੋਂ ਵੱਖਰੀ ਨਹੀਂ ਕਹੀ ਜਾ ਸਕਦੀ।[2]

ਜਗਤ ਦੀ ਉਤਪਤੀ ਤੇ ਲੈਅ ਦਾ ਕਾਰਨ ਈਸ਼ਵਰ ਦੀ ਇੱਛਾ ਹੈ। ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਜਗਤ ਸਤ, ਰੱਜ ਤੇ ਤਮ ਤਿੰਨਾਂ ਗੁਣਾਂ ਵਾਲੀ ਪ੍ਰਕ੍ਰਿਤੀ ਦੇ ਰੂਪ ਵਿਚ ਬ੍ਰਹਮ ਦੇ ਅੰਦਰ ਹੀ ਮੌਜੂਦ ਸੀ। ਜਗਤ ਬ੍ਰਹਮ ਦੀ ਲੀਲਾ ਹੈ।

ਮਧਵ ਅਨੁਸਾਰ ਈਸ਼ਵਰੀ ਇੱਛਾ ਤੋਂ ਜਗਤ ਦੀ ਉਤਪਤੀ ਹੁੰਦੀ ਹੈ। ਜਗਤ ਕਿਉਂਕਿ ਸੱਚੇ ਪਰਮਾਤਮਾ ਦੁਆਰਾ ਸਿਰਜਿਆ ਹੋਇਆ ਹੈ, ਇਸ ਲਈ ਇਹ ਮਿਥਿਆ ਨਹੀਂ, ਸਗੋਂ ਸਤਿ ਹੀ ਹੈ।

ਜਗਤ ਤੇ ਈਸ਼ਵਰ ਵਿਚ ਦਵੈਤ ਹੈ। ਇਸ ਦਾ ਕਾਰਨ ਈਸ਼ਵਰ ਦੀ ਚੇਤਨਤਾ ਤੇ ਜਗਤ ਦੀ ਜੜ੍ਹਤਾ ਹੈ। ਈਸ਼ਵਰ ਸੁਤੰਤਰ ਤੇ ਜਗਤ ਪਰਤੰਤਰ ਹੈ। ਇਸ ਕਰਕੇ ਇਹਨਾਂ ਵਿਚ ਦਵੈਤ ਬਣਿਆ ਹੀ ਰਹਿੰਦਾ ਹੈ।

ਈਸ਼ਵਰ ਆਪ ਪ੍ਰਕ੍ਰਿਤੀ ਦੇ ਅਨੇਕ ਰੂਪਾਂ ਵਿਚ ਵਿਆਪਕ ਰਹਿੰਦਾ ਹੈ। ਇਸ ਤਰ੍ਹਾਂ ਪ੍ਰਕ੍ਰਿਤੀ ਵੀ ਪਰਮਾਤਮਾ ਦਾ ਹੀ ਰੂਪ ਹੈ। ਉਸ ਅਨੁਸਾਰ ਅਵਿਦਿਆ ਪ੍ਰਕ੍ਰਿਤੀ ਦਾ ਹੀ ਰੂਪ ਹੈ।[3]

ਵਲਭ ਅਨੁਸਾਰ ਜੀਵ ਦੇ ਸਮਾਨ ਜਗਤ ਵੀ ਈਸ਼ਵਰ ਦਾ ਹੀ ਰੂਪ ਹੈ ਅਤੇ ਈਸ਼ਵਰ ਤੋਂ ਅਭਿੰਨ ਹੈ।[4]

---

1. ਸ੍ਰੀ ਭਾਸ਼ਯ ਵੇਦਾਂਤ ਸੂਤ੍ਰ 1-1
2. Radha Krishanan- Indian Philosophy, Vol IIp. 701
3. ਮਧਵ ਭਾਸ਼ਯ, 1/4/25
4. ਤਤਵ ਦੀਪਕ ਪਰ ਵਲਭਚਾਰੀਆ ਕਾ ਟੀਕਾ, ਪੰਨਾ 106

ਭਗਵਦ ਗੀਤਾ ਅਨੁਸਾਰ ਜਗਤ ਪਾਰਬ੍ਰਹਮ ਦੀ ਰਚਨਾ ਹੈ। ਇਸ ਲਈ ਇਹ ਮਿਥਿਆ ਜਾਂ ਪ੍ਰਤੀਤ ਸੱਤਾ ਨਾ ਹੋ ਕੇ ਸਤਿ ਹੈ। ਜਗਤ ਦੀ ਰਚਨਾ ਕਰਦੇ ਸਮੇਂ ਪਰਮ ਸੱਤਾ ਉਪਾਦਾਨ ਵੀ ਹੈ ਤੇ ਨਿਮਤ ਕਾਰਨ ਵੀ ਹੈ। ਇਸ ਅਨੁਸਾਰ ਜੇ ਕਰ ਜਗਤ ਅਸਤਿ ਜਾਂ ਮਿਥਿਆ ਹੁੰਦਾ ਤਾਂ ਇਸ ਦੀ ਭਾਵਾਤਮਕ ਸੱਤਾ ਵੀ ਨਹੀਂ ਸੀ ਹੋਣੀ।[1]

ਵਲਭ ਅਨੁਸਾਰ ਜਗਤ ਉਤਪੰਨ ਨਹੀਂ ਹੁੰਦਾ ਸਗੋਂ ਇਸ ਦਾ ਆਵਿਰਭਾਵ ਹੁੰਦਾ ਹੈ। ਇਸ ਲਈ ਇਹ ਨਾਂ ਤਾਂ ਪਰਿਣਾਮ ਹੈ ਤੇ ਨਾ ਹੀ ਵਿਕਾਰ। ਇਸੇ ਕਰਕੇ ਹੀ ਸ਼ੁਧਾਦਵੈਤਵਾਦ ਨੂੰ ਅਵਿਕ੍ਰਤ-ਪਰਿਣਾਮਵਾਦ ਕਹਿੰਦੇ ਹਨ। ਵਲਭ ਅਨੁਸਾਰ ਜਗਤ ਤੇ ਸੰਸਾਰ ਵੱਖ ਵੱਖ ਹਨ - ਜਗਤ ਬ੍ਰਹਮ ਦੀ ਯੋਗ ਮਾਇਆ ਦੀ ਰਚਨਾ ਹੈ, ਜਦੋਂ ਕਿ ਸੰਸਾਰ ਜੀਵ ਦੇ ਹਉਮੈ ਭਾਵ ਦਾ ਕਾਰਣ ਹੈ। ਜਦੋਂ ਜੀਵ ਵਿਦਿਆ ਮਾਇਆ ਦੀ ਸ਼ਰਨ ਲੈ ਕੇ, ਭਗਵਾਨ ਦੀ ਭਗਤੀ ਵਿਚ ਲੀਨ ਹੋ ਜਾਂਦਾ ਹੈ ਉਦੋਂ ਉਸ ਦਾ ਸੰਸਾਰ ਸਮਾਪਤ ਹੋ ਜਾਂਦਾ ਹੈ।

ਭਾਰਤੀ ਦਰਸ਼ਨ ਦੇ ਆਚਾਰੀਆਂ ਵਾਂਗ ਗੁਰੂ ਨਾਨਕ ਦੇਵ ਨੇ ਵੀ ਜਗਤ ਸੰਬੰਧੀ ਆਪਣੀ ਰਚਨਾ ਵਿਚ ਵੱਖ ਵੱਖ ਥਾਵਾਂ ਤੇ ਚਰਚਾ ਕੀਤੀ ਹੈ। ਗੁਰੂ ਨਾਨਕ ਇਕ ਦਰਸ਼ਨਵੇਤਾ ਨਹੀਂ ਸਨ, ਇਸ ਲਈ ਉਹਨਾਂ ਦੀ ਰਚਨਾ ਸ੍ਰਿਸ਼ਟੀ ਸੰਬੰਧੀ ਵਿਚਾਰਧਾਰਾ ਦੇ ਦਾਰਸ਼ਨਿਕ ਪਹਿਲੂ ਦਾ ਕ੍ਰਮਿਕ ਰੂਪ ਵਿਚ ਪ੍ਰਗਟਾ ਨਹੀਂ ਕਰਦੀ। ਅਸੀਂ ਆਪ ਦੀ ਰਚਨਾ ਵਿਚ ਵੱਖ ਵੱਖ ਥਾਵਾਂ ਤੇ ਮਿਲਦੇ ਸੰਕੇਤਾਂ ਤੋਂ, ਉਹਨਾਂ ਦੇ ਸ੍ਰਿਸ਼ਟੀ ਤੋਂ ਪੂਰਬਲੀ ਅਵਸਥਾ, ਸ੍ਰਿਸ਼ਟੀ ਦੀ ਉਤਪਾਦਕ ਸ਼ਕਤੀ, ਸ੍ਰਿਸ਼ਟੀ ਕਦੋਂ, ਕਿਵੇਂ ਤੇ ਕਿਉਂ ਹੋਂਦ ਵਿਚ ਆਈ ਅਤੇ ਸ੍ਰਿਸ਼ਟੀ ਦੀ ਸੁੰਤਤਾ ਤੇ ਅਸਤੰਤਾ ਸੰਬੰਧੀ ਵਿਚਾਰਾਂ ਤੋਂ ਜਾਣੂ ਹੋ ਸਕਦੇ ਹਾਂ।

ਸ੍ਰਿਸ਼ਟੀ ਦੀ ਹੋਂਦ ਤੋਂ ਪਹਿਲਾਂ ਦੀ ਅਵਸਥਾ ਦਾ ਵਰਣਨ ਕਰਦਿਆਂ ਹੋਇਆਂ ਗੁਰੂ ਨਾਨਕ ਆਪਣੀ ਬਾਣੀ ਵਿਚ ਕਹਿੰਦੇ ਹਨ ਕਿ ਅਰਬਾਂ ਖਰਬਾਂ ਸਾਲ ਪਹਿਲੇ ਇਥੇ ਪੂਰਨ ਅੰਧਕਾਰ ਸੀ। ਧਰਤੀ ਤੇ ਅਸਮਾਨ ਨਹੀਂ ਸੀ, ਕੇਵਲ ਪਰਮਾਤਮਾ ਦਾ ਬੇਅੰਤ ਹੁਕਮ ਹੀ ਵਾਪਰ ਰਿਹਾ ਸੀ। ਦਿਨ ਰਾਤ, ਚੰਦ, ਸੂਰਜ ਵੀ ਨਹੀਂ ਸਨ ਸਗੋਂ ਕੇਵਲ ਪਰਮਾਤਮਾ ਸੁੰਨ ਦੀ ਹਾਲਤ ਵਿਚ ਸਮਾਧੀ ਲਾ ਕੇ ਬੈਠਾ ਹੋਇਆ ਸੀ।[2] ਸਿੱਧਾਂ ਨਾਲ ਗੋਸ਼ਟ ਕਰਦਿਆਂ ਗੁਰੂ ਨਾਨਕ ਦੇਵ, ਸ੍ਰਿਸ਼ਟੀ ਦੀ ਹੋਂਦ ਤੋਂ ਪਹਿਲਾਂ ਦੀ ਅਵਸਥਾ ਬੜੀ ਵਿਸਮਾਦ ਪੂਰਕ ਤੇ ਅਸਚਰਜਤਾ ਭਰਪੂਰ ਦਸਦੇ ਹਨ, ਕਿਉਂਕਿ ਉਦੋਂ ਸੁੰਨ ਆਪਣੇ ਆਪ

---

1. ਭਗਵਦ ਗੀਤਾ 12/16
2. ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1035

ਵਿਚ ਹੀ ਨਿਵਾਸ ਕਰਦਾ ਸੀ ਅਰਥਾਤ ਉਹ ਆਪਣੇ ਆਪ ਵਿਚ ਮਗਨ ਸੀ।[1] ਸ੍ਰਿਸ਼ਟੀ ਦੇ ਆਰੰਭ ਵਿਚ ਉਹ ਪਰਮਾਤਮਾ ਇਕੱਲਾ ਹੀ ਮੌਜੂਦ ਸੀ ਅਤੇ ਉਹ ਨਿਰਾਲਮ ਭਾਵ ਨਾਲ ਸਮਾਧੀ ਵਿਚ ਲੀਨ ਹੋਇਆ ਪਿਆ ਸੀ।[2]

ਗੁਰੂ ਨਾਨਕ ਦੇਵ ਨੇ ਜਗਤ ਤੋਂ ਪਹਿਲਾਂ ਦੀ ਸਥਿਤੀ ਨੂੰ ਅੰਡੇ ਦੇ ਸਮਾਨ ਦਸਿਆ ਹੈ। ਉਸ ਨੇ ਅੰਡੇ ਨੂੰ ਤੋੜ ਕੇ, ਵੱਖਰਾ ਵੱਖਰਾ ਕੀਤਾ ਅਤੇ ਫਿਰ ਇਹਨਾਂ ਟੁੱਟੇ ਅੰਡਿਆਂ ਨੂੰ ਆਪਣੇ ਰਹਿਣ ਦਾ ਸਥਾਨ ਬਣਾਇਆ। ਫਿਰ ਉਸ ਨੇ ਰਾਤ, ਦਿਨ, ਡਰ ਤੇ ਪਿਆਰ ਪੈਦਾ ਕੀਤਾ।[3] ਪਰਮਾਤਮਾ ਪਹਿਲਾਂ ਆਪ ਸੁੰਨ ਅਥਵਾ ਨਿਰਗੁਣ ਅਵਸਥਾ ਵਿਚ ਵਿਆਪਕ ਸੀ ਜਿਥੋਂ ਕਿ ਸਗੁਣ ਰੂਪ ਸ੍ਰਿਸ਼ਟੀ ਦਾ ਪਸਾਰਾ ਹੋਇਆ ਹੈ।[4]

ਰਚਨਾ ਕਦੋਂ ਰਚੀ ਗਈ:

ਸ੍ਰਿਸ਼ਟੀ ਦੀ ਰਚਨਾ ਦੇ ਸਮੇਂ ਦੇ ਸੰਬੰਧ ਵਿਚ ਅਨੇਕ ਦਾਰਸ਼ਨਿਕਾਂ ਤੇ ਵਿਗਿਆਨੀਆਂ ਨੇ ਪਤਾ ਲਾਉਣ ਦਾ ਯਤਨ ਕੀਤਾ ਹੈ, ਪਰ ਅੰਤ ਤੇ ਸਭ ਨੂੰ ਨਿਰਾਸ਼ਾ ਹੀ ਹੋਈ ਹੈ। ਸ੍ਰਿਸ਼ਟੀ ਸਿਰਜਨਾ ਸਮੇਂ ਵਕਤ ਕੀ ਸੀ, ਥਿਤਿ ਵਾਰ ਰੁਤ ਤੇ ਮਹੀਨਾ ਕਿਹੜਾ ਸੀ ਅਤੇ ਇਹ ਵਕਤ ਕਿਹੋ ਜਿਹਾ ਸੀ, ਇਸ ਗਲ ਦਾ ਠੀਕ ਗਿਆਨ ਨਾਂ ਤਾਂ ਪੰਡਤਾਂ ਨੂੰ ਹੋਇਆ ਹੈ ਤੇ ਨਾਂ

---

1. (ੳ) ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ।
(ਰਾਮਕਲੀ ਰਾਗੁ, ਸਿਧ ਗੋਸ਼ਟਿ, ਆਦਿ ਗ੍ਰੰਥ, ਪੰਨਾ 940)
(ਅ) ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ।
(ਉਹੀ, ਆਦਿ ਗ੍ਰੰਥ, ਪੰਨਾ 940)
2. ਕੇਤੇ ਜੁਗ ਵਰਤੇ ਗੁਬਾਰੈ। ਤਾੜੀ ਲਾਈ ਅਪਰ ਅਪਾਰੈ।
ਧੁੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ।
(ਮਾਰੂ ਰਾਗੁ, ਆਦਿ ਗ੍ਰੰਥ, ਪੰਨਾ 1026)
3. ਆਪੇ ਸਚੁ ਕੀਆ ਕਰ ਜੋੜਿ। ਅੰਡਜ ਫੋੜਿ ਜੋੜਿ ਵਿਛੋੜਿ।
ਧਰਤਿ ਅਕਾਸੁ ਕੀਏ ਬੈਸਣ ਕਉ ਥਾਉ। ਰਾਤਿ ਦਿਨੰਤੁ ਕੀਏ ਭਉ ਭਾਉ।
(ਬਿਲਾਵਲ, ਰਾਗੁ, ਥਿਤੀ, ਆਦਿ ਗ੍ਰੰਥ, ਪੰਨਾ 839)
4. ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣ ਥੀਆ।
(ਰਾਮਕਲੀ ਰਾਗੁ, ਸਿਧ ਗੋਸ਼ਟਿ, ਆਦਿ ਗ੍ਰੰਥ, ਪੰਨਾ 940)

ਹੀ ਕਾਜ਼ੀਆਂ ਨੂੰ। ਜੋਗੀਆਂ ਨੂੰ ਵੀ ਇਸ ਸੰਬੰਧੀ ਕੋਈ ਨਿਸ਼ਚਿਤ ਅਤੇ ਤਰਕ-ਪੂਰਣ ਗਿਆਨ ਨਹੀਂ। ਸ੍ਰਿਸ਼ਟੀ ਦੀ ਹੋਂਦ ਵਿਚ ਆਉਣ ਸੰਬੰਧੀ ਇਸ ਦਾ ਸ੍ਰਿਸ਼ਟਾ ਅਰਥਾਤ ਬ੍ਰਹਮ ਹੀ ਇਸ ਭੇਦ ਨੂੰ ਚੰਗੀ ਤਰ੍ਹਾਂ ਜਾਣਦਾ ਹੈ।

ਗੁਰੂ ਨਾਨਕ ਦੇਵ ਦੀ ਰਚਨਾ ਵਿਚ ਸ੍ਰਿਸ਼ਟੀ ਦੀ ਉਤਪਤੀ ਸੰਬੰਧੀ ਕੁਝ ਸਿਧਾਂਤ ਪੇਸ਼ ਕੀਤੇ ਹਨ। ਇਕ ਤਾਂ ਗੁਰੂ ਨਾਨਕ ਦੇਵ ਦਾ ਇਹ ਵਿਚਾਰ ਹੈ ਕਿ ਪਰਮਾਤਮਾ ਨੇ ਹੁਕਮ, ਜਿਸ ਨੂੰ ਕਿ ਡਾ. ਮੋਹਨ ਸਿੰਘ ਸ੍ਰਿਸ਼ਟੀ ਵਿਧਾਨ (Universal Order)[1] ਕਹਿੰਦਾ ਹੈ, ਤੋਂ ਹੀ ਸ੍ਰਿਸ਼ਟੀ ਦੀ ਸਿਰਜਨਾ ਹੋਈ ਮੰਨਿਆ ਹੈ। ਉਹਨਾਂ ਅਨੁਸਾਰ ਪਰਮਾਤਮਾ ਦੇ ਹੁਕਮ ਨਾਲ ਹੀ ਸ੍ਰਿਸ਼ਟੀ ਦੇ ਸਾਰੇ ਆਕਾਰ ਹੋਂਦ ਵਿਚ ਆਉਂਦੇ ਹਨ, ਹੁਕਮ ਨਾਲ ਹੀ ਜੀਵਾਂ ਦੀ ਉਤਪਤੀ ਹੁੰਦੀ ਹੈ ਤੇ ਉਹਨਾਂ ਨੂੰ ਵਡਿਆਈ ਮਿਲਦੀ ਹੈ। ਹੁਕਮ ਦੁਆਰਾ ਹੀ ਉਹ ਉਤਮ ਤੇ ਨੀਚ ਕਰਮ ਕਰਦੇ ਹਨ, ਜਿਸ ਕਾਰਣ ਉਹਨਾਂ ਨੂੰ ਸੁਖ ਦੁਖ ਸਹਿਣਾ ਪੈਂਦਾ ਹੈ। ਪਰਮਾਤਮਾ ਦੇ ਹੁਕਮ ਨਾਲ ਹੀ ਕੁਝ ਤਾਂ ਆਵਾਗਵਣ ਤੋਂ ਮੁਕਤ ਹੋ ਜਾਂਦੇ ਹਨ ਤੇ ਕੁਝ ਆਵਾਗਵਣ ਵਿਚ ਫਸ ਜਾਂਦੇ ਹਨ। ਗਲ ਕੀ ਸਾਰਾ ਕੁਝ ਪਰਮਾਤਮਾ ਦੇ ਹੁਕਮ ਵਿਚ ਹੀ ਹੋ ਰਿਹਾ ਹੈ।[2] ਆਪ ਅਨੁਸਾਰ ਪਰਮਾਤਮਾ ਦੇ ਹੁਕਮ ਨਾਲ ਹੀ ਜੀਵ ਇਥੇ ਆਉਂਦਾ ਹੈ, ਇਥੋਂ ਜਾਂਦਾ ਹੈ ਤੇ ਉਸ ਦੇ ਵਿਚ ਸਮਾਉਂਦਾ ਹੈ।[3] ਪਰਮਾਤਮਾ ਆਪਣੇ ਹੁਕਮ ਨਾਲ ਹੀ ਖਿਨ ਪਲ ਵਿਚ ਹੀ ਲੱਖਾਂ ਨੂੰ ਸਾਜਦਾ ਤੇ ਖਤਮ ਕਰਦਾ ਹੈ।[4] ਪਰਮਾਤਮਾ ਦੇ ਹੁਕਮ ਦੁਆਰਾ ਹੀ ਸਾਰਾ ਜਗਤ ਉਤਪੰਨ ਹੋਇਆ ਹੈ, ਹੁਕਮ ਤੋਂ ਹੀ ਤਿੰਨ ਲੋਕ: ਸਵਰਗ, ਮਾਤ ਤੇ ਪਾਤਾਲ, ਹੋਂਦ ਵਿਚ ਆਏ ਹਨ ਅਤੇ ਹੁਕਮ ਤੋਂ ਹੀ

---

1. ਡਾਕਟਰ ਮੋਹਨ ਸਿੰਘ, ਪੰਜਾਬੀ ਭਾਸ਼ਾ ਵਿਗਿਆਨ ਤੇ ਗੁਰਮਤਿ ਗਿਆਨ, ਪੰਨਾ 29
2. (ੳ) ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ।

   (ਜਪੁ, ਆਦਿ ਗ੍ਰੰਥ, ਪੰਨਾ 1)

   (ਅ) ਹੁਕਮੈ ਅੰਦਰ ਸਭੁ ਕੋ ਬਾਹਰਿ ਹੁਕਮ ਨ ਕੋਇ।

   (ਜਪੁ, ਆਦਿ ਗ੍ਰੰਥ, ਪੰਨਾ 1)
3. ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ।

   (ਰਾਮਕਲੀ ਰਾਗੁ, ਸਿਧ ਗੋਸ਼ਟਿ, ਆਦਿ ਗ੍ਰੰਥ, ਪੰਨਾ 940)
4. ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ।

   (ਮਲਾਰ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 1289)

ਸਾਰੇ ਲੋਕ ਉਸ ਵਿਚ ਸਮਾ ਜਾਂਦੇ ਹਨ।[1] ਪਰਮਾਤਮਾ ਦੇ ਹੁਕਮ ਤੋਂ ਹੀ ਸਾਰੇ ਉਪਜਦੇ ਤੇ ਪਰਮਾਤਮਾ ਵਿਚ ਸਮਾਉਂਦੇ ਹਨ।[2] ਪਰਮਾਤਮਾ ਦੇ ਹੁਕਮ ਤੋਂ ਹੀ ਸਾਰੀ ਉਤਪਤੀ ਹੋਈ ਹੈ ਅਤੇ ਉਸ ਦੇ ਹੁਕਮ ਵਿਚ ਹੀ ਸਾਰੇ ਵਿਚਰ ਰਹੇ ਹਨ।[3]

ਗੁਰੂ ਸਾਹਿਬ ਸਰਬ ਸ਼ਕਤੀਮਾਨ ਪਰਮਾਤਮਾ ਦੇ ਅਦੁਤੀ ਹੁਕਮ ਦੀ ਮਹੱਤਤਾ ਪ੍ਰਗਟਾਉਂਦੇ ਲਿਖਦੇ ਹਨ ਕਿ ਉਸ ਦੇ ਹੁਕਮ ਦਾ ਕਥਨ ਨਹੀਂ ਕੀਤਾ ਜਾ ਸਕਦਾ।[4]

ਗੁਰੂ ਸਾਹਿਬ ਦਾ ਇਕ ਵਿਚਾਰ ਇਹ ਹੈ ਕਿ ਹਉਮੈ ਤੋਂ ਸ੍ਰਿਸ਼ਟੀ ਦੀ ਉਤਪਤੀ ਹੋਈ ਹੈ। ਸਿਧ ਗੋਸ਼ਟਿ[5] ਵਿਚ ਗੁਰੂ ਨਾਨਕ ਦੇਵ ਜੋਗੀਆਂ ਵਲੋਂ ਸ੍ਰਿਸ਼ਟੀ ਦੀ ਉਤਪਤੀ ਦੇ ਸੰਬੰਧ ਵਿਚ ਪੁਛੇ ਗਏ ਪ੍ਰਸ਼ਨ ਦਾ ਉਤਰ ਦੇਂਦੇ ਹੋਏ ਦਸਦੇ ਹਨ ਕਿ ਹਉਮੈ ਤੋਂ ਹੀ ਜਗਤ ਦੀ ਉਤਪਤੀ ਹੁੰਦੀ ਹੈ, ਨਾਮ ਦੇ ਵਿਸਰ ਜਾਣ ਨਾਲ ਵਿਅਕਤੀ ਨੂੰ ਦੁਖ ਪਾਉਣਾ ਪੈਂਦਾ ਹੈ। ਗੁਰਮੁਖ ਵਿਅਕਤੀ ਹੀ ਸੱਚਾ ਗਿਆਨ ਪ੍ਰਾਪਤ ਕਰਕੇ ਨਾਮ ਦੇ ਸ਼ਬਦ ਦੁਆਰਾ ਆਪਣੀ ਹਉਮੈ ਨੂੰ ਸਾੜ ਦੇਂਦਾ ਹੈ।

<u>ਸ੍ਰਿਸ਼ਟੀ ਦੀ ਅਨੰਤਤਾ</u>

ਗੁਰੂ ਨਾਨਕ ਦੇਵ ਨੇ ਜਗਤ ਦੀ ਅਨੰਤਤਾ ਆਪਣੀ ਬਾਣੀ ਵਿਚ ਪ੍ਰਗਟ ਕੀਤੀ ਹੈ। ਆਪ

---

1. ਹੁਕਮੇ ਆਇਆ ਹੁਕਮ ਸਮਾਇਆ। ਹੁਕਮੇ ਦੀਸੈ ਜਗਤੁ ਉਪਾਇਆ।
   ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1037)
2. ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ।
   ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਇ।
   (ਸਿਰੀ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 55)
3. ਏਕੋ ਹੁਕਮੁ ਵਰਤੈ ਸਭ ਲੋਈ। ਏਕਸੁ ਤੇ ਸਭ ਓਪਤਿ ਹੋਈ।
   (ਗਉੜੀ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 223)
4. ਹੁਕਮੁ ਨ ਕਹਿਆ ਜਾਈ।
   (ਜਪੁ, ਆਦਿ ਗ੍ਰੰਥ, ਪੰਨਾ 1)
5. ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ।
   ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ।
   (ਰਾਮਕਲੀ ਰਾਗੁ, ਸਿਧ ਗੋਸਟਿ, ਆਦਿ ਗ੍ਰੰਥ, ਪੰਨਾ 946)

ਬੇਗਿਣਤ ਥਾਵਾਂ ਉਪਰ ਵਿਚਰਦੇ ਅਸੰਖ ਜੀਵਾਂ ਸੰਬੰਧੀ ਵਿਚਾਰ ਕਰਦੇ ਹਨ।[1] ਸ੍ਰੀ ਰਾਗ ਵਿਚ ਗੁਰੂ ਸਾਹਿਬ ਲਿਖਦੇ ਹਨ ਕਿ ਪਰਮਾਤਮਾ ਦੀਆਂ ਕੁਦਰਤਾਂ, ਦਾਤਾਂ, ਜੀਵ, ਜਾਤੀਆਂ ਅਤੇ ਰੰਗ ਰੂਪ ਅਨੇਕ ਹਨ।[2]

ਗੁਰੂ ਨਾਨਕ ਦੇਵ ਨੇ ਜਪੁ ਬਾਣੀ ਵਿਚ ਬੜੇ ਵਿਸਤ੍ਰਿਤ ਢੰਗ ਨਾਲ ਸਤੋ ਗੁਣੀ ਤੇ ਤਮੋ ਗੁਣੀ ਬਿਰਤੀਆਂ ਵਾਲੇ ਜੀਵਾਂ ਦੀ ਚਰਚਾ ਕੀਤੀ ਹੈ। ਗੁਰੂ ਜੀ ਨੇ ਉਹਨਾਂ ਬੇਅੰਤ ਲੋਕਾਂ ਲਈ ਅਸੰਖ ਸ਼ਬਦ ਦੀ ਵਰਤੋਂ ਕੀਤੀ ਹੈ। ਸਤੋਗੁਣੀਆਂ ਵਿਚ ਤਪੀ, ਸਤੀ, ਦਾਨੀ, ਗਿਆਨੀ, ਭਗਤ ਤੇ ਯੋਗੀ ਆਉਂਦੇ ਹਨ ਅਤੇ ਤਮੋ ਗੁਣੀਆਂ ਵਿਚ ਮੂਰਖ, ਚੋਰ, ਹਰਾਮਖੋਰ, ਕਾਤਲ, ਪਾਪੀ ਮਲੇਛ ਤੇ ਨਿੰਦਕ ਆਉਂਦੇ ਹਨ।

ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਇਸ ਧਰਤੀ ਤੋਂ ਅਗੇ ਕਈ ਹੋਰ ਧਰਤੀਆਂ[3] ਅਤੇ ਲੱਖਾਂ ਹੀ ਪਾਤਾਲਾਂ ਤੇ ਆਕਾਸ਼ਾਂ ਦਾ ਸੰਕਲਪ ਪੇਸ਼ ਕੀਤਾ ਹੈ।[4] ਇੰਜ ਜਗਤ ਦੀ ਵਿਚਿਤ੍ਰਤਾ ਤੇ ਬੇਅੰਤਤਾ ਦਾ ਪ੍ਰਗਟਾਵਾ ਕਰਕੇ ਗੁਰੂ ਸਾਹਿਬ ਨੇ ਸਾਰੇ ਜਗਤ ਲਈ ਵਿਸਮਾਦ ਸ਼ਬਦ ਦੀ ਵਰਤੋਂ ਕਰਕੇ ਹੈਰਾਨੀ ਪ੍ਰਗਟ ਕਰ ਦਿਤੀ ਹੈ।[5]

---

1. ਅਸੰਖ ਨਾਵ ਅਸੰਖ ਥਾਵ। ਅਗੰਮ ਅਗੰਮ ਅਸੰਖ ਲੋਅ।
   ਅਸੰਖ ਕਹਹਿ ਸਿਰਿ ਭਾਰੁ ਹੋਇ।
   (ਜਪੁ, ਆਦਿ ਗ੍ਰੰਥ, ਪੰਨਾ 4)
2. ਕੇਤੀਆਂ ਤੇਰੀਆਂ ਕੁਦਰਤੀ ਕੇਵਡ ਤੇਰੀ ਦਾਤਿ।
   ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨ ਰਾਤਿ।
   ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ।
   (ਸਿਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 18)
3. ਧਰਤੀ ਹੋਰੁ ਪਰੈ ਹੋਰੁ ਹੋਰ।
   (ਜਪੁ, ਆਦਿ ਗ੍ਰੰਥ, ਪੰਨਾ 3)
4. ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।
   (ਜਪੁ, ਆਦਿ ਗ੍ਰੰਥ, ਪੰਨਾ 5)
5. ਵਿਸਮਾਦੁ ਨਾਦ ਵਿਸਮਾਦੁ ਵੇਦ।
   (ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 463)

## ਸ੍ਰਿਸ਼ਟੀ ਦਾ ਅੰਤ

ਗੁਰੂ ਨਾਨਕ ਦੇਵ ਸ੍ਰਿਸ਼ਟੀ ਦੀ ਉਤਪਤੀ ਤੇ ਵਿਨਾਸ ਪਰਮਾਤਮਾ ਵਲੋਂ ਹੋਇਆ ਮੰਨਦੇ ਹਨ।[1] ਇਸ ਸ੍ਰਿਸ਼ਟੀ ਦਾ ਅੰਤ ਪਰਮਾਤਮਾ ਵਿਚ ਹੀ ਹੁੰਦਾ ਹੈ।[2] ਪਰਮਾਤਮਾ ਆਪ ਹੀ ਸ੍ਰਿਸ਼ਟੀ ਨੂੰ ਢਾਹੁੰਦਾ ਤੇ ਉਸਾਰਦਾ ਹੈ। ਜਿਵੇਂ ਉਸ ਨੂੰ ਚੰਗਾ ਲਗਦਾ ਹੈ ਉਸੇ ਤਰ੍ਹਾਂ ਹੀ ਹੁੰਦਾ ਹੈ।[3]

## ਸ੍ਰਿਸ਼ਟੀ ਸਤਿ ਹੈ, ਅਸਤਿ ਹੈ

ਸ੍ਰਿਸ਼ਟੀ ਦੇ ਸੰਬੰਧ ਵਿਚ ਦੋ ਪ੍ਰਕਾਰ ਦੀਆਂ ਵਿਚਾਰਧਾਰਾਵਾਂ ਮਿਲਦੀਆਂ ਹਨ, ਇਕ ਤਾਂ ਇਹ ਹੈ ਕਿ ਸ਼ੰਕਰ ਦੇ ਵਿਚਾਰ ਅਨੁਸਾਰ ਜਗਤ ਅਸਤਿ ਹੈ ਅਤੇ ਦੂਸਰਾ ਇਹ ਕਿ ਜਗਤ ਰਾਮਾਨੁਜ ਦੀ ਵਿਚਾਰਧਾਰਾ ਵਾਂਗ ਸਤਿ ਹੈ। ਹੁਣ ਅਸੀਂ ਨਾਨਕ ਬਾਣੀ ਵਿਚ ਜਗਤ ਸੰਬੰਧੀ ਮਿਲਦੇ ਅਸਤਿ ਤੇ ਸਤਿ ਭਾਵਾਂ ਦੇ ਆਧਾਰ ਤੇ, ਗੁਰੂ ਨਾਨਕ ਦੇਵ ਦਾ ਜਗਤ ਸੰਬੰਧੀ ਨਿਰਣਾ ਪੇਸ਼ ਕਰਦੇ ਹਾਂ। ਨਾਨਕ ਬਾਣੀ ਵਿਚ ਮੁਖ ਤੌਰ ਤੇ ਜਗਤ ਦੇ ਅਸਤਿ ਹੋਣ ਸੰਬੰਧੀ ਚਰਚਾ ਹੋਈ ਮਿਲਦੀ ਹੈ। ਥਾਂ ਥਾਂ ਤੇ ਜਗਤ ਦੀ ਨਾਸ਼ਮਾਨਤਾ ਦਾ ਪ੍ਰਗਟਾਵਾ ਹੋਇਆ।[4] ਦੁਨੀਆਂ ਨੂੰ ਚਾਰ ਦਿਨਾਂ ਦੀ ਖੇਡ ਕਿਹਾ ਗਿਆ ਹੈ।[5] ਗੁਰੂ ਨਾਨਕ ਦੇਵ ਨੇ ਇਹ ਗਲ ਚੰਗੀ ਤਰ੍ਹਾਂ ਵੇਖ ਲਈ ਹੈ ਕਿ ਜਗਤ ਧੂਏ ਦਾ

---

1. (ੳ) ਜਿਸ ਤੇ ਉਪਜੈ ਤਿਸ ਤੇ ਬਿਨਸੈ।
   (ਸਿਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 20)
   (ਅ) ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ।
   (ਆਸਾ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 355)
2. ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1035)
3. ਢਢੇ ਢਾਹਿ ਉਸਾਰੇ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ।
   (ਆਸਾ ਰਾਗੁ, ਪਟੀ, ਆਦਿ ਗ੍ਰੰਥ, ਪੰਨਾ 433)
4. ਦੁਨੀਆ ਮੁਕਾਮੇ ਫਾਨੀ।
   (ਤਿਲੰਗ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 721)
5. ਨਾਨਕ ਦੁਨੀਆ ਚਾਰ ਦਿਹਾੜੇ ਸੁਖਿ ਕੀਤੇ ਦੁਖ ਹੋਈ।
   (ਮਲਾਰ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 1286)

ਮਹੌਲ ਹੈ।[1] ਇਸ ਜਗਤ ਤੇ ਕਿਸੇ ਨੇ ਨਹੀਂ ਰਹਿ ਜਾਣਾ, ਸਾਰਿਆਂ ਨੇ ਚਲੇ ਜਾਣਾ ਹੈ।[2] ਇਸ ਜਗਤ ਤੇ ਆਇਆ ਹਰ ਕੋਈਆਪਣੀ ਆਪਣੀ ਵਾਰੀ ਸਿਰ ਇਸ ਧਰਤੀ ਤੋਂ ਚਲਾ ਜਾਂਦਾ ਹੈ।[3] ਇਹ ਸੰਸਾਰ ਦੇ ਸਾਰੇ ਪਦਾਰਥ ਨਸ਼ਟ ਹੋ ਜਾਣੇ ਹਨ ਤੇ ਜੀਵ ਮਰ ਜਾਣੇ ਹਨ।[4] ਅਸਲ ਵਿਚ ਦੁਨੀਆਵੀ ਸੁਖਾਂ ਦੇ ਸਮਾਨ: ਜਿਹਾ ਕਿ ਰਾਜ ਦੌਲਤ, ਸੁੰਦਰਤਾ ਅਤੇ ਉਚੀ ਜਾਤੀ ਇਤਿਆਦਿਕ ਅਜਿਹੇ ਠੱਗ ਹਨ ਜਿਹੜੇ ਕਿ ਇਨਸਾਨ ਨੂੰ ਲੁਟਦੇ ਜਾ ਰਹੇ ਹਨ, ਕਿਸੇ ਨੇ ਵੀ ਇਨਸਾਨ ਦਾ ਸਾਥ ਨਹੀਂ ਦੇਣਾ।[5]

ਗੁਰੂ ਨਾਨਕ ਦੇਵ ਨੇ ਸੰਸਾਰ ਦੇ ਸਾਰੇ ਜੀਵਾਂ ਤੇ ਪਦਾਰਥਾਂ ਨੂੰ ਝੂਠੇ ਅਥਵਾ ਮਿਥਿਆ ਕਿਹਾ ਹੈ। ਰਾਜਾ, ਪਰਜਾ, ਸਾਰਾ ਸੰਸਾਰ, ਮੰਡਪ ਮਾੜੀਆਂ, ਸੋਨਾ ਚਾਂਦੀ ਤੇ ਇਹਨਾਂ ਨੂੰ ਪਹਿਨਣ ਵਾਲੇ ਮੀਆਂ ਬੀਵੀ ਇਤਿਆਦਿਕ ਸਭ ਝੂਠੇ ਹਨ। ਇਹਨਾਂ ਦੇ ਪਿਆਰਾਂ ਵਿਚ ਫਸਿਆ ਹੋਇਆ ਜੀਵ ਪਰਮਾਤਮਾ ਨੂੰ ਭੁਲਾਈ ਬੈਠਾ ਹੈ। ਗਲ ਕੀ ਸਾਰਾ ਸੰਸਾਰ ਹੀ ਨਾਸ਼ਮਾਨ ਹੈ।

---

1. ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕੁ ਜਗ ਧੂਏ ਕਾ ਧਵਲਹਰੁ।
   (ਮਾਝ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 140)
2. ਸਭ ਜਗੁ ਚਲਣਹਾਰੁ।
   (ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 468)
3. ਜੋ ਆਇਆ ਸੋ ਚਲਸੀ ਸਭ ਕੋਈ ਆਈ ਵਾਰੀਐ।
   (ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 474)
4. ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ।
   ਹਟ ਪਟਣ ਬਾਜ਼ਾਰ ਹੁਕਮੀ ਢਹਸੀਓ।
   ਪਕੇ ਬੰਕ ਦੁਆਰ ਮੂਰਖ ਜਾਣੈ ਆਪਣੇ।
   .. .. ..
   ਨਾਨਕ ਸਚ ਦਾਤਾਰ ਸਿਨਾਖਤ ਕੁਦਰਤੀ।
   (ਮਾਝ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 141)
5. ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ।
   ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ।
   (ਮਲਾਰ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 1288)

ਇਸ ਲਈ ਕਿਸੇ ਨਾਲ ਵੀ ਦੋਸਤੀ ਪਾਉਣੀ ਉਚਿਤ ਨਹੀਂ।[1]

ਇਹਨਾਂ ਤੋਂ ਇਲਾਵਾ ਗੁਰੂ ਸਾਹਿਬ ਨੇ ਜਗਤ ਲਈ ਕਿਤੇ ਸੂਤ ਦਾ ਧਾਗਾ ਅਤੇ ਕਿਤੇ ਕਾਗਜ਼ ਦਾ ਕਿਲ੍ਹਾ ਇਤਿਆਦਿਕ ਉਪਮਾਨ ਕਰਤੇ ਹਨ ਜਿਹਨਾਂ ਤੋਂ ਭਾਵ ਇਹ ਹੈ ਕਿ ਜਗਤ ਤੇ ਇਸ ਦੇ ਪਦਾਰਥ ਬੜੀ ਜਲਦੀ ਹੀ ਨਾਸ਼ ਹੋਣ ਵਾਲੇ ਹਨ।

## ਜਗਤ ਸਤਿ ਹੈ

ਗੁਰੂ ਨਾਨਕ ਬਾਣੀ ਵਿਚ ਕਈ ਥਾਵਾਂ ਤੇ ਜਗਤ ਨੂੰ ਸੱਚਾ ਵੀ ਮੰਨਿਆ ਗਿਆ ਹੈ। ਗੁਰੂ ਸਾਹਿਬ ਅਨੁਸਾਰ ਪਰਮਾਤਮਾ ਸਾਰੇ ਸੰਸਾਰ ਵਿਚ ਵਿਆਪਕ ਹੈ ਜਿਸ ਕਰਕੇ ਸ੍ਰਿਸ਼ਟੀ ਉਸ ਦਾ ਸੱਚਾ ਖੇਲ ਹੈ।[2] ਗੁਰੂ ਸਾਹਿਬ ਅਨੁਸਾਰ ਪਰਮਾਤਮਾ ਦੁਆਰਾ ਬਣਾਏ ਹੋਏ ਸਾਰੇ ਖੰਡ, ਬ੍ਰਹਮੰਡ, ਲੋਕ, ਆਕਾਰ, ਹਕੂਮਤ ਤੇ ਦਰਬਾਰ ਸਭੇ ਹੀ ਸਚੇ ਹਨ। ਸਮੁਚੇ ਤੌਰ ਤੇ ਸਚੇ ਪਰਮਾਤਮਾ ਦੀ ਬਣਾਈ ਹੋਈ ਸ੍ਰਿਸ਼ਟੀ ਸਚੀ ਹੀ ਹੈ।[3] ਗੁਰੂ ਸਾਹਿਬ ਅਨੁਸਾਰ ਸੱਚੇ ਪਰਮਾਤਮਾ ਦੁਆਰਾ ਬਣਾਈ ਸਾਰੀ ਸ੍ਰਿਸ਼ਟੀ ਸਚੀ ਹੈ ਕਿਉਂਕਿ ਸੱਚੇ ਉਪਾਦਾਨ ਦੁਆਰਾ ਸਿਰਜੀ ਹਰ ਇਕ ਵਸਤੂ ਦਾ ਸੱਚਾ ਹੋਣਾ ਸੁਭਾਵਿਕ ਹੈ।[4]

ਉਪਰੋਕਤ ਕੀਤੀ ਸਾਰੀ ਚਰਚਾ ਤੋਂ ਅਸੀਂ ਇਹ ਵੇਖਦੇ ਹਾਂ ਕਿ ਗੁਰੂ ਨਾਨਕ ਬਾਣੀ ਵਿਚ ਪਰਮਾਤਮਾ ਪਰਮਾਰਥਕ ਸਤਿ ਹੈ ਜਦੋਂ ਕਿ ਜਗਤ ਵਿਹਾਰਕ ਸੱਤ ਹੈ। ਗੁਰੂ ਸਾਹਿਬ ਲਈ ਜਗਤ ਇਕ ਕਰਮ ਭੂਮੀ ਹੋਣ ਦੇ ਨਾਤੇ ਇਕ ਵਿਹਾਰਕ ਸਤਿ ਹੈ ਇਸ ਦਾ ਕਾਰਨ ਇਹ ਹੈ ਕਿ ਸ਼ੁਧ ਤੇ ਸਾਤਵਿਕ ਜੀਵਨ ਬਤੀਤ ਕਰਨ ਦਾ ਉਪਦੇਸ਼ ਦੇਣਾ ਉਦੋਂ ਹੀ ਪ੍ਰਭਾਵਸ਼ਾਲੀ ਹੋ ਸਕਦਾ ਹੈ ਜਦੋਂ ਕਿ ਜਗਤ ਦੀ ਵਿਹਾਰਕ ਸੱਤਾ ਨੂੰ ਸਵੀਕਾਰ ਕੀਤਾ ਜਾਵੇ।

---

1. ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭ ਸੰਸਾਰੁ।
   ... .. ..
   ਕਿਸ ਨਾਲ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ।
   (ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 468)
2. ਆਤਮ ਰਾਮ ਸੰਸਾਰਾ। ਸਾਚਾ ਖੇਲ ਤੁਮਾਰਾ।
   (ਸੂਹੀ ਰਾਗੁ, ਛੰਤ, ਆਦਿ ਗ੍ਰੰਥ, ਪੰਨਾ 764)
3. ਸਚੇ ਤੇਰੇ ਖੰਡ ਸਚੇ ਬ੍ਰਹਮੰਡ।
   (ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 463)
4. ਜਾ ਤੂੰ ਸਚਾ ਤਾ ਸਭੁ ਕੋ ਸਚਾ ਕੂੜਾ ਕੋਇ ਨਾ ਕੋਈ।
   (ਮਾਝ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 145)

## ਸ੍ਰਿਸ਼ਟੀ ਸਿਰਜਨਾ ਦਾ ਪ੍ਰਯੋਜਨ

ਗੁਰੂ ਨਾਨਕ ਦੇਵ ਅਨੁਸਾਰ ਸ੍ਰਿਸ਼ਟੀ ਸਿਰਜਨਾ ਦਾ ਪ੍ਰਯੋਜਨ ਇਹ ਹੈ ਕਿ ਇਸ ਧਰਤੀ ਤੇ ਗੁਰਮੁਖ ਪੈਦਾ ਕੀਤੇ ਜਾਣ। ਜਨਮ ਤੇ ਮੌਤ ਅਰਥਾਤ ਆਵਾਗਵਣ ਦਾ ਪ੍ਰਯੋਜਨ ਵੀ ਇਹ ਹੈ ਕਿ ਆਤਮਕ ਵਿਕਾਸ ਰਾਹੀਂ ਪਰਮਪਦ ਨੂੰ ਪ੍ਰਾਪਤ ਕੀਤਾ ਜਾਂਦਾ ਹੈ।[1]

ਗੁਰੂ ਨਾਨਕ ਦੇਵ ਕਹਿੰਦੇ ਹਨ ਕਿ ਪਰਮਾਤਮਾ ਨੇ ਆਪ ਹੀ ਸੰਸਾਰ ਰੂਪੀ ਅਖਾੜਾ ਰਚਿਆ ਹੈ ਅਤੇ ਆਪ ਹੀ ਇਸ ਵਿਚ ਛਿੰਝ ਪੁਆ ਰਿਹਾ ਹੈ। ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਪੰਜ ਪਹਿਲਵਾਨ ਸ਼ੋਰ ਮਚਾਉਂਦੇ ਹੋਏ ਇਸ ਅਖਾੜੇ ਵਿਚ ਆ ਗਏ ਹਨ। ਗੁਰਮੁਖਾਂ ਤੇ ਮਨਮੁਖਾਂ ਨੇ ਇਹਨਾਂ ਨਾਲ ਦੰਗਲ ਕੀਤਾ ਹੈ। ਗੁਰਮੁਖ ਇਹਨਾਂ ਉਪਰ ਵਿਜਈ ਹੋ ਗਏ ਹਨ ਜਦੋਂ ਕਿ ਇਹ ਵਿਕਾਰ ਮਨਮੁਖਾਂ ਉਪਰ ਵਿਜਈ ਹੋ ਗਏ ਹਨ। ਮੂਰਖ ਮਨਮੁਖ ਕੱਚੇ ਹੋਣ ਕਾਰਨ ਪੰਜ ਤਾਕਤਾਂ ਵਲੋਂ ਹਾਰ ਖਾ ਗਏ ਹਨ।[2]

ਜਗਤ-ਹੋਂਦ-ਸਿਰਜਨਾ ਦੇ ਵਖ ਵਖ ਪਹਿਲੂਆਂ ਉਪਰ ਵਿਚਾਰ ਤੋਂ ਸਪਸ਼ਟ ਹੈ ਕਿ ਵੇਦਾਂਤ ਵਿਚੋਂ ਪ੍ਰਾਪਤ ਜਗਤ-ਸਿਧਾਂਤ ਨਾਲੋਂ, ਗੁਰੂ ਸਾਹਿਬ ਦੁਆਰਾ ਪ੍ਰਗਟ ਜਗਤ ਸਿਧਾਂਤ ਵਖਰਾ ਹੈ। ਉਂਜ ਤਾਂ ਸ੍ਰਿਸ਼ਟੀ ਜੋ ਹੈ ਸੋ ਹੈ ਹੀ, ਪਰ ਇਸ ਦੀ ਹੋਂਦ ਅਰਥਾਤ ਇਸੇ ਦੀ ਸੁਭਾ ਬਾਰੇ ਸਿਧਾਂਤ ਅਤੇ ਇਸ ਦੀ ਵਿਆਖਿਆ ਗੁਰੂ ਸਾਹਿਬ ਨੇ ਆਪਣੇ ਢੰਗ ਨਾਲ ਕੀਤੀ ਹੈ। ਇਸ ਢੰਗ ਵਿਚ ਵੇਦਾਂਤਕ ਸ਼ੈਲੀ ਜਾਂ ਵੇਦਾਂਤ ਨਾਲ ਸੰਬੰਧਿਤ ਪਰਿਭਾਸ਼ਕ ਸ਼ਬਦ ਭਾਵੇਂ ਆ ਗਏ ਹਨ, ਪਰ ਉਨ੍ਹਾਂ ਦਾ ਸਿਧਾਂਤ ਵੇਦਾਂਤ ਦੇ ਸਿਧਾਂਤ ਨਾਲੋਂ ਵਖਰਾ ਅਤੇ ਕਿਸੇ ਹਦ ਤਕ ਬਿਲਕੁਲ ਨਵੇਕਲਾ ਅਤੇ ਸੁਤੰਤਰ ਹੈ। ਇਸ ਨੂੰ ਸਚਾ, ਹਰੀ ਦਾ ਮੰਦਰ ਅਤੇ ਸਚੇ ਦੀ ਸਚੀ ਕਿਰਤ ਆਦਿ ਕਹਿਣਾ, ਇਸਨੂੰ ਵਖਰੇ ਸਿਧਾਂਤ ਵਿਚ ਮੰਨਦੇ ਹਨ। ਇੰਜ ਵੇਦਾਂਤਕ ਸਿਧਾਂਤ ਨੂੰ ਇਥੇ ਇਕ ਨਵੀਂ ਵਿਆਖਿਆ ਮਿਲੀ ਹੈ।

---

1. ਗੁਰਮੁਖਿ ਧਰਤੀ ਸਾਚੈ ਸਾਜੀ,
   ਤਿਸ ਮਹਿ ਓਪਤਿ ਖਪਤਿ ਸੁ ਬਾਜੀ।
   (ਰਾਮਕਲੀ ਰਾਗੁ, ਸਿਧ ਗੋਸ਼ਟਿ, ਆਦਿ ਗ੍ਰੰਥ, ਪੰਨਾ 941)
2. ਆਪੇ ਛਿੰਝ ਪਵਾਇ ਮਲਾਖਾੜਾ ਰਚਿਆ।
   ਲਥੇ ਭੜਥੂ ਪਾਇ ਗੁਰਮੁਖ ਮਚਿਆ।
   ਮਨਮੁਖ ਮਾਰੇ ਪਛਾੜ ਮੂਰਖ ਕਚਿਆ।
   (ਮਲਾਰ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 1280)

## ਮਾਇਆ

ਮਾਇਆ ਸ਼ਬਦ ਦਾ ਪ੍ਰਯੋਗ ਵੈਦਿਕ ਕਾਲ ਤੋਂ ਹੀ ਹੁੰਦਾ ਆਇਆ ਹੈ। ਸਮੇਂ ਦੇ ਬਦਲਣ ਨਾਲ ਇਸ ਦੇ ਅਰਥ ਵੀ ਪਰਿਵਰਤਿਤ ਹੁੰਦੇ ਆਏ ਹਨ। ਰਿਗ ਵੇਦ ਵਿਚ ਕਈ ਮੰਤ੍ਰ ਅਜਿਹੇ ਹਨ, ਜਿਹਨਾਂ ਵਿਚ ਇੰਦਰ ਨੂੰ ਆਪਣੀ ਮਾਇਆ ਦੁਆਰਾ ਅਨੇਕ ਰੂਪ ਧਾਰਣ ਕਰਦਾ ਦਸਿਆ ਗਿਆ ਹੈ।[1] ਵੇਦਾਂ ਵਿਚ ਰਹਸਮਈ ਅਲੌਕਿਕ ਸ਼ਕਤੀ ਦੇ ਰੂਪ ਵਿਚ ਇਸ ਦਾ ਵਰਣਨ ਹੋਇਆ ਹੈ। ਵੇਦਾਂ ਦੇ ਸਿਰਜਨਾ ਕਾਲ ਤਕ ਬ੍ਰਹਮ ਤੇ ਮਾਇਆ ਦੇ ਅਨੇਕ ਸੰਬੰਧਾਂ ਦੇ ਵਿਸ਼ੇ ਵਿਚ ਵਿਚਾਰ ਨਹੀਂ ਸੀ ਹੋਈ। ਵੈਦਿਕ ਰਿਸ਼ੀਆਂ ਦਾ ਆਸ਼ਾ ਦੇਵਤਿਆਂ ਦੀ ਸ਼ਕਤੀ ਹੀ ਸੀ, ਬ੍ਰਹਮ ਦੀ ਸਿਰਜਨ ਸ਼ਕਤੀ ਜਾਂ ਅਨਿਰਵਚਨੀਯ ਸੱਤਾ ਨਹੀਂ ਸੀ।

ਉਪਨਿਸ਼ਦਾਂ ਵਿਚ ਮਾਇਆ ਦੇ ਸਰੂਪ ਸੰਬੰਧੀ ਵੱਖ ਵੱਖ ਵਿਚਾਰਧਾਰਾਵਾਂ ਮਿਲਦੀਆਂ ਹਨ। ਇਸ ਤੋਂ ਕੇਵਲ ਇਹੋ ਹੀ ਕਿਹਾ ਜਾ ਸਕਦਾ ਹੈ ਕਿ ਉਸ ਵਕਤ ਤਕ ਮਾਇਆ ਦਾ ਅੰਤਿਮ ਸਰੂਪ ਪ੍ਰਗਟ ਹੀ ਨਹੀਂ ਸੀ ਹੋ ਸਕਿਆ। ਵੱਖ ਵੱਖ ਉਪਨਿਸ਼ਦਾਂ ਵਿਚ ਮਾਇਆ ਸੰਬੰਧੀ ਵਿਚਾਰ ਦੇ ਵੱਖ ਵੱਖ ਪੱਖ ਮਿਲਦੇ ਹਨ।

ਸ਼ਵੇਤਾਸ਼ਵਤਰ ਉਪਨਿਸ਼ਦ[2] ਵਿਚ ਸਾਰੀ ਪ੍ਰਕਿਰਤੀ ਨੂੰ ਮਾਇਆ ਅਤੇ ਉਸ ਦੇ ਸਿਰਜਕ ਨੂੰ ਮਾਇਆਵੀ ਕਿਹਾ ਗਿਆ ਹੈ। ਇਸੇ ਹੀ ਉਪਨਿਸ਼ਦ ਵਿਚ ਕਿਹਾ ਗਿਆ ਹੈ ਕਿ ਬ੍ਰਹਮ ਆਪਣੀ ਏਸੇ ਸ਼ਕਤੀ ਨਾਲ ਵਿਸ਼ਵ ਦਾ ਸਿਰਜਨ ਕਰਦਾ ਹੈ ਅਤੇ ਉਸੇ ਵਿਚ ਉਸ ਨੇ ਆਪਣੀ ਆਤਮਾ ਨੂੰ ਬੰਨ੍ਹਿਆ ਹੋਇਆ ਹੈ।[3]

ਗੀਤਾ ਵਿਚ ਤਕਰੀਬਨ ਚਾਲੀ ਵਾਰੀ ਮਾਇਆ ਦਾ ਜ਼ਿਕਰ ਆਇਆ ਹੈ। ਗੀਤਾ[4] ਅਨੁਸਾਰ ਤ੍ਰਿਗੁਣਮਈ ਮਾਇਆ ਭਗਵਾਨ ਦੀ ਅਭਿੰਨ ਸ਼ਕਤੀ ਹੈ। ਇਸ ਲਈ ਉਹ ਵੀ ਉਸ ਦੀ ਤਰ੍ਹਾਂ ਅਨਾਦੀ ਤੇ ਅਨਿਰਵਚਨੀਯ ਹੈ। ਉਹ ਇਸ ਅਨੇਕ ਵਿਧੀ ਜਗਤ ਦੀ ਅਧਿਸ਼ਠਾਤ੍ਰੀ ਤੇ ਇਸ ਲੀਲ੍ਹਾ ਮਈ ਜਗਤ ਦੀ ਸਵਾਮਿਨੀ ਹੈ। ਭਗਵਾਨ ਦਾ ਅੰਸ਼ ਹੋਣ ਕਰਕੇ ਉਹ ਸਦਾ ਰਹਿਣ ਵਾਲੀ

---

1. ਰਿਗ ਵੇਦ 4/7/33/3
2. ਸ਼ਵੇਤਾਸ਼ਵਤਰ ਉਪਨਿਸ਼ਦ 4/10
3. ਉਹੀ 4/9
4. ਗੀਤਾ 18/61

ਤੇ ਹਮੇਸ਼ਾਂ ਨਵੀਂ ਹੈ। ਇਸ ਮਾਇਆ ਦੇ ਰਾਹੀਂ ਹੀ ਈਸ਼ਵਰ ਸਭ ਪ੍ਰਾਣੀਆਂ ਨੂੰ ਨਚਾਉਂਦਾ ਹੈ।

ਇਕ ਹੋਰ ਥਾਂ ਤੇ ਗੀਤਾ[1] ਵਿਚ ਮਾਇਆ ਤੇ ਪੁਰਸ਼ ਦੋਨਾਂ ਨੂੰ ਹੀ ਅਨਾਦੀ ਕਿਹਾ ਗਿਆ ਹੈ।

ਗੀਤਾ[2] ਵਿਚ ਮਾਇਆ ਨੂੰ ਤ੍ਰਿਗੁਣਾਤਮਕ ਕਿਹਾ ਗਿਆ ਹੈ ਅਤੇ ਇਹ ਗੁਣ ਅਬਿਨਾਸ਼ੀ ਜੀਵ ਆਤਮਾ ਨੂੰ ਸਰੀਰ ਵਿਚ ਬੰਨ੍ਹਦੇ ਹਨ। ਫਿਰ ਗੀਤਾ[3] ਵਿਚ ਭਗਵਾਨ ਕ੍ਰਿਸ਼ਨ ਨੇ ਪ੍ਰਕਿਰਤੀ ਨੂੰ ਆਪਣੀ ਯੋਨੀ ਦਸਿਆ ਹੈ। ਇਸ ਤਰ੍ਹਾਂ ਪ੍ਰਕਿਰਤੀ ਤੇ ਭਗਵਾਨ ਦਾ ਸੰਜੋਗ ਹੀ ਬ੍ਰਹਮੰਡ ਦੀ ਰਚਨਾ ਦਾ ਪ੍ਰਧਾਨ ਕਾਰਨ ਹੈ। ਪ੍ਰਕਿਰਤੀ ਪਰਮਾਤਮਾ ਦੀ ਅਧੀਨਤਾ ਵਿਚ, ਕਰਮਾਂ ਦੇ ਅਨੁਰੂਪ ਸਚਰ, ਅਚਰ ਜਗਤ ਦੀ ਰਚਨਾ ਕਰਦੀ ਹੈ। ਉਸ ਅਨੁਸਾਰ ਪਰਮਸੱਤਾ ਆਪ ਪ੍ਰਕਿਰਤੀ ਵਿਚ ਪ੍ਰਵੇਸ਼ ਕੀਤੀ ਹੋਈ ਹੈ।

ਬ੍ਰਹਮ ਸੂਤਰ ਵਿਚ ਤਕਰੀਬਨ 30 ਵਾਰੀ ਮਾਇਆ ਦਾ ਜ਼ਿਕਰ ਆਇਆ ਹੈ। ਇਸ ਵਿਚ ਇਕ ਥਾਂ ਤੇ ਕਿਹਾ ਗਿਆ ਹੈ ਕਿ ਮਾਇਕ ਕਰਮ ਅਨਾਦੀ ਹੈ।[4]

ਇਸ ਤਰ੍ਹਾਂ ਪ੍ਰਕਿਰਤੀ ਪਰਮਾਤਮਾ ਦੀ ਸ਼ਕਤੀ ਹੈ ਜਾਂ ਪਰਮਾਤਮਾ ਆਪ ਪ੍ਰਕਿਰਤੀ ਵਿਚ ਪ੍ਰਵੇਸ਼ ਕਰਦਾ ਹੈ। ਇਹ ਦੋਵੇਂ ਇਕੋ ਤਰ੍ਹਾਂ ਦੀਆਂ ਗੱਲਾਂ ਹੀ ਹਨ, ਕਿਉਂਕਿ ਇਹ ਪਰਮਾਤਮਾ ਦੁਆਰਾ ਸਿਰਜੇ ਗਏ ਵਿਸ਼ਵ ਨਾਲ ਸੰਬੰਧਤ ਹਨ।

ਸ਼ੰਕਰ ਨੇ ਬ੍ਰਹਮ ਦੇ ਸਰੂਪ ਦੀ ਨਿਰਵਿਸ਼ੇਸ਼ਤਾ ਦੀ ਸਿਧੀ ਦੇ ਲਈ ਮਾਇਆ ਸਿਧਾਂਤ ਦਾ ਪ੍ਰਗਟਾਵਾ ਕੀਤਾ ਹੈ ਜਿਸ ਨੂੰ ਕਿ ਬਾਦ ਵਿਚ ਮਾਇਆਵਾਦ ਕਰਕੇ ਜਾਣਿਆ ਜਾਣ ਲਗ ਪਿਆ। ਸ਼ੰਕਰ ਨੇ ਅਵਿਦਿਆ ਤੇ ਮਾਇਆ ਦਾ ਇਕੋ ਅਰਥ ਵਿਚ ਹੀ ਪ੍ਰਯੋਗ ਕੀਤਾ ਹੈ।[5]

ਮਾਇਆ ਅਵਿਦਿਆ ਅਥਵਾ ਭਰਮ ਇਕੋ ਹੀ ਅਰਥ ਦੇ ਸੂਚਕ ਹਨ। ਮਿਥਿਆ ਗਿਆਨ ਅਥਵਾ ਭਰਮ ਨੂੰ ਸ਼ੰਕਰ ਨੇ 'ਅਧਿਆਸ' ਕਿਹਾ ਹੈ। ਅਵਸਤੂ ਵਿਚ ਵਸਤੂ ਦਾ ਅਰੋਪ ਹੋਣਾ

---

1. ਭਗਵਦ ਗੀਤਾ 13/19
2. ਉਹੀ 14/4
3. ਉਹੀ 6/10
4. ਬ੍ਰਹਮ ਸੂਤ੍ਰ 2/1/33
5. ਸ਼ਰੀਰਕ ਭਾਸ਼ਯ 1/4/3

ਮਿਥਿਆ ਗਿਆਨ ਹੈ। ਇਸੇ ਨੂੰ ਹੀ ਅਰੋਪ ਤੇ ਅਧਿਆਸ ਕਿਹਾ ਜਾਂਦਾ ਹੈ। ਹਨੇਰੇ ਵਿਚ ਰੱਸੀ ਨੂੰ ਸੱਪ ਸਮਝਣਾ ਅਧਿਆਸ ਜਾਂ ਭਰਮ ਹੈ। ਸ਼ੰਕਰ ਨੇ ਮਾਇਆ ਨੂੰ ਸ਼ਕਤੀ, ਪ੍ਰਕਿਰਤੀ ਆਦਿ ਨਾਂ ਵੀ ਦਿਤੇ ਹਨ।[1]

ਸ਼ੰਕਰ ਨੇ ਮਾਇਆ ਦਾ ਪ੍ਰਯੋਗ ਈਸ਼ਵਰ ਦੀ ਸਿਰਜਨ ਸ਼ਕਤੀ ਲਈ ਕੀਤਾ ਹੈ।[2]

ਸ਼ੰਕਰ ਨੇ ਪਰਮੇਸ਼ਰ ਨੂੰ ਮਾਇਆਵੀ ਤੇ ਜਗਤ ਨੂੰ ਮਾਇਆ ਕਿਹਾ ਹੈ।[3]

ਅਵਿਦਿਆ ਦਾ ਵਿਸ਼ਾ ਜੀਵ ਹੈ। ਅਵਿਦਿਆ ਦੇ ਕਾਰਣ ਹੀ ਜੀਵ ਨੂੰ ਪਰਮਾਰਥ ਸੱਤ ਤੇ ਆਤਮ ਸਰੂਪ ਦਾ ਗਿਆਨ ਨਾ ਹੋਣ ਉਤੇ ਨਾਮਰੂਪਾਤਮਕ ਜਗਤ ਹੀ ਪਰਮਾਰਥ ਰੂਪ ਵਿਚ ਸਤਿ ਲਗਦਾ ਹੈ। ਅਵਿਦਿਆ ਦੇ ਵਿਨਾਸ਼ ਉਤੇ ਹੀ ਜੀਵ ਨੂੰ ਆਤਮ ਸਰੂਪ ਦਾ ਬੋਧ ਹੁੰਦਾ ਹੈ। ਜੀਵ ਦੀ ਅਜਿਹੀ ਸਥਿਤੀ ਬ੍ਰਹਮ ਰੂਪਤਾ ਹੈ। ਇਸ ਅਵਿਦਿਆ ਨੂੰ ਹੀ ਸ਼ੰਕਰ ਨੇ ਪਰਮਾਤਮਾ ਦੀ ਬੀਜ ਸ਼ਕਤੀ ਦਸਿਆ ਹੈ।[4]

ਇਕ ਹੋਰ ਥਾਂ ਤੇ ਸ਼ੰਕਰ ਨੇ ਮਾਇਆ ਨੂੰ ਇੰਦਰ ਜਾਲ ਕਿਹਾ ਹੈ। ਜਿਵੇਂ ਇੰਦਰ ਜਾਲ ਦੀ ਸੱਤਾ ਕੇਵਲ ਵੇਖਣ ਵਾਲੇ ਨੂੰ ਹੀ ਹੁੰਦੀ ਹੈ ਉਸੇ ਤਰ੍ਹਾਂ ਹੀ ਨਾਮਰੂਪਾਤਮਕ ਜਗਤ ਦੀ ਸੱਤਾ ਵੀ ਪਰਮਾਤਮਾ ਲਈ ਨਾ ਹੋ ਕੇ, ਅਗਿਆਨੀ ਜੀਵਾਂ ਲਈ ਹੀ ਹੈ। ਸ਼ੰਕਰ ਦਾ ਕਥਨ ਹੈ ਕਿ ਇਹ ਸਾਰਾ ਸੰਸਾਰ, ਇਹ ਦਸਣ ਤੇ ਵੀ ਕਿ ਹਰੇਕ ਜੀਵ ਪਰਮਾਤਮਾ ਰੂਪ ਹੈ, 'ਮੈਂ ਪਰਮਾਤਮਾ ਰੂਪ ਹਾਂ', ਅਜਿਹਾ ਨਹੀਂ ਸਮਝਦਾ। ਇਸ ਦੇ ਵਿਪਰੀਤ ਇਹ ਇੰਦ੍ਰਿਆਈ ਰੂਪ, ਅਨਾਤਮ ਤੱਤ, ਨੂੰ ਹੀ ਗ੍ਰਹਿਣ ਕਰਦਾ ਹੈ।[5]

ਰਾਮਾਨੁਜ ਦਾ ਵਿਸ਼ਿਸ਼ਟਾਦਵੈਤਵਾਦ ਦਾ ਸਿਧਾਂਤ ਸ਼ੰਕਰ ਦੇ ਮਾਇਆਵਾਦ ਦੀ ਪ੍ਰਤੀਕ੍ਰਿਆ ਵਜੋਂ ਹੋਂਦ ਵਿਚ ਆਇਆ ਹੈ। ਸ਼ੰਕਰ ਜਿਥੇ ਪਰਮਾਤਮਾ ਦੀ ਵਿਸ਼ਿਸ਼ਟਤਾ ਨੂੰ ਸਥਾਪਤ ਕਰਦਾ ਹੋਇਆ ਕੇਵਲ ਪਰਮਾਤਮਾ ਨੂੰ ਸੱਤ ਤੇ ਜਗਤ ਨੂੰ ਮਿਥਿਆ ਮੰਨਦਾ ਹੈ, ਉਥੇ ਰਾਮਾਨੁਜ ਸਤਿ ਪਰਮਾਤਮਾ ਦੁਆਰਾ ਸਿਰਜੇ ਗਏ ਜਗਤ ਨੂੰ ਵੀ ਸਤ ਹੀ ਮੰਨਦਾ ਹੈ। ਰਾਮਾਨੁਜ ਨੇ ਮਾਇਆ ਨੂੰ ਪਰਮਾਤਮਾ ਦਾ ਵਿਚਿਤਰ ਸ਼ਕਤੀ ਦਾ ਰੂਪ ਦਿਤਾ ਹੈ। ਇਸ ਨੇ ਮਾਇਆ ਸ਼ਬਦ ਨੂੰ ਅਸਚਰਜ ਅਰਥ ਦਾ ਬੋਧਕ

---

1. ਸ਼ੰਕਰ ਭਾਸ਼ਯ ਬ੍ਰਹਮ ਸੂਤ੍ਰ 2/1/14
2. ਉਹੀ 1/1/17
3. ਉਹੀ 2/1/9
4. ਉਹੀ 1/4/3
5. ਸ਼ੰਕਰ ਭਾਸ਼ਯ ਕਠ-ਉਪਨਿਸ਼ਦ 1/3/12

ਮੰਨਿਆ ਹੈ।[1]

ਪਰਮਾਤਮਾ ਮਾਇਆ ਸ਼ਕਤੀ ਦੁਆਰਾ ਹੀ ਸ੍ਰਿਸ਼ਟੀ ਦੀ ਸਿਰਜਨਾ ਕਰਦਾ ਹੈ। ਮਾਇਆ, ਸਤਿ, ਰਜ ਤੇ ਤਮ ਆਦਿ ਗੁਣਾਂ ਤੋਂ ਬਣੀ ਹੈ।

ਜੀਵ ਹਉਮੈ ਕਾਰਨ ਬੰਧਨਾਂ ਵਿਚ ਫਸ ਜਾਂਦੇ ਹਨ। ਪਰ ਜਿਹੜੇ ਜੀਵ ਭਰਮਾਂ ਭੁਲੇਖਿਆਂ ਦੀ ਨਿਵਿਰਤੀ ਕਰਕੇ, ਪ੍ਰਭ ਅਗੇ ਬੜੀ ਨਿਮਰਤਾ ਸਹਿਤ, ਆਪਾ ਸਮਰਪਨ ਕਰ ਦੇਂਦੇ ਹਨ, ਉਹ ਸੰਸਾਰਕ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ।

ਵਲਭ ਨੇ ਜਗਤ ਸਿਰਜਨ ਕਰਨ ਦੀ ਸ਼ਕਤੀ ਨੂੰ ਪ੍ਰਕਿਰਤੀ ਅਤੇ ਜੀਵਾਂ ਨੂੰ ਮੋਹਣ ਵਾਲੀ ਸ਼ਕਤੀ ਨੂੰ ਮਾਇਆ ਕਿਹਾ ਹੈ।[2]

ਵਲਭ ਦਰਸ਼ਨ ਵਿਚ ਮਾਇਆ ਬ੍ਰਹਮ ਦੀ ਸ਼ਕਤੀ ਹੈ।[3]

ਵਲਭ ਨੇ ਪਰਮਾਤਮਾ ਦੀਆਂ 12 ਸ਼ਕਤੀਆਂ ਮੰਨੀਆਂ ਹਨ, ਜਿਨ੍ਹਾਂ ਵਿਚੋਂ ਸਭ ਤੋਂ ਪ੍ਰਧਾਨ ਸ਼ਕਤੀ ਮਾਇਆ ਹੈ। ਵਲਭ ਅਨੁਸਾਰ ਮਾਇਆ ਮਿਥਿਆ ਨਹੀਂ (ਅਦਵੈਤ ਵੇਦਾਂਤ ਵਾਂਗੂ) ਬ੍ਰਹਮ ਮਾਇਆ ਸ਼ਕਤੀਆਂ ਦੁਆਰਾ ਹੀ ਅਨੇਕ ਰੂਪਾਂ ਵਿਚ ਪ੍ਰਗਟ ਹੁੰਦਾ ਹੈ। ਇਸ ਤਰ੍ਹਾਂ ਮਾਇਆ ਬ੍ਰਹਮ ਦੀ ਸਹਾਇਕ ਸ਼ਕਤੀ ਹੈ।

ਵਲਭ ਨੇ ਮਾਇਆ ਦੇ ਦੋ ਭੇਦ ਕੀਤੇ ਹਨ - ਵਿਦਿਆ ਮਾਇਆ ਅਤੇ ਅਵਿਦਿਆ ਮਾਇਆ। ਅਵਿਦਿਆ ਮਾਇਆ ਦਾ ਪ੍ਰਭਾਵ ਜੀਵ ਉਪਰ ਵੀ ਪੈਂਦਾ ਹੈ, ਜਿਸ ਅਨੁਸਾਰ ਉਹ ਜ਼ਿੰਦਗੀ ਦੀ ਅਸਲੀਅਤ ਨੂੰ ਸਮਝਣ ਤੋਂ ਅਸਮਰਥ ਹੋਇਆ, ਪਰਮਾਤਮਾ ਤੋਂ ਦੂਰ ਹੋ ਜਾਣ ਕਰਕੇ ਦੁਖੀ ਅਵਸਥਾ ਵਿਚ ਰਹਿੰਦਾ ਹੈ।

ਮਧਵ ਦਵੈਤਵਾਦੀ ਹੈ। ਉਸ ਅਨੁਸਾਰ ਜੀਵ ਆਤਮਾ ਤੇ ਪਰਮਾਤਮਾ ਵਿਚ ਵਖਰਤਾ ਹੈ। ਉਸ ਨੇ ਸ਼ੰਕਰ ਦੇ ਵਿਪਰੀਤ ਜਗਤ ਦੀ ਸ਼ਾਸਵਤ ਸੱਤਾ ਨੂੰ ਸਵੀਕਾਰਿਆ ਹੈ। ਉਸ ਅਨੁਸਾਰ ਬ੍ਰਹਮ, ਚਿਤ ਤੇ ਅਚਿਤ ਦੀ ਵੱਖਰੀ ਵੱਖਰੀ ਸੱਤਾ ਹੈ। ਉਸ ਨੇ ਸ਼ੰਕਰ ਦੇ ਮਾਇਆਵਾਦ ਦੇ ਸਿਧਾਂਤ ਦਾ ਖੰਡਨ ਕੀਤਾ ਹੈ। ਉਸ ਨੇ ਮਾਇਆ ਦੇ ਕਾਰਣ ਜਗਤ ਦੀ ਪ੍ਰਤੀਤ ਹੁੰਦੀ ਸੱਤਾ ਨਾਲ ਅਸਹਿਮਤੀ ਪ੍ਰਗਟਾਈ ਹੈ ਅਤੇ ਇੰਦਰੀਆਂ ਦੁਆਰਾ ਨਜ਼ਰ ਆਉਂਦੇ ਜਗਤ ਦੀ ਵਾਸਤਵਿਕ ਸੱਤਾ ਨੂੰ ਸਵੀਕਾਰਿਆ ਹੈ।

---

1. ਸ੍ਰੀ ਭਾਸ਼ਯ 3/2/3
2. ਗਿਰਧਰ ਸ਼ਰਮਾ ਚਤੁਰਵੇਦੀ, ਦਰਸ਼ਨ ਅਨੁਚਿੰਤਨ, ਪੰਨਾ 79
3. ਵਲਭ, ਪ੍ਰਸਥਾਨ ਰਤਨਾਕਾਰ, ਪੰਨਾ 159

ਜਿਥੇ ਅਦਵੈਤ ਵਿਚ ਮਾਇਆ ਸ਼ਕਤੀ ਪਰਮੇਸ਼ਵਰ ਤੋਂ ਅਭਿੰਨ ਦਸੀ ਗਈ ਹੈ, ਉਥੇ ਮਧਵ ਨੇ ਪਰਮੇਸ਼ਰ ਦੀ ਸ਼ਕਤੀ, ਲੱਛਮੀ, ਨੂੰ ਪਰਮਾਤਮਾ ਤੋਂ ਭਿੰਨ ਸਿਧ ਕੀਤਾ ਹੈ।[1]

ਮਧਵ ਨੇ ਪ੍ਰਕਿਰਤੀ ਨੂੰ ਸੱਤ, ਰਜ ਤੇ ਤਮ ਤਿੰਨਾਂ ਗੁਣਾਂ ਨੂੰ ਜਗਤ ਦਾ ਆਧਾਰ ਅਤੇ ਮੂਲ ਸੋਮਾ ਮੰਨਿਆ ਹੈ। ਪਰ ਇਹ ਪ੍ਰਕਿਰਤੀ ਆਪਣੇ ਆਪ ਵਿਚ ਸਾਂਖਯ ਵਾਂਗੂ ਸੁਤੰਤਰ ਨਹੀਂ ਹੈ। ਜਗਤ ਦਾ ਪ੍ਰਥਮ ਕਾਰਣ ਪ੍ਰਕਿਰਤੀ ਨਾਂ ਹੋ ਕੇ ਪਰਮਾਤਮਾ (ਵਿਸ਼ਨੂੰ) ਹੈ। ਇਸ ਤਰ੍ਹਾਂ ਮਾਇਆ ਪਰਮਾਤਮਾ ਦੀ ਇਕ ਸ਼ਕਤੀ ਹੈ, ਜਿਸ ਨੇ ਪਰਮਾਤਮਾ ਦੀ ਇੱਛਾ ਤੋਂ ਜਗਤ ਨੂੰ ਸਾਜਿਆ ਹੈ।

ਮਾਇਆ ਜੀਵਾਂ ਉਪਰ ਅਗਿਆਨ ਜਾਂ ਅਵਿਦਿਆ ਦਾ ਪਰਦਾ ਪਾ ਕੇ ਉਹਨਾਂ ਨੂੰ ਭੁਲਾਉਂਦੀ ਤੇ ਭਟਕਾਉਂਦੀ ਹੈ।

ਨਿੰਬਾਰਕ ਦੇ ਦਵੈਤਾਦਵੈਤਵਾਦ ਅਨੁਸਾਰ ਬ੍ਰਹਮ, ਚਿਤ ਤੇ ਅਚਿਤ ਤਿੰਨੇ ਹੀ ਵਾਸਤਵਿਕ ਤੇ ਸਦੀਵੀ ਸੱਤਾ ਹਨ। ਉਸ ਅਨੁਸਾਰ ਪ੍ਰਕਿਰਤੀ ਬ੍ਰਹਮ ਦੀ ਇੱਛਾ ਅਨੁਸਾਰ ਉਸ ਦੇ ਅਧੀਨ ਹੋ ਕੇ ਬ੍ਰਹਮੰਡ ਦੀ ਸਿਰਜਨਾ ਕਰਦੀ ਹੈ।

ਨਿੰਬਾਰਕ ਅਨੁਸਾਰ ਜੀਵ ਜਗਤ ਤੇ ਈਸ਼ਵਰ ਵਿਚ ਭੇਦ ਤੇ ਅਭੇਦ ਦੋਵੇਂ ਹੀ ਹੈ। ਜੀਵ/ਜਗਤ ਦਾ ਬ੍ਰਹਮ ਨਾਲ ਸੰਬੰਧ, ਰਾਮਾਨੁਜ ਵਾਂਗ ਵਿਸ਼ੇਸ਼ਣ ਤੇ ਵਿਸ਼ੇਸ਼ਯ ਦਾ ਨਹੀਂ ਸਗੋਂ ਆਸ਼੍ਰਯ ਤੇ ਆਸ਼੍ਰਿਤ ਦਾ ਹੈ। ਇਹ ਭੇਦ ਪਾਣੀ ਦੀਆਂ ਲਹਿਰਾਂ, ਸੂਰਜ ਦੀਆਂ ਕਿਰਨਾਂ, ਅਗਨੀ ਦੀਆਂ ਚਿੰਗਾਰੀਆਂ ਤੇ ਸੱਪ ਦੀਆਂ ਕੁੰਡਲੀਆਂ ਵਰਗਾ ਹੀ ਹੈ। ਜੀਵ ਤੇ ਜਗਤ ਦੀ ਬ੍ਰਹਮ ਉਪਰ ਨਿਰਭਰਤਾ ਲਹਿਰਾਂ, ਕਿਰਨਾਂ, ਚਿੰਗਾਰੀਆਂ ਤੇ ਕੁੰਡਲੀਆਂ ਦੀ ਪਾਣੀ, ਸੂਰਜ, ਅਗਨੀ ਤੇ ਸੱਪ ਉਪਰ ਨਿਰਭਰਤਾ ਵਰਗੀ ਹੀ ਹੈ।

ਡਾ: ਦਾਸ ਗੁਪਤਾ ਨੇ ਮਾਇਆ ਸੰਬੰਧੀ ਵਿਚਾਰ ਕਰਦਿਆਂ ਲਿਖਿਆ ਹੈ:

> ਸ੍ਰਿਸ਼ਟੀ ਦੇ ਸਾਰੇ ਪਦਾਰਥਾਂ ਵਿਚ ਕੋਈ ਵਾਸਤਵਿਕ ਸਾਰ ਨਹੀਂ ਹੁੰਦਾ। ਨਾਂ ਉਹ ਉਪਜਦੇ ਹਨ ਤੇ ਨਾਂ ਹੀ ਨਸ਼ਟ ਹੁੰਦੇ ਹਨ। ਨਾਂ ਉਹ ਆਉਂਦੇ ਹਨ ਤੇ ਨਾਂ ਹੀ ਉਹ ਜਾਂਦੇ ਹਨ। ਕੇਵਲ ਮਾਇਆ ਜਾਂ ਅਗਿਆਨ ਦੇ ਕਾਰਣ ਹੀ ਉਹ

---

1. ਮਧਵ ਸਿਧਾਂਤਕਾਰ, ਪੰਨਾ 26

ਵਿਸਦੇ ਹਨ। ਸਾਰਾ ਸੰਸਾਰ ਕੇਵਲ ਮਾਇਆ ਤੇ ਸੁਪਨੇ ਦੀ ਨਿਆਈ ਹੈ, ਜਿਸ ਦੀ ਕੋਈ ਸੱਤਾ ਨਹੀਂ ਹੈ, ਜਿਹੜਾ ਨਾ ਹੀ ਸ਼ਾਸ਼ਵਤ ਹੈ ਤੇ ਨਾ ਹੀ ਨਾਸ਼ਵਾਨ ਹੈ। ਜਿਸ ਦਾ ਨਾ ਅਸਤਿਤਵ ਹੈ ਤੇ ਨਾ ਹੀ ਅਨਅਸਤਿਤਵ, ਕੇਵਲ ਮੂਰਖਾਂ ਦੇ ਦੁਆਰਾ ਹੀ ਉਸ ਦੇ ਅਸਤਿਤਵ ਦੀ ਕਲਪਨਾ ਕੀਤੀ ਜਾਂਦੀ ਹੈ।[1]

ਗੁਰੂ ਨਾਨਕ ਦੇਵ ਅਨੁਸਾਰ ਮਾਇਆ ਦੀ ਕੋਈ ਸੁਤੰਤਰ ਸੱਤਾ ਨਹੀਂ ਹੈ। ਮਾਇਆ ਦੀ ਰਚਨਾ ਪਰਮਾਤਮਾ ਨੇ ਆਪ ਕੀਤੀ ਹੈ। ਮਾਇਆ ਰਹਿਤ ਪਰਮਾਤਮਾ ਨੇ ਪਹਿਲੇ ਆਪਣੇ ਆਪ ਨੂੰ ਆਪਣੇ ਆਪ ਵਿਚੋਂ ਉਤਪੰਨ ਕੀਤਾ ਹੈ। ਤ੍ਰੈਗੁਣੀ ਮਾਇਆ ਵੀ ਉਸ ਪਰਮਾਤਮਾ ਨੇ ਪੈਦਾ ਕਰਕੇ ਮਾਇਆ ਦੇ ਮੋਹ ਦੇ ਸਾਧਨ ਸਿਰਜੇ ਹਨ।[2]

ਪਰਮਾਤਮਾ ਦਾ ਨਿਰਗੁਣ ਰੂਪ ਅਫੁਰ ਅਵਸਥਾ ਦਾ ਹੈ, ਜਦੋਂ ਕਿ ਉਸ ਦਾ ਸਗੁਣ ਰੂਪ ਈਸ਼ਵਰ ਹੈ। ਈਸ਼ਵਰ ਸਾਰੇ ਜਗਤ ਦਾ ਪ੍ਰਬੰਧ ਕਰ ਰਿਹਾ ਹੈ। ਪਰਮਾਤਮਾ ਦੀ ਮਾਇਆ ਤੋਂ ਹੀ ਬ੍ਰਹਮਾ, ਵਿਸ਼ਨੂੰ ਤੇ ਮਹੇਸ਼, ਪਰਮਾਤਮਾ ਦੀਆਂ ਸ਼ਕਤੀਆਂ ਉਪਜੀਆਂ ਹਨ ਅਤੇ ਇਹ ਸ਼ਕਤੀਆਂ ਮਾਇਆ ਦੀ ਮਰਜ਼ੀ ਅਨੁਸਾਰ ਹੀ ਸਾਰਾ ਕਾਰਜ ਕਰ ਰਹੀਆਂ ਹਨ।[3]

ਗੁਰੂ ਨਾਨਕ ਦੇਵ ਦਾ ਵਿਚਾਰ ਹੈ ਕਿ ਬ੍ਰਹਮਾ ਆਦਿਕ ਦੇਵਤੇ ਉਸ ਪਰਮਾਤਮਾ ਦੀ ਮਾਇਆ ਦੇ ਅਧੀਨ ਹਨ। ਬ੍ਰਹਮਾ ਵਿਸ਼ਨੂੰ ਤੇ ਮਹੇਸ਼ ਮਾਇਆ ਦੇ ਤਿੰਨਾਂ ਗੁਣਾਂ ਵਿਚ ਬੱਝੇ ਹੋਏ ਹਨ ਅਤੇ ਮੁਕਤੀ ਉਹਨਾਂ ਤੋਂ ਬਹੁਤ ਦੂਰ ਹੈ।[4]

---

1. S.N. Dass Gupta, Indian Philosophy, Vol I, p. 149

2. ਆਪੇ ਆਪ ਨਿਰੰਜਨਾ ਜਿਨਿ ਆਪੁ ਉਪਾਇਆ।
ਆਪੇ ਖੇਲੁ ਰਚਾਇਓਨ ਸਭ ਜਗਤ ਸਬਾਇਆ।
ਤ੍ਰੈਗੁਣ ਆਪੇ ਸਿਰਜਿਅਨੁ ਮਾਇਆ ਮੋਹ ਵਧਾਇਆ।
(ਸਾਰੰਗ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 726)

3. ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।
ਇਕ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ।
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ।
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ।
(ਜਪੁ, ਆਦਿ ਗ੍ਰੰਥ, ਪੰਨਾ 7)

4. ਬ੍ਰਹਮਾ ਬਿਸਨੁ ਮਹੇਸੁ ਵੀਚਾਰੀ। ਤ੍ਰੈਗੁਣ ਬਧਕ ਮੁਕਤਿ ਨਿਰਾਰੀ।
(ਮਾਰੂ ਰਾਗੁ, ਆਦਿ ਗ੍ਰੰਥ, ਪੰਨਾ 1049)

ਇਕ ਥਾਂ ਤੇ ਉਹ ਲਿਖਦੇ ਹਨ ਕਿ ਬ੍ਰਹਮਾ ਵਿਸ਼ਨੂੰ ਤੇ ਸ਼ਿਵਜੀ ਦੀ ਰਚਨਾ ਉਸ ਪਰਮਾਤਮਾ ਨੇ ਕੀਤੀ ਹੈ ਅਤੇ ਇਸ ਦੇ ਨਾਲ ਹੀ ਮਾਇਆ ਦੇ ਮੋਹ ਦਾ ਵਾਧਾ ਵੀ ਉਸ ਪਰਮਾਤਮਾ ਨੇ ਹੀ ਕੀਤਾ ਹੈ।[1] ਮਾਇਆ ਨੇ ਆਪਣੇ ਤਿੰਨਾਂ ਗੁਣਾਂ ਰਾਹੀਂ ਸ੍ਰਿਸ਼ਟੀ ਨੂੰ ਬੰਨ੍ਹਿਆ ਹੋਇਆ ਹੈ। ਪਰਮਾਤਮਾ ਦੀ ਅਜਿਹੀ ਮਾਇਆ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ।[2]

ਗੁਰੂ ਸਾਹਿਬ ਦਾ ਵਿਚਾਰ ਹੈ ਕਿ ਮਾਇਆ ਬੜੀ ਮਿੱਠੀ ਹੈ ਅਤੇ ਇਸ ਮਾਇਆ ਦਾ ਮੋਹ ਵੀ ਪਰਮਾਤਮਾ ਨੇ ਆਪ ਹੀ ਪੈਦਾ ਕੀਤਾ ਹੈ।[3] ਉਹ ਪਰਮਾਤਮਾ ਨਿਰਾਲਮ ਹੋ ਕੇ ਆਪਣੀ ਬਣਾਈ ਹੋਈ ਮਾਇਆ ਨੂੰ ਵੇਖ ਰਿਹਾ ਹੈ।[4] ਅਜਿਹੀ ਮਿੱਠੀ ਮਾਇਆ ਦਾ ਰੂਪ ਮਾਇਆ ਦਾ ਸਿਰਜਣਹਾਰ ਪਰਮਾਤਮਾ ਆਪ ਹੀ ਜਾਣਦਾ ਹੈ।[5] ਇਹ ਮਾਇਆ ਬਹੁਰੰਗੀ ਹੈ ਜਿਹੜੀ ਕਿ ਅਨੇਕ ਰੂਪ ਧਾਰ ਕੇ ਆਪਣੇ ਆਲੇ ਦੁਆਲੇ ਨੂੰ ਮੋਹਿਤ ਕਰਦੀ ਹੈ।[6] ਮਾਇਆ ਦਾ ਪ੍ਰਭਾਵ ਖੇਤਰ ਬੜਾ ਹੀ ਵਿਸਤ੍ਰਿਤ ਹੈ। ਇਥੋਂ ਤਕ ਕਿ ਉਸ ਨੇ ਦੇਵੀ ਦੇਵਤਿਆਂ ਨੂੰ ਵੀ ਮੋਹਿਆ ਹੋਇਆ ਹੈ।[7] ਮਾਇਆ ਦਾ ਵਾਸਾ ਸਾਰੇ ਜਗਤ ਵਿਚ ਹੈ ਅਤੇ ਇਹ ਕਾਮ ਕ੍ਰੋਧ ਤੇ ਹੰਕਾਰ ਦੇ ਰੂਪ ਵਿਚ ਜਗਤ ਦਾ ਵਿਨਾਸ਼ ਕਰ ਰਹੀ ਹੈ।[8]

---

1. ਬ੍ਰਹਮਾ ਬਿਸਨੁ ਮਹੇਸੁ ਉਪਾਇ ਮਾਇਆ ਮੋਹੁ ਵਧਾਇਦਾ।
   (ਮਾਰੂ ਰਾਗੁ, ਆਦਿ ਗ੍ਰੰਥ, ਪੰਨਾ 1036)
2. ਮਨ ਏਕੋ ਸਾਹਿਬੁ ਭਾਈ ਰੇ।
   ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਰੇ।
   (ਗਉੜੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 156)
3. ਲਲੈ ਲਾਇ ਧੰਧੈ ਜਿਨਿ ਛੋਡੀ ਮੀਠਾ ਮਾਇਆ ਮੋਹੁ ਕੀਆ।
   (ਆਸਾ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 351)
4. ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚ ਛਾਇਆ।
   (ਆਸਾ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 351)
5. ਮਾਇਆ ਮਮਤਾ ਮੋਹਣੀ ਜਿਨਿ ਕੀਤੀ ਸੋ ਜਾਣੁ।
   (ਰਾਮਕਲੀ ਰਾਗੁ, ਓਅੰਕਾਰ, ਆਦਿ ਗ੍ਰੰਥ, ਪੰਨਾ 937)
6. ਮਾਇਆ ਮਮਤਾ ਹੈ ਬਹੁਰੰਗੀ।
   (ਪ੍ਰਭਾਤੀ ਰਾਗੁ, ਅਸਟਪਦੀਆ, ਆਦਿ ਗ੍ਰੰਥ, ਪੰਨਾ 1342)
7. ਮਾਇਆ ਮੋਹੇ ਦੇਵੀ ਸਭ ਦੇਵਾ।
   (ਗਉੜੀ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 227)
8. ਦੂਜੀ ਮਾਇਆ ਜਗਤ ਚਿਤ ਵਾਸੁ। ਕਾਮ ਕ੍ਰੋਧ ਅਹੰਕਾਰ ਬਿਨਾਸੁ।
   (ਗਉੜੀ ਰਾਗੁ, ਆਦਿ ਗ੍ਰੰਥ, ਪੰਨਾ 223)

ਮਨੁਖ ਮਾਇਆ ਮਾਇਆ ਪੁਕਾਰਦੇ ਮਰ ਗਏ ਹਨ, ਪਰ ਮਾਇਆ ਕਿਸੇ ਦੇ ਨਾਲ ਨਹੀਂ ਤੁਰਦੀ। ਜੀਵ ਆਤਮਾ ਦੁਚਿਤੀ ਵਿਚ ਉਠ ਚਲਦੀ ਹੈ ਪਰ ਮਾਇਆ ਇਥੇ ਹੀ ਰਹਿ ਜਾਂਦੀ ਹੈ।[1]

ਮਾਇਆ ਨੇ ਸੰਪੂਰਨ ਜਗਤ ਨੂੰ ਮੋਹਿਆ ਹੋਇਆ ਹੈ। ਇਹ ਮਾਇਆ ਮੌਤ ਸਮੇਂ ਇਨਸਾਨ ਦੇ ਨਾਲ ਨਹੀਂ ਜਾਂਦੀ। ਅਜਿਹੀ ਅਸਲੀਅਤ ਨੂੰ ਕੋਈ ਵਿਰਲਾ ਹੀ ਸ੍ਰੇਸ਼ਟ ਬੁਧੀ ਵਾਲਾ ਇਨਸਾਨ ਸਮਝ ਸਕਦਾ ਹੈ।[2]

ਮਾਇਆ ਦਾ ਪਿਆਰ ਬੜਾ ਹੀ ਆਕਰਸ਼ਿਤ ਹੈ। ਗੁਰੂ ਸਾਹਿਬ ਨੇ ਮਾਇਆ ਦੇ ਮੋਹ ਦੀ ਤੁਲਨਾ ਧਿਕਾਰੀ ਹੋਈ ਅਤੇ ਜਾਦੂ ਟੂਣੇ ਕਰਨ ਵਾਲੀ ਇਸਤਰੀ ਨਾਲ ਕੀਤੀ ਹੈ। ਦੁਨੀਆਵੀ ਰਾਜ ਦੇ ਸਵਾਦ ਅਤੇ ਸੁੰਦਰਤਾ ਦੇ ਕਮਾਲ ਸਭ ਛਿਨਭੰਗਰ ਹਨ। ਨਾਮ ਦੀ ਪ੍ਰਾਪਤੀ ਹੋਣ ਤੇ ਮਾਇਆ ਦੇ ਅੰਧਕਾਰ ਤੋਂ ਛੁਟਕਾਰਾ ਪਾ ਕੇ ਸੱਚ ਦੀ ਰੋਸ਼ਨੀ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ।[3] ਮਾਇਆ ਤਾਂ ਇਕ ਸਪਣੀ ਹੈ, ਜਿਸ ਦੇ ਵਸ ਵਿਚ ਕਿ ਜੀਵ ਆ ਜਾਂਦਾ ਹੈ।[4]

---

1. ਮਾਇਆ ਮਾਇਆ ਕਰ ਮੁਏ ਮਾਇਆ ਕਿਸੇ ਨਾ ਸਾਥਿ।
ਹੰਸੁ ਚਲੇ ਉਠਿ ਡੁਮਣੋ ਮਾਇਆ ਭੁਲੀ ਆਥਿ।
(ਰਾਮਕਲੀ ਰਾਗੁ, ਦਖਣੀ ਓਅੰਕਾਰ, ਆਦਿ ਗ੍ਰੰਥ, ਪੰਨਾ 935)

2. ਬਾਬਾ ਮਾਇਆ ਸਾਥ ਨ ਹੋਇ।
ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੇ ਕੋਇ।
(ਸੋਰਠਿ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 595)

3. ਮਾਇਆ ਮੋਹੁ ਧਰਕਟੀ ਨਾਰਿ। ਭੂੰਡੀ ਕਾਮਣਿ ਕਾਮਣਿਆਰਿ।
ਰਾਜੁ ਰੂਪ ਝੂਠਾ ਦਿਨ ਚਾਰਿ। ਨਾਮੁ ਮਿਲੇ ਚਾਨਣੁ ਅੰਧਿਆਰਿ।
(ਬਿਲਾਵਲ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 787)

4. ਇਉ ਸਰਪਨਿ ਕੈ ਵਸਿ ਜੀਅੜਾ।
(ਸਿਰੀ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 63)

ਮਾਇਆ ਦਾ ਮੋਹ ਸਾਰੇ ਜੰਜਾਲਾਂ ਦਾ ਕਾਰਣ ਹੈ ਅਤੇ ਮਾਇਆ ਗ੍ਰਸਤ ਮਨੁੱਖ ਕੁਚੀਲ ਤੇ ਡਰਾਉਣਾ ਹੁੰਦਾ ਹੈ।[1]

ਮਾਇਆ ਇਕ ਬੁਰੀ ਇਸਤ੍ਰੀ ਹੈ।[2]

ਗੁਰੂ ਸਾਹਿਬ ਅਨੁਸਾਰ ਮਾਇਆ ਇਕ ਅਜਿਹਾ ਧੋਖਾ ਹੈ, ਜਿਸ ਤੋਂ ਪ੍ਰਭਾਵਤ ਹੋ ਕੇ ਮਨੁਖ ਜ਼ਿੰਦਗੀ ਦੀਆਂ ਸਚਾਈ ਖੁਸ਼ੀਆਂ ਦੀ ਥਾਂ ਤੇ ਛਿਨ-ਭੰਗਰ ਖੁਸ਼ੀਆਂ ਵਿਚ ਗਲਤਾਨ ਹੋ ਜਾਂਦਾ ਹੈ। ਗੁਰੂ ਸਾਹਿਬ ਮਾਇਆ ਦੇ ਅਜਿਹੇ ਧੋਖੇ ਤੋਂ ਬਚਣ ਦੀ ਪ੍ਰੇਰਨਾ ਦੇਂਦੇ ਹੋਏ ਕਹਿੰਦੇ ਹਨ ਕਿ ਮਾਇਆ ਰਚਨਾ ਵਿਚ ਅਸਲੀਅਤ ਨਹੀਂ ਹੈ।[3] ਇਸ ਤਰ੍ਹਾਂ ਸਾਰਾ ਸੰਸਾਰ ਮਾਇਆ ਦਾ ਬੰਨ੍ਹਿਆ ਹੋਇਆ ਹੈ। ਇਹ ਮਾਇਆ ਧੋਖਾ ਹੈ ਜਿਹੜੀ ਕਿ ਜੀਵ ਨੂੰ ਉਸ ਦੇ ਅਸਲ ਮਾਰਗ ਤੋਂ ਤੋੜ ਕੇ ਆਪਣੇ ਅਧਿਕਾਰ ਹੇਠ ਲਿਆਉਣ ਉਪਰੰਤ ਭਟਕਾਉਂਦੀ ਫਿਰਦੀ ਹੈ। ਜਿਹੜੇ ਵਿਅਕਤੀ ਮਾਇਆ ਨਾਲ ਸੰਬੰਧਤ ਰਹਿੰਦੇ ਹਨ ਉਹਨਾਂ ਦੇ ਸੰਸਾਰਕ ਬੰਧਨ ਨਹੀਂ ਟੁੱਟਦੇ ਅਤੇ ਹੰਕਾਰ ਗ੍ਰਸਤ ਹੋਏ ਉਹ ਭੁਲੇਖਿਆਂ ਵਿਚ ਪਏ ਰਹਿੰਦੇ ਹਨ।[4]

---

1. ਮਾਇਆ ਮੋਹੁ ਸਰਬ ਜੰਜਾਲਾ। ਮਨਮੁਖ ਕੁਚੀਲ ਕੁਛਿਤ ਬਿਕਰਾਲਾ।
   (ਗਉੜੀ ਰਾਗੁ, ਗੁਆਰੇਰੀ, ਆਦਿ ਗ੍ਰੰਥ, ਪੰਨਾ 222)

2. ਮਾਇਆ ਮੋਹੁ ਧਰਕਟੀ ਨਾਰਿ।
   (ਬਿਲਾਵਲ ਰਾਗੁ, ਆਦਿ ਗ੍ਰੰਥ, ਪੰਨਾ 796)

3. ਬਾਬਾ ਮਾਇਆ ਰਚਨਾ ਧੋਹੁ।
   ਅੰਧੈ ਨਾਮੁ ਵਿਸਾਰਿਆ ਨ ਤਿਸ ਏਹ ਨ ਓਹੁ।
   (ਸਿਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 15)

4. ਰਚਨੀ ਰਚੈ ਬੰਧਨ ਨਹੀ ਤੂਟਹਿ ਵਿਚਿ ਹਉਮੈ ਭਰਮੁ ਨ ਜਾਈ।
   (ਆਸਾ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 353)

ਗੁਰੂ ਸਾਹਿਬ ਦਾ ਵਿਚਾਰ ਹੈ ਕਿ ਜਦੋਂ ਕਦੀ ਵੀ ਇਨਸਾਨ ਦਾ ਮਨ ਆਪਣੇ ਅਸਲ ਕੇਂਦਰ ਨਾਲੋਂ ਟੁੱਟ ਕੇ ਭੁਲ ਜਾਂਦਾ ਹੈ ਤਾਂ ਮਾਇਆ ਉਸ ਨੂੰ ਆਪਣੀ ਪਕੜ ਵਿਚ ਲੈ ਲੈਂਦੀ ਹੈ।[1] ਮਾਇਆ ਆਪਣੇ ਆਕਰਸ਼ਤ ਜਾਲ ਵਿਚ ਜੀਵ ਨੂੰ ਇਸ ਤਰ੍ਹਾਂ ਫਸਾ ਲੈਂਦੀ ਹੈ ਕਿ ਜੀਵ ਜਲਦੀ ਨਿਕਲ ਵੀ ਨਹੀਂ ਸਕਦਾ।[2] ਮਾਇਆ ਜਾਲ ਵਿਚ ਫਸਿਆ ਹੋਇਆ ਇਨਸਾਨ ਮਾਇਆ ਦਾ ਰੂਪ ਧਾਰਨ ਲਈ ਯਤਨਸ਼ੀਲ ਹੋਇਆ ਰਹਿੰਦਾ ਹੈ।[3] ਮਾਇਆ ਨੂੰ ਗੁਰੂ ਸਾਹਿਬ ਕਲਵਾਰਨ ਕਿਹਾ ਹੈ ਜਿਸ ਤੋਂ ਕਿ ਮਾਇਆ ਦੀ ਮਿੱਠੀ ਤੇ ਪਿਆਰੀ ਸ਼ਰਾਬ ਪੀ ਕੇ ਜੀਵ ਇਤਨਾ ਜ਼ਿਆਦਾ ਮਸਤ ਹੋ ਜਾਂਦਾ ਹੈ ਕਿ ਉਸ ਨੂੰ ਆਪਣੇ ਭਲੇ ਬੁਰੇ ਦੀ ਪਹਿਚਾਣ ਹੀ ਨਹੀਂ ਰਹਿੰਦੀ।[4] ਮਾਇਆ ਦੇ ਪਿਆਰ ਵਿਚ ਫਸਿਆ ਹੋਇਆ ਜੀਵ ਆਪਣੀ ਸੁਰਤੀ ਗਵਾ ਕੇ ਬੁਧੀ ਹੀਣ ਅਵਸਥਾ ਵਿਚ ਜ਼ਿੰਦਗੀ ਬਸਰ ਕਰਦਾ ਹੈ।[5]

ਮਾਇਆ ਵਿਚ ਮਸਤ ਹੋਇਆ ਜੀਵ ਅੰਧਾ ਧੁੰਦ ਮਾਇਆ ਦੀ ਤ੍ਰਿਪਤੀ ਵਾਲੇ ਪਾਸੇ ਹੀ ਲਗਿਆ ਰਹਿੰਦਾ ਹੈ।[6]

---

1. ਮਨ ਭੂਲੋ ਮਾਇਆ ਘਰ ਜਾਇ।
   (ਗਉੜੀ ਰਾਗੁ, ਗੁਆਰੇਰੀ, ਆਦਿ ਗ੍ਰੰਥ, ਪੰਨਾ 222)
2. ਮਨੁ ਮਾਇਆ ਬੰਧਿਓ ਸਰ ਜਾਲ।
   (ਬਿਲਾਵਲ ਰਾਗੁ, ਅਸਟਪਦੀਆਂ, ਆਦਿ ਗ੍ਰੰਥ, ਪੰਨਾ 831)
3. ਮਨੁ ਮਾਇਆ ਮਨੁ ਧਾਇਆ ਮਨੁ ਪੰਖੀ ਆਕਾਸ਼ਿ।
   (ਪਰਭਾਤੀ ਰਾਗੁ, ਆਦਿ ਗ੍ਰੰਥ, ਪੰਨਾ 1330)
4. ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ।
   ਆਪੇ ਰੂਪ ਕਰੇ ਬਹੁ ਭਾਂਤੀ ਨਾਨਕ ਬਪੁੜਾ ਏਵ ਕਹੈ।
   (ਆਸਾ ਰਾਗੁ, ਆਦਿ ਗ੍ਰੰਥ, ਪੰਨਾ 350)
5. ਮਿਠਿ ਮਾਇਆ ਸੁਰਤਿ ਗਵਾਈ।
   (ਮਾਰੂ ਰਾਗੁ, ਆਦਿ ਗ੍ਰੰਥ, ਪੰਨਾ 989)
6. ਮਾਇਆ ਅੰਧਲਉ ਧੰਧੁ ਕਮਾਈ।
   (ਭੈਰਉ ਰਾਗੁ, ਆਦਿ ਗ੍ਰੰਥ, ਪੰਨਾ 1126)

ਗੁਰੂ ਸਾਹਿਬ ਦਾ ਵਿਚਾਰ ਹੈ ਕਿ ਜਿਹੜਾ ਵਿਅਕਤੀ ਇਕ ਵਾਰ ਮਾਇਆ ਦੇ ਮਨਮੋਹਕ ਪਦਾਰਥਾਂ ਤੇ ਪਿਆਰਾਂ ਦਾ ਸ਼ਿਕਾਰ ਹੋ ਜਾਂਦਾ ਹੈ ਉਹ ਸਾਰੀ ਜ਼ਿੰਦਗੀ ਮਾਇਆ ਦੇ ਬੰਧਨਾਂ ਤੋਂ ਮੁਕਤ ਨਹੀਂ ਹੋ ਸਕਦਾ।[1] ਮਾਇਆ ਦਾ ਅਸਰ ਤਾਂ ਸੱਪ ਵਰਗਾ ਜ਼ਹਿਰੀਲਾ ਹੁੰਦਾ ਹੈ ਜਿਹੜਾ ਕਿ ਇਨਸਾਨ ਦੇ ਸਰੀਰ ਦੇ ਵੱਖ ਵੱਖ ਪਾਸਿਆਂ ਨੂੰ ਨਸ਼ਟ ਕਰ ਦੇਂਦਾ ਹੈ।[2] ਮਾਇਆ ਤੋਂ ਪ੍ਰਭਾਵਤ ਹੋਇਆ ਮਨ ਪਰਮਾਤਮਾ ਦੇ ਨਾਮ ਵਿਚ ਇਕਾਗਰਤਾ ਨਹੀਂ ਰਖ ਸਕਦਾ, ਉਹ ਲਾਲਚੀ, ਪਖੰਡੀ ਤੇ ਪਾਪੀ ਬਣ ਕੇ ਮਾਇਆ ਵਿਚ ਹੀ ਚੱਕਰ ਕਟਦਾ ਫਿਰਦਾ ਹੈ।[3] ਮਾਇਆ ਤੋਂ ਪ੍ਰਭਾਵਤ ਹੋਇਆ ਮਨ ਹਰ ਪ੍ਰਕਾਰ ਦੇ ਪਾਪ ਕਰਦਾ ਹੋਇਆ, ਆਪਣੀ ਕਰਮ ਸ਼ਕਤੀ ਤੇ ਸੋਚ ਸ਼ਕਤੀ ਦਾ ਖਾਤਮਾ ਕਰਵਾ ਲੈਂਦਾ ਹੈ। ਮਾਇਆ ਦਾ ਸਭ ਤੋਂ ਵਿਨਾਸ਼ਕਾਰੀ ਪੱਖ ਸ਼ਕਤੀਵਾਨ ਮਨ ਦੇ ਵਿਨਾਸ਼ ਦੇ ਪ੍ਰਸੰਗ ਵਿਚ ਪ੍ਰਗਟ ਹੁੰਦਾ ਹੈ।[4]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਮਨ ਹੀ ਮਾਇਆ ਦਾ ਪ੍ਰਭਾਵ ਸਭ ਤੋਂ ਜ਼ਿਆਦਾ ਤੇ ਸਭ ਤੋਂ ਪਹਿਲਾਂ ਕਬੂਲ ਕਰਦਾ ਹੈ। ਗੁਰੂ ਨਾਨਕ ਦੇਵ ਨੇ ਇਸ ਮਾਇਆ ਜਾਲ ਤੋਂ ਬਚਣ ਲਈ ਮਨ ਉਤੇ ਕਾਬੂ ਪਾਉਣ ਦਾ ਆਦੇਸ਼ ਦਿਤਾ ਹੈ। ਕਿਉਂਕਿ ਅਜਿਹਾ ਹੋਣ ਉਤੇ ਮਾਇਆ ਪ੍ਰਭਾਵਿਤ ਮਨ ਵਲੋਂ ਕੀਤੇ ਜਾਣ ਵਾਲੇ ਮਾੜੇ ਵਿਵਹਾਰਾਂ ਤੋਂ ਮਨ ਮੁਕਤ ਹੋ ਜਾਂਦਾ ਹੈ। ਮਾਇਆ ਦੇ ਮਾਰਨ ਦਾ ਤਰੀਕਾ, ਕੇਵਲ ਮਨ ਦੇ ਮਾਰਨ ਵਿਚ ਹੀ ਹੈ, ਇਸ ਤੋਂ ਬਿਨਾਂ ਮਾਇਆ ਨੂੰ ਨਹੀਂ ਮਾਰਿਆ ਜਾ ਸਕਦਾ।[5]

---

1. ਮਾਇਆ ਮਮਤਾ ਛੋਡੀ ਨ ਜਾਈ।

   (ਮਾਰੂ ਰਾਗੁ, ਆਦਿ ਗ੍ਰੰਥ, ਪੰਨਾ 1024)

2. ਮਾਇਆ ਬਿਖੁ ਭੁਇਅੰਗਮ ਨਾਲੇ।

   ਇਨਿ ਦੁਬਿਧਾ ਘਰ ਬਹੁਤੇ ਗਾਲੇ।

   (ਮਾਰੂ ਰਾਗੁ, ਆਦਿ ਗ੍ਰੰਥ, ਪੰਨਾ 1029)

3. ਮਨ ਮੇਰਾ ਦਇਆਲ ਸੇਤੀ ਥਿਰ ਨ ਰਹੈ

   ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ।

   (ਆਸਾ ਰਾਗੁ, ਆਦਿ ਗ੍ਰੰਥ, ਪੰਨਾ 359)

4. ਇਸੁ ਮਨ ਮਾਇਆ ਮੋਹਿ ਬਿਨਾਸੁ।

   (ਪਰਭਾਤੀ ਰਾਗੁ, ਆਦਿ ਗ੍ਰੰਥ, ਪੰਨਾ 1344)

5. ਨਾ ਮਨੁ ਮਰੈ ਨਾ ਮਾਇਆ ਮਰੈ।

   (ਪਰਭਾਤੀ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 1342)

ਗੁਰੂ ਸਾਹਿਬ ਨੇ ਮਾਇਆ ਤੋਂ ਉਤਪੰਨ ਹੋਣ ਵਾਲੇ ਕੁਝ ਵਿਕਾਰਾਂ ਦਾ ਵੀ ਜ਼ਿਕਰ ਕੀਤਾ ਹੈ, ਜਿਨ੍ਹਾਂ ਕਾਰਨ ਜੀਵ ਮਾਇਆ ਜਾਲ ਵਿਚ ਫਸਿਆ ਦੁਖੀ ਹੁੰਦਾ ਹੈ। ਕਾਮ ਕ੍ਰੋਧ ਲੋਭ ਮੋਹ ਅੰਹਕਾਰ ਅਜਿਹੇ ਔਗੁਣ ਹਨ, ਜਿਹੜੇ ਜੀਵ ਦੀ ਸੋਚ ਸ਼ਕਤੀ ਤੇ ਕਰਮ ਸ਼ਕਤੀ ਲਈ ਵਿਨਾਸ਼ਕਾਰੀ ਸਾਬਤ ਹੁੰਦੇ ਹਨ। ਇਹ ਪੰਜੇ ਦੁਸ਼ ਬਿਰਤੀਆਂ ਮਾਇਆ ਦੀ ਹੀ ਉਪਜ ਹਨ। ਗੁਰੂ ਦੀ ਕ੍ਰਿਪਾ ਦੁਆਰਾ ਇਨ੍ਹਾਂ ਦੁਸ਼ ਬਿਰਤੀਆਂ ਦਾ ਤਿਆਗ ਕਰਕੇ, ਮਨ ਨੂੰ ਉਸ ਸਤਿ ਸਰੂਪ ਪਰਮਾਤਮਾ ਵਿਚ ਲਗਾਉਣ ਨਾਲ ਮਾਇਆ-ਮੁਕਤ ਹੋਇਆ ਜਾ ਸਕਦਾ ਹੈ।[1]

ਦੁਨੀਆਵੀ ਪਦਾਰਥਾਂ ਤੇ ਜੀਵਾਂ ਦਾ ਪਿਆਰ ਮਾਇਆ ਦਾ ਬਹੁਤ ਹੀ ਵਡਾ ਜਾਲ ਹੈ। ਜੀਵ ਇਸਤ੍ਰੀ ਤੇ ਪੁਤਰ ਦੇ ਪਿਆਰ ਜਾਲ ਵਿਚ ਫਸਿਆ ਹੋਇਆ, ਹਰ ਪ੍ਰਕਾਰ ਦਾ ਅਪਰਾਧ ਕਰਨ ਲਈ ਤਿਆਰ ਰਹਿੰਦਾ ਹੈ। ਉਸ ਦੀ ਸਾਰੀ ਜਿੰਦਗੀ ਦੁਨੀਆਵੀ ਪਿਆਰਾਂ ਵਿਚ ਹੀ ਲੰਘ ਜਾਂਦੀ ਹੈ ਅਤੇ ਉਹ ਪਰਮਾਤਮਾ ਦੇ ਪਿਆਰ ਦਾ ਸੁਆਦ ਨਹੀਂ ਪ੍ਰਾਪਤ ਕਰ ਸਕਦਾ।[2]

ਜੀਵ ਮਾਇਆ ਕਾਰਣ ਸੰਸਾਰਕ ਪਿਆਰਾਂ ਤੇ ਬੁਰਿਆਈਆਂ ਵਿਚ ਗਲਤਾਨ ਹੋਇਆ, ਹੌਲੀ ਹੌਲੀ ਪਰਮਾਤਮਾ ਤੋਂ ਇਤਨੀ ਦੂਰ ਹੋ ਜਾਂਦਾ ਹੈ ਕਿ ਇਕ ਵਕਤ ਤੇ ਉਹ ਪਰਮਾਤਮਾ ਦੀ ਪ੍ਰਾਪਤੀ ਦੀਆਂ ਸਾਰੀਆਂ ਸੰਭਾਵਨਾਵਾਂ ਨੂੰ ਖ਼ਤਮ ਕਰ ਬੈਠਦਾ ਹੈ।[3]

ਗੁਰੂ ਸਾਹਿਬ ਦਸਦੇ ਹਨ ਕਿ ਚਾਰੇ ਪਾਸਿਆਂ ਤੋਂ ਮਾਇਆ ਦੇ ਪ੍ਰਭਾਵ ਦਾ ਸ਼ਿਕਾਰ ਹੋਇਆ ਆਦਮੀ, ਜਦੋਂ ਕੇਵਲ ਪਾਪੀ ਪਾਖੰਡੀ ਤੇ ਲੋਭੀ ਬਣ ਕੇ ਹੀ ਰਹਿ ਜਾਂਦਾ ਹੈ, ਤਾਂ ਉਸ ਦੇ ਮਨ ਵਿਚਲੇ ਪਾਪਾਂ ਤੇ ਅਪਰਾਧਾਂ ਦੀ ਕਾਲਖ ਦੇ ਚਿੰਨ੍ਹ, ਉਸਦੇ ਚਿਹਰੇ ਉਤੇ ਸਾਫ਼ ਪ੍ਰਗਟ ਹੋ ਜਾਂਦੇ ਹਨ।[4]

---

1. ਕਾਮ ਕ੍ਰੋਧ ਅਹੰਕਾਰ ਤਜੀਅਨੇ ਲੋਭੁ ਮੋਹੁ ਤਿਸ ਮਾਇਆ।
   ਮਨਿ ਤਤੁ ਅਵਿਗਤੁ ਧਿਆਇਆ ਗੁਰ ਪਰਸਾਦੀ ਪਾਇਆ।
   (ਗੂਜਰੀ ਰਾਗੁ, ਅਸਟਪਦੀਆਂ, ਆਦਿ ਗ੍ਰੰਥ, ਪੰਨਾ 503)
2. ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ।
   ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ।
   ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ।
   (ਸਿਰੀ ਰਾਗੁ, ਆਦਿ ਗ੍ਰੰਥ, ਪੰਨਾ 61)
3. ਸੂਹੀ ਰਾਗੁ, ਅਸਟਪਦੀ 1/1, ਆਦਿ ਗ੍ਰੰਥ, ਪੰਨਾ 750
4. ਜਿਨਾ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ।
   ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ।
   (ਸਾਰੰਗ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 1244)

ਮਾਇਆ ਤੋਂ ਬਚਣ ਦਾ ਇਕੋ ਇਕ ਸਾਧਨ ਭਗਵਦ ਕ੍ਰਿਪਾ ਜਾਂ ਸਤਿਗੁਰੂ ਦੀ ਮੇਹਰ ਦੀ ਨਜ਼ਰ ਹੈ। ਭਗਵਦ-ਕ੍ਰਿਪਾ ਨਾਲ ਹੀ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਤਿਗੁਰੂ ਜੀਵ ਨੂੰ ਮਾਇਆ ਦੀਆਂ ਰੰਗੀਨੀਆਂ ਚੀਜ਼ਾਂ ਦਾ ਤਿਆਗ ਕਰਵਾ ਕੇ, ਨਾਮ ਦੀ ਪ੍ਰਾਪਤੀ ਕਰਵਾਉਂਦਾ ਹੈ। ਦੂਸਰੇ ਪਾਸੇ ਪਰਮਾਤਮਾ ਦੀ ਕ੍ਰਿਪਾ ਵੀ ਉਨ੍ਹਾਂ ਉਪਰ ਹੀ ਹੁੰਦੀ ਹੈ, ਜਿਹੜਾ ਕਿ ਮਨ ਦੀਆਂ ਬਿਰਤੀਆਂ ਨੂੰ ਇਕਾਗਰ ਕਰਕੇ ਉਸਦਾ ਧਿਆਨ ਧਰਦੇ ਹਨ। ਪਰਮਾਤਮਾ ਅਜਿਹੇ ਜੀਵਾਂ ਨੂੰ ਪਸੰਦ ਕਰਦਾ ਹੋਇਆ, ਉਨ੍ਹਾਂ ਉਤੇ ਆਪਣੀ ਕ੍ਰਿਪਾ ਕਰਦਾ ਹੈ।[1]

ਗੁਰੂ ਸਾਹਿਬ ਦਾ ਵਿਚਾਰ ਹੈ ਕਿ ਸਤਿਗੁਰੂ ਤੋਂ ਪ੍ਰਾਪਤ ਹੋਏ ਸ਼ਬਦ ਵਿਚ ਅਜਿਹੀ ਸ਼ਕਤੀ ਹੁੰਦੀ ਹੈ, ਜਿਹੜੀ ਕਿ ਮਾਇਆ ਨੂੰ ਜਲਾ ਦਿੰਦੀ ਹੈ ਅਤੇ ਇਸਦੇ ਨਾਲ ਹੀ ਸ਼ਬਦ ਦੇ ਧਿਆਨ ਦੁਆਰਾ ਅੰਤਰ ਆਤਮਾ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ।[2]

ਇਸ ਤਰ੍ਹਾਂ ਮਾਇਆ ਬ੍ਰਹਮ ਦੀ ਸ਼ਕਤੀ ਹੈ। ਮਾਇਆ ਆਪਣੀ ਰਚਨਾ ਰਾਹੀਂ ਸਾਰੇ ਸੰਸਾਰ ਨੂੰ ਧੋਖੇ ਵਿਚ ਰਖਦੀ ਹੈ। ਮਨੁੱਖ ਆਪਣੀ ਅਲਪ ਬੁੱਧੀ ਕਾਰਣ ਮਾਇਆ ਦੀ ਖੇਡ ਨੂੰ ਨਾ ਸਮਝਦਾ ਹੋਇਆ, ਇਸ ਵਿਚ ਪੂਰਨ ਤੌਰ ਤੇ ਗਲਤਾਨ ਹੋਇਆ ਪਇਆ ਹੈ। ਇਸਤ੍ਰੀ ਤੇ ਪਦਾਰਥ ਭੋਗ ਦੁਆਰਾ ਜਿਵੇਂ ਜਿਵੇਂ ਇਨਸਾਨ ਆਪਣੀ ਤ੍ਰਿਪਤੀ ਕਰਨੀ ਚਾਹੁੰਦਾ ਹੈ, ਤਿਵੇਂ ਤਿਵੇਂ ਉਸਦੀ ਕਾਮਵਾਦੀ ਤੇ ਪਦਾਰਥਵਾਦੀ ਭੁੱਖ ਵਧਦੀ ਜਾਂਦੀ ਹੈ। ਆਪਣੀ ਅਜਿਹੀ ਰੁਚੀ ਦੀ ਪ੍ਰਾਪਤੀ ਲਈ ਉਹ ਹਰ ਨਜਾਇਜ਼ ਢੰਗ ਅਪਣਾਈ ਜਾਂਦਾ ਹੈ, ਜਿਸ ਲਈ ਉਹ ਮਾਇਆ ਦੇ ਚਿਕੜ ਵਿਚ ਬੁਰੀ ਤਰ੍ਹਾਂ ਖੁਭਣ ਕਾਰਣ ਪਰਮਾਤਮਾ (ਅਸਲੇ) ਤੋਂ ਦੂਰ ਹੋਈ ਜਾਂਦਾ ਹੈ। ਪਰਮਾਤਮਾ ਦੀ ਕ੍ਰਿਪਾ ਦੁਆਰਾ ਜਦੋਂ ਮਨੁੱਖ ਨੂੰ ਸੱਚੇ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ ਤਾਂ ਉਹ ਮਾਇਆ ਦੇ ਵਿਨਾਸ਼ਕਾਰੀ ਅਤੇ ਪਰਮਾਤਮਾ ਦੇ ਸਿਮਰਨ ਤੇ ਧਿਆਨ ਦੇ ਵਿਕਾਸਕਾਰੀ ਪੱਖ ਨੂੰ ਸਮਝਦਾ ਹੋਇਆ, ਮਾਇਆ ਦੇ ਚਿਕੜ ਤੋਂ ਬਚ ਨਿਕਲਦਾ ਹੈ।

---

1. ਆਖਣ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ,
ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਇਕੁ ਧਿਆਇਆ।
(ਸਿਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 23)

2. ਮਾਇਆ ਮੋਹੁ ਗੁਰਸਬਦਿ ਜਲਾਏ। ਨਿਰਮਲ ਨਾਮੁ ਸਦ ਹਿਰਦੈ ਧਿਆਏ।
(ਆਸਾ ਰਾਗੁ, ਆਦਿ ਗ੍ਰੰਥ, ਪੰਨਾ 412)

ਇਸ ਤਰ੍ਹਾਂ ਗੁਰੂ ਸਾਹਿਬ ਨੇ ਇਕ ਪਾਸੇ ਮਾਇਆ ਨੂੰ ਵਿਕਾਰ ਕਿਹਾ ਅਤੇ ਸਾਧਕ ਨੂੰ ਇਸ ਤੋਂ ਬਚਣ ਦੀ ਪ੍ਰੇਰਨਾ ਦਿਤੀ ਹੈ ਅਤੇ ਦੂਜੇ ਪਾਸੇ ਇਸਨੂੰ ਕ੍ਰਿਆਤਮਕ ਸ਼ਕਤੀ ਕਿਹਾ ਹੈ। ਦੋਹਾਂ ਪਹਿਲੂਆਂ ਨੂੰ ਸਾਹਮਣੇ ਰਖਦਿਆਂ ਹੋਇਆਂ, ਇਕ ਗਲ ਸਪਸ਼ਟ ਹੋ ਜਾਂਦੀ ਹੈ ਕਿ ਗੁਰੂ ਨਾਨਕ ਬਾਣੀ ਵਿਚ ਆਇਆ ਮਾਇਆ ਸਿਧਾਂਤ ਵੇਦਾਂਤ ਦੇ ਮਾਇਆ ਸਿਧਾਂਤ ਦੀ ਤਰ੍ਹਾਂ ਮਾਇਆ ਨੂੰ ਨਿਰੋਲ ਮਿਥਿਆ ਜਾਂ ਭਰਮ ਨਹੀਂ ਮੰਨਦਾ। ਜਿਥੇ ਕਿਤੇ ਇਸ ਵਾਸਤੇ ਸ਼ਬਦ ਕੂੜ ਜਾਂ ਮਿਥਿਆ ਵਰਤਿਆ ਭੀ ਹੈ, ਇਹ ਵੇਦਾਂਤਕ ਅਰਥਾਂ ਵਿਚ ਨਹੀਂ ਹੈ, ਬਲਕਿ ਇਕ ਨਵੇਂ ਸੰਕਲਪ ਦੇ ਰੂਪ ਵਿਚ ਆਇਆਹੈ।

ਅਧਿਆਇ ਚੌਥਾ

*

*

*

*

## ਵੇਦਾਂਤ ਅਤੇ ਗੁਰੂ ਨਾਨਕ ਬਾਣੀ ਵਿਚੋਂ

## ਪ੍ਰਾਪਤ ਸਾਧਨਾ ਮਾਰਗ

# ਵੇਦਾਂਤ

# ਅਤੇ

# ਗੁਰੂ ਨਾਨਕ ਬਾਣੀ ਵਿਚੋਂ ਪ੍ਰਾਪਤ ਸਾਧਨਾ ਮਾਰਗ

## ਭਗਤੀ ਮਾਰਗ

ਭਾਰਤੀ ਸਾਧਨਾ ਮਾਰਗ ਵਿਚ ਜਿਵੇਂ ਅਸੀਂ ਵੇਖ ਚੁਕੇ ਹਾਂ, ਖਟ ਦਰਸ਼ਨ ਨੂੰ ਬਹੁਤ ਮਹੱਤਵ ਪ੍ਰਾਪਤ ਹੈ ਅਤੇ ਖਟ ਦਰਸ਼ਨ ਵਿਚ ਵੇਦਾਂਤ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਇਸ ਤਰ੍ਹਾਂ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਖਟ ਦਰਸ਼ਨ ਵਿਚੋਂ ਵੇਦਾਂਤ ਅਤੇ ਇਨ੍ਹਾਂ ਤੋਂ ਬਾਹਰ ਵਿਕਸਿਤ ਹੋਇਆ ਭਗਤੀ ਮਾਰਗ ਹੀ, ਇਤਿਹਾਸ ਦੀ ਗਤੀ ਨਾਲ ਪ੍ਰਮੁਖਤਾ ਪ੍ਰਾਪਤ ਕਰ ਸਕੇ ਹਨ। ਭਾਵੇਂ ਇਹਨਾਂ ਵਿਚ ਜ਼ਾਹਿਰਾ ਪਰਸਪਰ ਵਿਰੋਧ ਤਾਂ ਕੋਈ ਨਹੀਂ, ਸਗੋਂ ਇਕ ਦੂਜੇ ਦੇ ਸਹਾਇਕ ਹੀ ਹਨ, ਫਿਰ ਵੀ ਬਹੁਤ ਸਾਰੇ ਵਿਆਖਿਆਕਾਰਾਂ ਨੇ, ਇਤਿਹਾਸ ਵਿਚਲੇ ਇਨ੍ਹਾਂ ਦੇ ਰੋਲ ਨੂੰ, ਪਰਸਪਰ ਵਿਰੋਧੀ ਦੇ ਰੂਪ ਵਿਚ ਭੀ ਕਲਪਿਆ ਹੈ। ਪਰ ਇਸ ਤਰ੍ਹਾਂ ਦੀ ਕਲਪਨਾ ਨਿਰੋਲ ਅਗਿਆਨ ਦਾ ਹੀ ਪ੍ਰਗਟਾਉ ਹੈ। ਇਸ ਤਰ੍ਹਾਂ ਤਾਂ ਹੋਇਆ ਹੈ ਕਿ ਇਤਿਹਾਸ ਦੇ ਕਿਸੇ ਮੋੜ ਉਤੇ ਭਗਤੀ ਨੂੰ ਜ਼ਿਆਦਾ ਪ੍ਰਮੁਖਤਾ ਅਤੇ ਕਿਸੇ ਉਤੇ ਵੇਦਾਂਤ (ਗਿਆਨ) ਨੂੰ, ਪ੍ਰਮੁਖਤਾ ਦਿਤੀ ਗਈ। ਇਸ ਤਰ੍ਹਾਂ ਕਦੇ ਭਗਤੀ ਗੌਣ ਹੋ ਗਈ ਅਤੇ ਕਦੇ ਗਿਆਨ ਗੌਣ ਹੋ ਗਿਆ। ਭਗਤੀ ਅਤੇ ਗਿਆਨ ਇਕ ਦੂਜੇ ਦੇ ਸਹਾਇਕ ਹੀ ਹਨ। ਅਗਲੇ ਸਫ਼ਿਆਂ ਵਿਚ ਇਹਨਾਂ ਦੇ ਅਜਿਹੇ ਗੁਣਾਂ ਨੂੰ ਸਮਝਣ ਦੀ ਹੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਆਤਮਕ ਵਿਕਾਸ ਅਰਥਾਤ ਮੋਖ ਦੀ ਪ੍ਰਾਪਤੀ ਲਈ, ਭਾਰਤੀ ਦਾਰਸ਼ਨਿਕ ਸਾਹਿਤ ਵਿਚ ਕਈ ਕਿਸਮ ਦੀਆਂ ਵਿਧੀਆਂ ਦਾ ਪ੍ਰਗਟਾਵਾ ਹੋਇਆ ਹੈ। ਇਨ੍ਹਾਂ ਵਿਚੋਂ ਛੇ ਵਿਧੀਆਂ ਮੁਖ ਰੂਪ ਵਿਚ ਸਾਹਮਣੇ ਆਈਆਂ ਹਨ, ਜਿਨ੍ਹਾਂ ਨੂੰ ਭਾਰਤੀ ਦਾਰਸ਼ਨਿਕ ਪਰੰਪਰਾ ਨੇ ਖਟ-ਦਰਸ਼ਨ ਕਿਹਾ ਹੈ। ਜਿਹਾ ਕਿ, ਯੋਗ, ਸਾਂਖਯ, ਨਿਆਇ, ਵੈਸ਼ੇਸ਼ਿਕ, ਮੀਮਾਂਸਾ ਅਤੇ ਉਤਰ ਮੀਮਾਂਸਾ ਇਹ ਛੇ ਦਾਰਸ਼ਨਿਕ ਪ੍ਰਬੰਧ ਹਨ। ਇਹਨਾਂ ਛੇਆਂ ਦਾ ਹੀ ਆਪਣਾ ਵਿਧੀ ਵਿਧਾਨ ਅਤੇ ਵਿਚਾਰਧਾਰਾ ਹੈ। ਇਹਨਾਂ ਰਾਹੀਂ ਪੂਰਣ ਮੋਖ ਨੂੰ ਸਮਝਿਆ ਜਾਂਦਾ ਹੈ ਅਤੇ ਗੁਣ ਦੀ ਸਰੂਪ ਅਸਲੀਅਤ ਪ੍ਰਗਟਾਈ ਜਾਂਦੀ ਹੈ। ਇਸ ਖਟ-ਦਰਸ਼ਨ ਵਿਚ ਸ਼ੁੱਧ ਭਗਤੀ ਦਾ ਸਿੱਧਾ ਜ਼ਿਕਰ ਕਿਤੇ ਨਹੀਂ ਆਇਆ ਪਰ ਇਸ ਤੋਂ ਅਸੀਂ ਇਹ ਅਰਥ ਕਢ ਸਕਦੇ ਹਾਂ:

1. ਇਹ ਛੇ ਤਰੀਕੇ ਆਪਣੇ ਆਪਣੇ ਢੰਗ ਨਾਲ ਸਚ ਨੂੰ ਸਮਝਣ ਦੇ ਯਤਨ ਹਨ ਅਤੇ ਭਗਤੀ ਇਹਨਾਂ ਛੇਆਂ ਤਰੀਕਿਆਂ ਤੋਂ ਇਕ ਵੱਖਰਾ ਤਰੀਕਾ ਹੈ।

2. ਇਹਨਾਂ ਛੇਆਂ ਤਰੀਕਿਆਂ ਦਾ ਆਧਾਰ ਬੌਧਿਕ ਪ੍ਰਕ੍ਰਿਆ ਹੈ, ਜਦੋਂ ਕਿ ਭਗਤੀ ਦਾ ਆਧਾਰ ਪਰਮ ਤੱਤ ਨਾਲ ਰਾਗਾਤਮਕ ਸੰਬੰਧ ਸਥਾਪਤ ਕਰਨਾ ਹੈ।

3. ਭਗਤੀ ਵਿਚਾਰ ਕਰਨ ਦਾ ਇਕ ਤਰੀਕਾ ਨਹੀਂ ਬਲਕਿ ਇਹ ਤਾਂ ਇਕ ਨਿੱਜੀ ਅਨੁਭਵ ਹੈ।

4. ਇਹ ਛੇਵੇਂ ਹੀ ਤਰੀਕੇ ਸੱਚ ਦੀ ਪ੍ਰਾਪਤੀ ਦੇ ਯਤਨ ਹਨ ਅਤੇ ਇਨ੍ਹਾਂ ਦਾ ਆਦਰਸ਼ ਸੱਚ ਦਾ ਗਿਆਨ ਪ੍ਰਾਪਤ ਕਰਨਾ ਹੈ, ਪਰ ਭਗਤੀ ਨਾਂ ਤਾਂ ਇਕ ਵਿਧੀਬੱਧ ਤਰੀਕਾ ਹੈ ਤੇ ਨਾ ਹੀ ਸੱਚ ਦੀ ਪ੍ਰਾਪਤੀ ਕਰਨਾ ਇਸ ਦਾ ਕੋਈ ਆਦਰਸ਼ ਹੈ ਸਗੋਂ ਭਗਤੀ ਦਾ ਆਦਰਸ਼ ਤਾਂ ਸੱਚ ਅਰਥਾਤ ਇਸ਼ਟ ਨਾਲ ਇਕਰੂਪ ਹੋ ਜਾਣਾ ਅਤੇ ਉਸ ਵਿਚ ਅਭੇਦ ਹੋ ਜਾਣਾ ਹੈ।

ਭਾਰਤੀ ਅਚਾਰੀਆਂ ਨੇ ਭਗਤੀ ਦੇ ਮੂਲ ਤੇ ਇਸ ਦੇ ਵਿਕਾਸ ਬਾਰੇ ਕਈ ਤਰ੍ਹਾਂ ਦੀਆਂ ਧਾਰਨਾਵਾਂ ਦਿੱਤੀਆਂ ਹਨ ਜਿਹੜੀਆਂ ਕਿ ਭਗਤੀ ਗ੍ਰੰਥਾਂ ਵਿਚ ਉਪਲਬਧ ਹਨ। ਭਗਤੀ ਦੇ ਵੱਖਰੇ ਵੱਖਰੇ ਮਾਰਗ ਹਨ ਇਕ ਰੂਪ ਇਹੋ ਹੈ ਜਿਸ ਨੇ ਕਿ ਭਗਤੀ ਦਾ ਸਿਧਾਂਤੀਕਰਣ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਉਤੇ ਬਹੁਤਾ ਜ਼ੋਰ ਸ਼ਾਂਡਲਯ ਭਗਤੀ ਸੂਤ੍ਰ, ਨਾਰਦ ਭਗਤੀ ਸੂਤ੍ਰ, ਗੀਤਾ ਅਰਥਾਤ ਭਗਤੀ ਰਸਾਮ੍ਰਿਤ ਸਿੰਧੂ ਆਦਿ ਨੇ ਦਿੱਤਾ ਹੈ। ਇਨ੍ਹਾਂ ਨੇ ਭਗਤੀ ਜੋ ਕਿ ਨਿਰੋਲ ਭਾਵਾਂ ਦੀ ਰੁਚੀਆਂ ਹੈ ਅਤੇ ਜਿਹੜੀ ਨਿੱਜੀ ਅਨੁਭਵ ਉਤੇ ਅਧਾਰਿਤ ਹੈ ਅਤੇ ਜੋ ਵਿਅਕਤੀਗਤ ਹੈ, ਨੂੰ ਵਿਆਪਕਤਾ ਦੇਣ ਵਾਸਤੇ ਇਸ ਨੂੰ ਸਿਧਾਂਤ ਦੇ ਰੂਪ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਤਰ੍ਹਾਂ ਭਗਤੀ ਦੀਆਂ ਕਿਸਮਾਂ, ਭਗਤੀ ਦੇ ਸਹਾਇਕ ਤੱਤ, ਸਾਧਨ, ਭਗਤੀ ਵਿਚ ਇਸ਼ਟ ਦਾ ਸਥਾਨ, ਭਗਤੀ ਦੇ ਵਿਕਾਸ ਮਾਰਗ ਦੇ ਪੜਾਉ, ਭਗਤੀ ਪ੍ਰਾਪਤੀ ਉਪਰੰਤ ਭਗਤ ਤੇ ਭਗਵਾਨ ਦੇ ਆਪਸੀ ਸੰਬੰਧ ਅਰਥਾਤ ਭਗਤ ਨੂੰ ਭਗਵਾਨ ਦੀ ਨੇੜਤਾ ਉਪਰੰਤ ਪ੍ਰਾਪਤ ਹੋਣ ਵਾਲੇ ਅਨੰਦ ਦਾ ਜ਼ਿਕਰ ਦਾਰਸ਼ਨਿਕ ਸ਼ੈਲੀ ਵਿਚ ਕੀਤਾ ਗਿਆ ਹੈ। ਭਾਵੇਂ ਖਟ ਦਰਸ਼ਨ ਵਿਚ ਭਗਤੀ ਨੂੰ ਥਾਂ ਨਹੀਂ ਮਿਲੀ ਪਰ ਭਾਰਤੀ ਆਚਾਰੀਆਂ ਨੇ ਇਸ ਨੂੰ ਇਕ ਦਰਸ਼ਨ ਦੇ ਰੂਪ ਵਿਚ ਸਥਾਪਿਤ ਕਰਨ ਦਾ ਯਤਨ ਜ਼ਰੂਰ ਕੀਤਾ ਹੈ।

ਭਾਰਤੀ ਆਚਾਰੀਆਂ ਨੇ ਭਗਤੀ ਦੇ ਇਕ ਦੂਸਰੇ ਪਹਿਲੂ ਉਤੇ ਵੀ ਵਿਚਾਰ ਕੀਤੀ ਹੈ, ਜਿਹੜੀ ਕਿ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਕੀਤੀ ਗਈ ਹੈ। ਭਾਰਤੀ ਸੰਸਕ੍ਰਿਤੀ ਦੇ ਵਿਕਾਸ

ਵਿਚ ਅਜਿਹੀ ਭਾਵਨਾ ਦਾ ਕਿਸ ਤਰ੍ਹਾਂ ਵਿਕਾਸ ਹੋਇਆ, ਇਸ ਉਤੇ ਵਿਚਾਰ ਕੀਤੀ ਗਈ ਹੈ। ਯੁਗ ਦੇ ਅਸਿਖਸ਼ਿਤ ਮਨੁਖ ਦਾ ਬੌਧਿਕ ਵਿਕਾਸ ਕਿਵੇਂ ਹੋਇਆ, ਕਿਵੇਂ ਉਸ ਨੇ ਸਭਿਅਤਾ ਵੱਲ ਨਵੀਆਂ ਮੰਜ਼ਿਲਾਂ ਨੂੰ ਤਹਿ ਕੀਤਾ, ਕਿਵੇਂ ਮਨੁਖ ਦੇ ਪਰਿਵਾਰਿਕ ਤੇ ਰਾਸ਼ਟਰੀ ਜੀਵਨ ਵਿਚ ਪਰਿਵਰਤਨ ਆਏ ਅਤੇ ਕਿਵੇਂ ਅਜਿਹੀਆਂ ਅਵਸਥਾਵਾਂ ਤੇ ਪ੍ਰਾਪਤੀਆਂ ਨੇ ਮਨੁਖ ਦੀ ਭਗਵਾਨ ਪ੍ਰਤੀ ਸੂਖਮ ਸਥਿਤੀ ਵਿਚ ਪਰਿਵਰਤਨ ਲਿਆਂਦੇ, ਇਤਿਆਦਿ ਦਾ ਪ੍ਰਗਟਾ ਭਾਰਤੀ ਆਚਾਰੀਆਂ ਨੇ ਭਗਤ ਤੇ ਭਗਵਾਨ ਦੇ ਆਪਸੀ ਰਿਸ਼ਤੇ ਦੇ ਪ੍ਰਸੰਗ ਵਿਚ ਕੀਤਾ ਹੈ।

ਭਗਤੀ ਦੇ ਕੋਸ਼ੀ ਅਰਥ ਸੇਵਾ, ਸ਼ਰਧਾ, ਵਿਸ਼ਵਾਸ, ਭਗਵਾਨ ਦੀ ਪੂਜਾ ਵਿਚ ਪ੍ਰੇਮ ਅਤੇ ਉਪਾਸਨਾ ਇਤਿਆਦਿਕ ਮੰਨੇ ਗਏ ਹਨ। ਗੋਪਾਲਤਾਪਨੀ ਉਪਨਿਸ਼ਦ ਵਿਚ ਮਨ ਨੂੰ ਭਗਵਾਨ ਵਿਚ ਪ੍ਰਗਟ ਭਾਂਤ ਕੇਂਦਰਿਤ ਕਰਕੇ ਕਿਸੇ ਹੋਰ ਦੀ ਇੱਛਾ ਕੀਤੇ ਬਿਨਾਂ ਉਸ ਦੇ ਨਿਰੰਤਰ ਭਜਨ ਨੂੰ ਭਗਤੀ ਮੰਨਿਆ ਗਿਆ ਹੈ।[1]

ਗੀਤਾ ਅਨੁਸਾਰ ਮਨੁਖ ਭਾਵੇਂ ਕਿਤਨਾ ਵੀ ਪਾਪੀ ਕਿਉਂ ਨਾ ਹੋਵੇ, ਭਗਤੀ ਦੇ ਸਦਕਾ ਉਸ ਦੇ ਸਾਰੇ ਪਾਪਾਂ ਦਾ ਕੇਵਲ ਨਾਸ਼ ਹੀ ਨਹੀਂ ਹੋ ਜਾਂਦਾ ਸਗੋਂ ਉਹ ਧਰਮਾਤਮਾ ਬਣ ਜਾਂਦਾ ਹੈ ਅਤੇ ਉਸ ਨੂੰ ਪਰਮ ਸ਼ਾਂਤੀ ਮਿਲਦੀ ਹੈ। ਕਈ ਸ਼ਲੋਕਾਂ ਵਿਚ ਭਗਤੀ ਦੀ ਮਹੱਤਤਾ ਦਾ ਪ੍ਰਗਟਾਵਾ ਕਰਿਆ ਹੋਇਆ, ਭਗਤੀ ਦੀ ਪ੍ਰਾਪਤੀ ਦੇ ਸਾਧਨਾਂ ਅਤੇ ਭਗਤਾਂ ਦੇ ਲੱਛਣਾਂ ਸੰਬੰਧੀ ਵਿਚਾਰ ਕੀਤੀ ਗਈ ਹੈ।

ਭਗਤੀ ਦੇ ਆਚਾਰੀਆ ਅਨੁਸਾਰ, "ਈਸ਼ਵਰ ਵਿਚ ਅਤਿਅੰਤ ਪ੍ਰੇਮ ਹੀ ਭਗਤੀ ਹੈ।"[2]

ਵੱਲਭ ਅਨੁਸਾਰ ਭਗਵਾਨ ਦੇ ਮਹਾਤਮ ਦਾ ਗਿਆਨ ਹੋਣ ਉਤੇ ਭਗਵਾਨ ਦੇ ਪ੍ਰਤੀ ਜੋ ਸੁਦ੍ਰਿੜ ਅਤੇ ਸਰਵਾਧਿਕ ਸਨੇਹ ਹੁੰਦਾ ਹੈ, ਉਹ ਹੀ ਭਗਤੀ ਹੈ।[3]

ਮਧਵਾਚਾਰੀਆ ਅਨੁਸਾਰ ਉਤਮ ਗਿਆਨ ਪੂਰਬਕ, ਸੁਦ੍ਰਿੜ ਅਤੇ ਲਗਾਤਾਰ ਪ੍ਰੇਮ ਹੀ ਭਗਤੀ ਹੈ। ਇਸ ਤੋਂ ਛੁਟ ਮੁਕਤੀ ਦਾ ਕੋਈ ਹੋਰ ਸਾਧਨ ਨਹੀਂ। ਇਹ ਪਰਮ ਪ੍ਰੇਮ ਜੋ ਪੂਰਬਲੇ ਗਿਆਨ ਤੋਂ ਉਤਪੰਨ ਹੁੰਦਾ ਹੈ ਅਤੇ ਹਮੇਸ਼ਾ ਵਿਦਮਾਨ ਰਹਿੰਦਾ ਹੈ, ਨੂੰ ਭਗਤੀ ਕਿਹਾ ਜਾਂਦਾ ਹੈ।[4]

---

1. ਗੋਪਾਲਤਾਪਨੀ ਉਪਨਿਸ਼ਦ 2-1
2. ਸ਼ਾਂਡਿਲਯ ਭਗਤੀ ਸੂਤਰ, 1.
3. ਤੱਤ੍ਵ ਅਰਥਦੀਪ, ਸੰਪਾਦਕ ਹਰੀ ਸ਼ੰਕਰ, ਓਂਕਾਰ ਜੀ, ਪੰਨਾ 8.11
4. ਮਹਾਂਭਾਰਤ, ਤਾਤਪਰਜ ਨਿਰਣਯ, 1.86.107

ਰਾਮਾਨੁਜ ਅਨੁਸਾਰ ਭਗਤੀ ਪ੍ਰੇਮ ਸਹਿਤ ਪ੍ਰਭੂ ਵਿਚ ਧਿਆਨ ਲਗਾਉਣਾ ਹੈ। ਉਸ ਅਨੁਸਾਰ ਭਗਤੀ ਪ੍ਰੇਮਕਾ ਦੀ ਇਕ ਲਗਾਤਾਰ ਤੇ ਨਿਰੰਤਰ ਪ੍ਰੇਮ ਸਮਾਧੀ ਹੈ। ਭਗਤੀ ਨੂੰ ਉਹ ਆਤਮਾ ਦੀ ਚੇਤੰਨਤਾ ਮੰਨਦੇ ਹਨ। ਮਨ ਨੂੰ ਤਾਮਸੀ, ਰਾਜਸੀ ਤੇ ਸਾਤਵਿਕ ਤਿੰਨ ਗੁਣਾਂ ਵਾਲਾ ਮੰਨਿਆ ਗਿਆ ਹੈ। ਰਾਮਾਨੁਜ ਅਨੁਸਾਰ ਸਾਤਵਿਕ ਮਨ ਤੋਂ ਉਪਜੀ ਚੇਤੰਨਤਾ ਹੀ ਭਗਤੀ ਹੈ।

ਸਾਂਡਿਲਯ ਅਨੁਸਾਰ, ਭਗਤੀ ਗਿਆਨ ਰੂਪ ਨਹੀਂ ਹੈ, ਕਿਉਂਕਿ ਗਿਆਨ ਤਾਂ ਦਵੇਖ ਰਖਣ ਵਾਲੇ ਦੁਸ਼ਮਣ ਨੂੰ ਵੀ ਹੁੰਦਾ ਹੈ ਅਤੇ ਇਸ ਦੇ ਪਿਛੇ ਸ਼ਰਧਾ, ਵਿਸ਼ਵਾਸ਼ ਅਤੇ ਪ੍ਰੇਮ ਦੀ ਲੋੜ ਨਹੀਂ ਹੁੰਦੀ।

ਸੁਆਮੀ ਵਿਵੇਕਾਨੰਦ ਅਨੁਸਾਰ ਭਗਤੀ-ਯੋਗ ਪਰਮਾਤਮਾ ਦੀ ਇਕ ਅਸਲੀ ਤੇ ਸੱਚੀ ਖੋਜ ਹੈ ਜਿਸ ਦਾ ਕਿ ਅਰੰਭ, ਮੱਧ ਤੇ ਅੰਤ ਪ੍ਰੇਮ ਵਿਚ ਹੀ ਹੁੰਦਾ ਹੈ।[1]

ਗੁਰੂ ਨਾਨਕ ਦੇਵ ਪ੍ਰੇਮ ਨੂੰ ਭਗਤੀ ਦੀ ਬੁਨਿਆਦੀ ਲੋੜ ਦਸਦੇ ਹੋਏ ਕਹਿੰਦੇ ਹਨ ਕਿ ਪ੍ਰੇਮ ਤੋਂ ਬਿਨਾਂ ਭਗਤੀ ਹੋ ਹੀ ਨਹੀਂ ਸਕਦੀ।[2]

ਉਹ ਗਿਆਨ ਨਾਲ ਯੁਕਤ ਅਤੇ ਨਿਰੰਤਰ ਪ੍ਰੇਮ ਨੂੰ ਭਗਤੀ ਮੰਨਦੇ ਹਨ। ਜਿਸ ਨਾਲ ਸਾਧਕ ਆਨੰਦ ਦੀ ਅਵਸਥਾ ਵਿਚ ਵਿਚਰਦਾ ਹੈ ਅਤੇ ਉਸ ਦੇ ਮਨ ਵਿਚ ਖੇੜਾ ਬਣਿਆ ਰਹਿੰਦਾ ਹੈ।[3]

ਉਹ ਤ੍ਰੈਗੁਣਾਤਮਕ ਅਵਸਥਾ ਤੋਂ ਉਪਰ ਉਠ ਕੇ ਸਹਿਜ ਅਵਸਥਾ ਵਿਚ ਵਿਚਰਣ ਨੂੰ ਨਿਰਾਲੀ ਭਗਤੀ ਕਹਿੰਦੇ ਹਨ।[4]

---

1. ਭਗਤੀ ਯੋਗ, ਪੰਨਾ 12
2. ਵਿਣੁ ਪ੍ਰੀਤੀ ਭਗਤਿ ਨ ਹੋਵਈ
   (ਮਲਾਰ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 415)
3. ਵਾਜਾ ਮਤਿ ਪਖਾਵਜੁ ਭਾਉ।
   ਹੋਇ ਅਨੰਦੁ ਸਦਾ ਮਨਿ ਚਾਉ।
   ਏਹਾ ਭਗਤਿ ਏਹੋ ਤਪ ਤਾਉ।
   (ਆਸਾ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 350)
4. ਤ੍ਰੈਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਲੀ।
   (ਰਾਮਕਲੀ ਰਾਗੁ, ਅਸ਼ਟਪਦੀਆਂ, ਆਦਿ ਗ੍ਰੰਥ, ਪੰਨਾ 290

ਉਹ ਤਾਂ ਉਹਨਾਂ ਭਗਤਾਂ ਦੇ ਚਰਨਾਂ ਦੀ ਧੂੜ ਪ੍ਰਾਪਤ ਕਰਨ ਦੇ ਇਛਾਵਾਨ ਹਨ ਜਿਹੜੇ ਕਿ ਨਿਰੰਤਰ ਲਿਵ ਲਾ ਕੇ ਉਸ ਦੀ ਭਗਤੀ ਕਰਦੇ ਰਹਿੰਦੇ ਹਨ।[1]

ਆਚਾਰੀਆਂ ਨੇ ਵੇਦਾਂ ਵਿਚੋਂ ਉਪਲਬਧ ਸ਼ਬਦ 'ਭਜ' ਨੂੰ ਭਗਤੀ ਭਾਵਨਾ ਦੀ ਹੋਂਦ ਦਾ ਪ੍ਰਮਾਣ ਮੰਨਿਆ ਹੈ ਅਤੇ ਨਾਲ ਹੀ ਸੁਖ ਦੀ ਪ੍ਰਾਪਤੀ ਤੇ ਦੁਖ ਦੀ ਨਵਿਰਤੀ ਲਈ ਵੈਦਿਕ ਮਨੁਖ ਦੀ ਇਸ਼ਟ ਪ੍ਰਤੀ ਬੇਨਤੀ ਨੂੰ ਭਗਤੀ ਦਾ ਪਹਿਲਾ ਰੂਪ ਮੰਨਿਆ ਹੈ। ਇਸ ਤਰ੍ਹਾਂ ਵੈਦਿਕ ਮਨੁਖ ਦੀ ਸਰਧਾਲੂ ਰੁਚੀ ਹੀ ਭਗਤੀ ਦਾ ਪਹਿਲਾ ਸਰੂਪ ਬਣਦਾ ਹੈ। ਇਸ ਤੋਂ ਇਕ ਗਲ ਸਪਸ਼ਟ ਹੁੰਦੀ ਹੈ ਕਿ ਪਹਿਲਾਂ ਪਹਿਲ ਭਗਤ ਤੇ ਭਗਵਾਨ ਦਾ ਆਪਸੀ ਰਿਸ਼ਤਾ ਬੜਾ ਸਾਦਾ, ਸਪਸ਼ਟ ਤੇ ਸਾਧਾਰਨ ਸੀ ਪਰ ਬਾਦ ਵਿਚ ਜਾ ਕੇ ਉਪਨਿਸ਼ਦਾਂ ਵਿਚ ਇਸ ਸਾਦੇ ਤੇ ਸਾਧਾਰਨ ਭਾਵਾਤਮਕ ਸੰਬੰਧ ਨੂੰ ਸਿਧਾਂਤ ਵਿਚ ਬੰਨਣ ਦਾ ਯਤਨ ਕੀਤਾ ਗਿਆ। ਇਸ ਦੇ ਸਿੱਟੇ ਵਜੋਂ ਭਾਰਤੀ ਆਚਾਰੀਆਂ ਦਾ ਭਗਤੀ ਪ੍ਰਤੀ ਜੋ ਸੰਕਲਪ ਬਣਿਆ ਉਸ ਦਾ ਅਸੀਂ ਉਪਰ ਜ਼ਿਕਰ ਕਰ ਆਏ ਹਾਂ। ਇਸ ਦੇ ਨਾਲ ਹੀ ਉਪਨਿਸ਼ਦਕ ਰਿਸ਼ੀਆਂ ਨੇ ਭਗਤੀ ਦੇ ਅਭਿਆਸੀ ਪੱਖ ਨੂੰ ਅਖੋਂ ਓਹਲੇ ਨਹੀਂ ਕੀਤਾ ਬਲਕਿ ਰਿਸ਼ੀਆਂ ਨੇ ਆਪਣੇ ਇਸ਼ਟ ਨਾਲ ਆਪਣੇ ਵਿਅਕਤੀਗਤ ਭਾਵਾਤਮਕ ਸੰਬੰਧਾਂ ਦੇ ਅਭਿਆਸ ਨੂੰ ਜਾਰੀ ਰਖਿਆ। ਇਸ ਨਾਲ ਭਗਤੀ ਦੀ ਵਿਹਾਰਕ ਪਰੰਪਰਾ ਜਾਰੀ ਰਹੀ। ਉਪਨਿਸ਼ਦਕ ਕਾਲ ਵਿਚ ਭਗਤੀ ਦੇ ਨਿਸ਼ਕਾਮ ਜਾਂ ਸਕਾਮ ਹੋਣ ਬਾਰੇ ਚਰਚਾ ਵੀ ਚਲਦੀ ਰਹੀ ਅਤੇ ਨਾਲ ਹੀ ਭਗਤੀ ਦੇ ਸਰੂਪ, ਭਗਤੀ ਦੇ ਤੱਤਾਂ ਅਤੇ ਆਦਰਸ਼ਾਂ ਬਾਰੇ ਵੀ ਸਿਧਾਂਤਕ ਚਰਚਾ ਸ਼ੁਰੂ ਹੋ ਗਈ। ਵੈਦਿਕ ਮਨੁਖ ਦੀ ਸਕਾਮ ਭਗਤੀ ਦੀ ਪਰੰਪਰਾ ਵੀ ਪ੍ਰਚਲਤ ਰਹੀ ਅਤੇ ਇਹ ਪਰੰਪਰਾ ਪੁਰਾਣ ਸਾਹਿਤ ਵਿਚ ਹੋਰ ਵੀ ਜ਼ਿਆਦਾ ਮਹੱਤਵ ਪ੍ਰਾਪਤ ਕਰ ਗਈ। ਪੁਰਾਣ-ਸਾਹਿਤ ਨੇ ਭਗਤੀ ਦੇ ਸਿਧਾਂਤਕ ਪੱਖ ਉਤੇ ਵਿਚਾਰ ਕਰਦਿਆਂ ਹੋਇਆਂ ਭਗਤੀ ਦੇ ਵਿਹਾਰਕ ਪਹਿਲੂ ਉਤੇ ਬੜਾ ਜ਼ੋਰ ਦਿਤਾ। ਪੁਰਾਣ ਸਾਹਿਤ ਵਿਚ ਭਗਤੀ ਦੇ ਮਹੱਤਵ, ਭਗਤੀ ਦੇ ਲਾਭ, ਭਗਤੀ ਦੇ ਵਿਧੀ-ਵਿਧਾਨ ਅਤੇ ਭਗਤੀ ਦੁਆਰਾ ਆਤਮ ਵਿਕਾਸ ਦੀਆਂ ਸੰਭਾਵਨਾਵਾਂ ਉਤੇ ਵਿਚਾਰ ਕੀਤੀ ਗਈ। ਇਸ ਤਰ੍ਹਾਂ ਭਗਤੀ ਦੀ ਵੈਦਿਕ ਪਰੰਪਰਾ ਵੀ ਜਾਰੀ ਰਹੀ ਅਤੇ ਸਮੇਂ ਸਮੇਂ ਇਸ ਨੂੰ ਸਿਧਾਂਤ ਰੂਪ ਵਿਚ ਬੰਨ੍ਹ ਕੇ ਕੇਵਲ ਸੁਨਿਸ਼ਚਤ ਲੋਕਾਂ ਦੀ ਮਲਕੀਅਤ ਬਣਾਉਣ ਦੇ ਯਤਨ ਵੀ ਜਾਰੀ ਰਹੇ।

---

1. ਅਹਿਨਿਸਿ ਭਗਤਿ ਕਰੇ ਲਿਵ ਲਾਇ। ਨਾਨਕੁ ਤਿਨ ਕੇ ਲਾਗੈ ਪਾਇ।
(ਆਸਾ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 352)

ਭਾਰਤੀ ਸਾਹਿਤ ਵਿਚੋਂ ਪ੍ਰਾਪਤ ਭਗਤੀ ਮਾਰਗ ਦੇ ਵਿਕਾਸ ਦਾ ਇਕ ਪੜਾਅ ਦੱਖਣੀ ਸੰਤਾਂ ਦੁਆਰਾ ਅਪਣਾਈ ਗਈ ਇਸ ਵਿਧੀ ਨੂੰ ਵੀ ਮੰਨਿਆ ਗਿਆ। ਅਲਵਾਰ ਤੇ ਅਡਿਆਰ ਸੰਪ੍ਰਦਾਇ ਦੇ ਦੱਖਣੀ ਭਾਰਤ ਦੇ ਸੰਤਾਂ ਨੇ ਭਗਤੀ ਨੂੰ ਅਪਣਾਇਆ ਅਤੇ ਆਤਮ ਵਿਕਾਸ ਲਈ ਇਸ ਨੂੰ ਸਾਧਨ ਰੂਪ ਵਿਚ ਵਰਤਿਆ। ਦੱਖਣੀ ਸੰਤਾਂ ਦੇ ਕੰਮਾਂ ਅਤੇ ਉਹਨਾਂ ਦੀ ਪ੍ਰਚਾਰ ਵਿਧੀ ਦੇ ਸਾਧਨਾਂ ਨੂੰ ਸਾਹਮਣੇ ਰੱਖ ਕੇ ਅਸੀਂ ਇਹ ਕਹਿ ਸਕਦੇ ਹਾਂ:

1. ਇਹਨਾਂ ਸੰਤਾਂ ਨੇ ਭਗਤੀ ਨੂੰ ਕੇਵਲ ਸਿਧਾਂਤਕ ਰੂਪਾਂ ਦੀ ਵਸਤੂ ਨਾ ਰਹਿਣ ਦਿਤਾ ਅਤੇ ਇਸ ਦੀ ਥਾਂ ਇਸ ਨੂੰ ਇਕ ਵਿਹਾਰਕ ਵਿਧੀ ਦੇ ਤੌਰ ਤੇ ਮਹੱਤਵ ਪ੍ਰਦਾਨ ਕੀਤਾ।

2. ਇਸ ਨੂੰ ਮੰਦਰਾਂ ਅਤੇ ਪੂਜਾ ਸਥਾਨਾਂ ਤਕ ਹੀ ਸੀਮਤ ਨਾ ਰਹਿਣ ਦਿਤਾ ਸਗੋਂ ਇਸ ਨੂੰ ਆਮ ਲੋਕਾਂ ਦੀ ਆਮ ਜ਼ਿੰਦਗੀ ਦਾ ਇਕ ਹਿੱਸਾ ਬਣਾ ਦਿਤਾ।

3. ਇਹਨਾਂ ਨੇ ਜਾਤ ਪਾਤ ਦੇ ਸਾਰੇ ਭੇਦ ਭਾਵ ਮਿਟਾ ਦਿਤੇ ਅਤੇ ਲੋਕਾਂ ਅੰਦਰ ਇਹ ਵਿਸ਼ਵਾਸ ਪੈਦਾ ਕੀਤਾ ਕਿ ਭਗਤੀ ਇਕ ਅਜਿਹਾ ਤਰੀਕਾ ਹੈ ਜਿਸ ਦੇ ਰਾਹੀਂ ਹਰ ਧਰਮ ਤੇ ਜਾਤ ਦਾ ਬੰਦਾ ਇਸ਼ਟ ਦੀ ਪ੍ਰਾਪਤੀ ਕਰ ਸਕਦਾ ਹੈ।

ਅਸਲ ਵਿਚ ਇਹਨਾਂ ਸੰਤਾਂ ਨੇ ਭਗਤੀ ਨੂੰ ਇਕ ਲਹਿਰ ਦੇ ਰੂਪ ਵਿਚ ਸਾਹਮਣੇ ਲਿਆਂਦਾ। ਭਾਰਤੀ ਭਗਤੀ ਲਹਿਰ ਦਾ ਜਨਮ ਇਥੋਂ ਹੀ ਹੋਇਆ। ਰਾਮਾਨੰਦ ਇਤਿਆਦਿ ਇਸੇ ਹੀ ਭਗਤੀ ਲਹਿਰ ਵਿਚੋਂ ਪੈਦਾ ਹੋਏ ਸੰਤ ਹਨ। ਕਬੀਰ ਤੇ ਰਵਿਦਾਸ ਆਦਿ ਸੰਤ ਰਾਮਾਨੰਦ ਦੇ ਚੇਲੇ ਸਨ ਅਤੇ ਇਸ ਤਰ੍ਹਾਂ ਮੱਧ-ਕਾਲੀਨ ਭਗਤੀ ਲਹਿਰ ਇਹਨਾਂ ਸੰਤਾਂ ਰਾਹੀਂ ਹੀ ਪੈਦਾ ਹੋਈ।

## ਭਗਤੀ ਦੇ ਸਾਧਨ

ਭਾਰਤੀ ਆਚਾਰੀਆਂ ਨੇ ਪ੍ਰਮੁਖ ਤੌਰ ਤੇ ਭਗਤੀ ਦਾ ਪ੍ਰਮੁਖ ਸਾਧਨ ਭਗਵਾਨ ਦੀ ਕ੍ਰਿਪਾ ਨੂੰ ਹੀ ਦਸਿਆ ਹੈ। ਪਰ ਇਸ ਦੇ ਨਾਲ ਨਾਲ ਭਗਤਾਂ ਦੀ ਆਂਤਰਿਕ ਪਵਿੱਤਰਤਾ ਤੇ ਸ਼ੁਧਤਾ ਨੂੰ ਵੀ ਜ਼ਰੂਰੀ ਦਸਿਆ ਗਿਆ ਹੈ। ਡਾ: ਦੇਵ ਰਾਜ ਦਾ ਵਿਚਾਰ ਹੈ ਕਿ ਅੰਤਰ ਆਤਮਾ ਦੀ ਸ਼ੁਧੀ ਲਈ 15 ਸਾਧਨ ਦਸੇ ਗਏ ਹਨ।[1] ਆਰੰਭਲੇ ਸਾਧਨਾਂ ਵਿਚੋਂ ਇਸ਼ਨਾਨ, ਧਰਮ ਅਤੇ ਵੇਦਮੂਰਤੀ ਦੀ ਅਰਚਨਾ ਹੈ। ਭਗਵਾਨ ਦਾ ਧਿਆਨ ਕਰਨਾ ਚੌਥਾ ਸਾਧਨ ਹੈ, ਸਤਗੁਰਾਂ ਨੂੰ ਪੈਦਾ ਕਰਨਾ ਪੰਜਵਾਂ ਸਾਧਨ ਹੈ, ਸਮਸਤ ਕਰਮਾਂ ਦਾ ਸਮਰਪਨ ਕਰਨਾ ਛੇਵਾਂ ਸਾਧਨ ਹੈ, ਆਚਾਰੀਆਂ ਦਾ

1. ਦਰਸ਼ਨ ਸ਼ਾਸਤ੍ਰ ਕਾ ਇਤਿਹਾਸ, ਪੰਨਾ 437

ਆਦਰ ਕਰਨਾ ਸਤਵਾਂ ਸਾਧਨ ਹੈ ਅਤੇ ਦੀਨਾਂ ਦੇ ਪ੍ਰਤੀ ਆਦਰਭਾਵ ਰਖਣਾ ਅਠਵਾਂ ਸਾਧਨ ਹੈ। ਸਾਰੇ ਜੀਵਾਂ ਦੇ ਪ੍ਰਤੀ ਮਿਤਰਤਾ ਤੇ ਸਮਾਨਤਾ ਦਾ ਭਾਵ ਰਖਣਾ ਨੌਵਾਂ ਸਾਧਨ ਹੈ। ਦਸਵਾਂ ਸਾਧਨ ਯਮ ਅਤੇ ਗਿਆਰਵਾਂ ਨਿਯਮ ਵਿਚ ਰਹਿਣਾ ਹੈ। ਗੁਰਮੁਖ ਦੁਆਰਾ ਸ਼ਾਸਤ੍ਰਾਂ ਨੂੰ ਸੁਣਨਾ ਬਾਰ੍ਹਵਾਂ ਸਾਧਨ ਹੈ, ਕੀਰਤਨ ਕਰਨਾ ਤੇਰ੍ਹਵਾਂ ਸਾਧਨ ਹੈ, ਸਾਰਿਆਂ ਨਾਲ ਸਹਾਨੁਭੂਤੀ ਤੇ ਸਨੇਹ ਰਖਣਾ ਚੋਦਵਾਂ ਸਾਧਨ ਹੈ ਅਤੇ ਸਤਿਸੰਗ 15ਵਾਂ ਸਾਧਨ ਹੈ।

ਡਾ। ਦਾਸ ਗੁਪਤਾ ਹੰਕਾਰ ਦੇ ਵਿਨਾਸ਼ ਨੂੰ 16ਵਾਂ ਸਾਧਨ ਮੰਨਦੇ ਹਨ।[1] ਇਸੇ ਤਰ੍ਹਾਂ ਵਲਭ ਦਰਸ਼ਨ ਦੇ ਅਨੁਸਾਰ ਅੰਤਰ ਆਤਮਾ ਦੀ ਸ਼ੁਧੀ ਲਈ ਇਹ ਸੋਲ੍ਹਾਂ ਸਾਧਨ ਦਸੇ ਗਏ ਹਨ।

ਭਗਤੀ ਦੇ ਆਚਾਰੀਆਂ ਅਤੇ ਸਾਧਕਾਂ ਨੇ ਭਗਤੀ ਦੇ ਅਨੇਕ ਸਾਧਨ ਦਸੇ ਹਨ। ਨਾਰਦ ਦੇ ਭਗਤੀ ਸੂਤ੍ਰ ਵਿਚ ਇਸ ਦੇ ਅਨੇਕ ਸਾਧਨ ਦਸੇ ਗਏ ਹਨ। ਉਸ ਅਨੁਸਾਰ ਵਿਸ਼ਿਆਂ ਦਾ ਤਿਆਗ ਕਰਨਾ ਭਗਤੀ ਲਈ ਬਹੁਤ ਜ਼ਰੂਰੀ ਹੈ।[2] ਅਖੰਡ ਭਜਨ ਵੀ ਭਗਤੀ ਦਾ ਇਕ ਸਾਧਨ ਹੈ।[3]

ਸੰਸਾਰ ਵਿਚ ਰਹਿੰਦਿਆਂ ਹੋਇਆਂ ਭਗਵਾਨ ਦੇ ਗੁਣਾਂ ਦਾ ਸੁਣਨ ਤੇ ਕੀਰਤਨ ਕਰਨਾ ਭਗਤੀ ਦਾ ਇਕ ਸਾਧਨ ਹੈ।[4] ਮਹਾਂ ਪੁਰਸ਼ਾਂ ਦੀ ਕ੍ਰਿਪਾ ਅਤੇ ਭਗਵਤ ਕ੍ਰਿਪਾ ਭਗਤੀ ਦੇ ਹੋਰ ਸਾਧਨ ਹਨ।[5]

ਇਸਤ੍ਰੀ, ਧਨ, ਨਾਸਤਕ ਤੇ ਵੈਰੀ ਦਾ ਚਰਿਤ੍ਰ ਨਾ ਸੁਣਨਾ ਵੀ ਭਗਤੀ ਦਾ ਇਕ ਸਾਧਨ ਹੈ।[6] ਕਿਉਂਕਿ ਇਸਤ੍ਰੀ ਦੇ ਚਿੰਤਨ ਨਾਲ, ਕਾਮ, ਧਨ ਦੇ ਚਿੰਤਨ ਨਾਲ ਲੋਭ, ਨਾਸਤਕ ਦੇ ਚਿੰਤਨ ਨਾਲ ਈਸ਼੍ਵਰ ਵਿਚ ਅਵਿਸ਼ਵਾਸ਼ ਅਤੇ ਵੈਰੀ ਦੇ ਚਿੰਤਨ ਨਾਲ ਕ੍ਰੋਧ ਪੈਦਾ ਹੁੰਦਾ ਹੈ। ਇਸ ਲਈ ਭਗਤ ਨੂੰ ਇਨ੍ਹਾਂ ਚਾਰਾਂ ਦੇ ਚਰਿਤ੍ਰ ਨੂੰ ਨਹੀਂ ਸੁਣਨਾ ਚਾਹੀਦਾ।

---

1. Indian Philosophy, Vol. IX, p. 351
2. ਨਾਰਦ ਭਗਤੀ ਸੂਤ੍ਰ, 30
3. ਉਹੀ 36
4. ਉਹੀ 4
5. ਉਹੀ 38
6. ਉਹੀ 63

ਗੀਤਾ ਵਿਚ ਭਗਵਾਨ ਕ੍ਰਿਸ਼ਨ ਦਾ ਕਹਿਣਾ ਹੈ ਕਿ ਜੋ ਮਨੁੱਖ ਨਿਤ ਨਿਰੰਤਰ ਮੈਨੂੰ ਸਿਮਰਦਾ ਹੈ, ਉਸ ਲਈ ਮੇਰੀ ਪ੍ਰਾਪਤੀ ਬੜੀ ਸੌਖੀ ਹੈ।[1]

ਇਸ ਤਰ੍ਹਾਂ ਮਹਾਂਪੁਰਸ਼ਾਂ ਦੀ ਸੰਗਤ ਤੇ ਕ੍ਰਿਪਾ, ਭਾਗਵਤ ਕ੍ਰਿਪਾ, ਭਗਵਾਨ ਦੇ ਗੁਣਾਂ ਦਾ ਸ੍ਰਵਣ ਤੇ ਕੀਰਤਨ, ਮਨਮੁਖਾਂ ਦਾ ਤਿਆਗ ਅਤੇ ਹਉਮੈ ਦਾ ਵਿਨਾਸ਼ ਇਤਿਆਦਿਕ ਸਾਧਨ ਹੀ ਭਗਤੀ ਦੇ ਸਾਧਨ ਹਨ।

ਗੁਰੂ ਨਾਨਕ ਦੇਵ ਦੀ ਬਾਣੀ ਵਿਚ ਭਗਤੀ ਸਾਧਨਾ ਦੇ ਕੁਝ ਕੁ ਸਾਧਨ ਦੱਸੇ ਗਏ ਹਨ, ਜਿਨ੍ਹਾਂ ਦਾ ਵਰਣਨ ਇਸ ਤਰ੍ਹਾਂ ਹੈ:

<u>ਗੁਰੂ</u>:- ਗੁਰੂ ਨਾਨਕ ਦੇਵ ਦੀ ਭਗਤੀ ਵਿਚਾਰਧਾਰਾ ਵਿਚ ਗੁਰੂ ਦਾ ਵਿਸ਼ੇਸ਼ ਤੌਰ ਤੇ ਮਹੱਤਵ ਹੈ। ਭਗਤੀ ਸਾਧਨਾ ਵਿਚ ਗੁਰੂ ਤੋਂ ਬਿਨਾਂ ਪੂਰਨਤਾ ਹੀ ਨਹੀਂ ਹੋ ਸਕਦੀ। ਅਸਲ ਵਿਚ ਸਾਧਕ ਨੂੰ ਤਾਂ ਭਗਤੀ ਦੀ ਦਾਤ ਗੁਰੂ ਤੋਂ ਹੀ ਪ੍ਰਾਪਤ ਹੁੰਦੀ ਹੈ।[2]

ਭਗਤੀ ਦੀ ਪ੍ਰਾਪਤੀ ਸਤਿਗੁਰੂ ਦੇ ਉਪਦੇਸ਼ ਤੋਂ ਬਿਨਾਂ ਹੋਰ ਕਿਸੇ ਢੰਗ ਨਾਲ ਨਹੀਂ ਹੋ ਸਕਦੀ।[3] ਜਦੋਂ ਗੁਰੂ ਕਿਸੇ ਭਗਤ ਉਤੇ ਮਿਹਰਬਾਨ ਹੁੰਦਾ ਹੈ ਤਾਂ ਉਦੋਂ ਹੀ ਉਸ ਨੂੰ ਭਗਤੀ ਦੀ ਦਾਤ ਪ੍ਰਾਪਤ ਹੁੰਦੀ ਹੈ।[4] ਗੁਰੂ ਨਾਨਕ ਦੇਵ ਅਜਿਹੇ ਗੁਰੂ ਤੋਂ ਸਦਕੇ ਜਾਂਦੇ ਹਨ ਜਿਹੜਾ ਕਿ ਬਿਨਾਂ ਕਿਸੇ ਦੇਰੀ ਦੇ ਆਪਣੀ ਬਖਸ਼ਿਸ਼ ਦੁਆਰਾ ਕਿਸੇ ਮਨੁੱਖ ਵਿਚ ਦੈਵੀ ਗੁਣਾਂ ਦਾ ਸੰਚਾਰ ਕਰ

---

1. ਭਗਵਦ ਗੀਤਾ, 8/12
2. (ੳ) ਭਾਉ ਭਗਤ ਗੁਰਮਤੀ ਪਾਏ।

   (ਪ੍ਰਭਾਤੀ ਰਾਗੁ, ਅਸ਼ਟਪਦੀ, ਆਦਿ ਗ੍ਰੰਥ, ਪੰਨਾ 1342)

   (ਅ) ਭਗਤਿ ਭਾਉ ਗੁਰ ਕੀ ਮਤਿ ਪੂਰੀ ਅਨਹਦਿ ਸ਼ਬਦ ਲਖਾਇਦੀ ਹੇ।

   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1025)
3. ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ।

   (ਸਿਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 22)
4. (ੳ) ਗੁਰ ਤੁਠਾ ਬਖਸੇ ਭਗਤਿ ਭਾਉ।

   (ਬਸੰਤ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 1170)

   (ਅ) ਕਰ ਕਿਰਪਾ ਹਰਿ ਭਗਤਿ ਦ੍ਰਿੜਾਏ।

   ਅਨਦਿਨੁ ਹਰਿ ਗੁਣ ਗਾਏ।

   (ਆਸਾ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 385)

ਦੇਂਦਾ ਹੈ।[1] ਗੁਰੂ ਦੀ ਕ੍ਰਿਪਾ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ ਅਤੇ ਇਸ ਤੋਂ ਬਿਨਾਂ ਬਾਕੀ ਸਾਰੇ ਸਾਧਨ ਭੁਲੇਖੇ ਵਿਚ ਪਾਉਣ ਵਾਲੇ ਹਨ।[2] ਗੁਰੂ ਤੋਂ ਬਿਨਾਂ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ, ਇਸ ਗੱਲ ਦੀ ਪੁਸ਼ਟੀ ਬ੍ਰਹਮਾ, ਨਾਰਦ ਤੇ ਵੇਦ ਵਿਆਸ ਵੀ ਕਰਦੇ ਹਨ।[3] ਗੁਰੂ ਸਾਹਿਬ ਦਾ ਵਿਚਾਰ ਹੈ ਕਿ ਪਰਮ ਪਦ ਦੀ ਪ੍ਰਾਪਤੀ ਵੀ ਗੁਰੂ ਦੇ ਪ੍ਰਸਾਦ ਦੁਆਰਾ ਹੀ ਸੰਭਵ ਹੋ ਸਕਦੀ ਹੈ।[4] ਹਰੀ ਦੀ ਸ਼ਰਨ ਵਿਚ ਜਾਣ ਨਾਲ ਗੁਰੂ ਦੀ ਕ੍ਰਿਪਾ ਪ੍ਰਾਪਤ ਹੁੰਦੀ ਹੈ ਜਿਸ ਨਾਲ ਸਾਧਕ ਦਾ ਪਾਰ ਉਤਾਰਾ ਹੋ ਸਕਦਾ ਹੈ।[5]

ਸਤਿਸੰਗਤ:- ਗੁਰੂ ਨਾਨਕ ਦੇਵ ਨੇ ਸੰਤ ਜਨਾਂ, ਭਗਤਾਂ ਤੇ ਨੇਕ ਪੁਰਸ਼ਾਂ ਦੀ ਸੰਗਤ ਉਤੇ ਬਹੁਤ ਜ਼ੋਰ ਦਿਤਾ ਹੈ। ਸਤਿਸੰਗਤ ਦੀ ਪਰਿਭਾਸ਼ਾ ਦੇਂਦੇ ਹੋਏ ਆਪ ਲਿਖਦੇ ਹਨ: ਜਿਥੇ ਇਕ ਪ੍ਰਭੂ ਦੇ ਇਕੋ ਹੀ ਨਾਮ ਦੀ ਚਰਚਾ ਹੁੰਦੀ ਹੈ ਤੇ ਪ੍ਰਭੂ ਦੇ ਗੁਣਾਂ ਦਾ ਕਥਨ ਹੁੰਦਾ ਹੈ ਉਸ ਨੂੰ ਸਤਿਸੰਗਤ

---

1. ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ।
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।
(ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 194)

2. ਗੁਰ ਪਰਸਾਦੀ ਹਰਿ ਪਾਈਐ, ਮਤੁ ਕੋ ਭਰਮਿ ਭੁਲਾਹਿ।
(ਰਾਮਕਲੀ ਰਾਗੁ, ਓਅੰਕਾਰ, ਆਦਿ ਗ੍ਰੰਥ, ਪੰਨਾ 937)

3. ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ।
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ।
(ਸਿਰੀ ਰਾਗੁ, ਅਸ਼ਟਪਦੀ, ਆਦਿ ਗ੍ਰੰਥ, ਪੰਨਾ 59)

4. (ੳ) ਗੁਰ ਪਰਸਾਦਿ ਪਰਮ ਪਦੁ ਪਾਏ।
(ਗਉੜੀ ਰਾਗੁ, ਅਸ਼ਟਪਦੀ, ਆਦਿ ਗ੍ਰੰਥ, ਪੰਨਾ 223)
(ਅ) ਗੁਰ ਪਰਸਾਦਿ ਪਰਮ ਪਦੁ ਪਾਈ।
(ਬਿਲਾਵਲ ਰਾਗੁ, ਥਿਤੀ 1, ਆਦਿ ਗ੍ਰੰਥ, ਪੰਨਾ 147)

5. ਗੁਰ ਪਰਸਾਦੀ ਸੇ ਨਰ ਉਬਰੇ,
ਜਿ ਹਰਿ ਸਰਣਾਗਤਿ ਭਜਿ ਪਇਆ।
(ਆਸਾ ਰਾਗੁ, ਪਟੀ, ਆਦਿ ਗ੍ਰੰਥ, ਪੰਨਾ 433)

ਕਹਿੰਦੇ ਹਨ। ਪ੍ਰਭੂ ਦਾ ਇਕੋ ਨਾਮ ਹੀ ਉਸ ਦਾ ਹੁਕਮ ਹੈ, ਜਿਹੜਾ ਕਿ ਸਤਿਗੁਰੂ ਨੇ ਉਸ ਨੂੰ ਸਮਝਾ ਦਿਤਾ ਹੈ।[1] ਜਦੋਂ ਸੰਤ ਜਨਾਂ ਦੀ ਨੇਕ ਸੰਗਤ ਦੀ ਨਾਮਰੂਪੀ ਬਰਕਤ ਸਾਧਕ ਉਪਰ ਵਰ੍ਹਦੀ ਹੈ ਤਾਂ ਸਾਧਕ ਵਿਚੋਂ ਅਗਿਆਨ ਦਾ ਵਿਨਾਸ਼ ਅਤੇ ਉਸ ਅੰਦਰ ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਸੰਗਤ ਤੋਂ ਬਿਨਾਂ ਲੋਹਾ ਬਣ ਚੁਕਿਆ ਮਨ ਪਾਰਸ ਰੂਪੀ ਸੰਗਤ ਦੀ ਛੋਹ ਪਾ ਕੇ ਕੰਚਨ ਹੋ ਨਿਬੜਦਾ ਹੈ। ਜਿਸ ਦੇ ਸਿਟੇ ਵਜੋਂ ਉਸ ਨੂੰ ਹਰੀ ਦੀ ਪ੍ਰਾਪਤੀ ਹੋ ਜਾਂਦੀ ਹੈ।[2]

<u>ਸਿਫ਼ਤ ਸਲਾਹ</u>:- ਪਰਮਾਤਮਾ ਦੀ ਸਿਫ਼ਤ ਸਲਾਹੁਣਾ, ਭਗਤੀ ਮਾਰਗ ਦਾ ਇਕ ਜ਼ਰੂਰੀ ਸਾਧਨ ਹੈ। ਅਜਿਹਾ ਕਰਨ ਨਾਲ ਸਾਧਕ ਨੂੰ ਆਪਣੀ ਤੁਛਤਾ ਅਤੇ ਪਰਮਾਤਮਾ ਦੀ ਵਿਸ਼ਾਲਤਾ, ਵਿਲਖਣਤਾ ਸਰਬਸ਼ਕਤੀਮਾਨਤਾ ਤੇ ਸਰਬਵਿਆਪਕਤਾ ਦਾ ਅਹਿਸਾਸ ਹੋ ਜਾਂਦਾ ਹੈ, ਜਿਸ ਨਾਲ ਉਸ ਦੀ ਅੰਤਰ ਆਤਮਾ ਵਿਚੋਂ ਹਉਮੈ ਦਾ ਵਿਨਾਸ਼ ਹੋਣ ਉਪਰੰਤ ਉਸ ਨੂੰ ਮਾਨਸਿਕ ਤ੍ਰਿਪਤੀ ਦੀ ਪ੍ਰਾਪਤੀ ਹੁੰਦੀ ਹੈ।[3] ਪਰਮਾਤਮਾ ਦੀਆਂ ਸਿਫ਼ਤਾਂ ਗਾਉਣ ਨਾਲ ਅਤੇ ਉਸ ਦੇ ਪਿਆਰ ਨੂੰ ਆਪਣੇ ਹਿਰਦੇ ਵਿਚ ਵਸਾਉਣ ਨਾਲ ਦੁਖਾਂ ਦੀ ਨਿਵਿਰਤੀ ਤੇ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ।[4] ਪਰਮਾਤਮਾ ਦੀ ਸਿਫ਼ਤ ਸਲਾਹੁਣਾ ਕਰਨ ਨਾਲ ਜਿਥੇ ਸਾਧਕ ਵਿਚ ਸਹਿਜ ਅਡੋਲ ਦੀ ਅਵਸਥਾ ਪੈਦਾ ਹੁੰਦੀ ਹੈ, ਉਥੇ ਨਾਲ ਹੀ ਉਸਨੂੰ ਪਰਮਾਤਮਾ ਜ਼ਿੰਦਗੀ ਦੇ ਹਰ ਖੇਤਰ ਵਿਚ ਇਕ ਦੋਸਤ ਵਾਂਗ ਵਿਚਰਦਾ ਮਹਿਸੂਸ ਹੁੰਦਾ ਹੈ।[5]

---

1. ਸਤਿ ਸੰਗਤਿ ਕੈਸੀ ਜਾਣੀਐ। ਜਿਥੈ ਏਕੋ ਨਾਮੁ ਵਖਾਣੀਐ।
   ਏਕੋ ਨਾਮੁ ਹੁਕਮੁ ਹੈ, ਨਾਨਕ ਸਤਿਗੁਰਿ ਦੀਆ ਬੁਝਾਇ ਜੀਉ।
   (ਸਿਰੀ ਰਾਗੁ, ਆਦਿ ਗ੍ਰੰਥ, ਪੰਨਾ 71)
2. ਸਤਿ ਸੰਗਤਿ ਨਾਮ ਨਿਧਾਨ ਹੈ ਜਿਥਹੁ ਹਰਿ ਪਾਇਆ।
   ਗੁਰ ਪਰਸਾਦੀ ਘਟਿ ਚਾਨਣਾ ਆਨੇਰੁ ਗਵਾਇਆ
   ਲੋਹਾ ਪਾਰਸ ਭੇਟੀਐ ਕੰਚਨੁ ਹੋਇਆ ਆਇਆ।
   (ਸਾਰੰਗ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 1244)
3. ਨਾਨਕ ਮਨੁ ਤ੍ਰਿਪਤਾਸੀਐ ਸਿਫਤੀ ਸਾਚੈ ਨਾਇ।
   (ਮਾਰੂ ਰਾਗੁ, ਸਲੋਕ, ਆਦਿ ਗ੍ਰੰਥ, ਪੰਨਾ 1087)
4. ਗਾਵੀਐ ਸੁਣੀਐ ਮਨਿ ਰਖੀਐ ਭਾਉ।
   ਦੁਖ ਪਰ ਹਰਿ ਸੁਖੁ ਘਰਿ ਲੈ ਜਾਇ।
   (ਜਪੁ, ਆਦਿ ਗ੍ਰੰਥ, ਪੰਨਾ 2)
5. ਸਿਫਤੀ ਸਲਾਹਣੁ ਸਹਜ ਅਡੋਲ।
   ਸਖਾ ਸੈਨੁ ਪ੍ਰੇਮ ਗੋਬਿੰਦ।
   (ਆਸਾ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 352)

ਪਰਮਾਤਮਾ ਦੇ ਗੁਣ ਗਾਉਣ ਵਾਲੇ ਸਾਧਕ ਨੂੰ ਕਾਲ ਸਤਾਉਂਦਾ ਨਹੀਂ।[1] ਸਿਫ਼ਤ ਸਲਾਹੁਣਾ ਕਰਨ ਨਾਲ ਸਾਧਕ ਦਾ ਪ੍ਰਭੂ ਦੇ ਦਰਬਾਰ ਨਾਲ ਸੰਬੰਧ ਜੁੜਦਾ ਹੈ।[2] ਅਤੇ ਫਿਰ ਸਾਧਕ ਧਾਤ ਦੇ ਧਾਤ ਵਿਚ ਮਿਲ ਜਾਣ ਵਾਂਗਰ ਸਾਧਯ ਨਾਲ ਇਕਸੁਰਤਾ ਪ੍ਰਾਪਤ ਕਰ ਲੈਂਦਾ ਹੈ।[3] ਜਿਸ ਵਿਅਕਤੀ ਨੂੰ ਪਰਮਾਤਮਾ ਆਪਣੀ ਬਖ਼ਸ਼ਿਸ਼ ਦੁਆਰਾ ਆਪਣੀਆਂ ਸਿਫ਼ਤਾਂ ਦੀ ਦਾਤ ਦੇਂਦਾ ਹੈ ਉਹ ਪਾਤਸ਼ਾਹਾਂ ਤੋਂ ਵੀ ਵਡਾ ਪਾਤਸ਼ਾਹ ਬਣ ਜਾਂਦਾ ਹੈ।[4]

<u>ਹੁਕਮ ਅਥਵਾ ਰਜ਼ਾ</u>:- ਗੁਰੂ ਨਾਨਕ ਬਾਣੀ ਵਿਚ ਪਰਮਾਤਮਾ ਦੇ ਹੁਕਮ ਨੂੰ ਕ੍ਰਿਆਤਮਕ ਸ਼ਕਤੀ ਮੰਨਣ ਅਥਵਾ ਉਸਦੀ ਰਜ਼ਾ ਵਿਚ ਵਿਚਰਣ ਦਾ ਸੰਕਲਪ ਹੈ। ਕੂੜਿਆਂ ਦੀ ਪਰਾਕਣਾਂ ਵਿਚ ਫਸ ਕੇ, ਪਰਮਾਤਮਾ ਤੋਂ ਦੂਰ ਹੋਏ ਸਾਧਕ ਨੂੰ, ਪਰਮਾਤਮਾ ਦੀ ਦਰਗਾਹ ਵਿਚ ਸੱਚਾ ਬਣਨ ਲਈ ਰਬ ਦੇ ਹੁਕਮ ਤੇ ਰਜ਼ਾ ਵਿਚ ਚਲਣ ਦਾ ਸਾਧਨ ਦਸਿਆ ਗਿਆ ਹੈ।[5] ਪਰਮਾਤਮਾ ਦੇ ਹੁਕਮ ਨਾਲ ਹੀ ਸਾਰੀ ਸ੍ਰਿਸ਼ਟੀ ਦੀ ਸਿਰਜਣਾ ਹੋਈ ਹੈ ਤੇ ਕੁਝ ਇਨਸਾਨੀ ਬੁੱਧੀ ਪਰਮਾਤਮਾ ਦੇ ਹੁਕਮ ਬਾਰੇ ਕੁਝ ਵੀ ਨਹੀਂ ਕਹਿ ਸਕਦੀ।[6] ਪਰਮਾਤਮਾ ਦੇ ਹੁਕਮ ਵਿਚ ਹੀ ਸ੍ਰਿਸ਼ਟੀ ਦਾ ਸਾਰਾ ਪਸਾਰਾ ਫੈਲਿਆ ਹੋਇਆ ਹੈ। ਸ੍ਰਿਸ਼ਟੀ ਦੀ ਉਤਪਤੀ ਤੇ ਵਿਨਾਸ਼ ਪਰਮਾਤਮਾ ਦੇ ਹੁਕਮ ਵਿਚ ਹੀ ਹੈ। ਜਿਹੜੇ ਵਿਅਕਤੀ ਪਰਮਾਤਮਾ ਦੇ ਹੁਕਮ ਨੂੰ ਪਛਾਣ ਲੈਂਦੇ ਹਨ, ਉਨ੍ਹਾਂ ਵਿਚੋਂ ਹਉਮੈ ਦਾ ਵਿਨਾਸ਼ ਹੋ ਜਾਂਦਾ ਹੈ।[7] ਜਿਹੜੇ ਸਾਧਕ ਪ੍ਰਭੂ ਦੀ ਰਜ਼ਾ ਵਿਚ ਚਲਦੇ ਹਨ ਉਨ੍ਹਾਂ ਨੂੰ, ਜਿਵੇਂ ਉਸ ਦੇ ਭਾਣੇ ਨੂੰ

---

1. ਕਾਲੁ ਨ ਜੋਹਿ ਸਕੈ ਗੁਣ ਗਾਇ।
   (ਗਉੜੀ ਰਾਗੁ, ਗੁਆਰੇਰੀ, ਆਦਿ ਗ੍ਰੰਥ, ਪੰਨਾ 227)
2. ਨਾਨਕ ਆਖੈ ਇਕੁ ਬੀਚਾਰੁ ਸਿਫਤੀ ਗੰਢੁ ਪਵੈ ਦਰਬਾਰਿ।
   (ਮਾਝ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 143)
3. ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ।
   (ਸਿਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 19 )
4. ਜਿਸਨੂੰ ਬਖਸੇ ਸਿਫਤਿ ਸਾਲਾਹ। ਨਾਨਕ ਪਾਤਸ਼ਾਹੀ ਪਾਤਸ਼ਾਹੁ।
   (ਜਪੁ, ਆਦਿ ਗ੍ਰੰਥ, ਪੰਨਾ 5)
5. ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।
   ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।
   (ਜਪੁ, ਆਦਿ ਗ੍ਰੰਥ, ਪੰਨਾ 1)
6. ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ। (ਜਪੁ, ਆਦਿ ਗ੍ਰੰਥ, ਪੰਨਾ 1)
7. ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ
   ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ। (ਜਪੁ, ਆਦਿ ਗ੍ਰੰਥ, ਪੰਨਾ 1)

ਮੰਨਣ ਨਾਲ ਰਸ ਮਿਲਦਾ ਹੈ ਉਥੇ ਉਹਨਾਂ ਵਿਚਲੇ ਭਰਮਾਂ ਤੇ ਭੁਲੇਖਿਆਂ ਦਾ ਵੀ ਨਾਸ਼ ਹੋ ਜਾਂਦਾ ਹੈ।[1] ਪ੍ਰਭੂ ਦੇ ਭਾਣੇ ਵਿਚ ਚਲਣ ਨਾਲ ਹੀ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।[2] ਗੁਰੂ ਸਾਹਿਬ ਪ੍ਰਗਟ ਤੌਰ ਤੇ ਪ੍ਰਭੂ ਦੇ ਭਾਣੇ ਨੂੰ ਮੰਨਦੇ ਹੋਏ ਉਸ ਭਾਣੇ ਅਗੇ ਆਪਾ ਸਮਰਪਨ ਕਰਦੇ ਹੋਏ ਕਹਿੰਦੇ ਹਨ ਕਿ ਉਸ ਤੋਂ ਬਿਨਾਂ ਉਹਨਾਂ ਦਾ ਕੋਈ ਹੋਰ ਨਹੀਂ, ਇਸ ਲਈ ਹੇ ਪਰਮਾਤਮਾ, ਤੂੰ ਆਪਣੀ ਮਰਜ਼ੀ ਅਨੁਸਾਰ ਮੇਰੀ ਰਖਿਆ ਕਰ।[3]

<u>ਭਗਤੀ ਮਾਰਗ ਦੀਆਂ ਰੁਕਾਵਟਾਂ</u>।- ਭਾਰਤੀ ਆਚਾਰੀਆ ਨੇ ਜਿਥੇ ਭਗਤੀ ਮਾਰਗ ਦੇ ਸੰਦਰਭ ਵਿਚ ਪਰਮਾਤਮਾ ਦੀ ਪ੍ਰਾਪਤੀ ਲਈ ਕੁਝ ਵਖਰੇ ਵਖਰੇ ਸਾਧਨਾਂ ਨੂੰ ਅਪਨਾਉਣ ਦੀ ਪ੍ਰੇਰਣਾ ਦਿਤੀ ਹੈ ਉਥੇ ਨਾਲ ਹੀ ਕੁਝ ਮਾੜੇ ਤੇ ਵਿਨਾਸ਼ਕਾਰੀ ਮਾਰਗਾਂ ਤੋਂ ਬਚਣ ਦੀ ਪ੍ਰੇਰਣਾ ਦਿਤੀ ਹੈ। ਉਨ੍ਹਾਂ ਦਾ ਇਹ ਦ੍ਰਿੜ ਵਿਸ਼ਵਾਸ਼ ਹੈ ਕਿ ਕੁਮਾਰਗਾਂ ਤੋਂ ਪ੍ਰਗਟ ਤੌਰ ਤੇ ਮੁਕਤੀ ਪ੍ਰਾਪਤ ਕੀਤੇ ਬਿਨਾਂ ਸਾਧਕ ਕਿਸੇ ਵੀ ਹਾਲਤ ਵਿਚ ਭਗਤੀ ਦਾ ਅਧਿਕਾਰੀ ਨਹੀਂ ਬਣ ਸਕਦਾ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੇ ਕੁਸੰਗਤ ਇਤਿਆਦਿਕ ਕੁਝ ਅਜਿਹੀਆਂ ਕੁਪ੍ਰਵਿਰਤੀਆਂ ਹਨ ਜਿਹੜੀਆਂ ਭਗਤੀ ਮਾਰਗ ਦੀਆਂ ਸਭ ਤੋਂ ਵਡੀਆਂ ਰੁਕਾਵਟਾਂ ਹਨ।

ਗੀਤਾ ਵਿਚ ਭਗਵਾਨ ਕ੍ਰਿਸ਼ਨ ਨੇ ਰਾਗ ਜਾਂ ਰਜੋ ਗੁਣ ਤੋਂ ਉਤਪੰਨ ਕਾਮ ਨੂੰ ਪਾਪਾਂ ਦੀ ਪ੍ਰੇਰਣਾ ਦਾ ਕਾਰਣ ਦਸਿਆ ਹੈ।[4] ਉਹ ਕਾਮ ਨੂੰ ਮਨੁਖ ਦਾ ਸਭ ਤੋਂ ਵਡਾ ਦੁਸ਼ਮਣ ਮੰਨਦੇ ਹਨ।[5] ਗੀਤਾ ਵਿਚ ਇਕ ਥਾਂ ਤੇ ਲਿਖਦੇ ਹਨ ਕਿ ਕਾਮ ਦੀ ਤ੍ਰਿਪਤੀ ਵਿਚ ਰੁਕਾਵਟ ਪਾਉਣ

---

1. ਜਿਨਾਂ ਭਾਣੇ ਕਾ ਰਸੁ ਆਇਆ, ਤਿਨ ਵਿਚਹੁ ਭਰਮੁ ਚੁਕਾਇਆ।
   (ਸਿਰੀ ਰਾਗੁ, ਆਦਿ ਗ੍ਰੰਥ, ਪੰਨਾ 71)
2. (ੳ) ਬੰਧਿ ਖਲਾਸੀ ਭਾਣੈ ਹੋਇ। ਹੋਰੁ ਆਖਿ ਨ ਸਕੈ ਕੋਇ।
   (ਜਪੁ, ਆਦਿ ਗ੍ਰੰਥ, ਪੰਨਾ 5)
   (ਅ) ਹੁਕਮ ਰਜਾਈ ਜੋ ਚਲੈ ਸੋ ਪਵੈ ਖਜਾਨੈ।
   (ਆਸਾ ਰਾਗੁ, ਅਸ਼ਟਪਦੀ, ਆਦਿ ਗ੍ਰੰਥ, ਪੰਨਾ 421)
3. ਜਿਉ ਭਾਵੈ ਤਿਉ ਰਖੁ ਤੂੰ ਮੈਂ ਤੁਝ ਬਿਨੁ ਕਵਨੁ ਭਤਾਰੁ।
   (ਸਿਰੀ ਰਾਗੁ, ਅਸ਼ਟਪਦੀ, ਆਦਿ ਗ੍ਰੰਥ, ਪੰਨਾ 61)
4. ਭਗਵਦ ਗੀਤਾ 3/37
5. ਉਹੀ 3/47

ਨਾਲ ਕਾਮ ਤੋਂ ਕ੍ਰੋਧ ਉਪਜਦਾ ਹੈ, ਕ੍ਰੋਧ ਤੋਂ ਮੋਹ ਪੈਦਾ ਹੁੰਦਾ ਹੈ, ਮੋਹ ਨਾਲ ਯਾਦ ਸ਼ਕਤੀ ਦਾ ਨਾਸ਼ ਹੁੰਦਾ ਹੈ। ਇਸ ਨਾਲ ਬੁਧੀ ਦਾ ਨਾਸ ਹੁੰਦਾ ਹੈ ਅਤੇ ਇੰਜ ਮਨੁਖ ਦਾ ਸਰਬਨਾਸ਼ ਹੋ ਜਾਂਦਾ ਹੈ।[1]

ਕ੍ਰੋਧ ਭਗਤੀ ਮਾਰਗ ਦੀ ਇਕ ਹੋਰ ਰੁਕਾਵਟ ਹੈ। ਕ੍ਰੋਧੀ ਵਿਅਕਤੀ ਆਪਣਾ ਮਾਨਸਿਕ ਸੰਤੁਲਨ ਗਵਾ ਕੇ, ਹਿਰਦੇ ਦੀ ਅਸਲੀਅਤ ਨੂੰ ਨਾ ਸਮਝਦਾ ਹੋਇਆ ਹਿੰਸਾਤਮਿਕ ਕਾਰਵਾਈਆਂ ਉਤੇ ਉਤਰ ਆਉਂਦਾ ਹੈ। ਇਸ ਨਾਲ ਉਸ ਵਿਚ ਪਰਮਾਤਮਾ ਦੇ ਮਾਰਗ ਦੀ ਸੋਝੀ ਦਾ ਖਾਤਮਾ ਹੋ ਜਾਂਦਾ ਹੈ। ਮਾਨਸਕ ਕਮਜ਼ੋਰੀ ਤੋਂ ਪੈਦਾ ਹੋਇਆ ਕ੍ਰੋਧ ਕ੍ਰਿਆ ਕਰਨ ਦੀ ਰੁਚੀ ਦੀ ਉਤਪਤੀ ਨਾਲ ਹੀ ਖ਼ਤਮ ਹੋ ਜਾਂਦਾ ਹੈ।

ਭਗਤੀ ਮਾਰਗ ਦੀ ਇਕ ਹੋਰ ਵਡੀ ਰੁਕਾਵਟ ਲੋਭ ਹੈ। ਇਸ ਨਾਲ ਵਿਅਕਤੀ ਦੀ ਦ੍ਰਿਸ਼ਟੀ ਕੇਵਲ ਪਦਾਰਥਵਾਦੀ ਹੀ ਹੁੰਦੀ ਹੈ, ਉਸ ਵਿਚ ਪਰਮਾਤਮਾ ਦੀ ਪ੍ਰਾਪਤੀ ਦੀ ਰੁਚੀ ਤੇ ਉਤਸੁਕਤਾ ਪੈਦਾ ਹੀ ਨਹੀਂ ਹੁੰਦੀ। ਲੋਭੀ ਵਿਅਕਤੀ ਹਰ ਤਰ੍ਹਾਂ ਦੇ ਜਾਇਜ਼ ਤੇ ਨਾਜਾਇਜ਼ ਢੰਗ ਵਰਤ ਕੇ ਹਰ ਅਪਰਾਧ ਕਰਦਾ ਹੈ। ਉਹ ਕ੍ਰੋਧੀ ਬਣ ਕੇ ਆਪਣਾ ਨੁਕਸਾਨ ਕਰਦਾ ਹੈ। ਮਹਾਂਭਾਰਤ ਵਿਚ ਲਿਖਿਆ ਹੈ ਕਿ ਲੋਭ ਨਾਲ ਬੁਧੀ ਦਾ ਨਾਸ ਹੁੰਦਾ ਹੈ ਅਤੇ ਬੁਧੀ ਦਾ ਨਾਸ ਹੋਣ ਤੇ ਮਾਣ ਅਤੇ ਮਰਿਆਦਾ ਖ਼ਤਮ ਹੋ ਜਾਂਦੀ ਹੈ। ਧਰਮ ਲੋਪ ਹੋ ਜਾਂਦਾ ਹੈ ਜਿਸ ਨਾਲ ਸਦਗੁਣਾਂ ਦਾ ਵੀ ਨਾਸ ਹੋ ਜਾਂਦਾ ਹੈ।[2] ਕ੍ਰਿਸ਼ਨ ਭਗਵਾਨ ਦਾ ਗੀਤਾ ਵਿਚ ਕਥਨ ਹੈ ਕਿ ਉਛਲਦੀਆਂ ਹੋਈਆਂ ਨਦੀਆਂ ਦਾ ਪਾਣੀ ਸਮੁੰਦਰ ਵਿਚ ਜਾ ਮਿਲਦਾ ਹੈ ਪਰ ਇਸ ਦੇ ਬਾਵਜੂਦ ਸਮੁੰਦਰ ਆਪਣੀ ਸ਼ਾਂਤੀ ਦਾ ਤਿਆਗ ਕਰਕੇ ਉਛਲਦਾ ਨਹੀਂ। ਇਸੇ ਤਰ੍ਹਾਂ ਜਿਸ ਮਨੁਖ ਦੇ ਹਿਰਦੇ ਵਿਚ ਸਮਸਤ ਕਾਮਨਾਵਾਂ ਉਠ ਕੇ ਵੀ ਉਸ ਨੂੰ ਡੋਲਣ ਨਹੀਂ ਦੇਂਦੀਆਂ, ਉਹ ਮਨੁਖ ਸ਼ਾਂਤੀ ਨੂੰ ਮਾਣਦਾ ਹੈ ਨਾ ਕਿ ਉਹ ਜੋ ਕਿ ਸਦਾ ਲੋਭ ਆਤੁਰ ਹੋ ਕੇ ਉਹਨਾਂ ਦੀ ਇਛਾ ਹੀ ਕਰਦਾ ਰਹਿੰਦਾ ਹੈ।[3] ਮੋਹ ਗ੍ਰਸਤ ਵਿਅਕਤੀ ਵੀ ਭਗਤੀ ਨਹੀਂ ਕਰ ਸਕਦਾ। ਮੋਹ ਅਗਿਆਨ ਦੀ ਉਪਜ ਹੈ। ਮੋਹੀ ਵਿਅਕਤੀ ਅਸਥਿਰ ਪਦਾਰਥਾਂ ਨੂੰ ਸਥਾਈ ਸਮਝਦਾ ਹੋਇਆ ਉਨ੍ਹਾਂ ਦੀ ਪ੍ਰਾਪਤੀ ਲਈ ਯਤਨਸ਼ੀਲ ਰਹਿੰਦਾ

---

1. ਭਗਵਦ ਗੀਤਾ, 2/62-63
2. ਮਹਾਂਭਾਰਤ, ਉਦਯੋਗ ਪਰਵ, 81-18
3. ਭਗਵਦ ਗੀਤਾ 2/70

ਹੰਕਾਰ ਭਗਤੀ ਮਾਰਗ ਦੀ ਇਕ ਹੋਰ ਵਡੀ ਰੁਕਾਵਟ ਹੈ। ਹੰਕਾਰੀ ਆਦਮੀ ਆਪਣੇ ਵਿਚਲੀ ਅਖੌਤੀ ਅਤੇ ਝੂਠੀ ਸ੍ਰੇਸ਼ਟਤਾ ਦੇ ਅਨੁਭਵ ਕਾਰਣ ਦੂਸਰਿਆਂ ਪ੍ਰਤੀ ਕਠੋਰਤਾ ਤੇ ਗਿਲਾਨੀ ਦੇ ਭਾਵ ਪ੍ਰਗਟਾਉਂਦਾ ਹੈ। ਉਹ ਅਤਿਆਚਾਰੀ, ਕਾਮੀ ਤੇ ਕ੍ਰੋਧੀ ਹੁੰਦਾ ਹੈ। ਹੰਕਾਰੀ ਵਿਚ ਪਰਮਾਤਮਾ ਪ੍ਰਤੀ ਸਤਿਕਾਰ ਤੇ ਸ਼ਰਧਾ ਦਾ ਭਾਵ ਨਹੀਂ ਹੁੰਦਾ। ਨਿਮਰਤਾ ਦੀ ਅਣਹੋਂਦ ਕਾਰਣ ਉਸ ਦੀ ਪਰਮਾਤਮਾ ਨਾਲੋਂ ਦੂਰੀ ਬਣੀ ਰਹਿੰਦੀ ਹੈ।

ਕੁਸੰਗਤ ਭਗਤੀ ਮਾਰਗ ਦੀ ਇਕ ਹੋਰ ਰੁਕਾਵਟ ਹੈ। ਭੈੜੀ ਸੰਗਤ ਨਾਲ ਦੁਰਾਚਾਰ, ਕਾਮ, ਦੁਸ਼ਟਤਾ, ਮਲੀਨਤਾ, ਅਪਵਿੱਤ੍ਰਤਾ, ਚੰਚਲਤਾ, ਪਖੰਡ, ਝੂਠ, ਫਰੇਬ, ਹੰਕਾਰ, ਹਿੰਸਾ ਇਤਿਆਦਿਕ ਦੁਸ਼-ਬਿਰਤੀਆਂ ਦਾ ਜਨਮ ਹੁੰਦਾ ਹੈ। ਇਸ ਨਾਲ ਕਿ ਮਨੁਖ ਵਿਚਲੇ ਚੰਗੇ ਗੁਣਾਂ ਦਾ ਵਿਨਾਸ਼ ਹੋ ਜਾਂਦਾ ਹੈ।

ਗੁਰੂ ਨਾਨਕ ਦੇਵ ਦੀ ਬਾਣੀ ਵਿਚ ਸਾਧਨਾ ਮਾਰਗ ਦੀਆਂ ਇਹਨਾਂ ਰੁਕਾਵਟਾਂ ਦੇ ਵਿਨਾਸ਼ਕਾਰੀ ਪੱਖਾਂ ਦੀ ਚਰਚਾ ਕੀਤੀ ਗਈ ਹੈ। ਕਾਮ ਤੇ ਕ੍ਰੋਧ ਅੰਤਰ ਆਤਮਾ ਦੇ ਕੀਮਤੀ ਧਨ ਨੂੰ ਲੁਟ ਲੈਂਦੇ ਹਨ,[1] ਅਤੇ ਇਹਨਾਂ ਨੂੰ ਦੁਖ ਤੇ ਪੀੜਾ ਦਾ ਕਾਰਨ ਸਮਝਿਆ ਗਿਆ ਹੈ।[2] ਲੋਭ ਕੁੱਤਾ ਹੈ ਅਤੇ ਕ੍ਰੋਧ ਚੰਡਾਲ ਹੈ ਜਿਹੜਾ ਕਿ ਮਨੁਖ ਦੀ ਅੰਤਰ ਆਤਮਾ ਵਿਚ ਅਗਨੀ ਬਾਲ ਕੇ ਰਖਦਾ ਹੈ।[3] ਲੋਭ, ਮੋਹ, ਕ੍ਰੋਧ ਅਤੇ ਹਿੰਸਾ ਅਗਨੀ ਦੀਆਂ ਚਾਰ ਨਦੀਆਂ ਹਨ।[4]

---

1. ਕਾਮ ਕ੍ਰੋਧ ਅੰਤਰਿ ਧਨੁ ਹਿਰੈ।

   (ਆਸਾ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 352)

2. (ੳ) ਕਾਮੁ ਕ੍ਰੋਧੁ ਮਨਿ ਮੋਹੁ ਸਰੀਰਾ।
   ਲਬੁ ਲੋਭੁ ਅਹੰਕਾਰੁ ਸੁ ਪੀਰਾ।

   (ਆਸਾ ਰਾਗੁ, ਅਸ਼ਟਪਦੀਆਂ, ਆਦਿ ਗ੍ਰੰਥ, ਪੰਨਾ 414)

   (ਅ) ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ।

   (ਆਸਾ ਰਾਗੁ, ਅਸਟਪਦੀਆਂ, ਆਦਿ ਗ੍ਰੰਥ, ਪੰਨਾ 419)

3. ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ।
   ਪਰਨਿੰਦਾ ਪਰ ਮਲੁ ਮੁਖਿ ਸੁਧੀ ਅਗਨਿ ਕ੍ਰੋਧੁ ਚੰਡਾਲੁ।

   (ਸਿਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 15)

4. ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆਂ ਅਗਿ।

   (ਮਾਝ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 147)

ਇਹ ਭਗਤੀ ਮਾਰਗ ਦੇ ਮੁਸਾਫ਼ਰਾਂ ਲਈ ਕਈ ਤਰ੍ਹਾਂ ਦੀਆਂ ਰੁਕਾਵਟਾਂ ਪੈਦਾ ਕਰਦੀਆਂ ਹਨ। ਕਾਮ ਕ੍ਰੋਧ ਆਦਿ ਵਿਕਾਰ ਸੁਹਾਗੇ ਦੇ ਸੋਨੇ ਨੂੰ ਢਾਲਣ ਵਾਂਗ ਕਾਇਆਂ ਨੂੰ ਗਾਲ ਦਿੰਦੇ ਹਨ।[1] ਇਨ੍ਹਾਂ ਨੂੰ ਧਾਰਨ ਕਰਨਾ ਕੱਚੀ ਚੋਲੀ ਪਹਿਨਣ ਦੇ ਸਮਾਨ ਹੈ।[2] ਇਸੇ ਕਰਕੇ ਗੁਰੂ ਨਾਨਕ ਦੇਵ ਜੀ ਨੇ ਇਨਸਾਨ ਨੂੰ ਕਾਮ, ਕ੍ਰੋਧ, ਪਰਨਿੰਦਿਆ, ਲਬ, ਲੋਭ, ਭਰਮ ਆਦਿ ਨੂੰ ਤਿਆਗ ਕੇ ਨਿਸ਼ਚਿੰਤ ਹੋਣ ਦਾ ਉਪਦੇਸ਼ ਦਿਤਾ ਹੈ।[3] ਗੁਰੂ ਸਾਹਿਬ ਨੇ ਇਹਨਾਂ ਦੁਸ਼ਵਿਰਤੀਆਂ ਨੂੰ ਤਿਆਗ ਕੇ ਪਰਮਾਤਮਾ ਦੀ ਸ਼ਰਨ ਲੈਣ ਦੀ ਪ੍ਰੇਰਨਾ ਦਿਤੀ ਹੈ।[4]

ਭਗਤੀ ਦੀਆਂ ਕਿਸਮਾਂ:- ਵੱਖ ਵੱਖ ਭਾਰਤੀ ਆਚਾਰੀਆਂ ਨੇ ਭਗਤੀ ਦੀਆਂ ਵਖਰੀਆਂ ਵਖਰੀਆਂ ਕਿਸਮਾਂ ਸੰਬੰਧੀ ਵਿਚਾਰ ਕੀਤੀ ਹੈ। ਰਾਮਾਨੁਜ ਨੇ ਭਗਤੀ ਕਰਨ ਦੇ ਦੋ ਢੰਗ ਦਸੇ ਹਨ, ਇਕ ਬਾਂਦਰ ਦੇ ਬੱਚੇ ਵਾਲਾ ਅਤੇ ਦੂਸਰਾ ਬਿਲੀ ਦੇ ਬਚੂੰਗੜੇ ਵਾਲਾ। ਉਸ ਅਨੁਸਾਰ ਪਹਿਲੇ ਤਰੀਕੇ ਵਿਚ ਬਾਂਦਰ ਦਾ ਬੱਚਾ ਆਪਣੀ ਮਾਂ ਦੇ ਸੀਨੇ ਨਾਲ ਆਪਣੇ ਯਤਨਾਂ ਕਾਰਨ ਚਿੰਬੜਿਆ ਰਹਿੰਦਾ ਹੈ ਇਸੇ ਤਰ੍ਹਾਂ ਭਗਤ ਵੀ ਪਰਮਾਤਮਾ ਦੀ ਭਗਤੀ ਵਿਚ ਲਗਿਆ ਰਹਿੰਦਾ ਹੈ। ਦੂਸਰੇ ਵਿਚ ਬਿਲੀ ਆਪਣੇ ਬੱਚੇ ਨੂੰ ਮੂੰਹ ਵਿਚ ਪਾ ਕੇ ਲਈ ਫਿਰਦੀ ਹੈ। ਅਜਿਹੀ ਹਾਲਤ ਵਿਚ ਬੱਚਾ ਯਤਨਹੀਣ ਰਹਿੰਦਾ ਹੈ। ਇਸ ਹਾਲਤ ਅਨੁਸਾਰ ਭਗਤ ਵੀ ਕੋਈ ਯਤਨ ਨਹੀਂ ਕਰਦਾ। ਭਗਤ ਉਤੇ ਪਰਮਾਤਮਾ ਦੀ ਮਿਹਰ ਹੁੰਦੀ ਹੈ ਜਿਹੜੀ ਪ੍ਰਾਪਤੀ ਦਾ ਸਾਧਨ ਬਣਦੀ ਹੈ।

---

1. ਕਾਮੁ ਕ੍ਰੋਧੁ ਕਾਇਆ ਕਉ ਗਾਲੈ। ਜਿਉ ਕੰਚਨ ਸੋਹਾਗਾ ਢਾਲੈ।
   (ਰਾਮਕਲੀ ਰਾਗੁ, ਓਅੰਕਾਰੁ, ਆਦਿ ਗ੍ਰੰਥ, ਪੰਨਾ 932)
2. ਦੂਜੀ ਦੁਰਮਤਿ ਅੰਨੀ ਬੋਲੀ। ਕਾਮ ਕ੍ਰੋਧ ਕੀ ਕਚੀ ਚੋਲੀ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 336)
3. ਕਾਮ ਕ੍ਰੋਧੁ ਪਰਹਰੁ ਪਰ ਨਿੰਦਾ। ਲਬੁ ਲੋਭੁ ਤਜਿ ਹੋਹੁ ਨਿਚਿੰਦਾ।
   ਭ੍ਰਮ ਕਾ ਸੰਗਲੁ ਤੋੜਿ ਨਿਰਾਲਾ। ਹਰਿ ਅੰਤਰਿ ਹਰਿ ਰਸੁ ਪਾਇਆ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1041)
4. ਛੋਡਹੁ ਪ੍ਰਾਣੀ ਭਵਜਲ ਭਾਈ ਹੇ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1026)

ਰਾਮਾਨੁਜ ਨੇ ਪਰਾਭਗਤੀ, ਪਰਾਗਿਆਨ ਅਤੇ ਪਰਮ ਭਗਤੀ; ਤਿੰਨਾਂ ਤਰ੍ਹਾਂ ਦੀ ਭਗਤੀ ਨੂੰ ਮੰਨਿਆ ਹੈ। ਪਰਾਭਗਤੀ ਮਨੁਖ ਵਿਚ ਪਰਮਾਤਮਾ ਪ੍ਰਤੀ ਜਿਗਿਆਸਾ ਨੂੰ ਉਤਪੰਨ ਕਰਦੀ ਹੈ, ਪਰਮਾਤਮਾ ਦੇ ਸੰਪੂਰਨ ਗਿਆਨ ਦੀ ਪ੍ਰਾਪਤੀ (ਪਰਾਗਿਆਨ) ਉਤਮ ਭਗਤੀ ਨੂੰ ਜਨਮ ਦੇਂਦੀ ਹੈ, ਜਿਸੇ ਨੂੰ ਹੀ ਰਾਮਾਨੁਜ ਨੇ ਪਰਮ ਭਗਤੀ ਕਿਹਾ ਹੈ। ਉੱਤਮ ਭਗਤੀ ਹੀ ਰਾਮਾਨੁਜ ਅਨੁਸਾਰ ਪ੍ਰਭੂ ਪ੍ਰਾਪਤੀ ਦਾ ਸਾਧਨ ਹੈ, ਪਰ ਅਜਿਹੀ ਭਗਤੀ ਉਸੇ ਹੀ ਭਗਤ ਦੇ ਹਿਰਦੇ ਵਿਚ ਉਤਪੰਨ ਹੁੰਦੀ ਹੈ ਜਿਸ ਦਾ ਹਿਰਦਾ ਗਿਆਨ ਯੋਗ ਅਤੇ ਕਰਮ ਯੋਗ ਦੇ ਅਭਿਆਸ ਨਾਲ ਪਵਿਤ੍ਰ ਹੋ ਚੁਕਾ ਹੁੰਦਾ ਹੈ।

ਵਲਭਾਚਾਰੀਆਂ ਨੇ ਭਗਤੀ ਸੰਬੰਧੀ ਵਿਚਾਰ ਕੀਤੀ ਹੈ ਅਤੇ ਉਸ ਦਾ ਭਗਤੀ ਸਿਧਾਂਤ ਪੁਸ਼ਟੀ ਮਾਰਗ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਪੁਸ਼ਟੀ ਦਾ ਅਰਥ ਭਗਵਾਨ ਦੀ ਕ੍ਰਿਪਾ ਹੈ। ਵੈਸ਼ਨਵ ਦਰਸ਼ਨ ਵਿਚ ਪੁਸ਼ਟੀ ਭਗਤੀ ਦੇ ਵਿਪਰੀਤ ਮਰਯਾਦਾ ਭਗਤੀ ਦਾ ਸਿਧਾਂਤ ਪੇਸ਼ ਕੀਤਾ ਗਿਆ ਹੈ। ਵਲਭ ਨੇ ਵੀ ਪੁਸ਼ਟੀ ਭਗਤੀ ਦੇ ਨਾਲ ਨਾਲ ਮਰਿਆਦਾ ਭਗਤੀ ਦੀ ਜ਼ਰੂਰਤ ਨੂੰ ਮੰਨਿਆ ਹੈ। ਭਗਤੀ ਮਾਰਤੰਡਕਾਰ ਨੇ ਪੁਸ਼ਟੀ ਭਗਤੀ ਤੇ ਮਰਿਆਦਾ ਭਗਤੀ ਦਾ ਤੁਲਨਾਤਮਕ ਵਿਵੇਚਨ ਪੇਸ਼ ਕਰਦਿਆਂ ਹੋਇਆਂ ਲਿਖਿਆ ਹੈ ਕਿ ਮਨੁਖ ਨੂੰ ਆਪਣੇ ਕਰਮਾਂ ਤੇ ਸਾਧਨਾਂ ਰਾਹੀਂ ਜੋ ਭਗਤੀ ਪ੍ਰਾਪਤ ਹੁੰਦੀ ਹੈ, ਉਹ ਮਰਿਆਦਾ ਭਗਤੀ ਕਹਾਉਂਦੀ ਹੈ ਅਤੇ ਕੇਵਲ ਭਗਵਾਨ ਦੀ ਕ੍ਰਿਪਾ ਦੁਆਰਾ ਜਿਸ ਭਗਤੀ ਦੀ ਪ੍ਰਾਪਤੀ ਹੁੰਦੀ ਹੈ ਉਸ ਨੂੰ ਪੁਸ਼ਟੀ ਭਗਤੀ ਕਹਿੰਦੇ ਹਨ।[1] ਮਰਿਆਦਾ ਭਗਤੀ ਵਿਚ ਵਿਸ਼ਵਾਸ਼ ਰਖਣ ਵਾਲਿਆਂ ਦਾ ਵਿਚਾਰ ਹੈ ਕਿ ਇਕ ਵਾਰੀ ਕਰਮ ਅਤੇ ਸਾਧਨਾ ਦੁਆਰਾ ਭਗਵਾਨ ਪ੍ਰਤੀ ਪ੍ਰੇਮ ਦੀ ਉਤਪਤੀ ਹੋਣ ਤੋਂ ਬਾਦ ਦੁਬਾਰਾ ਸਾਧਨਾ ਦੀ ਜ਼ਰੂਰਤ ਨਹੀਂ ਰਹਿੰਦੀ। ਪੁਸ਼ਟੀ ਮਾਰਗ ਦੇ ਅਨੁਯਾਈਆਂ ਦਾ ਵਿਚਾਰ ਹੈ ਕਿ ਕਿਸੇ ਢੰਗ ਨਾਲ ਵੀ ਸਾਧਨਾਂ ਨਾਲ ਭਗਤੀ ਦੀ ਉਤਪਤੀ ਨਹੀਂ ਹੋ ਸਕਦੀ। ਮਰਿਆਦਾ ਭਗਤੀ ਵਿਚ ਸ੍ਰਵਣ ਦੁਆਰਾ ਪਾਪ ਆਦਿਕ ਦਾ ਨਾਸ ਹੋਣ ਉਤੇ ਪ੍ਰੇਮ ਉਤਪਤੀ ਤੋਂ ਬਾਦ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ ਜਦੋਂ ਕਿ ਪੁਸ਼ਟੀ ਮਾਰਗੀਆਂ ਦਾ ਵਿਚਾਰ ਹੈ ਕਿ ਭਗਵਾਨ ਦੀ ਕ੍ਰਿਪਾ ਨਾਲ ਹੀ ਪਾਪਾਂ ਦਾ ਨਾਸ ਹੁੰਦਾ ਹੈ।

ਨਾਰਦ ਭਗਤੀ ਸੂਤਰ ਵਿਚ ਭਗਤੀ ਦੇ ਪ੍ਰਕਾਰ ਵੀ ਦਸੀ ਗਈ ਹੈ; ਗੌਣੀ ਭਗਤੀ ਤੇ ਪਰਾਭਗਤੀ। ਇਸ ਵੰਡ ਦਾ ਆਧਾਰ ਭਗਤੀ ਦਾ ਸਾਧਨ ਅਤੇ ਸਾਧਯ ਪੱਖ ਹੈ। ਤਿੰਨਾਂ ਗੁਣਾਂ

1. ਭਗਤੀਮਾਰਤੰਡ, ਪੰਨਾ 151

ਤੋਂ ਪਰੇ, ਨਿਸ਼ਕਾਮ ਅਤੇ ਨਿਰੰਤਰ ਕੀਤੀ ਜਾਣ ਵਾਲੀ ਭਗਤੀ ਪਰਾ-ਭਗਤੀ ਹੈ ਅਤੇ ਗੁਣਾਂ ਦੇ ਆਧਾਰ ਤੇ ਕੀਤੀ ਜਾਣ ਵਾਲੀ ਭਗਤੀ ਗੌਣੀ ਭਗਤੀ ਹੈ। ਇਸ ਦੇ ਤਿੰਨ ਭੇਦ ਹੁੰਦੇ ਹਨ: ਸਾਤਵਿਕ, ਰਾਜਸ ਤੇ ਤਾਮਸ।

ਸ੍ਰੀ ਰੂਪ ਗੋਸੁਆਮੀ ਨੇ ਗੌਣੀ ਭਗਤੀ ਨੂੰ ਅੱਗੋਂ ਦੋ ਹਿੱਸਿਆਂ ਵਿਚ ਵੰਡਿਆ ਹੈ: ਵੈਧੀ ਅਤੇ ਰਾਗਾਨੁਗਾ।[1] ਜਿਸ ਭਗਤੀ ਦੀ ਕਮਾਈ ਸ਼ਾਸਤਰਾਂ ਅਤੇ ਗੁਰੂਆਂ ਦੇ ਨਿਯਮਾਂ ਦੇ ਅਨੁਕੂਲ ਕੀਤੀ ਜਾਂਦੀ ਹੈ ਉਸ ਨੂੰ ਵੈਧੀ ਭਗਤੀ ਕਹਿੰਦੇ ਹਨ ਕਿਉਂਕਿ ਅਜਿਹੀ ਭਗਤੀ ਕਿਸੇ ਮਰਿਆਦਾ ਦੇ ਅਨੁਕੂਲ ਕੀਤੀ ਜਾਂਦੀ ਹੈ। ਇਸ ਕਰਕੇ ਕਈਆਂ ਨੇ ਇਸ ਨੂੰ ਮਰਿਆਦਾ ਭਗਤੀ ਦਾ ਵੀ ਨਾਂ ਦਿਤਾ ਹੈ।[2] ਪਰ ਜਿਸ ਭਾਵ ਨਾਲ ਭਗਤ ਦੇ ਹਿਰਦੇ ਵਿਚ ਪਰਮ ਸ਼ਾਂਤੀ ਅਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ ਉਸ ਨੂੰ ਰਾਗਾਨੁਗਾ ਭਗਤੀ ਕਹਿੰਦੇ ਹਨ।[3] ਰਾਗਾਨੁਗਾ ਜਾਂ ਰਾਗਾਤਮਿਕਾ ਭਗਤੀ ਨੂੰ ਅਹੇਤੁਕੀ ਭਗਤੀ (ਕਾਮਨਾ ਰਹਿਤ) ਜਾਂ ਮੁੱਖ ਭਗਤੀ ਵੀ ਕਿਹਾ ਗਿਆ ਹੈ। ਅਹੇਤੁਕੀ ਦਾ ਮਤਲਬ ਹੈ ਕਿ ਹੋਰ ਸਭ ਅਭਿਲਾਖਾਂ ਤੋਂ ਰਹਿਤ, ਇਥੋਂ ਤਕ ਕਿ ਇਸ ਵਿਚ ਮੁਕਤੀ ਲਈ ਵੀ ਕੋਈ ਜਾਚਨਾ ਨਹੀਂ ਹੁੰਦੀ ਪਰ ਵੈਧੀ ਭਗਤੀ ਨੂੰ ਹੇਤੁਕੀ (ਕਾਮਨਾ ਸਹਿਤ) ਜਾਂ ਗੌਣੀ ਭਗਤੀ ਆਦਿ ਨਾਮ ਦਿਤੇ ਗਏ ਹਨ। ਇਸ ਨੂੰ ਮੋਕਸ਼ ਗੇਟ ਜਾਂ ਪੌੜੀ ਸਮਝਿਆ ਜਾਂਦਾ ਹੈ, ਪਰ ਇਸ ਤੋਂ ਬਿਨਾਂ ਅਹੇਤੁਕੀ ਭਗਤੀ ਦੀ ਪ੍ਰਾਪਤੀ ਨਹੀਂ ਹੁੰਦੀ।

ਸ੍ਰੀਮਦ ਭਾਗਵਤ ਪੁਰਾਣ ਵਿਚ ਭਗਤੀ ਨੂੰ 'ਨਵ-ਲਖਸ਼ਣ' ਕਿਹਾ ਗਿਆ ਹੈ।[4] ਇਸੇ ਨੂੰ ਤੁਲਸੀਦਾਸ ਨੇ 'ਨਵਧਾ' ਕਿਹਾ ਹੈ।[5] ਨਵਧਾ ਭਗਤੀ ਦੇ ਸ੍ਰਵਣ, ਕੀਰਤਨ, ਸਿਮਰਨ, ਪਾਦਸੇਵਨ, ਅਰਚਨ, ਵੰਦਨਾ, ਦਾਸ, ਸਖਾ ਅਤੇ ਆਤਮ ਨਿਵੇਦਨ ਨੌਂ ਅੰਗ ਹਨ, ਜਿਹਨਾਂ ਵਿਚੋਂ ਪਹਿਲਿਆਂ ਤਿੰਨਾਂ ਦਾ ਸੰਬੰਧ ਪ੍ਰਭੂ ਦੇ ਨਾਮ ਨਾਲ ਹੈ, ਵਿਚਕਾਰਲੇ ਤਿੰਨਾਂ ਦਾ ਸੰਬੰਧ ਪ੍ਰਭੂ ਦੇ ਸਾਕਸ਼ਾਤ ਸਰੂਪ ਅਥਵਾ ਮੂਰਤੀ ਨਾਲ ਹੈ ਅਤੇ ਅਖੀਰਲੇ ਤਿੰਨਾਂ ਦਾ ਸੰਬੰਧ ਭਗਤੀ ਅਰਥਾਤ ਭਾਵ

---

1. ਹਰੀ ਭਗਤੀ ਰਸਾਮ੍ਰਿਤ ਸਿੰਧੂ, ਪੂਰਵ ਭਾਗ, ਲਹਿਰੀ 2, ਸਲੋਕ 3
2. ਉਹੀ, ਸਲੋਕ 60
3. ਉਹੀ, ਸਲੋਕ 62
4. ਭਾਗਵਤ ਪੁਰਾਣ, 87-5-23, 24
5. ਰਾਮ ਚਰਿਤ ਮਾਨਸ, ਪੰਨਾ 698

ਨਾਲ ਹੈ। ਇਹਨਾਂ ਸੰਬੰਧੀ ਸੰਖਿਪਤ ਚਰਚਾ ਇੰਜ ਹੈ:

ਸ੍ਰਵਣ:- ਸ੍ਰਵਣ ਦਾ ਅਰਥ ਸੁਣਨਾ ਹੈ। ਪਰਮਾਤਮਾ ਦੇ ਗੁਣਾਂ ਸੰਬੰਧੀ ਕਥੀਆਂ, ਕੀਰਤਨ ਤੇ ਮਹਾਨ ਗੱਲਾਂ ਸੁਣਨ ਨਾਲ ਹੀ ਸਾਧਕ ਵਿਚ ਪਰਮਾਤਮਾ ਦੀ ਨਜ਼ਦੀਕੀ ਪ੍ਰਾਪਤ ਕਰਨ ਲਈ ਉਤਸੁਕਤਾ ਪੈਦਾ ਹੁੰਦੀ ਹੈ। ਭਗਵਾਨ ਦਾ ਜੱਸ ਮਹਾਤਮ ਅਤੇ ਗੁਣ ਆਦਿ ਸੁਣਨਾ ਸਾਧਕ ਲਈ ਬਹੁਤ ਹੀ ਮਹੱਤਵਪੂਰਣ ਹੁੰਦਾ ਹੈ।

ਗੁਰੂ ਨਾਨਕ ਬਾਣੀ ਵਿਚ ਪਰਮਾਤਮਾ ਦੇ ਨਾਮ ਸੁਣਨ ਦਾ ਬਹੁਤ ਜ਼ਿਆਦਾ ਮਹੱਤਵ ਹੈ। ਜਪੁ ਬਾਣੀ ਦੀਆਂ ਚਾਰ ਪਉੜੀਆਂ ਪਰਮਾਤਮਾ ਦੇ ਨਾਮ ਸੁਣਨ ਵਾਲੇ ਸਾਧਕਾਂ ਦੀਆਂ ਮਹਾਨ ਤੇ ਅਲੌਕਿਕ ਪ੍ਰਾਪਤੀਆਂ ਦਾ ਪ੍ਰਗਟਾਵਾ ਕਰਦੀਆਂ ਹਨ। ਪਰਮਾਤਮਾ ਦੇ ਨਾਮ ਨੂੰ ਸੁਣਨ ਨਾਲ ਸਾਧਕ ਨੂੰ ਖੰਡਾਂ ਤੇ ਬ੍ਰਹਮੰਡਾਂ ਦਾ ਗਿਆਨ ਹਾਸਲ ਹੁੰਦਾ ਹੈ ਅਤੇ ਉਸ ਨੂੰ ਸ਼ੇਖਾਂ, ਪੀਰਾਂ ਤੇ ਪਾਤਸ਼ਾਹਾਂ ਦਾ ਮਰਤਬਾ ਪ੍ਰਾਪਤ ਹੁੰਦਾ ਹੈ।[1] ਇਸ ਸ੍ਰਵਣ ਦੇ ਨਾਲ ਨਾਲ ਪਰਮਾਤਮਾ ਦੇ ਸੁਣੇ ਹੋਏ ਨਾਮ ਦਾ ਮਨਨ ਕਰਨ ਉਤੇ ਵੀ ਜ਼ੋਰ ਦਿਤਾ ਗਿਆ ਹੈ। ਨਾਮ ਦੇ ਮਨਨ ਨਾਲ ਪਰਮਾਤਮਾ ਦੇ ਰਸਤੇ ਦੀਆਂ ਸਾਰੀਆਂ ਰੁਕਾਵਟਾਂ ਦੂਰ ਹੋ ਜਾਂਦੀਆਂ ਹਨ। ਸਾਧਕ ਕੇਵਲ ਆਪ ਹੀ ਮੁਕਤ ਨਹੀਂ ਹੁੰਦਾ ਸਗੋਂ ਉਸ ਵਿਚ ਹੋਰਨਾਂ ਨੂੰ ਵੀ ਮੁਕਤ ਕਰਵਾ ਲੈਣ ਦੀ ਸਮਰਥਾ ਪੈਦਾ ਹੋ ਜਾਂਦੀ ਹੈ।[2]

ਕੀਰਤਨ:- ਪਰਮਾਤਮਾ ਦੇ ਗੁਣ, ਲੀਲਾ, ਮਹਾਤਮਾ, ਪ੍ਰੇਮ ਇਤਿਆਦਿ ਦਾ ਸ਼ਰਧਾ ਪੂਰਵਕ, ਭਾਵਾਤਮਕ ਢੰਗ ਨਾਲ ਕੀਤਾ ਗਿਆ ਉਚਾਰਣ ਕੀਰਤਨ ਅਖਵਾਉਂਦਾ ਹੈ। ਸ੍ਰੀਮਦ ਭਾਗਵਤ ਪੁਰਾਣ ਵਿਚ ਕਿਹਾ ਗਿਆ ਹੈ ਕਿ ਜੋ ਕੁਝ ਸਤਯੁਗ ਵਿਚ ਵਿਸ਼ਨੂੰ ਦੇ ਧਿਆਨ ਨਾਲ, ਤ੍ਰੇਤੇ ਵਿਚ ਯਗ ਕਰਨ ਨਾਲ, ਦੁਆਪਰ ਵਿਚ ਸੇਵਾ ਕਰਨ ਨਾਲ ਮਿਲਦਾ ਹੈ ਉਹ ਸਭ ਕੁਝ ਕਲਯੁਗ ਵਿਚ ਹਰੀ ਦੇ ਕੀਰਤਨ ਕਰਨ ਨਾਲ ਪ੍ਰਾਪਤ ਹੋ ਜਾਂਦਾ ਹੈ।[3] ਭਗਵਦ ਗੀਤਾ ਅਨੁਸਾਰ ਸਾਧਕ ਭਗਵਾਨ ਪ੍ਰਤੀ ਮਨ, ਹਿਰਦਾ, ਪ੍ਰਾਣਾਂ ਅਤੇ ਸਭ ਸ਼ਕਤੀਆਂ ਨੂੰ ਸਮਰਪਣ ਕਰਕੇ ਆਪਸ ਵਿਚ ਕੀਰਤਨ ਕਰਦੇ ਹੋਏ ਸਦਾ ਸੰਤੋਖ ਪ੍ਰਾਪਤ ਕਰਦੇ ਹਨ। ਭਾਗਵਤ ਪੁਰਾਣ ਵਿਚ ਲਿਖਿਆ ਹੈ ਕਿ ਗ੍ਰਿਹਸਤ ਜੀਵਨ ਦੇ ਸਾਰੇ ਬੰਧਨਾਂ ਤੋਂ ਛੁਟਕਾਰਾ ਪਾਉਣ ਲਈ ਕੀਰਤਨ ਭਗਤੀ ਇਕ ਸਰਲ ਸਾਧਨ ਹੈ।[4]

---

1. ਜਪੁ, ਪਉੜੀ 11, ਆਦਿ ਗ੍ਰੰਥ, ਪੰਨਾ 3
2. ਜਪੁ, ਪਉੜੀ 12-15, ਆਦਿ ਗ੍ਰੰਥ, ਪੰਨਾ 3
3. ਭਾਗਵਤ ਪੁਰਾਣ, 12/3/51-52
4. ਉਹੀ, 4/30/19

ਆਚਾਰੀਆਂ ਵਲਭ ਅਨੁਸਾਰ ਈਸ਼ਵਰ ਦੇ ਗੁਣ ਅਤੇ ਨਾਮ ਦੇ ਕੀਰਤਨ ਦੁਆਰਾ ਅਲੌਕਿਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਅਜਿਹਾ ਆਨੰਦ ਤਾਂ ਮੁਕਤ ਅਵਸਥਾ ਵਿਚ ਵੀ ਨਹੀਂ ਹੁੰਦਾ। ਇਸ ਕਰਕੇ ਭਗਤਾਂ ਨੂੰ ਸਾਰੇ ਲੌਕਿਕ ਸਾਧਨ ਛੱਡ ਕੇ ਭਗਵਾਨ ਦੇ ਗੁਣਾਂ ਦਾ ਗਾਇਨ ਕਰਨਾ ਚਾਹੀਦਾ ਹੈ, ਅਜਿਹਾ ਕਰਨ ਨਾਲ ਭਗਤ ਵਿਚ ਈਸ਼ਵਰੀ ਗੁਣ ਆ ਜਾਂਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਸਮੁੱਚੀ ਰਚਨਾ ਨੂੰ ਰਾਗ ਬੱਧ ਕਰਕੇ ਕੀਰਤਨ ਦੀ ਉਤਮ ਹਸਤੀ ਨੂੰ ਸਵੀਕਾਰ ਕੀਤਾ ਹੈ। ਕੀਰਤਨ ਦੀ ਮਹਾਨਤਾ ਨੂੰ ਪ੍ਰਗਟਾਉਂਦੇ ਹੋਏ ਉਨ੍ਹਾਂ ਦਸਿਆ ਹੈ ਕਿ ਸਾਰੇ ਦਾ ਸਾਰਾ ਬ੍ਰਹਮੰਡ ਹੀ ਉਸ ਪਰਮਾਤਮਾ ਦਾ ਕੀਰਤਨ ਕਰ ਰਿਹਾ ਹੈ। ਸਾਰੇ ਜੀਵ ਜੰਤੂ ਉਸ ਦੀ ਉਪਾਸਨਾ ਕੀਰਤਨ ਰਾਹੀਂ ਕਰਦੇ ਹਨ।[1]

ਸਿਮਰਨ ਭਗਤੀ। ਇਹ ਉਪਰੋਕਤ ਪੇਸ਼ ਕੀਤੀਆਂ ਦੋਹਾਂ ਤਰ੍ਹਾਂ ਦੀਆਂ ਭਗਤੀਆਂ ਨਾਲੋਂ ਵਧੇਰੇ ਸੂਖਮ ਹੈ। ਪਰਮਾਤਮਾ ਦੀ ਸਰਬ ਸ਼ਕਤੀਮਾਨਤਾ, ਸਰਬ-ਵਿਆਪਕਤਾ ਲੀਲ੍ਹਾ ਅਤੇ ਕੌਤਕ ਦਾ ਧਿਆਨ ਰਖਣਾ ਅਤੇ ਉਸ ਦੀ ਯਾਦ ਵਿਚ ਲੀਨ ਰਹਿਣਾ ਸਿਮਰਨ-ਭਗਤੀ ਹੀ ਹੈ।

ਸਿਮਰਨ ਭਗਤੀ ਸੰਬੰਧੀ ਸ੍ਰੀਮਦ ਭਾਗਵਤ ਪੁਰਾਣ ਵਿਚ ਵਿਚਾਰ ਕਰਦਿਆਂ ਦੱਸਿਆ ਗਿਆ ਹੈ ਕਿ ਜਿਹੜਾ ਵਿਅਕਤੀ ਵਿਸ਼ਿਆਂ ਦਾ ਧਿਆਨ ਧਰਦਾ ਹੈ ਉਸ ਦਾ ਮਨ ਵਿਸ਼ਿਆਂ ਵਿਚ ਅਤੇ ਜਿਹੜਾ ਪ੍ਰਭੂ ਦਾ ਨਿਰੰਤਰ ਧਿਆਨ ਧਰਦਾ ਹੈ ਉਸ ਦਾ ਮਨ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ।[2] ਭਗਵਦ ਗੀਤਾ ਦੇ ਕਥਨ ਅਨੁਸਾਰ ਜਿਹੜਾ ਵਿਅਕਤੀ ਇਕਾਗਰਚਿਤ ਹੋ ਕੇ ਪ੍ਰਭੂ ਦਾ ਸਿਮਰਨ ਕਰਦਾ ਹੈ ਉਸ ਲਈ ਪ੍ਰਭੂ ਦੀ ਪ੍ਰਾਪਤੀ ਸੌਖੀ ਹੋ ਜਾਂਦੀ ਹੈ।[3] ਭਾਗਵਦ ਗੀਤਾ ਦਾ ਕਥਨ ਹੈ ਕਿ ਸਿਮਰਨ ਭਗਤੀ ਦਾ ਪ੍ਰਭਾਵ ਅਜਿਹਾ ਹੈ ਕਿ ਜਿਸ ਵਸਤੂ ਦਾ ਧਿਆਨ ਕਰੀਏ ਉਹੀ ਪ੍ਰਾਪਤ ਹੋ ਜਾਂਦੀ ਹੈ।[4]

ਸਿਮਰਨ ਕਰਦਿਆਂ ਹੋਇਆਂ ਸਾਧਕ ਨੂੰ ਹਰ ਸਮੇਂ ਪਰਮਾਤਮਾ ਦੀ ਸਰਬ-ਵਿਆਪਕਤਾ ਦੇ ਝਉਲੇ ਪੈਂਦੇ ਹਨ। ਸਾਧਕ ਦਾ ਯਤਨ ਪਰਮਾਤਮਾ ਨਾਲ ਸੰਜੋਗ ਸਥਾਪਤ ਕਰਨ ਦਾ ਹੁੰਦਾ ਹੈ।

---

1. ਵਾਜੇ ਨਾਦ ਅਨੇਕ ਅਸੰਖਾ - ਕਤੇ ਤੇਰੇ ਭਗਤ ਰਸਾਲੇ।
   (ਜਪੁ, ਪਉੜੀ 27, ਆਦਿ ਗ੍ਰੰਥ, ਪੰਨਾ 6)
2. ਭਾਗਵਤ ਪੁਰਾਣ, ਸਕੰਧ 11, ਅਧਿਆਇ 14, ਸਲੋਕ 27
3. ਭਗਵਦ ਗੀਤਾ 8/14
4. ਉਹੀ 8/6-7

ਇਹ ਸਿਮਰਨ ਤਿੰਨ ਤਰ੍ਹਾਂ ਦਾ ਮੰਨਿਆ ਗਿਆ ਹੈ। ਪਹਿਲੇ ਵਿਚ ਉੱਚੇ ਸੁਰ ਨਾਲ ਸਿਮਰਨ ਹੁੰਦਾ ਹੈ, ਦੂਸਰੇ ਵਿਚ ਜ਼ਬਾਨ ਤੇ ਹੋਠ ਤਾਂ ਹਿਲਦੇ ਹਨ, ਪਰ ਕੋਈ ਆਵਾਜ਼ ਨਹੀਂ ਆਉਂਦੀ, ਤੀਸਰਾ ਮਾਨਸਿਕ ਸਿਮਰਨ ਹੈ ਜਿਸ ਵਿਚ ਕਿ ਜ਼ਬਾਨ ਤੇ ਹੋਠ ਨਹੀਂ ਹਿਲਦੇ ਕੇਵਲ ਮਨ ਵਿਚ ਹੀ ਸਿਮਰਨ ਹੁੰਦਾ ਹੈ। ਇਸ ਨੂੰ 'ਅਜਪਾ ਜਾਪ' ਕਹਿੰਦੇ ਹਨ। ਮਨੂੰ ਸਿਮਰਤੀ[1] ਵਿਚ ਲਿਖਿਆ ਹੈ ਕਿ ਯੱਗ ਆਦਿ ਕਰਮਾਂ ਨਾਲੋਂ ਉੱਚੇ ਸੁਰ ਵਾਲਾ ਸਾਧਾਰਣ ਜਪ ਦਸ ਗੁਣਾਂ, ਮੱਧਮ ਸੁਰ ਵਾਲਾ (ਦੂਜਾ) ਜਪ, ਸੌਗੁਣਾ, ਅਤੇ ਮਾਨਸਕ (ਤੀਸਰਾ) ਜਪ ਹਜ਼ਾਰ ਗੁਣਾਂ ਸ੍ਰੇਸ਼ਟ ਹੈ।

ਗੁਰੂ ਨਾਨਕ ਦੇਵ ਨੇ ਸਿਮਰਨ ਦੇ ਮਹੱਤਵ ਉਪਰ ਬਹੁਤ ਹੀ ਜ਼ੋਰ ਦਿਤਾ ਹੈ। ਉਨ੍ਹਾਂ ਅਨੁਸਾਰ ਸਿਮਰਨ ਕਰਨਾ ਬਹੁਤ ਕਠਿਨ ਹੈ।[2] ਉਹਨਾਂ ਲਈ ਸਿਮਰਨ ਦੀ ਹੋਂਦ ਹੀ ਜੀਵਨ ਹੈ।[3] ਪਰਮਾਤਮਾ ਦਾ ਇਕ ਪਲ ਵੀ ਸਿਮਰਨ ਨਾ ਕਰਨ ਵਾਲੇ ਨੂੰ ਮਾਨਸਿਕ ਰੋਗ ਵਧੇਰੇ ਲੱਗੇ ਹਨ।[4] ਅਜਿਹੀ ਅਵਸਥਾ ਵਿਚ ਜੀਵ ਕੋਹੜੀ ਵਾਂਗ ਕੁਰਲਾਉਂਦਾ ਰਹਿੰਦਾ ਹੈ।[5] ਪਰਮਾਤਮਾ ਦੇ ਸਿਮਰਨ ਤੋਂ ਬਿਨਾਂ ਦੂਸਰੇ ਕਰਮ ਕਾਂਡ ਇਨਸਾਨ ਨੂੰ ਮੁਕਤੀ ਨਹੀਂ ਦਿਵਾ ਸਕਦੇ।[6] ਸੱਚੇ ਨਾਮ ਦਾ ਸਿਮਰਨ

---

1. ਮਨੂੰ ਸਿਮਰਤੀ 2/85-87
2. ਆਖਣ ਅਉਖਾ ਸਾਚਾ ਨਾਉ।
   (ਆਸਾ ਰਾਗੁ, ਚਉਪਦੇ, ਆਦਿ ਗ੍ਰੰਥ, ਪੰਨਾ 349)
3. ਆਖਾ ਜੀਵਾ ਵਿਸਰੈ ਮਰਿ ਜਾਉ।
   (ਆਸਾ ਰਾਗੁ, ਚਉਪਦੇ, ਆਦਿ ਗ੍ਰੰਥ, ਪੰਨਾ 349)
4. ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ।
   (ਸਿਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 21)
5. ਜੀਉ ਤਪਤੁ ਹੈ ਬਾਰੋ ਬਾਰ।
   ਤਪਿ ਤਪਿ ਖਪੈ ਬਹੁਤੁ ਬੇਕਾਰ।
   ਜੈ ਤਨਿ ਬਾਣੀ ਵਿਸਰਿ ਜਾਇ।
   ਜਿਉ ਪਕਾ ਰੋਗੀ ਵਿਲਲਾਇ।
   (ਧਨਾਸਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 661)
6. ਇਕ ਤੀਰਥਿ ਨਾਵਹਿ ਅੰਨੁ ਨ ਖਾਵਹਿ
   ਇਕ ਅਗਨਿ ਜਲਾਵਹਿ ਦੇਹ ਖਪਾਵਹਿ।
   ਰਾਮ ਨਾਮ ਬਿਨ ਮੁਕਤਿ ਨ ਹੋਈ।
   ਕਿਤੁ ਬਿਧਿ ਪਾਰ ਲੰਘਾਈ ਹੇ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1025)

ਕਰਨ ਨਾਲ ਸਾਧਕ ਅੰਦਰ ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਇਸ ਲਈ ਉਹ ਮਾਇਆ ਦੀ ਜ਼ਹਿਰ ਦੀ ਪਕੜ ਤੋਂ ਉਪਰ ਰਹਿੰਦਾ ਹੈ।[1] ਗੁਰੂ ਸਾਹਿਬ ਨੇ ਉਤਮ ਕਿਸਮ ਦੇ ਅਜਪਾ ਜਾਪ: ਸਿਮਰਨ ਉਤੇ ਜ਼ੋਰ ਦਿਤਾ ਹੈ।[2]

ਪਾਦ-ਸੇਵਨ ਭਗਤੀ:- ਭਗਤ ਆਪਣੇ ਭਗਵਾਨ ਦੇ ਬਾਹਰੀ ਸਰੂਪ ਦੀ ਸਿਰਜਣਾ ਕਰਕੇ ਉਸ ਦੇ ਚਰਨਾਂ ਦਾ ਧਿਆਨ ਧਾਰ ਕੇ ਜਿਹੜੀ ਭਗਤੀ ਕਰਦਾ ਹੈ ਉਸ ਨੂੰ ਪਾਦਸੇਵਨ ਭਗਤੀ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਦੀ ਰਚਨਾਂ ਵਿਚ ਇਸ ਕਿਸਮ ਦੀ ਭਗਤੀ ਨਹੀਂ ਮਿਲਦੀ। ਉਨ੍ਹਾਂ ਦੀ ਰਚਨਾ ਵਿਚ ਪਰਮਾਤਮਾ ਦੇ ਸੂਖਮ ਚਰਨਾਂ ਦਾ ਸੇਵਨ ਹੈ। ਜਿਸ ਨਾਲ ਕਿ ਵਿਅਕਤੀ ਦਾ ਜਨਮ ਮਰਨ ਕਟਿਆ ਜਾਂਦਾ ਹੈ।[3]

ਅਰਚਨ ਭਗਤੀ:- ਸ਼ਰਧਾ ਨਾਲ ਭਗਵਾਨ ਦੇ ਸਰਗੁਣ ਸਰੂਪ ਜਾਂ ਉਸ ਦੇ ਕਿਸੇ ਅਵਤਾਰ ਦੀ ਪੂਜਾ ਅਰਚਨ ਭਗਤੀ ਕਹਾਉਂਦੀ ਹੈ। ਇਸ ਵਿਚ ਭਗਵਾਨ ਦੀ ਮੂਰਤੀ ਨੂੰ ਆਮ ਜੀਵਾਂ ਵਾਂਗ ਇਸ਼ਨਾਨ ਕਰਾਇਆ ਜਾਂਦਾ ਹੈ। ਸੁੰਦਰ ਕਪੜੇ ਪਹਿਨਾ ਕੇ ਮਨਮੋਹਣੇ ਪਦਾਰਥ ਭੇਟ ਕੀਤੇ ਜਾਂਦੇ ਹਨ। ਇਹ ਸਥੂਲ ਕਿਸਮ ਦੀ ਭਗਤੀ ਹੈ।

ਗੁਰੂ ਨਾਨਕ ਦੇਵ ਅਜਿਹੀ ਭਗਤੀ ਜੋ ਸਥੂਲ ਰੂਪੀ ਹੈ ਦੇ ਵਿਰੋਧੀ ਹਨ। ਉਹ ਤਾਂ ਇਥੋਂ ਤਕ ਕਹਿੰਦੇ ਹਨ ਕਿ ਮੂਰਖ ਤੇ ਬੇਸਮਝ ਲੋਕ ਪੱਥਰਾਂ ਦੀ ਪੂਜਾ ਕਰਦੇ ਹਨ ਜਿਹੜੇ ਪੱਥਰ ਆਪ ਨਹੀਂ ਤਰ ਸਕਦੇ ਉਹ ਦੂਜਿਆਂ ਨੂੰ ਕਿਵੇਂ ਤਾਰ ਸਕਦੇ ਹਨ।[4] ਉਨ੍ਹਾਂ ਲਈ ਪਰਮਾਤਮਾ ਦੇ ਸਰਗੁਣ ਸਰੂਪ ਦੀ ਉਪਾਸਨਾ ਕਰਨੀ ਠੀਕ ਨਹੀਂ। ਪਰਮਾਤਮਾ ਦੇ ਤਾਂ ਅਨੇਕ

---

1. ਸਚਿ ਸਿਮਰਿਐ ਹੋਵੈ ਪਰਗਾਸੁ।
ਤਾ ਤੇ ਬਿਖਿਆ ਮਹਿ ਰਹੈ ਉਦਾਸੁ।
(ਧਨਾਸਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 661)
2. ਅਜਪਾ ਜਾਪ ਜਪੈ ਮੁਖਿ ਨਾਮੁ।
(ਬਿਲਾਵਲ ਰਾਗੁ, ਥਿਤੀ, ਆਦਿ ਗ੍ਰੰਥ, ਪੰਨਾ 148)
3. ਮਿਟੁ ਮਰਣੁ, ਤਿਨਾ ਨਾ ਜੂਨਾ ਜੋ ਹਰਿ ਲਾਗੇ ਪਾਏ।
(ਆਸਾ ਰਾਗੁ, ਛੰਤ, ਆਦਿ ਗ੍ਰੰਥ, ਪੰਨਾ 438)
4. ਪਾਥਰ ਲੇ ਪੂਜਹਿ ਮੁਗਧ ਗਵਾਰ।
ਓਹਿ ਜਾ ਆਪ ਡੁਬੇ ਤੁਮ ਕਹਾ ਤਰਾਵਣਹਾਰ।
(ਬਿਹਾਗੜਾ ਰਾਗੁ, ਆਦਿ ਗ੍ਰੰਥ, ਪੰਨਾ 556)

ਰੂਪ ਹਨ।[1] ਪਰਮਾਤਮਾ ਦੇ ਜਿਹੜੇ ਜਿਹੜੇ ਰੂਪ ਦੀ ਉਪਾਸਨਾ ਕੀਤੀ ਜਾਵੇ। ਗਿਆਨ ਦ੍ਰਿਸ਼ਟੀ ਨਾਲ ਵੇਖਿਆਂ ਉਨ੍ਹਾਂ ਨੂੰ ਸਾਰੀ ਪ੍ਰਕਿਰਤੀ ਹੀ ਉਸ ਪਰਮਾਤਮਾ ਦੀ ਉਪਾਸਨਾ ਕਰਦੀ ਨਜ਼ਰ ਆਉਂਦੀ ਹੈ।[2] ਉਨ੍ਹਾਂ ਲਈ ਤਾਂ ਮਨ ਨੂੰ ਉਰਸਾ ਬਣਾ ਕੇ, ਪ੍ਰਭੂ ਦੇ ਨਾਮ ਨੂੰ ਚੰਦਨ ਦੀ ਲਕੜੀ ਬਣਾ ਕੇ, ਸ਼ੁਭ ਕਰਨੀ ਰੂਪੀ ਕੇਸਰ ਦੇ ਸੰਜੋਗ ਨਾਲ ਕੀਤੀ ਪੂਜਾ ਹੀ ਸੂਖਮ ਅਰਚਾ ਹੈ।

ਵੰਦਨ ਭਗਤੀ:- ਪ੍ਰਭੂ ਦੀ ਮੂਰਤੀ ਬਣਾ ਕੇ ਉਸ ਅਗੇ ਡੰਡਾਉਤ ਕਰਨੀ ਵੰਦਨ ਭਗਤੀ ਹੈ। ਨਿਰਗੁਣ ਵਾਦੀ ਗੁਰੂ ਨਾਨਕ ਦੇਵ ਨੇ ਅਜਿਹਾ ਡੰਡਾਉਤ ਪਸੰਦ ਨਹੀਂ ਕੀਤਾ। ਉਹਨਾਂ ਲਈ ਤਾਂ ਪ੍ਰਭੂ ਉਪਰ ਭਰੋਸਾ ਰਖਣਾ[3] ਅਤੇ ਉਸ ਦੇ ਹੁਕਮ ਅਨੁਸਾਰ ਚਲਣਾ ਹੀ[4] ਵੰਦਨ ਹੈ। ਸੁਆਰਥ ਅਧੀਨਗੀ ਤੇ ਨਿਮਰਤਾ ਧਾਰਨ ਕਰਨ ਨੂੰ ਉਹਨਾਂ ਨੇ ਮਾਤ੍ਰਾ ਦਸਿਆ ਹੈ।[5]

ਦਾਸ ਭਗਤੀ:- ਆਪਣੇ ਆਪ ਨੂੰ ਦਾਸ ਅਤੇ ਪਰਮਾਤਮਾ ਨੂੰ ਮਾਲਕ ਤੇ ਦਾਤਾ ਜਾਣ ਕੇ ਕੀਤੀ ਜਾਣ ਵਾਲੀ ਭਗਤੀ ਨੂੰ ਦਾਸ ਭਗਤੀ ਕਿਹਾ ਜਾਂਦਾ ਹੈ। ਡਾ: ਮਨਮੋਹਨ ਸਿੰਘ ਅਨੁਸਾਰ:

---

1. ਤੇਰੀ ਮੂਰਤਿ ਏਕਾ ਬਹੁਤੁ ਰੂਪ।
   ਕਿਸੁ ਪੂਜ ਚੜਾਵਉ ਦੇਉ ਧੂਪ।
   (ਬਸੰਤ ਰਾਗੁ, ਚਉਪਦੇ ਦੁਤੁਕੇ, ਆਦਿ ਗ੍ਰੰਥ, ਪੰਨਾ 1168)
2. ਧਨਾਸਰੀ ਰਾਗੁ, ਆਰਤੀ, ਆਦਿ ਗ੍ਰੰਥ, ਪੰਨਾ 663
3. ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ।
   (ਸਿਰੀ ਰਾਗੁ, ਸਲੋਕ, ਆਦਿ ਗ੍ਰੰਥ, ਪੰਨਾ 84)
4. ਤੁਧ ਨੋ ਨਿਵਣੁ ਮੰਨਣੁ ਤੇਰਾ ਨਾਉ।
   (ਰਾਮਕਲੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 878)
5. ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ।
   ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ।
   (ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 471)

"ਦਾਸ ਭਾਵ ਦੀਆਂ ਤਿੰਨ ਅਵਸਥਾਵਾਂ ਮੰਨੀਆਂ ਜਾਂਦੀਆਂ ਹਨ: ਅਧਿਭੌਤਿਕ, ਅਧਿਦੈਵਿਕ ਅਤੇ ਅਧਿਆਤਮਕ। ਪਹਿਲੀ ਵਿਚ ਉਪਾਸ ਦੇਵ ਦੀ ਸੇਵਾ, ਸੰਸਾਰਕ ਧੰਨ ਦੀ ਪ੍ਰਾਪਤੀ ਲਈ ਕੀਤੀ ਜਾਂਦੀ ਹੈ। ਦੂਜੀ ਵਿਚ ਇਹ ਸੇਵਾ ਮੋਖ ਪ੍ਰਾਪਤੀ ਲਈ ਕੀਤੀ ਜਾਂਦੀ ਹੈ। ਤੀਸਰੀ ਅਵਸਥਾ ਵਿਚ ਉਪਾਸ ਦੇਵ ਦੀ ਸੇਵਾ ਪ੍ਰੇਮ ਭਾਵਨਾ ਤੋਂ ਪ੍ਰੇਰਿਤ ਹੋ ਕੇ ਅਤੇ ਸਵਾਰਥ ਰਹਿਤ ਹੋ ਕੇ ਕੀਤੀ ਜਾਂਦੀ ਹੈ।"[1]

ਗੁਰੂ ਨਾਨਕ ਦੇਵ ਨੇ ਅਧਿਆਤਮਕ ਭਾਵ ਦੀ ਭਗਤੀ ਉਤੇ ਜ਼ੋਰ ਦਿਤਾ ਹੈ। ਅਜਿਹਾ ਕਰਨ ਨਾਲ ਜਿਥੇ ਮਨ ਨਿਰਮਲ ਹੁੰਦਾ ਹੈ[2] ਉਥੇ ਸੁਖ ਦੀ ਪ੍ਰਾਪਤੀ ਵੀ ਹੁੰਦੀ ਹੈ।[3] ਇਨਸਾਨ ਦਾ ਕਾਲ ਤੋਂ ਛੁਟਕਾਰਾ ਹੋ ਜਾਂਦਾ ਹੈ।[4] ਇਸ ਨਾਲ ਮੁਕਤੀ ਦੀ ਪ੍ਰਾਪਤੀ ਵੀ ਹੁੰਦੀ ਹੈ।[5] ਪਰਮਾਤਮਾ ਦੀ ਦਰਗਾਹ ਵਿਚ ਇਜ਼ਤ ਤੇ ਮਾਣ ਮਿਲਦਾ ਹੈ।[6] ਦਾਸ ਭਾਵ ਦੀ ਸੇਵਾ ਤੋਂ ਬਿਨਾਂ ਭਗਤੀ ਵੀ ਨਹੀਂ ਹੁੰਦੀ।[7]

---

1. ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਪੰਨਾ 148
2. ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ।
   (ਸਿਰੀ ਰਾਗੁ, ਅਸਟਪਦੀਆਂ, ਆਦਿ ਗ੍ਰੰਥ, ਪੰਨਾ 61)
3. ਗੁਰ ਸੇਵਾ ਸੁਖ ਪਾਈਐ।
   (ਸਿਰੀ ਰਾਗੁ, ਅਸਟਪਦੀਆਂ, ਆਦਿ ਗ੍ਰੰਥ, ਪੰਨਾ 58)
4. ਸਤਿਗੁਰ ਸੇਵ ਛੁਟੈ ਜਮ ਕਾਲ।
   (ਮਲਾਰ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 1276)
5. ਗੁਰ ਕੀ ਸੇਵਾ ਮੁਕਤਿ ਪਰਾਇਣਿ ਅਨਦਿਨ ਕੀਰਤਨੁ ਕੀਨਾ ਹੇ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1028)
6. ਜਿਨਿ ਸੇਵਿਆ ਤਿਨਿ ਪਾਇਆ ਮਾਨੁ।
   (ਜਪੁ, ਆਦਿ ਗ੍ਰੰਥ, ਪੰਨਾ 2)
7. ਗੁਰ ਸੇਵਾ ਬਿਨੁ ਭਗਤਿ ਨ ਹੋਈ ਕਿਉਕਰਿ ਚੀਨਸਿ ਆਪੈ।
   ਹਰਿ ਸਾ ਮੀਤੁ ਨਾਹੀ ਮੈ ਕੋਈ।
   (ਮਾਰੂ ਰਾਗੁ, ਅਸਟਪਦੀਆਂ, ਆਦਿ ਗ੍ਰੰਥ, ਪੰਨਾ 1013)

<u>ਸਖ਼ਾ ਭਗਤੀ</u>:- ਦੋਸਤ ਜਾਂ ਮਿਤਰ ਭਾਵ ਨਾਲ ਕੀਤੀ ਗਈ ਭਗਤੀ ਨੂੰ ਸਖ਼ਾ ਭਗਤੀ ਕਹਿੰਦੇ ਹਨ। ਗੁਰੂ ਸਾਹਿਬ ਨੇ ਪ੍ਰਭੂ ਨੂੰ ਆਪਣਾ ਜਾਨਾਂ ਦੋਸਤ ਦਸਦਿਆਂ ਹੋਇਆਂ ਉਸ ਨਾਲ ਆਪਣੇ ਸੰਬੰਧਾਂ ਨੂੰ ਕਈ ਜੁਗਾਂ ਦਾ ਪੁਰਾਣਾ ਦਸਿਆ ਹੈ।[1] ਆਪ ਅਨੁਸਾਰ ਸਖ਼ਾ ਪ੍ਰਭੂ ਦੀ ਮਿਹਰ ਸਦਕਾ ਹੀ ਗੁਰੂ ਦੀ ਪ੍ਰਾਪਤੀ ਹੁੰਦੀ ਹੈ ਅਤੇ ਫਿਰ ਗੁਰੂ ਹੀ ਭਗਤੀ ਭਾਵਨਾ ਨੂੰ ਦ੍ਰਿੜ ਕਰਵਾਉਂਦਾ ਹੈ।[2] ਇਸ ਦੇ ਨਾਲ ਹੀ ਸੱਚੇ ਮਿੱਤਰ ਦੁਆਰਾ ਸਾਧਕ ਨੂੰ ਪਰਮਾਤਮਾ ਦੀ ਸੱਚੀ ਦਰਗਾਹ ਵਿਚ ਇੱਜ਼ਤ ਤੇ ਮਾਣ ਮਿਲਦਾ ਹੈ।[3]

<u>ਆਤਮ ਨਿਵੇਦਨ ਭਗਤੀ</u>:- ਪਰਮਾਤਮਾ ਦੀ ਸ਼ਰਨ ਵਿਚ ਜਾ ਕੇ ਪੂਰਨ ਤੌਰ ਤੇ ਆਪਣੇ ਆਪ ਨੂੰ ਸਮਰਪਨ ਕਰ ਦੇਣ ਨੂੰ ਆਤਮ ਨਿਵੇਦਨ ਭਗਤੀ ਕਹਿੰਦੇ ਹਨ। ਇਸ ਭਗਤੀ ਵਿਚ ਸਾਧਕ ਆਪਣੇ ਤਨ ਦੇ ਸੁਖ, ਮਨ ਦੀਆਂ ਇਛਾਵਾਂ ਅਤੇ ਆਪਣੀਆਂ ਸਮੂਹੀਆਂ ਪਦਾਰਥਕ ਪ੍ਰਾਪਤੀਆਂ ਪ੍ਰਭੂ ਦੇ ਚਰਨਾਂ ਦੇ ਪਿਆਰ ਤੋਂ ਨਿਛਾਵਰ ਕਰ ਦੇਂਦਾ ਹੈ। ਗੁਰੂ ਸਾਹਿਬ ਦਾ ਵੀ ਵਿਚਾਰ ਹੈ ਕਿ ਪ੍ਰਭੂ ਦੀ ਸ਼ਰਨ ਵਿਚ ਜਾ ਕੇ ਆਪਣਾ ਆਪ ਸਮਰਪਨ ਕਰਨ ਉਪਰੰਤ ਰਿਧੀਆਂ ਸਿਧੀਆਂ ਤੇ ਮੁਕਤੀ ਦਾ ਗਿਆਨ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਇਸ ਆਤਮ ਸਮਰਪਨ ਨਾਲ ਸਾਧਕ ਇਕ ਅਜਿਹੀ ਉਚਤਮ ਅਵਸਥਾ ਤੇ ਪਹੁੰਚ ਜਾਂਦਾ ਹੈ ਜਿਥੇ ਉਹ ਦੁਖ ਸੁਖ ਨੂੰ ਸਮਾਨ ਸਮਝਦਾ ਹੈ ਅਤੇ ਖ਼ੁਸ਼ੀ ਤੇ ਗ਼ਮੀ ਦੀ ਅਵਸਥਾ ਵਿਚ ਉਸ ਨੂੰ ਪੂਰਨ ਤੌਰ ਤੇ ਤਿਆਗ ਦੀ ਪ੍ਰਾਪਤੀ ਹੁੰਦੀ ਹੈ।

<u>ਭਗਤਾਂ ਦਾ ਸਰੂਪ ਵਰਣਨ:</u>

ਭਾਰਤੀ ਆਚਾਰੀਆਂ ਨੇ ਭਗਤਾਂ ਦੇ ਪ੍ਰਮੁਖ ਤੌਰ ਤੇ ਤਿੰਨ ਸਰੂਪ ਮੰਨੇ ਹਨ: ਉਤਮ, ਮਧਮ, ਤੇ ਨਿਮਨ। ਉਤਮ ਸ਼੍ਰੇਣੀ ਦੇ ਭਗਤਾਂ ਵਿਚ ਨਿਮਰਤਾ, ਸ਼ਰਧਾ, ਪ੍ਰੇਮ, ਪਰਉਪਕਾਰ, ਪਰਾਇਆਂ ਨੂੰ ਵੀ ਆਪਣਾ ਸਮਝਣ ਦੀ ਰੁਚੀ, ਦੁਖ ਸੁਖ ਨੂੰ ਸਮਾਨ ਸਮਝਣ ਦੀ ਭਾਵਨਾ ਤੇ ਕਣ ਕਣ ਵਿਚ ਪਾਲਕ ਨੂੰ ਮੌਜੂਦ ਸਮਝ ਕੇ ਉਸ ਨੂੰ ਪਿਆਰਨ ਦੀ ਭਾਵਨਾ ਹੁੰਦੀ ਹੈ। ਮੱਧ ਸ਼੍ਰੇਣੀ ਦਾ ਭਗਤ ਵੀ

---

1. ਅਬ ਤਬ ਏਕੋ ਏਕੁ ਪੁਕਾਰਉ ਆਦਿ ਜੁਗਾਦਿ ਸਖਾਈ।
   (ਗੂਜਰੀ ਰਾਗੁ, ਅਸਟਪਦੀਆਂ, ਆਦਿ ਗ੍ਰੰਥ, ਪੰਨਾ 504)
2. ਐਸਾ ਹਮਰਾ ਸਖਾ ਸਹਾਈ
   ਗੁਰ ਹਰਿ ਮਿਲਿਆ ਭਗਤਿ ਦ੍ਰਿੜਾਈ।
   (ਆਸਾ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 356)
3. ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ।
   (ਸਿਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 22)

ਪ੍ਰਭੂ ਨਾਲ ਪਿਆਰ ਕਰਦਾ ਹੈ, ਉਸ ਦੇ ਭਗਤਾਂ ਪ੍ਰਤੀ ਮਿਤਰਤਾ ਦਾ ਭਾਵ ਰਖਦਾ ਹੈ। ਉਹ ਭਾਵੇਂ ਦੁਸ਼ਮਣਾਂ ਨੂੰ ਸੱਜਣ ਨਹੀਂ ਸਮਝਦਾ ਪਰ ਦੁਸ਼ਮਣਾਂ ਨੂੰ ਦ੍ਵੇਸ਼ ਦ੍ਰਿਸ਼ਟੀ ਨਾਲ ਨਹੀਂ ਵੇਖਦਾ। ਨਿਮਨ ਸ਼੍ਰੇਣੀ ਦੇ ਭਗਤ ਪ੍ਰਭੂ ਪ੍ਰਤੀ ਸ਼ਰਧਾ ਰਖਦੇ ਹੋਏ ਵੀ ਆਪਣੇ ਸੁਆਰਥ ਦੀ ਪੂਰਤੀ ਲਈ ਵਿਰੋਧੀਆਂ ਨੂੰ ਦੁਖਣ ਅਤੇ ਨੀਚਤਾ ਭਰੀਆਂ ਕਾਰਵਾਈਆਂ ਕਰਨ ਤਕ ਪਹੁੰਚ ਜਾਂਦੇ ਹਨ।

ਭਗਵਦ ਗੀਤਾ ਵਿਚ ਭਗਤਾਂ ਨੂੰ ਚਾਰ ਪ੍ਰਕਾਰ ਦਾ ਦਸਿਆ ਗਿਆ ਹੈ, ਅਰਥਾਰਥੀ (ਸੰਸਾਰਕ ਪਦਾਰਥਾਂ ਦੀ ਪ੍ਰਾਪਤੀ ਲਈ ਭਜਨ ਕਰਨ ਵਾਲੇ), ਆਰਤ (ਸੰਕਟ ਨਵਿਰਤੀ ਲਈ ਭਜਨ ਕਰਨ ਵਾਲੇ) ਜਿਗਿਆਸੂ (ਭਗਵਾਨ ਦੇ ਅਸਲੀ ਰੂਪ ਨੂੰ ਜਾਨਣ ਦੀ ਇੱਛਾ ਨਾਲ ਭਜਨ ਕਰਨ ਵਾਲੇ) ਅਤੇ ਗਿਆਨੀ (ਨਿਸ਼ਕਾਮ ਭਗਤੀ ਕਰਨ ਵਾਲੇ)।[1]

ਭਗਵਾਨ ਕ੍ਰਿਸ਼ਨ ਗੀਤਾ ਵਿਚ ਉੱਤਮ ਸ਼੍ਰੇਣੀ ਦੇ ਭਗਤ ਸੰਬੰਧੀ ਚਰਚਾ ਕਰਦੇ ਹੋਏ ਲਿਖਦੇ ਹਨ ਕਿ ਜਿਸ ਨੂੰ ਕਿਸੇ ਪ੍ਰਾਣੀ ਨਾਲ ਦ੍ਵੇਸ਼ ਨਹੀਂ, ਜੋ ਸਭਨਾਂ ਪ੍ਰਤੀ ਦਿਆਲੂ, ਸਭਨਾਂ ਦਾ ਮਿੱਤਰ, ਨਿਰਮਲ, ਹੰਕਾਰ ਰਹਿਤ, ਖਿਮਾਵਾਨ, ਸੁਖ ਦੁਖ ਵਿਚ ਸਮਾਨ ਰਹਿਣ ਵਾਲਾ, ਸੰਤੋਖੀ, ਮੈਨੂੰ ਪ੍ਰਾਪਤ ਕਰਨ ਦੀ ਇੱਛਾ ਰਖਣ ਵਾਲਾ, ਸੰਜਮੀ ਅਤੇ ਦ੍ਰਿੜ੍ਹ ਨਿਸ਼ਚੇ ਵਾਲਾ ਹੈ ਅਤੇ ਜਿਸ ਨੇ ਆਪਣੇ ਮਨ ਤੇ ਬੁੱਧੀ ਨੂੰ ਮੇਰੇ ਪ੍ਰਤੀ ਅਰਪਨ ਕਰ ਦਿਤਾ ਹੈ, ਉਹ ਭਗਤ ਮੈਨੂੰ ਪਰਮ ਪ੍ਰਿਯ ਹੈ।[2] ਫਿਰ ਇਸੇ ਪੁਸਤਕ ਵਿਚ ਇਕ ਥਾਂ ਤੇ ਲਿਖਦੇ ਹਨ ਕਿ ਜੋ ਮਨੁਖ ਦੁਸ਼ਮਣ ਅਤੇ ਮਿਤਰ ਨੂੰ ਸਮਾਨ ਦ੍ਰਿਸ਼ਟੀ ਨਾਲ ਵੇਖਦਾ ਹੈ, ਮਾਨ ਅਤੇ ਅਪਮਾਨ ਦੀ ਅਵਸਥਾ ਵਿਚ, ਸਰਦੀ ਤੇ ਗਰਮੀ ਵਿਚ, ਸੁਖ ਅਤੇ ਦੁਖ ਵਿਚ, ਸਮਦ੍ਰਿਸ਼ਟੀ ਰਖਦਾ ਹੈ, ਜੋ ਦੁਨੀਆਵੀ ਲਗਾਓ ਤੋਂ ਰਹਿਤ ਹੋ ਕੇ, ਮੋਨ ਧਾਰਣ ਕਰਕੇ, ਨਿੰਦਾ ਅਤੇ ਉਸਤਤ ਨੂੰ ਇਕ ਸਮਾਨ ਸਮਝ ਕੇ, ਜੋ ਪ੍ਰਾਪਤ ਹੋਵੇ ਉਸ ਵਿਚ ਸੰਤੁਸ਼ਟ ਰਹਿੰਦਾ ਹੈ, ਜੋ ਸੰਸਾਰਕ ਚਿੰਤਾਵਾਂ ਤੋਂ ਰਹਿਤ ਹੋ ਕੇ ਦ੍ਰਿੜ੍ਹ ਮਨ ਨਾਲ ਮੇਰੀ ਭਗਤੀ ਕਰਦਾ ਹੈ, ਉਹੋ ਹੀ ਮੇਰਾ ਪ੍ਰੇਮ ਪਾਤਰ ਅਤੇ ਭਗਤ ਹੈ।[3] ਫਿਰ ਮੇਰਾ ਭਗਤ ਨਾ ਬ੍ਰਹਮ ਦੀ ਪਦਵੀ ਚਾਹੁੰਦਾ ਹੈ ਨਾ ਇੰਦਰ ਦੀ, ਨਾ ਸਾਰੀ ਪ੍ਰਿਥਵੀ ਤੇ ਅਧਿਕਾਰ ਤੇ

---

1. ਭਗਵਦ ਗੀਤਾ 7/16
2. ਉਹੀ 12/13-14
3. ਉਹੀ 12/18-19

ਨਾ ਹੀ ਪਤਾਲ ਦਾ ਰਾਜ ਚਾਹੁੰਦਾ ਹੈ, ਉਹ ਨਾ ਤਾਂ ਯੋਗ ਦੀਆਂ ਸਿਧੀਆਂ ਚਾਹੁੰਦਾ ਹੈ ਤੇ ਨਾ ਹੀ ਪੁਨਰ ਜਨਮ, ਉਹ ਤਾਂ ਮੇਰੇ ਬਿਨਾਂ ਕੁਝ ਵੀ ਨਹੀਂ ਚਾਹੁੰਦਾ।[1]

ਗੁਰੂ ਨਾਨਕ ਦੇਵ ਦਾ ਵਿਚਾਰ ਹੈ ਕਿ ਜਿਹੜਾ ਵਿਅਕਤੀ ਪੂਰਨ ਤੌਰ ਤੇ ਆਤਮ ਸਮਰਪਣ ਕਰਦਿਆਂ ਹੋਇਆਂ, ਪ੍ਰਭੂ ਦਾ ਦਾਸ ਬਣ ਕੇ ਪ੍ਰਭੂ ਦੀ ਸਰਬ-ਉਤਪਤੀ ਤੇ ਸਰਬ-ਨਾਸ ਕਰਨ ਦੀ ਵਿਲਖਣ ਤੇ ਲਾਸਾਨੀ ਹਸਤੀ ਦਾ ਵਿਸ਼ਵਾਸੀ ਹੋ ਜਾਂਦਾ ਹੈ ਉਹੋ ਹੀ ਭਗਤ ਹੁੰਦਾ ਹੈ।[2]

ਗੁਰੂ ਸਾਹਿਬ ਨੇ ਭਗਤਾਂ ਦੀ ਵੰਡ ਪੁਰਾਤਨ ਢੰਗ ਨਾਲ ਨਹੀਂ ਕੀਤੀ। ਉਹ ਆਪਣੇ ਆਪ ਨੂੰ ਉਪਰ ਪੇਸ਼ ਕੀਤੀਆਂ ਤਿੰਨਾਂ ਤਰ੍ਹਾਂ ਸ਼੍ਰੇਣੀਆਂ ਵਿਚ ਨਾ ਵਿਚਰਦੇ ਹੋਏ ਹਰੀ ਦੇ ਪਿਆਰ ਰੰਗ ਵਿਚ ਰੰਗੇ ਹੋਏ, ਸਾਰੇ ਤਰ੍ਹਾਂ ਦੇ ਸੋਗਾਂ ਵਿਜੋਗਾਂ ਤੋਂ ਉਪਰ ਉਠੇ ਹੋਏ ਹਰੀ ਦੇ ਸਰਣਾਗਤ ਭਗਤ ਕਹਿੰਦੇ ਹਨ।[3]

ਪ੍ਰਭੂ ਦੇ ਭਗਤਾਂ ਨੂੰ ਪ੍ਰਭੂ ਦੇ ਗੁਣ ਗਾਉਣ ਜਾਂ ਪ੍ਰਭੂ ਦੀ ਭਗਤੀ ਦੀ ਹੀ ਭੁਖ ਲਗੀ ਰਹਿੰਦੀ ਹੈ। ਉਹ ਪ੍ਰਭੂ ਦੀ ਸਿਫਤ ਸਲਾਹੁਣਾ ਕਰਨ ਵਾਲਿਆਂ ਦੀ ਚਰਨ ਧੂੜੀ ਨੂੰ ਆਪਣੇ ਮਸਤਕ ਤੇ ਲਗਾਉਂਦੇ ਹੋਏ ਆਪ ਭਗਤੀ ਕਰਦਿਆਂ ਆਨੰਦ ਦੀ ਅਵਸਥਾ ਵਿਚ ਵਿਚਰਦੇ ਹਨ।[4] ਅਜਿਹੇ

---

1. ਭਗਵਦ ਗੀਤਾ 11/14/14
2. ਸੇਵਕ ਦਾਸੁ ਭਗਤੁ ਜਨੁ ਸੋਈ।
   ਠਾਕੁਰ ਕਾ ਦਾਸੁ ਗੁਰਮੁਖਿ ਹੋਈ।
   ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ,
   ਤਿਸੁ ਬਿਨੁ ਦੂਜਾ ਅਵਰੁ ਨ ਕੋਈ।
   (ਆਸਾ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 355)
3. ਸੋ ਜੀ ਨਾ ਧਾਮ ਉਤਮ ਲੋਕ ਨ ਮਧਿਮ ਹਰਿ ਸਰਣਾਗਤਿ ਹਰਿ ਕੇ ਲੋਗ।
   ਨਾਮ ਰਤੇ ਕੇਵਲ ਬੈਰਾਗੀ ਸੋਗ ਬਿਜੋਗ ਬਿਸਰਜਿਤ ਰੋਗ।
   (ਗੂਜਰੀ ਰਾਗੁ, ਅਸਟਪਦੀਆਂ, ਆਦਿ ਗ੍ਰੰਥ, ਪੰਨਾ 504/505
4. ਨਾਨਕ ਭਗਤਾਂ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ।
   ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ।
   (ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 467)

ਉਤਮ ਭਗਤ ਹਰੀ ਨਾਮ ਦੇ ਰੰਗ ਵਿਚ ਰੰਗੇ ਰਹਿਣ ਕਾਰਣ ਦੁਨੀਆਂ ਰੂਪੀ ਭਵਸਾਗਰ ਤੋਂ ਪਾਰ ਹੋ ਜਾਂਦੇ ਹਨ।[1] ਅਜਿਹੇ ਭਗਤ ਦੁਨੀਆਂ ਤੇ ਬਹੁਤ ਘਟ ਹੁੰਦੇ ਹਨ ਜਿਹੜੇ ਕਿ ਮਾਇਆਵੀ ਬੰਧਨਾਂ ਤੋਂ ਨਿਰਲੇਪ ਰਹਿੰਦਿਆਂ ਹੋਇਆਂ ਗੁਰੂ ਦੇ ਸ਼ਬਦ ਦੀ ਵਿਚਾਰ ਕਰਕੇ ਆਪ ਵੀ ਤਰਦੇ ਹਨ ਤੇ ਆਪਣੀ ਕੁਲ ਨੂੰ ਵੀ ਤਾਰ ਕੇ ਆਪਣਾ ਜਨਮ ਸਫਲਾ ਕਰਦੇ ਹਨ।[2] ਅਜਿਹੇ ਮੁਕਤ ਭਗਤ ਪਰਮਾਤਮਾ ਦੀ ਦਰਗਾਹ ਵਿਚ ਪ੍ਰਵਾਨ ਹੋਣ ਤੋਂ ਬਾਦ ਇਜ਼ਤ ਤੇ ਮਾਣ ਪ੍ਰਾਪਤ ਕਰਦੇ ਹਨ।[3]

ਗੁਰੂ ਸਾਹਿਬ ਦਾ ਵਿਚਾਰ ਹੈ ਕਿ ਹਰ ਯੁਗ ਵਿਚ ਹੀ ਪ੍ਰਭੂ ਦੇ ਭਲੇ ਸੰਤ ਹੁੰਦੇ ਹਨ ਜਿਹੜੇ ਕਿ ਹਰੀ ਦੇ ਗੁਣਾਂ ਦਾ ਗਾਇਨ ਕਰਕੇ ਆਨੰਦਿਤ ਰਹਿੰਦੇ ਹਨ।[4] ਜਿਹੜੇ ਭਗਤ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਦੇ ਹਨ ਉਹ ਪ੍ਰਭੂ ਨੂੰ ਚੰਗੇ ਲਗਦੇ ਹਨ ਅਤੇ ਗੁਰੂ ਨਾਨਕ ਦੇਵ ਅਜਿਹੇ ਭਗਤਾਂ ਦੀ

---

1. ਉਤਮ ਜਨ ਸੰਤ ਭਲੇ ਹਰਿ ਪਿਆਰੇ।
ਹਰਿ ਰਸ ਮਾਤੇ ਪਾਰਿ ਉਤਾਰੇ।
(ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1039)

2. (ੳ) ਐਸੇ ਜਨ ਵਿਰਲੇ ਸੰਸਾਰੇ।
ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ।
ਆਪ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿਆਇਆ।
(ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1039)
(ਅ) ਮੰਨੈ ਤਰੈ ਤਾਰੈ ਗੁਰਸਿਖ।
(ਜਪੁ, ਆਦਿ ਗ੍ਰੰਥ, ਪੰਨਾ 3)

3. ਪੰਚ ਪਰਵਾਣ ਪੰਚ ਪਰਧਾਨੁ।
ਪੰਚੇ ਪਾਵਹਿ ਦਰਗਹਿ ਮਾਨੁ।
(ਜਪੁ, ਆਦਿ ਗ੍ਰੰਥ, ਪੰਨਾ 3)

4. ਜੁਗਿ ਜੁਗਿ ਸੰਤ ਭਲੇ ਪ੍ਰਭ ਤੇਰੇ।
ਹਰਿ ਗੁਣ ਗਾਵਹਿ ਰਸਨ ਰਸੇਰੇ।
(ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1025)

ਸੰਗਤ ਦੀ ਜਾਚਨਾ ਕਰਦੇ ਹਨ।[1] ਪ੍ਰਭੂ ਆਪਣੇ ਭਗਤਾਂ ਦਾ ਪਿਆਰਾ ਹੁੰਦਾ ਹੈ ਅਤੇ ਭਗਤ ਉਸ ਦੇ ਰੰਗ ਵਿਚ ਰੰਗੀਜ ਕੇ ਮੁਕਤੀ ਪ੍ਰਾਪਤ ਕਰਦੇ ਹਨ।[2]

ਗੁਰੂ ਸਾਹਿਬ ਨੇ ਭਗਤਾਂ ਤੇ ਸੰਸਾਰੀਆਂ (ਅਭਗਤਾਂ) ਦੇ ਅੰਤਰ ਨੂੰ ਸਪਸ਼ਟ ਕੀਤਾ ਹੈ। ਇਨ੍ਹਾਂ ਦੋਹਾਂ ਦਾ ਕਦੇ ਮੇਲ ਨਹੀਂ ਹੋ ਸਕਦਾ। ਭਗਤ ਪਰਮਾਤਮਾ ਦੇ ਸੱਚੇ ਨਾਮ ਦੀ ਕਮਾਈ ਕਰਦੇ ਹੋਏ ਹਉਮੈ ਦਾ ਨਾਸ ਕਰਨ ਉਪਰੰਤ ਪ੍ਰਭੂ ਵਲੋਂ ਆਪਣੇ ਆਪ ਹੀ ਮੇਲੇ ਜਾਂਦੇ ਹਨ। ਉਹ ਬੜੇ ਉਜਲੇ ਮੂੰਹਾਂ ਨਾਲ, ਬੜੀ ਇਜ਼ਤ ਸਹਿਤ ਪਰਮਾਤਮਾ ਦੇ ਦਰ ਉਤੇ ਸੋਭਾ ਪਾਉਂਦੇ ਹਨ ਜਦੋਂ ਕਿ ਸੰਸਾਰੀ ਪਦਾਰਥਾਂ ਵਿਚ ਲੀਨ ਹੋ ਕੇ, ਕੂੜ ਬੋਲ ਕੇ ਦੂਸਰਿਆਂ ਦਾ ਹੱਕ ਖਾਂਦੇ, ਸੰਸਾਰਕ ਨਾਸ਼ਮਾਨਤਾ ਦੇ ਅਟੱਲ ਨਿਯਮ ਤੋਂ ਬੇਪ੍ਰਵਾਹ ਹੋ ਕੇ ਕਾਮ, ਕ੍ਰੋਧ ਦੀ ਜ਼ਹਿਰ ਨੂੰ ਆਪਣੇ ਅੰਦਰ ਵਧਾਈ ਜਾਂਦੇ ਹਨ।[3]

---

1. ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ।

.. ... ... ..

ਤਿਨ ਮੰਗਾ ਜਿ ਤੁਝੈ ਧਿਆਇਦੇ।

(ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 468)

2. ਭਗਤਿ ਵਛਲੁ ਭਗਤਾ ਹਰਿ ਸੰਗਿ।
ਨਾਨਕ ਮੁਕਤਿ ਭਏ ਹਰਿ ਰੰਗਿ।

(ਆਸਾ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 416)

3. ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ।
ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ।
ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ।
ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬਿਖੁ ਖਾਇਆ।
ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ।
ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ।
ਦਾਸਨਿ ਦਾਸ ਹੋਇ ਕੈ ਜਿਨਿ ਵਿਚਹੁ ਆਪੁ ਗਵਾਇਆ।
ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ।

(ਮਾਝ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 146)

ਗੁਰੂ ਸਾਹਿਬ ਨੇ ਭਗਤ ਨੂੰ ਹੰਸ ਨਾਲ ਤੁਲਨਾ ਦਿਤੀ ਹੈ ਜੋ ਕਿ ਗੁਰੂ ਸਾਗਰ ਵਿਚੋਂ ਨਾਮ ਰੂਪੀ ਮੋਤੀ ਚੁਗਦਾ ਹੋਇਆ ਆਪਣੀ ਮੰਜ਼ਲ, ਪਰਮਾਤਮਾ, ਦੀ ਪ੍ਰਾਪਤੀ ਕਰ ਲੈਂਦਾ ਹੈ । ਜਦੋਂ ਕਿ ਸੰਸਾਰੀ ਚਿਕੜ ਵਿਚ ਰਹਿੰਦੇ ਬਗਲੇ ਵਾਂਗੂ ਹੈ ਜਿਹੜਾ ਆਪਣੇ ਪਖੰਡਾਂ ਕਾਰਨ ਚਿਕੜ ਵਿਚ ਹੀ ਡੁਬ ਕੇ ਮਰ ਜਾਂਦਾ ਹੈ।[1]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਨਾਨਕ ਦੇਵ ਦੀ ਭਗਤੀ ਭਾਵਨਾ ਦੀ ਨਿਰਗੁਣ ਸਰੂਪ ਵਾਲੀ ਹੈ ਜਿਹੜੀ ਕਿ ਸਗੁਣ ਭਗਤੀ ਆਚਾਰੀਆਂ ਦੀ ਵਿਚਾਰਧਾਰਾ ਨਾਲੋਂ ਵਖਰੀ ਹੈ। ਆਪ ਨੇ ਭਗਤੀ ਦੇ ਬਾਹਰੀ ਸਰੂਪ ਦੀ ਥਾਂ ਤੇ ਇਸ ਦੇ ਅੰਤਰੀਵੀ ਪੱਖ ਉਤੇ ਜ਼ੋਰ ਦਿਤਾ ਹੈ ਅਤੇ ਆਤਮਿਕ ਪਵਿਤਰਤਾ, ਪਰਮਾਤਮਾ ਦੇ ਪ੍ਰੇਮ, ਸਮਦ੍ਰਿਸ਼ਟਤਾ ਅਤੇ ਸਮਦਰਸ਼ਤਾ ਰਾਹੀਂ ਪਰਮਾਤਮਾ ਦੀ ਨਜ਼ਦੀਕੀ ਪ੍ਰਾਪਤ ਕਰਨ ਉਪਰੰਤ ਪਰਮਾਤਮਾ ਦੀ ਦਰਬਾਰ ਵਿਚ ਇਜ਼ਤ ਤੇ ਮਾਣ ਪ੍ਰਾਪਤ ਕਰਨ ਦਾ ਸੁਝਾ ਦਿਤਾ ਹੈ। ਇਸ ਕਰਕੇ ਉਹ ਭਗਤਾਂ ਦੀਆਂ ਕਿਸਮਾਂ ਦੀਆਂ ਪਰਿਭਾਸ਼ਾਵਾਂ ਸਥਾਪਤ ਕਰਨ ਉਤੇ ਬਹੁਤਾ ਜ਼ੋਰ ਨਹੀਂ ਦਿੰਦੇ। ਉਨ੍ਹਾਂ ਅਨੁਸਾਰ ਇਸ ਪਖੋਂ, ਦੁਨੀਆਂ ਵਿਚ ਦੋ ਤਰ੍ਹਾਂ ਦੇ ਲੋਕ ਹੀ ਹਨ ਜਾਂ ਭਗਤ ਅਤੇ ਜਾਂ ਸੰਸਾਰੀ। ਗੁਰੂ ਨਾਨਕ ਦੇਵ ਨੇ ਇਹਨਾਂ ਵਾਸਤੇ ਗੁਰਮੁਖ ਅਤੇ ਮਨਮੁਖ ਸ਼ਬਦ ਵਰਤੇ ਹਨ। ਇਸ਼ਾਰੇ ਮਾਤਰ ਇਥੇ ਇਹ ਗੱਲ ਕਹਿਣੀ ਵੀ ਠੀਕ ਰਹੇਗੀ ਕਿ ਗੁਰੂ ਨਾਨਕ ਦੁਆਰਾ ਚਿਤਰਿਤ ਭਗਤ ਦੇ ਕਿਰਦਾਰ ਦੀ ਅਸਲ ਪ੍ਰੀਖਿਆ ਉਸ ਦਾ ਸਮਾਜਿਕ ਵਿਹਾਰ ਹੈ। ਜੋ ਭਗਤ ਹੈ, ਅਰਥਾਤ ਗੁਰਮੁਖ ਹੈ ਉਸ ਅੰਦਰ ਦੂਸਰਿਆਂ ਦਾ ਭਲਾ ਕਰਨ ਦਾ ਉਮਾਹ ਰਹਿੰਦਾ ਹੈ। ਉਸ ਦੀ ਵਿਅਕਤੀਗਤ ਸੰਤੁਸ਼ਟਤਾ ਹੀ ਦੂਸਰਿਆਂ ਦਾ ਭਲਾ ਕਰਕੇ ਹੁੰਦੀ ਹੈ ਪਰ ਇਸ ਦੇ ਉਲਟ ਮਨਮੁਖ ਨੂੰ ਨਿੱਜ ਤੋਂ ਪਰੇ ਕੁਝ ਨਹੀਂ ਦਿਸਦਾ। ਹਰ ਕਿਸਮ ਦਾ ਗੁਨਾਹ ਉਹ ਨਿੱਜ ਦੀ ਸੰਤੁਸ਼ਟਤਾ ਲਈ ਕਰਦਾ ਹੈ। ਇਸੇ ਕਰਕੇ ਗੁਰੂ ਨਾਨਕ ਦੀ ਬਾਣੀ ਭਗਤ ਦੇ ਕਿਰਦਾਰ ਦਾ ਇਕ ਇਮਤਿਹਾਨ ਵੀ ਹੈ।

---

1. ਗੁਰ ਸਾਗਰੁ ਰਤਨੀ ਭਰਪੂਰੇ।
ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ।
ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ।
ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ।
ਕਿਆ ਬਗੁ ਬਪੁੜਾ ਛਪੜੀ ਨਾਇ।
ਕੀਚੜਿ ਡੂਬੈ ਮੈਲੁ ਨ ਜਾਇ। ਰਹਾਉ।
(ਧਨਾਸਰੀ ਰਾਗੁ, ਅਸਟਪਦੀਆਂ, ਆਦਿ ਗ੍ਰੰਥ, ਪੰਨਾ ੬੮੫ )

ਇਸ ਤਰ੍ਹਾਂ ਉਪਰੋਕਤ ਵਿਚਾਰ ਤੋਂ ਇਹ ਸਪਸ਼ਟ ਹੈ ਕਿ ਗੁਰੂ ਨਾਨਕ ਦੀ ਕਾਵਿ ਰਚਨਾ ਵਿਚ ਭਗਤੀ ਅਤੇ ਇਸ ਨਾਲ ਸੰਬੰਧਿਤ ਤੱਤਾਂ ਅਤੇ ਅੰਗਾਂ ਨੂੰ ਪੂਰਨ ਮਹੱਤਵ ਪ੍ਰਾਪਤ ਹੈ। ਪਰ ਇਸ ਦੇ ਨਾਲ ਹੀ ਸਾਨੂੰ ਇਹ ਭੀ ਪਤਾ ਹੈ ਕਿ ਵੇਦਾਂਤ ਵਿਚ ਭਗਤੀ ਨੂੰ ਉਹ ਥਾਂ ਪ੍ਰਾਪਤ ਨਹੀਂ ਜਿਹੜੀ ਕਿ ਗੁਰੂ ਨਾਨਕ ਦੀ ਬਾਣੀ ਵਿਚ ਇਸ ਨੂੰ ਪ੍ਰਾਪਤ ਹੈ। ਇਸ ਫ਼ਰਕ ਨੂੰ ਸਾਹਮਣੇ ਰਖਦਿਆਂ ਹੋਇਆਂ ਵੇਦਾਂਤ ਅਤੇ ਭਗਤੀ ਦਾ ਪਰਸਪਰ ਸੰਬੰਧ ਕੀ ਹੋਵੇਗਾ, ਇਹ ਸਮਸਿਆ ਵਿਚਾਰ ਦੀ ਮੰਗ ਕਰਦੀ ਹੈ। ਚੰਗਾ ਇਹ ਹੀ ਹੋਵੇਗਾ ਕਿ ਇਸ ਪੱਖ ਨੂੰ ਸਮਾਪਨ ਅਧਿਆਇ ਦੇ ਅੰਤ ਉਪਰ ਹੀ ਲਿਆਂਦਾ ਜਾਵੇ ਅਤੇ ਇਹੋ ਹੀ ਮੇਰੀ ਯੋਜਨਾ ਹੈ।

## ਗਿਆਨ ਮਾਰਗ

ਗਿਆਨ ਦਾ ਸ਼ਾਬਦਿਕ ਅਰਥ ਕਿਸੇ ਚੀਜ਼ ਦੀ ਵਾਸਤਵਿਕਤਾ ਨੂੰ ਜਾਣਨਾ ਹੈ। ਵੇਦਾਂਤ ਵਿਚ ਗਿਆਨ ਤੋਂ ਭਾਵ ਬ੍ਰਹਮ ਗਿਆਨ ਹੀ ਲਿਆ ਜਾਂਦਾ ਹੈ। ਇਹ ਅਦਵੈਤ ਬ੍ਰਹਮ ਦੀ ਪਛਾਣ ਲਈ ਜ਼ਰੂਰੀ ਹੈ। ਗਿਆਨ ਦੀ ਤੁਲਨਾ ਇਕ ਅਜੇਹੇ ਦੀਪਕ ਨਾਲ ਕੀਤੀ ਗਈ ਹੈ, ਜਿਸ ਦੀ ਪ੍ਰਜਵਲਿਤ ਜੋਤ ਵਿਚ ਚੀਜ਼ਾਂ ਤੇ ਵਿਸ਼ਿਆਂ ਸੰਬੰਧੀ ਵਾਸਤਵਿਕ ਗਿਆਨ ਪ੍ਰਾਪਤ ਹੁੰਦਾ ਹੈ। ਗਿਆਨ ਮਾਰਗ ਤੋਂ ਭਾਵ ਹੈ ਸਾਧਕ ਦਾ ਬ੍ਰਹਮ ਸਥਿਤੀ ਪ੍ਰਾਪਤ ਕਰਨਾ।[1] ਸਾਧਕ ਜੋ ਕੁਝ ਵੀ ਕਰਦਾ ਹੈ ਉਸ ਨੂੰ ਬ੍ਰਹਮ ਦੇ ਅਰਪਨ ਕਰਦਾ ਹੈ।[2]

ਭਗਵਤ ਗੀਤਾ ਵਿਚ ਗਿਆਨ ਤਿੰਨ ਤਰ੍ਹਾਂ ਦਾ ਕਿਹਾ ਗਿਆ ਹੈ। ਸਾਤਵਿਕ ਰਾਜਸੀ ਤੇ ਤਾਮਸੀ। ਜਿਸ ਗਿਆਨ ਦੁਆਰਾ ਮਨੁਖ ਵੱਖ ਵੱਖ ਇਨਸਾਨਾਂ ਵਿਚ ਇਕ ਅਬਿਨਾਸ਼ੀ ਪਰਮਾਤਮ ਭਾਵ ਨੂੰ ਵਿਕਾਰ ਰਹਿਤ, ਸਮਭਾਵ ਨਾਲ ਸਥਿਤ ਵੇਖਦਾ ਹੈ ਉਹ ਗਿਆਨ ਸਾਤਵਿਕ ਹੈ।[3] ਗਿਆਨ ਮਾਰਗ ਦਾ ਸੰਬੰਧ ਗੀਤਾ ਵਿਚ ਪ੍ਰਗਟਾਏ ਗਏ ਅਜਿਹੇ ਸਾਤਵਿਕ ਗਿਆਨ ਨਾਲ ਹੀ ਹੈ। ਰਾਜਸੀ ਤੇ ਤਾਮਸੀ ਗਿਆਨ ਇਨਸਾਨ ਨੂੰ ਆਪਣੀ ਅਸਲੀ ਮੰਜ਼ਿਲ, ਬ੍ਰਹਮ ਦੀ ਸਾਖਿਆਤ ਅਨੁਭੂਤੀ, ਤੋਂ ਦੂਰ ਕਰਕੇ ਅਗਿਆਨ ਦੀ ਅਵਸਥਾ ਵਿਚ ਹੀ ਰਖਦੇ ਹਨ। ਜਿਥੇ ਗੀਤਾ ਵਿਚ ਸਾਤਵਿਕ ਗਿਆਨ ਅਰਥਾਤ ਆਤਮ ਗਿਆਨ ਦੀ ਮਹੱਤਤਾ ਨੂੰ ਸਵੀਕਾਰਿਆ ਗਿਆ ਹੈ ਉਥੇ ਉਪਨਿਸ਼ਦਾਂ ਵਿਚ ਵੀ ਆਤਮ ਗਿਆਨ ਨੂੰ ਪਰਮ ਲਕਸ਼ ਮੰਨ ਕੇ ਇਸ ਦੀ ਪਾਲਣਾ ਕਰਨ ਉਤੇ ਜ਼ੋਰ ਦਿਤਾ ਗਿਆ ਹੈ।[4] ਇਸ ਤੋਂ ਬਿਨਾਂ ਕੋਈ ਦੂਜਾ ਦ੍ਰਿਸ਼ਟਾ ਨਹੀਂ ਮੰਨਿਆ ਗਿਆ।[5] ਉਪਨਿਸ਼ਦਾਂ ਨੂੰ ਵੇਦਾਂ ਦਾ ਗਿਆਨ ਕਾਂਡ ਕਿਹਾ ਗਿਆ ਹੈ। ਇਹਨਾਂ ਵਿਚ ਗਿਆਨ ਦੇ ਵੱਖ ਵੱਖ ਸਰੂਪਾਂ ਦੀ ਸੂਖਮ ਵਿਆਖਿਆ ਕੀਤੀ ਗਈ ਹੈ। ਸ਼ੰਕਰ ਅਨੁਸਾਰ ਗਿਆਨ ਹੀ ਮੁਕਤੀ ਦੀ ਪ੍ਰਾਪਤੀ ਦਾ ਸਾਧਨ ਹੈ। ਗਿਆਨ ਅਤੇ ਕਰਮ ਦਾ ਵਿਰੋਧ ਸ਼ੰਕਰ ਨੇ ਸਮੁੰਦਰ ਦੇ ਪੂਰਬ ਤੇ ਪਛਮ

---

1. ਭਗਵਦ ਗੀਤਾ 11-72
2. ਉਹੀ, 4-18-24
3. ਉਹੀ 18/20
4. ਮੁੰਡਕ ਉਪਨਿਸ਼ਦ 2/2/5
5. ਬ੍ਰਹਦਾਰਣਯਕ ਉਪਨਿਸ਼ਦ 3/7/23

ਵੱਲ ਜਾਣ ਵਾਲੇ ਪੁਰਖਾਂ ਦੇ ਭਿੰਨ ਭਿੰਨ ਮਾਰਗਾਂ ਦੇ ਵਿਰੋਧ ਸਮਾਨ ਦਰਸਾਇਆ ਹੈ।

ਗਿਆਨ ਦਾ ਅਧਿਕਾਰੀ ਉਹੋ ਹੀ ਵਿਅਕਤੀ ਹੈ ਜਿਸ ਦੇ ਮਨ ਦਾ ਵਿਕਾਸ ਬ੍ਰਹਮ ਗਿਆਨ ਨੂੰ ਸਮਝਣ ਦੇ ਯੋਗ ਹੈ। ਬ੍ਰਹਮ ਗਿਆਨ ਨੂੰ ਗੁਝਾ ਗਿਆਨ ਮੰਨਿਆ ਗਿਆ ਹੈ। ਇਸੇ ਕਰਕੇ ਇਹ ਗਿਆਨ ਕਿਸੇ ਹੋਰ ਨੂੰ ਨਹੀਂ ਸੀ ਦਿਤਾ ਜਾ ਸਕਦਾ। ਕਈ ਲੋਕ ਬ੍ਰਹਮ ਦਾ ਧਿਆਨ ਉਸ ਦੇ ਨਿਰਗੁਣਰੂਪ ਵਿਚ ਨਹੀਂ ਸਨ ਕਰਦੇ, ਇਸ ਲਈ ਉਹ ਭਗਵਾਨ ਦੀਆਂ ਭਿੰਨ ਭਿੰਨ ਮੂਰਤੀਆਂ ਬਣਾ ਕੇ, ਉਨ੍ਹਾਂ ਪ੍ਰਤੀ ਸ਼ਰਧਾ ਪ੍ਰਗਟ ਕਰਦੇ ਸਨ। ਬ੍ਰਹਮ ਗਿਆਨ ਦੀਆਂ ਬਰੀਕੀਆਂ ਨੂੰ ਵਿਰਲੇ ਹੀ ਸਮਝ ਸਕਦੇ ਸਨ।[1]

ਡਾ: ਸਤੀਸ਼ ਚੰਦਰ ਚਟੋਪਾਧਿਆਇ ਦਸਦੇ ਹਨ, "ਵੇਦਾਂਤ ਅਨੁਸਾਰ ਪਰਮ ਪਦ ਦੀ ਪ੍ਰਾਪਤੀ ਆਤਮ ਗਿਆਨ ਦੁਆਰਾ ਹੀ ਹੁੰਦੀ ਹੈ। ਆਤਮ ਗਿਆਨ ਜਾਂ ਆਤਮ ਵਿਦਿਆ ਨੂੰ ਸਰਬ ਸ੍ਰੇਸ਼ਟ ਜਾਂ ਪਰਾ ਵਿਦਿਆ ਕਿਹਾ ਗਿਆ ਹੈ। ਹੋਰ ਸਾਰੀਆਂ ਵਿਦਿਆਵਾਂ ਅਪਰਾ (ਗੌਣ) ਵਿਦਿਆ ਹਨ। ਆਤਮ ਗਿਆਨ ਦੀ ਪ੍ਰਾਪਤੀ ਦੇ ਸਾਧਨ ਹਨ - ਕਾਮ, ਕ੍ਰੋਧ, ਆਦਿ ਬਿਰਤੀਆਂ ਦਾ ਦਮਨ, ਸ੍ਰਵਣ ਮਨਨ ਤੇ ਨਿਧਿਆਸਣ। ਜਦ ਤਤਵ ਗਿਆਨ ਦੁਆਰਾ ਸੰਸਕਾਰਾਂ ਦਾ ਲੋਪ ਹੁੰਦਾ ਹੈ ਤਾਂ ਆਤਮਾ ਦਾ ਸਾਖਿਆਤਕਾਰ ਹੁੰਦਾ ਹੈ।"[2] ਇਸ ਤਰ੍ਹਾਂ ਭਾਰਤੀ ਆਚਾਰੀਆਂ ਨੇ ਪਰਮ ਲਕਸ਼ ਦੀ ਪ੍ਰਾਪਤੀ ਲਈ ਗਿਆਨ ਮਾਰਗ ਉਤੇ ਬਹੁਤ ਜ਼ੋਰ ਦਿਤਾ ਹੈ।

ਗੁਰੂ ਨਾਨਕ ਦੇਵ ਦਾ ਗਿਆਨ ਤੋਂ ਭਾਵ ਆਤਮ ਗਿਆਨ ਹੈ - ਆਤਮਾ ਤੇ ਪਰਮਾਤਮਾ ਦੀ ਅਭੇਦਤਾ, ਪਰਮਾਤਮਾ ਦੀ ਸਰਬ ਸ਼ਕਤੀਮਾਨਤਾ, ਸਰਬਵਿਆਪਕਤਾ, ਪਰਮਾਤਮਾ ਦੀ ਵਿਰਾਟਤਾ ਤੇ ਜੀਵ ਦੀ ਤੁਛਤਾ, ਪਰਮਾਤਮਾ ਦੀ ਸਰਬਗਤਾ ਤੇ ਜੀਵ ਦੀ ਅਲਪਗਤਾ ਦਾ ਗਿਆਨ ਹੀ ਅਸਲ ਵਿਚ ਆਤਮ ਗਿਆਨ ਹੈ। ਗੁਰੂ ਨਾਨਕ ਦੇਵ ਨੇ ਪਰਮਾਤਮਾ ਦੀ ਬਹੁਪੱਖੀ ਸਰਵੋਤਮ ਸ਼ਕਤੀ ਨੂੰ ਸਵੀਕਾਰ ਕੀਤਾ ਹੈ। ਪਰਮਾਤਮਾ ਆਪ ਹੀ ਆਪ ਹੈ ਅਤੇ ਉਸ ਤੋਂ ਬਿਨਾਂ ਦੂਜਾ ਕੋਈ ਨਹੀਂ।[3] ਬ੍ਰਹਮ ਗਿਆਨ ਤੋਂ ਕੋਰੇ ਬੰਦੇ ਪਰਮਾਤਮਾ ਦੀ ਸਰਬ-ਵਿਆਪਕਤਾ

---

1. ਪੰਜਾਬੀ ਸਾਹਿਤ ਕੋਸ਼, ਪੰਨਾ 79
2. ਭਾਰਤੀ ਦਰਸ਼ਨ, ਪੰਨਾ 228
3. ਆਪੇ ਪਟੀ ਕਲਮ ਆਪ ਉਪਰਿ ਲੇਖੁ ਭਿ ਤੂੰ,
   ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ।
   (ਮਲਾਰ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 1291)

ਵਿਚ ਵਿਸ਼ਵਾਸ਼ ਨਾ ਰਖਣ ਕਾਰਨ ਭਟਕਦੇ ਫਿਰਦੇ ਹਨ।[1] ਗੁਰੂ ਨਾਨਕ ਦੇਵ ਨੇ ਜੀਵ ਤੇ ਬ੍ਰਹਮ ਦੀ ਏਕਤਾ ਦੇ ਗਿਆਨ ਨੂੰ ਮੰਨਿਆ ਹੈ। ਵੇਦਾਂਤ ਦਾ ਪ੍ਰਸਿਧ ਸਿਧਾਂਤ 'ਜੀਵੋ ਬ੍ਰਹਮੈਵ' ਗੁਰੂ ਨਾਨਕ ਬਾਣੀ ਵਿਚੋਂ ਉਪਲਬਧ ਹੈ। ਜੀਵ ਤੇ ਬ੍ਰਹਮ ਦਾ ਰਿਸ਼ਤਾ ਸਾਗਰ ਤੇ ਬੂੰਦ ਦੇ ਰਿਸ਼ਤੇ ਦੇ ਸਮਾਨ ਹੈ ਜਿਵੇਂ ਬੂੰਦ ਸਾਗਰ ਵਿਚ ਹੈ ਤੇ ਸਾਗਰ ਬੂੰਦ ਵਿਚ ਹੈ, ਇਸੇ ਤਰ੍ਹਾਂ ਹੀ ਬ੍ਰਹਮ ਜੀਵ ਵਿਚ ਹੈ ਤੇ ਜੀਵ ਬ੍ਰਹਮ ਵਿਚ ਹੈ।[2] ਗੁਰੂ ਨਾਨਕ ਦੇਵ ਇਕ ਹੋਰ ਥਾਂ ਤੇ ਲਿਖਦੇ ਹਨ ਕਿ ਆਤਮਾ ਰਾਮ ਵਿਚ ਹੈ ਤੇ ਰਾਮ ਆਤਮਾ ਵਿਚ ਹੈ ਪਰ ਅਜਿਹੇ ਵਿਚਾਰ ਦੀ ਸੋਝੀ ਗੁਰੂ ਦੇ ਵਿਚਾਰ ਦੁਆਰਾ ਹੀ ਹੁੰਦੀ ਹੈ।[3]

ਗੁਰੂ ਸਾਹਿਬ ਨੇ ਗਿਆਨ ਦੀ ਮਹਤਤਾ ਨੂੰ ਸਵੀਕਾਰਿਆ ਹੈ। ਗਿਆਨ ਤਾਂ ਦੀਪਕ ਸਮਾਨ ਹੈ ਜਿਸ ਦੇ ਚਾਨਣ ਨਾਲ ਅਗਿਆਨ ਦਾ ਅੰਧੇਰਾ ਦੂਰ ਹੋ ਜਾਂਦਾ ਹੈ। ਆਪ ਇਕ ਦ੍ਰਿਸ਼ਟਾਂਤ ਨਾਲ ਇਹ ਗਲ ਇਸ ਤਰ੍ਹਾਂ ਸਮਝਾਉਂਦੇ ਹਨ ਕਿ ਜਿਵੇਂ ਦੀਪਕ ਦੇ ਜਲਣ ਨਾਲ ਹਨੇਰਾ ਦੂਰ ਹੋ ਜਾਂਦਾ ਹੈ, ਵੇਦਾਂ ਦਾ ਪਾਠ ਨਾਲ ਪਾਪਾਂ ਵਾਲੀ ਬੁਧੀ ਨਸ਼ਟ ਹੋ ਜਾਂਦੀ ਹੈ, ਸੂਰਜ ਦੇ ਚੜ੍ਹਣ ਨਾਲ ਚੰਦਰਮਾ ਨਹੀਂ ਦਿਸਦਾ ਇਸੇ ਤਰ੍ਹਾਂ ਹੀ ਗਿਆਨ ਦੇ ਪ੍ਰਕਾਸ਼ ਨਾਲ ਅਗਿਆਨ ਦਾ ਨਾਸ ਹੋ ਜਾਂਦਾ ਹੈ।[4] ਆਪ ਦਾ ਵਿਚਾਰ ਹੈ ਕਿ ਸਾਧਕ ਗਿਆਨ ਦੀ ਤਲਵਾਰ ਦੁਆਰਾ ਆਪਣੇ ਮਨ ਦੀਆਂ ਮਾੜੀਆਂ ਇਛਾਵਾਂ ਨੂੰ ਮਨ ਵਿਚ ਹੀ ਮਾਰ ਕੇ ਰਖ ਦੇਂਦਾ ਹੈ।[5] ਮਨ ਵਿਚਲੀ

---

1. ਗਿਆਨ ਵਿਹੂਣੀ ਭਵੈ ਸਬਾਈ,
   ਸਾਚਾ ਰਵਿ ਰਹਿਆ ਲਿਵ ਲਾਈ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1035)
2. ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ।
   ਉਤ ਭੁਜ ਚਲਤ ਆਪਿ ਕਰ ਚੀਨੈ ਆਪੇ ਤਤੁ ਪਛਾਣੈ।
   (ਰਾਮਕਲੀ ਰਾਗੁ, ਆਦਿ ਗ੍ਰੰਥ, ਪੰਨਾ 878)
3. ਆਤਮ ਮਹਿ ਰਾਮ, ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ
   (ਭੈਰਉ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 1153)
4. ਦੀਵਾ ਬਲੈ ਅੰਧੇਰਾ ਜਾਇ। ਬੇਦ ਪਾਠ ਮਤਿ ਪਾਪਾ ਖਾਇ।
   ਉਗਵੈ ਸੂਰੁ ਨ ਜਾਪੈ ਚੰਦੁ। ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ।
   (ਸੂਹੀ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 791)
5. ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1022)

ਚੰਚਲਤਾ ਗਿਆਨ ਦੁਆਰਾ ਬੰਨ੍ਹੀ ਰਹਿੰਦੀ ਹੈ।[1] ਆਤਮ ਗਿਆਨ ਤਾਂ ਕੀਮਤੀ ਰਤਨ ਦੇ ਸਮਾਨ ਹੈ, ਜਿਸ ਨਾਲ ਮਨ ਦੇ ਅਗਿਆਨ ਦਾ ਨਾਸ਼ ਹੋ ਕੇ ਮਨ ਗਿਆਨ ਨਾਲ ਚਾਨਣਮਈ ਹੋ ਜਾਂਦਾ ਹੈ।[2] ਜਿਨ੍ਹਾਂ ਵਿਅਕਤੀਆਂ ਨੂੰ ਜ਼ਿੰਦਗੀ ਵਿਚ ਆਤਮ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਉਹ ਪਰਮਾਤਮਾ ਦੀ ਦਰਗਾਹ ਵਿਚ ਵਿਕਾਰਾਂ ਨਾਲ ਬੰਨ੍ਹੇ ਹੋਏ ਜਾਂਦੇ ਹਨ।[3] ਅਗਿਆਨੀ ਵਿਅਕਤੀ ਮਨ ਦੀਆਂ ਇਛਾਵਾਂ ਅਨੁਸਾਰ ਜ਼ਿੰਦਗੀ ਬਸਰ ਕਰਨ ਵਾਲਾ ਮਨਮੁਖ ਹੁੰਦਾ ਹੈ ਜਿਸ ਨੂੰ ਨਾ ਤਾਂ ਇਸ ਦੁਨੀਆਂ ਵਿਚ ਕੋਈ ਇਜ਼ਤ ਪ੍ਰਾਪਤ ਹੁੰਦੀ ਹੈ ਤੇ ਨਾ ਹੀ ਅਗਲੀ ਦੁਨੀਆਂ ਵਿਚ ਉਸ ਨੂੰ ਕੋਈ ਸਤਿਕਾਰ ਪ੍ਰਾਪਤ ਹੁੰਦਾ ਹੈ।

ਗਿਆਨ ਪ੍ਰਾਪਤੀ ਦੇ ਸਾਧਨ:

ਗਿਆਨ ਪ੍ਰਾਪਤੀ ਦੀ ਪ੍ਰਕ੍ਰਿਆ ਦਾ ਵਰਣਨ ਕਰਦਿਆਂ ਹੋਇਆਂ ਸ਼ੰਕਰ ਨੇ ਚਾਰ ਸਾਧਨ ਦਸੇ ਹਨ:[4]

1. ਬ੍ਰਹਮ ਹੀ ਕੇਵਲ ਨਿਤ ਹੈ ਅਤੇ ਇਸ ਤੋਂ ਛੁਟ ਸਾਰੇ ਪਦਾਰਥ ਅਨਿਤ ਹਨ - ਇਸ ਦਾ ਵਿਵੇਕ।

2. ਸੰਸਾਰਕ ਤੇ ਪਾਰਲੌਕਿਕ ਸਮਸਤ ਫੱਲਾਂ ਤੇ ਭੋਗ ਤੋਂ ਵੈਰਾਗ ਦਾ ਉਤਪੰਨ ਹੋਣਾ।

3. ਸਮ (ਮਨ ਦੀ ਇਕਾਗਰਤਾ, ਦਮ (ਇੰਦਰੀਆਂ ਨੂੰ ਵਸ ਵਿਚ ਰਖਣਾ), ਉਪਰਤਿ (ਬਿਰਤੀਆਂ ਦਾ ਬਾਹਰੀ ਵਿਸ਼ਿਆਂ ਦਾ ਆਸਰਾ ਨਾ ਲੈਣਾ), ਤਿਤਿਕਸ਼ਾ (ਚਿੰਤਾ ਸ਼ੋਕ ਤੋਂ ਰਹਿਤ ਦੁੱਖਾਂ ਨੂੰ ਸਹਿਨ ਕਰਨਾ), ਸਮਾਧਾਨ (ਸ੍ਰਵਣ ਆਦਿ ਵਿਚ ਚਿਤ ਨੂੰ ਇਕਾਗਰਤਾ ਨਾਲ ਲਾਉਣਾ) ਅਤੇ ਸ਼ਰਧਾ (ਗੁਰੂ ਅਤੇ ਵੇਦਾਂਤ ਵਾਕਾਂ ਵਿਚ ਅਟੁਟ ਵਿਸ਼ਵਾਸ਼)।

4. ਮੁਕਤੀ ਪ੍ਰਾਪਤੀ ਦੀ ਇੱਛਾ ਰਖਣਾ।

ਬ੍ਰਹਮ ਗਿਆਨ ਦੀ ਪ੍ਰਾਪਤੀ ਮਨੁਖ ਨੂੰ ਜ਼ਿੰਦਗੀ ਦੇ ਕਈ ਮਹਤਵਪੂਰਣ ਪੜਾਵਾਂ

---

1. ਗਿਆਨ ਕਾ ਬੱਧਾ ਮਨ ਰਹੈ।
(ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 469)

2. ਗੁਰ ਪ੍ਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨ ਹੋਇ ਉਜਿਆਰਾ।
(ਆਸਾ ਰਾਗੁ, ਆਦਿ ਗ੍ਰੰਥ, ਪੰਨਾ 353)

3. ਬਿਨੁ ਬੂਝੇ ਸਭ ਖਰੀਅਸ ਬੰਧਿ।
(ਬਸੰਤ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 1169)

4. ਸ਼ੰਕਰ, ਵਿਵੇਕ ਚੂੜਾਮਣੀ ਅਤੇ ਉਪਦੇਸ਼ ਸਾਹਸ੍ਰੀ

ਵਿਚੋਂ ਨਿਕਲ ਕੇ ਹੁੰਦੀ ਹੈ। ਅਜਿਹੇ ਪੜਾਵਾਂ ਨੂੰ ਸਾਧਨ ਕਿਹਾ ਜਾਂਦਾ ਹੈ। ਤੁਲਸੀ ਦਾਸ ਨੇ ਰਾਮ ਚਰਿਤ ਮਾਨਸ ਵਿਚ ਗਿਆਨ ਦੇ ਸ਼ਾਸਤਰੀ ਪੱਖ ਦਾ ਵਿਵੇਚਨ ਕਰਦਿਆਂ ਹੋਇਆਂ ਇਸ ਦੀ ਪ੍ਰਾਪਤੀ ਦੇ 15 ਸਾਧਨ ਦਸੇ ਹਨ। ਸਾਤਵਿਕ ਸ਼ਰਧਾ, ਸ਼ੁਭ ਕਰਮ, ਭਾਵ ਦੀ ਪਵਿੱਤਰਤਾ, ਮਨ ਦੀ ਸ਼ੁਧਤਾ, ਧਰਮ ਆਚਰਣ, ਨਿਸ਼ਕਾਮਤਾ, ਸੰਤੋਸ਼ ਆਦਿ ਗੁਣ, ਵਿਚਾਰਸ਼ੀਲਤਾ, ਵੈਰਾਗ, ਯੋਗ, ਬੁਧੀ ਦੀ ਸੁਚੇਤਤਾ, ਚਿਤ ਦੀ ਦ੍ਰਿੜਤਾ, ਸਾਧਕ ਦੀ ਤੇਜ਼ੂਣ ਅਡੋਲਤਾ, ਸੁਹੰਗ ਦਾ ਅਖੰਡ ਜਾਪ ਅਤੇ ਆਤਮ ਅਨੁਭਵ।[1]

ਗੁਰੂ ਨਾਨਕ ਦੇਵ ਨੇ ਗਿਆਨ ਦੇ ਸ਼ਾਸਤਰੀ ਪੱਖ ਉਪਰ ਜ਼ੋਰ ਨਹੀਂ ਦਿਤਾ। ਉਹਨਾਂ ਅਨੁਸਾਰ ਤਾਂ ਗਿਆਨ ਕਥਨ ਕਰਨ ਨਾਲ ਪ੍ਰਾਪਤ ਨਹੀਂ ਹੁੰਦਾ ਸਗੋਂ ਕੇਵਲ ਕਥਨ ਕਰਨ ਨਾਲ ਝਗੜੇ ਪੈਦਾ ਹੁੰਦੇ ਹਨ ਜਿਹੜੇ ਕਿ ਦੁੱਖਾਂ ਦਾ ਕਾਰਣ ਬਣਦੇ ਹਨ।[2] ਗਿਆਨ ਦੀ ਪ੍ਰਾਪਤੀ ਲਈ ਪਰਮਾਤਮਾ ਤੇ ਗੁਰੂ ਦੀ ਕ੍ਰਿਪਾ ਦੀ ਬਹੁਤ ਜ਼ਰੂਰਤ ਹੈ। ਗੁਰੂ ਨਾਨਕ ਬਾਣੀ ਵਿਚ ਪਰਮਾਤਮਾ ਤੇ ਗੁਰੂ ਵਿਚ ਵੱਖਰਤਾ ਦ੍ਰਿਸ਼ਟੀਗੋਚਰ ਨਹੀਂ ਹੁੰਦੀ। ਗੁਰੂ ਸਾਹਿਬ ਦਾ ਵਿਚਾਰ ਹੈ ਕਿ ਪਰਮਾਤਮਾ ਨੇ ਆਪ ਆਪਣੇ ਆਪ ਨੂੰ ਗੁਰੂ ਵਿਚ ਸਥਿਤ ਰਖਿਆ ਹੋਇਆ ਹੈ।[3] ਪਰਮਾਤਮਾ ਤੇ ਗੁਰੂ ਵਿਚ ਕਿਸੇ ਪ੍ਰਕਾਰ ਦਾ ਕੋਈ ਅੰਤਰ ਨਹੀਂ ਹੈ।[4] ਹਰੀ ਤੇ ਗੁਰੂ ਦੀ ਮੂਰਤਿ ਇਕੋ ਹੀ ਵਰਤ ਰਹੀ ਹੈ।[5] ਹਰੀ ਤੇ ਗੁਰੂ ਇਕ ਦੂਜੇ ਨੂੰ ਪਿਆਰੇ ਲਗਦੇ ਹਨ। ਗੁਰੂ ਤੋਂ ਬਿਨਾਂ ਗਿਆਨ ਦੀ ਪ੍ਰਾਪਤੀ

---

1. ਡਾਕਟਰ ਗੋਬਿੰਦ ਤ੍ਰਿਗੁਣਾਇਤ, ਹਿੰਦੀ ਕੀ ਨਿਰਗੁਣ ਕਾਵਿ ਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਠ ਭੂਮੀ, ਪੰਨਾ 480

2. ਗਿਆਨ ਗਿਆਨ ਕਥੈ ਸਭ ਕੋਈ।
   ਕਥਿ ਕਥਿ ਬਾਦੁ ਕਰੇ ਦੁਖੁ ਹੋਈ।
   (ਬਿਲਾਵਲ ਰਾਗੁ, ਆਦਿ ਗ੍ਰੰਥ, ਪੰਨਾ 831)

3. (ੳ) ਗੁਰ ਮਹਿ ਆਪੁ ਰਖਿਆ ਕਰਤਾਰੇ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1024)
   (ਅ) ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ।
   (ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 467)

4. ਬਡੇ ਭਾਗ ਗੁਰੁ ਸੇਵਹਿ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰ।
   (ਗੂਜਰੀ ਰਾਗੁ, ਅਸ਼ਟਪਦੀ, ਆਦਿ ਗ੍ਰੰਥ, ਪੰਨਾ 504)

5. ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1043)

ਨਹੀਂ ਹੋ ਸਕਦੀ।[1] ਵਡੇ ਵਡੇ ਰਿਸ਼ੀ ਮਹਾਤਮਾ ਵੀ ਇਸ ਗਲ ਦੀ ਗਵਾਹੀ ਦੇਂਦੇ ਹਨ। ਗੁਰੂ ਦੀ ਪ੍ਰਾਪਤੀ ਨਾਲ ਹੀ ਗਿਆਨ ਰੂਪੀ ਰਤਨ ਪ੍ਰਾਪਤ ਹੁੰਦਾ ਹੈ ਜਿਸ ਨਾਲ ਕਿ ਅਗਿਆਨ ਦਾ ਅੰਧੇਰਾ ਖਤਮ ਹੋ ਜਾਂਦਾ ਹੈ।[2] ਗੁਰੂ ਤੋਂ ਬਿਨਾਂ ਗਿਆਨ ਨਹੀਂ ਲਭਦਾ[3] ਅਤੇ ਅਗਿਆਨ ਹੀ ਮਨ ਦੀਆਂ ਵਾਸ਼ਨਾਵਾਂ ਨੂੰ ਬੰਨ੍ਹ ਕੇ ਰਖਦਾ ਹੈ। ਗੁਰੂ ਸਾਹਿਬ ਦਾ ਵਿਸ਼ਵਾਸ਼ ਹੈ ਕਿ ਜਿਸ ਸਾਧਕ ਉਤੇ ਮਹਾਨ ਕ੍ਰਿਪਾ ਹੁੰਦੀ ਹੈ ਉਸ ਨੂੰ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਇਸ ਦੇ ਸਿੱਟੇ ਵਜੋਂ ਉਹ ਅਨੰਦ ਤੇ ਖੁਸ਼ੀ ਦੀ ਹਾਲਤ ਵਿਚ ਵਿਚਰਦਾ ਹੈ।

ਗੁਰੂ ਸਾਹਿਬ ਗਿਆਨ ਪ੍ਰਾਪਤੀ ਦਾ ਇਕ ਹੋਰ ਸਾਧਨ ਵੈਰਾਗ ਦਸਦੇ ਹਨ। ਆਪ ਅਨੁਸਾਰ ਸੰਸਾਰਕ ਸੁਖਾਂ ਤੇ ਪਦਾਰਥਾਂ ਵਿਚ ਵੈਰਾਗ ਦੀ ਭਾਵਨਾ ਰਖਣ ਨਾਲ ਹੀ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ।[4] ਆਪ ਨੇ ਜ਼ਿੰਦਗੀ ਦੇ ਹਰ ਖੇਤਰ ਅਰਥਾਤ ਸੰਸਾਰਕ ਪ੍ਰਾਪਤੀਆਂ, ਸਰੀਰਕ ਸੁਖਾਂ ਅਤੇ ਮਾਨ ਸ਼ਾਨ ਇਤਿਆਦਿ ਵਿਚ ਵੈਰਾਗ ਦੀ ਭਾਵਨਾ ਗ੍ਰਹਿਣ ਕਰਨ ਉਤੇ ਜ਼ੋਰ ਦਿਤਾ ਹੈ। ਗ੍ਰਿਹਸਤੀ ਧਰਮ ਦੀ ਉੱਚਤਾ ਸਥਾਪਤ ਕਰਨ ਵਾਲੇ ਗੁਰ ਕਵੀ ਦਾ ਵੈਰਾਗ ਬਾਹਰੀ ਨਹੀਂ ਸਗੋਂ ਅੰਦਰੂਨੀ ਹੈ। ਉਹ ਸੰਸਾਰ ਵਿਚ ਰਹਿੰਦਿਆਂ ਹੋਇਆਂ, ਸੰਸਾਰਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਹੋਇਆਂ ਸਾਧਕ ਨੂੰ ਪਾਣੀ ਵਿਚਲੇ ਕੰਵਲ ਅਤੇ ਨਦੀ ਵਿਚਲੀ ਮੁਰਗਾਬੀ ਵਾਂਗ

---

1. ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ।
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ।
(ਸਿਰੀ ਰਾਗੁ, ਆਦਿ ਗ੍ਰੰਥ, ਪੰਨਾ 59)

2. ਗੁਰ ਪ੍ਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ।
(ਆਸਾ ਰਾਗੁ, ਆਦਿ ਗ੍ਰੰਥ, ਪੰਨਾ 353)

3. ਗਿਆਨ ਕਾ ਬੱਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ।
(ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 469)

4. (ੳ) ਗਿਆਨ ਨ ਗਲੀਏ ਢੂਢੀਐ, ਕਥਨਾ ਕਰੜਾ ਸਾਰ।
ਕਰਮਿ ਮਿਲੈ ਤਾ ਪਾਈਐ, ਹੋਰ ਹਿਕਮਤਿ ਹੁਕਮੁ ਖੁਆਰੁ।
(ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 465)

(ਅ) ਜਿਨ ਕਉ ਨਦਰਿ ਕਰਮੁ ਤਿਨ ਕਾਰ।
ਨਾਨਕ ਨਦਰੀ ਨਦਰਿ ਨਿਹਾਲ।
(ਜਪੁ, ਆਦਿ ਗ੍ਰੰਥ, ਪੰਨਾ 8)

ਨਿਰਲਿਪਤ ਹੋਣ ਦੀ ਪ੍ਰੇਰਨਾ ਦੇਂਦੇ ਹਨ।[1] ਉਨ੍ਹਾਂ ਅਨੁਸਾਰ ਸੰਸਾਰਕ ਸੰਬੰਧ ਸਾਰੇ ਹੀ ਨਾਸ਼ਮਾਨ ਹਨ। ਇਹਨਾਂ ਦਾ ਸਾਥ ਛਿਨਭੰਗਰ ਦਾ ਹੀ ਹੈ। ਜੀਵ ਦਾ ਅਸਲ ਸਾਥ ਪਰਮਾਤਮਾ ਦਾ ਹੈ ਜਿਹੜਾ ਕਿ ਗੁਰੂ ਦੁਆਰਾ ਸਥਾਪਤ ਹੁੰਦਾ ਹੈ ਅਤੇ ਜੋ ਅੰਤ ਤਕ ਟੁਟਦਾ ਨਹੀਂ।[2]

ਗੁਰੂ ਨਾਨਕ ਬਾਣੀ ਵਿਚ ਪਰਮਾਤਮਾ ਦੇ ਗੁਣਾਂ ਅਤੇ ਵਡਿਆਈਆਂ ਨੂੰ ਸੁਣਨਾ ਜ਼ਰੂਰੀ ਦਸਿਆ ਗਿਆ ਹੈ। ਅਜਿਹਾ ਗਿਆਨ ਸੁਣਨ ਨਾਲ ਵਡੇ ਵਡੇ ਸਿਧਾਂ ਤੇ ਪੀਰਾਂ ਦੀਆਂ ਅਵਸਥਾਵਾਂ ਤੇ ਪਹੁੰਚਿਆ ਜਾ ਸਕਦਾ ਹੈ। ਸੱਚ ਅਤੇ ਸੰਤੋਖ ਲਈ ਅਮੋਲਕ ਗਿਆਨ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਪਰਮਾਤਮਾ ਦੇ ਗੁਣਾਂ ਦਾ ਪਾਰਾਵਾਰ ਪਾਇਆ ਜਾ ਸਕਦਾ ਹੈ।[3]

ਪ੍ਰਮਾਤਮਾ ਦੇ ਸੁਣੇ ਹੋਏ ਨਾਮ ਦਾ ਚਿੰਤਨ ਕਰਨ ਨੂੰ ਮਨਨ ਕਹਿੰਦੇ ਹਨ। ਮਨਨ ਵੀ ਗਿਆਨ ਪ੍ਰਾਪਤੀ ਦੀ ਇਕ ਟੇਕ ਹੈ। ਗੁਰੂ ਸਾਹਿਬ ਨੇ ਮਨਨ ਤੇ ਨਿਦਿਆਸਨ ਨੂੰ 'ਮੰਨੈ' ਸ਼ਬਦ ਰਾਹੀਂ ਪੇਸ਼ ਕੀਤਾ ਹੈ। ਪਰਮਾਤਮਾ ਦਾ ਮਨਨ ਕਰਨ ਵਾਲੇ ਵਿਅਕਤੀ ਦੀ ਮਹਾਨਤਾ ਨੂੰ ਕਾਗਜ਼ ਤੇ ਕਲਮ ਦੁਆਰਾ ਪੇਸ਼ ਨਹੀਂ ਕੀਤਾ ਜਾ ਸਕਦਾ, ਅਜਿਹੇ ਸਾਧਕ ਨੂੰ ਪਰਮਾਤਮਾ ਦੇ ਰਸਤੇ ਵਿਚ ਕਿਸੇ ਪ੍ਰਕਾਰ ਦੀ ਰੁਕਾਵਟ ਨਹੀਂ ਪੈਂਦੀ, ਉਹ ਕੇਵਲ ਆਪ ਹੀ ਦੁਨੀਆਂ ਦੇ ਇਸ ਭਵਸਾਗਰ

---

1. ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ।
ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ।
(ਰਾਮਕਲੀ ਰਾਗੁ, ਸਿਧ ਗੋਸਟਿ, ਆਦਿ ਗ੍ਰੰਥ, ਪੰਨਾ 938)

2. ਨਾ ਭੈਣਾ ਭਰਜਾਈਆ ਨਾ ਸੇ ਸਸੁੜੀਆਹ।
ਸਚਾ ਸਾਕੁ ਨ ਤੁਟਈ ਗੁਰੁ ਮੇਲੇ ਸਹੀਆਹ।
(ਮਾਰੂ ਰਾਗੁ, ਕਾਫੀ, ਆਦਿ ਗ੍ਰੰਥ, ਪੰਨਾ 1016)

3. (ੳ) ਸੁਣਿਐ ਸਿਧ ਪੀਰ ਸੁਰਿ ਨਾਥ।
(ਜਪੁ, ਆਦਿ ਗ੍ਰੰਥ, ਪੰਨਾ 2)
(ਅ) ਸੁਣਿਐ ਸਤੁ ਸੰਤੋਖੁ ਗਿਆਨੁ।
(ਜਪੁ, ਆਦਿ ਗ੍ਰੰਥ, ਪੰਨਾ 3)
(ੲ) ਸੁਣਿਐ ਸਰਾ ਗੁਣਾ ਕੇ ਗਾਹ।
(ਜਪੁ, ਆਦਿ ਗ੍ਰੰਥ, ਪੰਨਾ 3)

ਤੋਂ ਨਹੀਂ ਤਰ ਜਾਂਦਾ ਸਗੋਂ ਆਪਣੇ ਪਰਿਵਾਰ ਨੂੰ ਵੀ ਤਾਰ ਲੈ ਜਾਣ ਦਾ ਸਾਧਨ ਬਣ ਜਾਂਦਾ ਹੈ।[1]

ਗੁਰੂ ਸਾਹਿਬ ਨੇ ਹੰਕਾਰ ਨੂੰ ਗਿਆਨ ਦੇ ਰਸਤੇ ਦੀ ਰੁਕਾਵਟ ਦਸਿਆ ਹੈ। ਹੰਕਾਰ ਕਰਨ ਵਾਲਾ ਅਗਿਆਨ ਦੇ ਬੰਧਨਾਂ ਵਿਚ ਫਸਿਆ ਹੋਇਆ ਬਾਰ ਬਾਰ ਜਨਮ ਧਾਰਨ ਕਰਦਾ ਹੈ।[2] ਗੁਰੂ ਦਾ ਸ਼ਬਦ ਹਉਮੈ ਦਾ ਨਾਸ ਕਰਦਾ ਹੈ। ਗੁਰੂ ਦੇ ਸ਼ਬਦ ਰੂਪੀ ਅਨਹਦ ਬਾਣੀ ਦੀ ਪ੍ਰਾਪਤੀ ਨਾਲ ਹਉਮੈ ਦਾ ਬਹੁਤ ਜਲਦੀ ਨਾਸ਼ ਹੋ ਜਾਂਦਾ ਹੈ।[3] ਗੁਰੂ ਦੁਆਰਾ ਜਦੋਂ ਹਉਮੈਂ ਦਾ ਵਿਨਾਸ ਹੋ ਜਾਂਦਾ ਹੈ ਤਾਂ ਸਾਧਕ ਦੇ ਸਾਰੇ ਦੁਖ ਸੰਤਾਪ ਖਤਮ ਹੋ ਜਾਂਦੇ ਹਨ।[4] ਪਰਮਾਤਮਾ ਦੀ ਕ੍ਰਿਪਾ ਜਦੋਂ ਵਿਅਕਤੀ ਤੇ ਹੁੰਦੀ ਹੈ ਤਾਂ ਉਸ ਵਿਚਲੀ ਹਉਮੈ ਮਾਰੀ ਜਾਂਦੀ ਹੈ।[5]

ਗੁਰੂ ਨਾਨਕ ਦੇਵ ਅਨੁਸਾਰ ਗਿਆਨ ਦੀ ਪ੍ਰਾਪਤੀ ਦਾ ਸਭ ਤੋਂ ਵਡਾ ਲਾਭ ਇਹ ਹੈ ਕਿ ਅਗਿਆਨੀ ਜੀਵ ਨੂੰ ਜਿੰਦਗੀ ਦੀ ਅਸਲੀਅਤ ਦੀ ਸੋਝੀ ਹੋ ਜਾਂਦੀ ਹੈ। ਸਾਧਕ ਨੂੰ ਜਿੰਦਗੀ ਦੀ ਮੰਜਲ ਲਭ ਪੈਂਦੀ ਹੈ। ਇਸ ਨਾਲ ਉਸ ਦੀ ਹਸਤੀ ਇਕ ਸਧਾਰਣ ਜੀਵ ਤੋਂ ਉਠ ਕੇ ਸ਼ੇਖਾਂ, ਪੀਰਾਂ ਤੇ ਪਾਤਸ਼ਾਹਾਂ ਤਕ ਪਹੁੰਚ ਜਾਂਦੀ ਹੈ। ਗਿਆਨ ਰੂਪੀ ਰਤਨ ਦੀ ਪ੍ਰਾਪਤੀ ਨਾਲ ਉਸਦੇ ਮਨ ਦੀ ਭਟਕਣਾ ਖ਼ਤਮ ਹੋ ਜਾਂਦੀ ਹੈ ਅਤੇ ਉਸ ਦਾ ਮਨ ਪ੍ਰਭੂ-ਗਿਆਨ ਕਾਰਣ ਪ੍ਰਭੂ ਦੇ ਨਾਮ

---

1. (ੳ) ਮੰਨੇ ਕੀ ਗਤਿ ਕਹੀ ਨ ਜਾਇ।
   (ਜਪੁ, ਆਦਿ ਗ੍ਰੰਥ, ਪੰਨਾ 3)
   (ਅ) ਮੰਨੈ ਮਾਰਗਿ ਠਾਕ ਨ ਪਾਇ।
   (ਜਪੁ, ਆਦਿ ਗ੍ਰੰਥ, ਪੰਨਾ 3)
   (ੲ) ਮੰਨੈ ਪਾਵਹਿ ਮੋਖੁ ਦੁਆਰੁ।
   ਮੰਨੈ ਪਰਵਾਰੈ ਸਾਧਾਰੁ।
   (ਜਪੁ, ਆਦਿ ਗ੍ਰੰਥ, ਪੰਨਾ 3)
2. ਹਉਮੈ ਬੰਧਨ ਬੰਧਿ ਭਵਾਵੈ।
   (ਗਉੜੀ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 227)
3. ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ।
   (ਸਿਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 21)
4. ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ।
   (ਤੁਖਾਰੀ ਰਾਗੁ, ਛੰਤ, ਆਦਿ ਗ੍ਰੰਥ, ਪੰਨਾ 1111)
5. ਜਾ ਹਰਿ ਪ੍ਰਭਿ ਕਿਰਪਾ ਧਾਰੀ। ਤਾ ਹਉਮੈ ਵਿਚਹੁ ਮਾਰੀ।
   (ਰਾਮਕਲੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 879)

ਵਿਚ ਬੰਨ੍ਹਿਆ ਜਾਂਦਾ ਹੈ।[1] ਅਜਿਹੇ ਗਿਆਨ ਨੂੰ ਜ਼ਿੰਦਗੀ ਵਿਚ ਗ੍ਰਹਿਣ ਕਰਨ ਨਾਲ ਸਾਧਕ ਸੱਚੇ ਪਰਮਾਤਮਾ ਦਾ ਸੇਵਕ ਬਣ ਜਾਂਦਾ ਹੈ।[2] ਗਿਆਨ ਦੀ ਪ੍ਰਾਪਤੀ ਹੋਣ ਤੋਂ ਬਾਦ ਸਾਧਕ ਪਰਮਾਤਮਾ ਦਾ ਸਰੂਪ ਬਣ ਜਾਂਦਾ ਹੈ।[3]

ਆਤਮ ਗਿਆਨ ਪ੍ਰਾਪਤ ਕਰ ਚੁਕੇ ਵਿਅਕਤੀ ਨੂੰ ਗੁਰੂ ਨਾਨਕ ਦੇਵ ਨੇ ਗਿਆਨੀ ਕਿਹਾ ਹੈ। ਗਿਆਨੀ ਸੰਬੰਧੀ ਵਿਚਾਰ ਕਰਦੇ ਲਿਖਦੇ ਹਨ ਕਿ ਜੋ ਆਪਣੇ ਅਸਲੀ ਸਰੂਪ ਉਤੇ ਵਿਚਾਰ ਕਰਦਾ ਹੈ, ਉਹ ਗਿਆਨੀ ਹੈ।[4] ਗਿਆਨੀ ਸ਼ਬਦ ਵਿਚ ਲਿਵ ਲਗਾਂਦਾ ਹੈ।[5] ਫਿਰ ਇਕ ਥਾਂ ਤੇ ਗਿਆਨੀ ਕੌਣ ਹੁੰਦਾ ਹੈ ਇਸ ਸੰਬੰਧੀ ਸਵਾਲ ਕਰਕੇ ਆਪ ਹੀ ਉਸ ਦਾ ਉਤਰ ਦੇਂਦੇ ਹਨ ਕਿ ਅਸਲੀ ਸਰੂਪ ਨੂੰ ਪਛਾਣਨ ਵਾਲਾ ਅਤੇ ਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਦੁਆਰਾ ਬ੍ਰਹਮ ਉਤੇ ਵਿਚਾਰ ਕਰਨ ਵਾਲਾ ਗਿਆਨੀ ਹੁੰਦਾ ਹੈ। ਅਜਿਹਾ ਗਿਆਨੀ ਪਰਮਾਤਮਾ ਦੀ ਦਰਗਾਹ ਵਿਚ ਪ੍ਰਵਾਨ ਹੋ ਜਾਂਦਾ ਹੈ।[6] ਅਜਿਹੇ ਗਿਆਨੀ ਵਿਅਕਤੀ ਦਾ ਨਾਸ ਨਹੀਂ ਹੁੰਦਾ ਉਸ ਨੂੰ ਅਮਰਤਵ ਪ੍ਰਾਪਤ ਹੋ ਜਾਂਦਾ ਹੈ। ਪਰਮਾਤਮਾ ਨਾਲ ਸੁਰਤੀ ਲਗਾਉਣ ਦੇ ਸਿੱਟੇ ਵਜੋਂ ਉਹ

---

1. ਕੁੰਭੇ ਬੱਧਾ ਜਲ ਰਹੈ, ਜਲ ਬਿਨੁ ਕੁੰਭੁ ਨ ਹੋਇ।
   (ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 469)
2. ਐਸਾ ਗਿਆਨੁ ਜਪਹੁ ਮਨ ਮੇਰੇ।
   ਹੋਵਹੁ ਚਾਕਰ ਸਾਚੇ ਕੇਰੇ।
   (ਸੂਹੀ ਰਾਗੁ, ਆਦਿ ਗ੍ਰੰਥ, ਪੰਨਾ 728)
3. ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ।
   (ਆਸਾ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 421)
4. ਆਪੁ ਬੀਚਾਰੇ ਸੁ ਗਿਆਨੀ ਹੋਈ।
   (ਗਾਉੜੀ ਰਾਗੁ, ਆਦਿ ਗ੍ਰੰਥ, ਪੰਨਾ 152)
5. ਸੋ ਗਿਆਨੀ ਜਿਨਿ ਸਬਦਿ ਲਿਵ ਲਾਈ।
   (ਬਿਲਾਵਲ ਰਾਗੁ, ਆਦਿ ਗ੍ਰੰਥ, ਪੰਨਾ 831)
6. ਭਣਤਿ ਨਾਨਕ ਗਿਆਨੀ ਕੈਸਾ ਹੋਇ। ਆਪੁ ਪਛਾਣੈ ਬੂਝੈ ਸੋਇ।
   ਗੁਰ ਪਰਸਾਦਿ ਕਰੇ ਬੀਚਾਰੁ। ਸੋ ਗਿਆਨੀ ਦਰਗਹ ਪਰਵਾਣੁ।
   (ਸਿਰੀ ਰਾਗੁ, ਆਦਿ ਗ੍ਰੰਥ, ਪੰਨਾ 25)

ਇਜ਼ਤ ਤੇ ਮਾਣ ਦੀ ਪ੍ਰਾਪਤੀ ਕਰਦਾ ਹੈ।[1]

ਇਸ ਤਰ੍ਹਾਂ ਗੁਰੂ ਨਾਨਕ ਦੇਵ ਨੇ ਆਤਮ ਗਿਆਨ ਨੂੰ ਪਰਮਾਤਮਾ ਦੀ ਪ੍ਰਾਪਤੀ ਦੀ ਬਹੁਤ ਵਡੀ ਜ਼ਰੂਰਤ ਦਸਿਆ ਹੈ। ਇਸ ਤੋਂ ਬਿਨਾਂ ਮਾਇਕ ਪਦਾਰਥਾਂ ਦੀ ਪ੍ਰਾਪਤੀ ਅਤੇ ਸੰਸਾਰਕ ਸੁਖਾਂ ਦੀ ਪ੍ਰਾਪਤੀ ਦੀ ਇੱਛਾ ਅਧੀਨ ਪੈਦਾ ਹੋਏ ਅਗਿਆਨ ਦੀ ਧੁੰਦ ਮੇਟੀ ਨਹੀਂ ਜਾ ਸਕਦੀ। ਅਗਿਆਨ ਤੋਂ ਹੀ ਹਉਮੈ ਤੇ ਕੁਸ਼ਬਿਰਤੀਆਂ ਆਦਿ ਦੀ ਉਤਪਤੀ ਹੁੰਦੀ ਹੈ। ਆਤਮ ਗਿਆਨ ਮਨੁਖੀ ਹਿਰਦਿਆਂ ਵਿਚ ਗਿਆਨ ਦਾ ਪ੍ਰਕਾਸ਼ ਕਰਦਾ ਹੈ ਤੇ ਨਾਲ ਹੀ ਪਰਮਾਤਮਾ ਦੀ ਬਖਸ਼ਸ਼ ਦੇ ਸਿੱਟੇ ਵਜੋਂ, ਬ੍ਰਹਮ ਉਪਰ ਵਿਚਾਰ ਕਰਨ ਕਰਕੇ, ਪਰਮਾਤਮਾ ਦੀ ਦਰਗਾਹ ਵਿਚ ਸਨਮਾਨਿਤ ਹੁੰਦਾ ਹੈ ਤੇ ਅਮਰਤਵ ਦਾ ਅਧਿਕਾਰੀ ਬਣਦਾ ਹੈ।

ਭਾਰਤੀ ਸਾਧਨਾ ਮਾਰਗ ਦੇ ਇਤਿਹਾਸ ਵਿਚ ਅਨੇਕਾਂ ਵਿਧਾਨਾਂ ਜਾਂ ਤਰੀਕਿਆਂ ਵਿਚੋਂ ਇਹ ਚਾਰ ਪ੍ਰਮੁਖ ਹਨ। ਇਹਨਾਂ ਵਿਚੋਂ ਵੀ ਕਰਮ ਅਤੇ ਯੋਗ ਤਾਂ ਅਜਿਹੇ ਤਰੀਕੇ ਹਨ, ਜੋ ਉਂਜ ਹੀ ਤਕਰੀਬਨ ਹਰ ਤਰੀਕੇ ਵਿਚ ਸੰਮਿਲਤ ਹਨ। ਭਗਤੀ ਹੋਵੇ ਜਾਂ ਗਿਆਨ, ਕਰਮ ਅਤੇ ਯੋਗ, ਦੋਹਾਂ ਵਿਚ ਅਤੇ ਹੋਰ ਅਨੇਕਾਂ ਤਰੀਕਿਆਂ ਵਿਚ, ਕਿਸੇ ਨਾ ਕਿਸੇ ਰੂਪ ਵਿਚ ਜਾਂ ਮਾਤਰਾ ਵਿਚ ਇਹ ਮੌਜੂਦ ਰਹਿੰਦੇ ਹਨ ਅਤੇ ਇਸ ਤਰ੍ਹਾਂ ਹਰ ਤਰੀਕੇ ਲਈ ਲਾਜ਼ਮ ਇਹ ਅਨਿਖੜ ਹੀ ਹਨ। ਅਗੇ ਚਲਕੇ ਇਸ ਤਰ੍ਹਾਂ ਚੋਹਾਂ ਵਿਚੋਂ ਸੁਤੰਤਰ ਰੂਪ ਵਿਚ ਦੋ-ਗਿਆਨ ਅਤੇ ਭਗਤੀ ਹੀ ਰਹਿ ਜਾਂਦੇ ਹਨ। ਪਰ ਸਾਡੀ ਵਰਤਮਾਨ ਸਮਸਿਆ ਦੇ ਪ੍ਰਸੰਗ ਵਿਚ, ਵੇਖਣਾ ਇਹ ਹੈ ਕਿ ਗੁਰੂ ਨਾਨਕ ਦੀ ਬਾਣੀ ਵਿਚ ਪ੍ਰਮੁਖਤਾ ਗਿਆਨ ਨੂੰ ਮਿਲੀ ਹੈ ਜਾਂ ਭਗਤੀ ਨੂੰ। ਭਾਰਤੀ ਸਾਧਨਾ ਜਗਤ ਦੇ ਇਤਿਹਾਸ ਵਿਚ ਅਤੇ ਵਿਸ਼ੇਸ਼ ਤੌਰ ਤੇ ਵਿਹਾਰਕ ਸਾਧਨਾ ਦੇ ਖੇਤਰ ਵਿਚ ਇਹ ਮਤਭੇਦ ਆਮ ਰਿਹਾ ਹੈ ਕਿ ਇਹਨਾਂ ਦੋਹਾਂ ਵਿਚੋਂ ਕਿਹੜਾ ਸਾਧਨਾ ਮਾਰਗ ਮੁਖ ਹੈ ਅਤੇ ਕਿਹੜਾ ਸਾਧਨਾ ਮਾਰਗ ਗੌਣ ਹੈ। ਵੇਦਾਂਤ ਮਾਰਗ ਅਤੇ ਗੁਰੂ ਨਾਨਕ ਬਾਣੀ ਵਿਚ ਅਪਣਾਏ ਗਏ ਮਾਰਗ ਦੀ ਸਮਸਿਆ ਵੀ ਇਹੋ ਹੀ ਮਤਭੇਦ ਹੈ।

ਵੇਦਾਂਤ ਦਾ ਪਰਵਾਨਿਤ ਅਤੇ ਮੁਖ ਸਾਧਨਾ ਮਾਰਗ ਗਿਆਨ ਦਾ ਮਾਰਗ ਹੈ। ਪਰ ਇਸ ਦੇ ਕਿਸੇ ਨਾ ਕਿਸੇ ਭੇਦ ਵਿਚ ਜਾਂ ਲਗਭਗ ਸਾਰਿਆਂ ਹੀ ਭੇਦਾਂ ਵਿਚ, ਭਗਤੀ ਕਿਸੇ ਨਾ ਕਿਸੇ ਮਾਤਰਾ ਵਿਚ ਰਹੀ ਹੈ। ਚੌਦਵੀਂ ਪੰਦਰਵੀਂ ਸਦੀ ਵਿਚ ਆ ਕੇ ਵੇਦਾਂਤ ਵਿਚ ਭੀ ਭਗਤੀ ਨੂੰ ਜ਼ਿਆਦਾ

---

1. ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ।
ਗਿਆਨੀ ਜੀਵੈ ਸਦਾ ਸਦਾ ਸੁਰਤੀ ਹੀ ਪਤਿ ਹੋਇ।
(ਸਲੋਕ ਵਾਰਾਂ ਤੇ ਵਧੀਕ, ਆਦਿ ਗ੍ਰੰਥ, ਪੰਨਾ 1412)

ਮਹੱਤਵ ਮਿਲਿਆ ਹੈ। ਪਰ ਸਮੁੱਚੇ ਤੌਰ ਤੇ ਵੇਦਾਂਤ ਵਿਚ ਗਿਆਨ ਦੀ ਪ੍ਰਮੁਖਤਾ ਰਹੀ ਹੈ ਅਤੇ ਭਗਤੀ ਨੂੰ ਗੌਣ ਰੂਪ ਵਿਚ ਹੀ ਰਖਿਆ ਗਿਆ ਹੈ। ਇਹਨਾਂ ਦੋਹਾਂ ਦੀ, ਇਸ ਮਾਰਗ ਵਿਚ ਪਰਸਪਰ ਕੀ ਥਾਂ ਹੈ, ਇਸ ਗਲ ਦਾ ਆਧਾਰ ਸ਼ੰਕਰਾਚਾਰੀਆ ਦਾ ਇਹ ਕਥਨ ਹੀ ਰਿਹਾ ਹੈ।

स्वस्वरूपानुसन्धान भक्तिरित्यभिधीयते[1]

ਗੁਰੂ ਨਾਨਕ ਦੀ ਬਾਣੀ ਵਿਚ ਵੇਦਾਂਤ ਦੇ ਇਸ ਪ੍ਰਮੁਖ ਸਾਧਨ ਅਤੇ ਗੁਰੂ ਨਾਨਕ ਦੁਆਰਾ ਅਪਣਾਈ ਭਗਤੀ ਸਾਧਨਾ ਦਾ ਆਪਸੀ ਸੰਬੰਧ ਕੀ ਹੈ, ਇਸ ਸਥਿਤੀ ਨੂੰ ਗੁਰੂ ਨਾਨਕ ਦੀ ਬਾਣੀ ਵਿਚੋਂ ਇਕ ਮਿਸਾਲ ਰਾਹੀਂ ਸੌਖਾ ਸਪਸ਼ਟ ਕੀਤਾ ਜਾ ਸਕਦਾ ਹੈ।

ਵੇਦਾਂਤ ਵਿਚ ਗਿਆਨ ਪ੍ਰਾਪਤੀ ਦੇ ਤਿੰਨ ਪੜਾ ਮੰਨੇ ਜਾਂਦੇ ਹਨ ਅਤੇ ਇਹ ਤਕਰੀਬਨ ਸਰਵ-ਸਵੀਕ੍ਰਿਤ ਹੀ ਹਨ। ਇਹ ਹਨ: ਸ੍ਰਵਣ, ਮਨਨ ਅਤੇ ਨਿਦਿਧਿਆਸਨ। ਗੁਰੂ ਨਾਨਕ ਰਚਿਤ ਜਪੁਜੀ ਵਿਚ ਇਸ ਤਰ੍ਹਾਂ ਜ਼ਿਕਰ ਆਇਆ ਹੈ:

1. ਸੁਣਿਆ ਮੰਨਿਆ ਮਨ ਕੀਤਾ ਭਾਉ ॥[2]
2. ਗਾਵੀਐ ਸੁਣੀਐ ਮਨ ਰਖੀਐ ਭਾਉ ॥[3]

ਸਪਸ਼ਟ ਹੈ ਕਿ ਗੁਰੂ ਨਾਨਕ ਨੇ ਏਥੇ ਵੇਦਾਂਤ ਦੇ ਪਹਿਲੇ ਦੋ ਪੜਾ ਸ੍ਰਵਣ ਤੇ ਮਨਨ ਤਾਂ ਰਖ ਲਏ ਹਨ ਪਰ ਤੀਜਾ ਨਿਦਿਧਿਆਸਨ ਬਦਲ ਕੇ ਉਸ ਦੀ ਥਾਂ ਤੇ ਸ਼ਬਦ ਭਾਉ ਪਾ ਦਿਤਾ ਹੈ। ਇਥੇ ਹੀ ਸਾਰੀ ਗਲ ਸਪਸ਼ਟ ਹੋ ਜਾਂਦੀ ਹੈ। ਵੇਦਾਂਤ ਵਿਚ ਸ੍ਰਵਣ ਤੇ ਮਨਨ ਦੁਆਰਾ ਨਿਦਿਧਿਆਸਨ (ਸਥਿਰ ਆਸਨ) ਦੀ ਪ੍ਰਾਪਤੀ ਲਕਸ਼ ਹੈ ਪਰ ਗੁਰੂ ਨਾਨਕ ਵਿਚ ਸ੍ਰਵਣ ਤੇ ਮਨਨ ਦੁਆਰਾ ਭਾਉ (ਰਾਗਾਤਮਕ ਪ੍ਰੇਮ) ਦੀ ਪ੍ਰਾਪਤੀ ਲਕਸ਼ ਹੈ। ਇੰਜ ਸ਼ਕਤੀਸ਼ਾਲੀ ਗਿਆਨ ਮਾਰਗ ਦੇ ਦੋ ਪੜਾ ਗੁਰੂ ਨਾਨਕ ਨੇ ਆਪਣੇ ਆਦਰਸ਼, ਭਾਉ, ਦੀ ਪ੍ਰਾਪਤੀ ਲਈ ਵਰਤਣ ਵਾਸਤੇ ਆਦੇਸ਼ ਦਿਤਾ ਹੈ। ਭਾਵ ਇਹ ਕਿ ਗੁਰੂ ਨਾਨਕ ਦੇਵ ਨੇ ਭਗਤੀ ਦੇ ਆਦਰਸ਼ ਭਾਉ ਦੀ ਪ੍ਰਾਪਤੀ ਲਈ ਗਿਆਨ ਮਾਰਗ ਦੁਆਰਾ ਉਪਲਬਧ ਸਾਧਨ ਵਰਤੇ ਹਨ। ਅਤੇ ਇੰਜ ਗਿਆਨ ਦੁਆਰਾ ਪ੍ਰਬਲ ਭਗਤੀ ਨੂੰ ਹੀ ਸਵੀਕ੍ਰਿਤੀ ਦਿਤੀ ਹੈ। ਗੁਰੂ ਨਾਨਕ ਦੀ ਭਗਤੀ ਦੇ ਸਾਧਨ ਪਰੰਪਰਾਗਤ ਅਰਥਾਤ ਸਰੀਰਕ ਕਰਮਕਾਂਡ

---

1. ਵਿਵੇਕ ਚੂੜਾਮਣੀ, 32
2. ਜਪੁ, 21, ਆਦਿ ਗ੍ਰੰਥ, ਪੰਨਾ 4
3. ਜਪੁ, 5, ਆਦਿ ਗ੍ਰੰਥ, ਪੰਨਾ 2

ਨਹੀਂ ਬਲਕਿ ਗਿਆਨ ਦੀ ਜੋਤੀ ਹੈ। ਇੰਜ ਵੇਦਾਂਤ ਗੁਰੂ ਨਾਨਕ ਦੇ ਆਦਰਸ਼ ਪ੍ਰਾਪਤੀ ਦੇ ਮਾਰਗ ਦਾ ਇਕ ਅਨਿਖੜ ਅੰਗ ਅਤੇ ਸ਼ਕਤੀਸ਼ਾਲੀ ਪੂਰਕ ਬਣਿਆ ਹੈ। ਇਸੇ ਕਰਕੇ ਸਾਰੀ ਬਾਣੀ ਵਿਚ, ਥਾਂ ਪਰ ਥਾਂ ਗਿਆਨ (ਪਖੰਡ ਨੂੰ ਛਡ ਕੇ) ਦੀ ਜੋਤੀ (ਜਿਸ ਦਾ ਵੇਦਾਂਤ ਪ੍ਰਚਾਰਕ ਹੈ) ਦੀ ਆਵਸ਼ਕਤਾ ਉਤੇ ਬਲ ਅਤੇ ਮਨੁਖੀ ਕਿਰਦਾਰ ਨੂੰ ਰੋਸ਼ਨ ਕਰਨ ਹਿਤ ਇਸ ਦੀ ਦੇਣ ਦੀ ਪ੍ਰਸੰਸਾ ਕੀਤੀ ਮਿਲਦੀ ਹੈ।

ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਗੁਰੂ ਨਾਨਕ ਨੇ ਵੇਦਾਂਤ ਨੂੰ ਉਸ ਹਦ ਤਕ ਤਾਂ ਸਵੀਕ੍ਰਿਤੀ ਦਿਤੀ ਹੈ, ਜਿਥੋਂ ਤਕ ਇਹ ਭਗਤੀ-ਸਾਧਨਾ ਵਿਚ ਸਹਾਇਕ ਹੋਵੇ, ਪਰ ਇਸ ਨੂੰ ਮਨੁਖੀ ਹੋਂਦ ਦੇ ਅੰਤਮ ਹਲ ਦੇ ਰੂਪ ਵਿਚ ਸਵੀਕਾਰ ਨਹੀਂ ਕੀਤਾ। ਇੰਜ ਵੇਦਾਂਤ ਗੁਰੂ ਨਾਨਕ ਬਾਣੀ ਵਿਚ ਨਵੀਂ ਥਾਂ, ਨਵਾਂ ਕਿਰਦਾਰ, ਨਵੇਂ ਅਰਥ ਅਤੇ ਨਵਾਂ ਸਾਧਨਾ ਮਾਰਗ ਬਣਕੇ ਆਇਆ ਹੈ। ਇਸ ਗਲ ਨੂੰ ਦੋ ਤਰੀਕਿਆਂ ਨਾਲ ਸਪਸ਼ਟ ਕੀਤਾ ਜਾ ਸਕਦਾ ਹੈ। ਜੇ ਗੁਰੂ ਨਾਨਕ ਨੂੰ ਵੇਦਾਂਤੀ ਮੰਨ ਲਿਆ ਜਾਵੇ ਤਾਂ ਉਹ ਇਕ ਐਸਾ ਵੇਦਾਂਤੀ ਹੈ ਜਿਸ ਨੇ ਗਿਆਨ ਨੂੰ ਭਗਤੀ ਦਾ ਪੂਰਕ ਮੰਨਿਆ ਹੈ ਅਰਥਾਤ ਭਗਤੀ ਨੂੰ ਵੇਦਾਂਤ ਦਾ ਅੰਤਮ ਨਕਸ਼ ਮੰਨਿਆ ਹੈ। ਅਤੇ ਜੇ ਉਸਨੂੰ ਭਗਤੀ-ਅਵਲੰਬੀ ਮੰਨ ਲਿਆ ਜਾਵੇ ਤਾਂ ਉਹ ਇਕ ਐਸਾ ਸਾਧਕ ਹੈ ਜਿਸ ਨੇ ਭਗਤੀ ਦੇ ਸਹਾਇਕ ਵਜੋਂ ਹੀ ਗਿਆਨ ਨੂੰ ਸਵੀਕਾਰ ਕੀਤਾ ਹੈ। ਦੋਹਾਂ ਤਰੀਕਿਆਂ ਨਾਲ ਸੋਚਿਆਂ, ਨਤੀਜਾ ਇਹੀ ਨਿਕਲਦਾ ਹੈ ਕਿ ਗੁਰੂ ਨਾਨਕ ਬਾਣੀ ਵਿਚੋਂ ਪ੍ਰਾਪਤ ਵੇਦਾਂਤਕ ਅੰਸ਼ਾਂ ਨੂੰ ਪਰੰਪਰਾਗਤ ਅਰਥਾਂ ਵਿਚ ਨਹੀਂ ਰਖਿਆ ਜਾ ਸਕਦਾ, ਬਲਕਿ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਪਰੰਪਰਾਗਤ ਰੂੜ੍ਹੀਆਂ ਤੋਂ ਅਗੇ ਵਧ ਕੇ, ਗੁਰੂ ਨਾਨਕ ਵਿਚ ਵੇਦਾਂਤ ਨੂੰ ਨਵੀਆਂ ਰੂੜ੍ਹੀਆਂ ਮਿਲੀਆਂ ਹਨ, ਨਵੀਂ ਵਿਆਖਿਆ ਮਿਲੀ ਹੈ ਅਤੇ ਇਸ ਤਰ੍ਹਾਂ ਗੁਰੂ ਨਾਨਕ ਦਾ ਵੇਦਾਂਤ ਸੰਕਲਪ ਆਪਣਾ ਮੌਲਿਕ ਅਤੇ ਵਿਲਖਣ ਹੈ।

## ਕਰਮ ਮਾਰਗ

ਇਨਸਾਨ ਦੁਆਰਾ ਕੀਤਾ ਗਿਆ, ਸਰੀਰਕ ਜਾਂ ਮਾਨਸਿਕ, ਕਾਰਜ ਅਤੇ ਕ੍ਰਿਆ ਕਰਮ ਅਖਵਾਉਂਦਾ ਹੈ। ਇਸ ਕਰਮ ਅਨੁਸਾਰ ਹੀ ਦੇਹ ਸੰਪੰਨ ਜੀਵਆਤਮਾ ਨੂੰ ਫਲ ਭੁਗਤਣਾ ਪੈਂਦਾ ਹੈ। ਇਸੇ ਨੂੰ ਹੀ ਕਰਮਵਾਦ ਦਾ ਸਿਧਾਂਤ ਕਿਹਾ ਜਾਂਦਾ ਹੈ। ਵੇਦ ਕਾਲ ਤੋਂ ਹੀ ਤਕਰੀਬਨ, ਸਭ ਭਾਰਤੀ ਦਰਸ਼ਨ ਨੇ, ਕਰਮਵਾਦ ਦੇ ਸਿਧਾਂਤ ਨੂੰ ਮੰਨਿਆ ਹੈ, ਕੀਤੇ ਗਏ ਸ਼ੁਭ ਕਰਮਾਂ ਤੋਂ ਪਰਮਾਤਮਾ ਦੀ ਦਰਗਾਹ ਵਿਚ ਸੁਖ ਅਤੇ ਮਾੜੇ ਕਰਮਾਂ ਤੋਂ ਮਿਲਣ ਵਾਲੇ ਦੁਖ ਸੰਬੰਧੀ ਵਿਚਾਰ ਕੀਤੀ ਗਈ ਹੈ। ਨਾਮ ਸਿਮਰਨ ਅਤੇ ਸੇਵਾ ਆਦਿਕ ਨਿਸ਼ਕਾਮ ਕਰਮਾਂ ਨੂੰ ਸ਼ੁਭ ਕਰਮ ਮੰਨਿਆ ਗਿਆ ਹੈ। ਭਗਵਦ ਗੀਤਾ ਵਿਚ ਇਸ ਦ੍ਰਿਸ਼ਟੀਕੋਣ ਨੂੰ ਕਰਮ-ਯੋਗ ਦੇ ਰੂਪ ਵਿਚ ਸਵੀਕਾਰਿਆ ਗਿਆ ਹੈ।

ਵੇਦਾਂਤ ਦਰਸ਼ਨ ਦੇ ਰਚਣਹਾਰ ਸ੍ਰੀ ਵਿਆਸ ਨੇ ਤਿੰਨ ਤਰ੍ਹਾਂ ਦੇ ਕਰਮਾਂ ਦੀ ਹੋਂਦ ਨੂੰ ਸਵੀਕਾਰਿਆ ਹੈ: ਸੰਚਿਤ, ਪ੍ਰਾਰਬਧ, ਅਤੇ ਕ੍ਰਿਆਮਾਨ। ਪੂਰਬ ਕਾਲ ਵਿਚ ਧਾਰਨ ਕੀਤੇ ਗਏ ਜਨਮਾਂ ਵਿਚ ਕੀਤੇ ਗਏ ਕਰਮਾਂ ਨੂੰ ਸੰਚਿਤ ਕਰਮ, ਸੰਚਿਤ ਕਰਮਾਂ ਵਿਚ ਜੀਵ ਵਲੋਂ ਭੋਗੇ ਜਾਣ ਵਾਲੇ ਪਹਿਲੇ ਕਰਮਾਂ ਨੂੰ ਪ੍ਰਾਰਬਧ ਕਰਮ ਅਤੇ ਗਿਆਨ ਪ੍ਰਾਪਤੀ ਤੋਂ ਪਹਿਲਾਂ ਜਾਂ ਪਿਛੋਂ ਇਸ ਵਰਤਮਾਨ ਜੀਵਨ ਵਿਚ ਕੀਤੇ ਗਏ ਕਰਮ ਕ੍ਰਿਆਮਾਨ ਕਰਮ ਕਹੇ ਜਾਂਦੇ ਹਨ।

ਗੁਰੂ ਨਾਨਕ ਦੇਵ ਕਰਮਵਾਦ ਦੇ ਪੂਰੇ ਵਿਸ਼ਵਾਸੀ ਹਨ। ਉਹਨਾਂ ਦਾ ਵਿਚਾਰ ਹੈ ਕਿ ਜਦੋਂ ਪਰਮਾਤਮਾ ਦੇ ਹੁਕਮ ਅਨੁਸਾਰ ਸ੍ਰਿਸ਼ਟੀ ਦੀ ਸਿਰਜਣਾ ਹੋਈ ਤਾਂ ਨਾਲ ਹੀ ਉਸ ਨੇ ਕਰਮਾਂ ਦੀ ਵੀ ਸਿਰਜਣਾ ਕਰ ਦਿਤੀ। ਇਸ ਧਰਤੀ ਉਤੇ ਸਾਰੇ ਹੀ ਪਰਮਾਤਮਾ ਦੁਆਰਾ ਲਿਖੇ ਹੋਏ ਲੇਖਾਂ ਅਨੁਸਾਰ ਹੀ ਕਰਮ ਕਮਾਉਂਦੇ ਹਨ।[1]

ਇਸ ਸ੍ਰਿਸ਼ਟੀ ਉਤੇ ਇਨਸਾਨ, ਬਹੁਤੀ ਭਜ ਦੌੜ ਦੇ ਬਾਵਜੂਦ, ਉਹੋ ਕੁਝ ਹੀ ਪ੍ਰਾਪਤ ਕਰ ਸਕਦਾ ਹੈ, ਜੋ ਉਸ ਦੇ ਪੂਰਬਲੇ ਕਰਮਾਂ ਅਨੁਸਾਰ ਕੀਤਾ ਹੁੰਦਾ ਹੈ।[2] ਇਥੇ ਜੀਵਾਂ ਨੂੰ ਉਹੋ ਕੁਝ ਹੀ

---

1. ਸੁੰਨਹੁ ਉਪਜੇ ਦਸ ਅਵਤਾਰਾ। ਸ੍ਰਿਸਟਿ ਉਪਾਇ ਕੀਆ ਪਾਸਾਰਾ।
ਦੇਵ ਦਾਨਵ ਗਣ ਗੰਧਰਬ ਸਾਜੇ। ਸਭਿ ਲਿਖਿਆ ਕਰਮ ਕਮਾਇਦਾ।
(ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1038)

2. ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ।
(ਤਿਲੰਗ ਰਾਗੁ, ਆਦਿ ਗ੍ਰੰਥ, ਪੰਨਾ 722)

ਫੱਲ ਪ੍ਰਾਪਤ ਹੁੰਦਾ ਹੈ ਜਿਹੜਾ ਕਿ ਉਸ ਨੇ ਕਾਰਜ ਕੀਤਾ ਹੁੰਦਾ ਹੈ।[1] ਜੀਵ ਇਸ ਧਰਤੀ ਉਤੇ ਉਹੋ ਕੁਝ ਹੀ ਖਾਂਦਾ ਹੈ ਜੋ ਕਿ ਉਸ ਨੇ ਬੀਜਿਆ ਹੁੰਦਾ ਹੈ।[2]

ਇਨਸਾਨ ਨੂੰ ਕਰਮ ਕਰਨ ਦੀ ਪ੍ਰੇਰਣਾ ਉਸ ਦੇ ਨਿੱਜੀ ਸੁਭਾ ਤੋਂ ਮਿਲਦੀ ਹੈ। ਦੂਸਰੇ ਸ਼ਬਦਾਂ ਵਿਚ ਇਨਸਾਨ ਆਪਣੇ ਬਣੇ ਹੋਏ ਸੁਭਾ ਅਨੁਸਾਰ ਹੀ ਜ਼ਿੰਦਗੀ ਵਿਚ ਕਰਮ ਕਰਦਾ ਹੈ। ਸੁਭਾ ਤਾਂ ਇਨਸਾਨ ਨੂੰ ਵਿਰਸੇ ਵਿਚੋਂ ਪ੍ਰਾਪਤ ਹੋਇਆ ਹੁੰਦਾ ਹੈ। ਉਸ ਦਾ ਸੁਭਾ ਉਸ ਦੀ ਆਤਮਾ ਵਲੋਂ ਪਿਛਲੇ ਜਨਮਾਂ ਵਿਚ ਕੀਤੇ ਗਏ ਸੰਸਕਾਰਾਂ ਜਾਂ ਕਾਰਜਾਂ ਦੇ ਸਿਟੇ ਵਜੋਂ ਹੋਂਦ ਵਿਚ

---

1. ਫਲੁ ਤੇ ਵੇਹੋ ਪਾਈਐ ਜੇਵੇਹੀ ਕਾਰ ਕਮਾਈਐ।
(ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 468)

2. (ੳ) ਕਰਿ ਕਰਿ ਕਰਣਾ ਲਿਖਿ ਲੈ ਜਾਹੁ।
ਆਪੇ ਬੀਜਿ ਆਪੇ ਹੀ ਖਾਹੁ।
(ਜਪੁ, ਆਦਿ ਗ੍ਰੰਥ, ਪੰਨਾ 4)

(ਅ) ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ।
(ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 470)

(ੲ) ਫਲ ਤੇ ਵੇਹੋ ਪਾਈਐ ਜੇਵੇਹੀ ਕਾਰ ਕਮਾਈਐ।
(ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 468)

(ਸ) ਕਰਮੀ ਕਰਮੀ ਹੋਇ ਵੀਚਾਰੁ।
ਸਚਾ ਆਪਿ ਸਚਾ ਦਰਬਾਰੁ।
(ਜਪੁ, ਆਦਿ ਗ੍ਰੰਥ, ਪੰਨਾ 7)

(ਹ) ਚੰਗਿਆਈਆਂ ਬੁਰਿਆਈਆਂ ਵਾਚੇ ਧਰਮ ਹਜ਼ੂਰਿ।
ਕਰਮੀ ਆਪੋ ਆਪਣੀ ਕੈ ਨੇੜੈ ਕੈ ਦੂਰਿ।
(ਜਪੁ, ਆਦਿ ਗ੍ਰੰਥ, ਪੰਨਾ 8)

(ਕ) ਮਤੁ ਕੋ ਜਾਣੈ ਜਾਇ ਅਗੈ ਪਾਇਸੀ।
ਜੇਹੇ ਕਰਮ ਕਮਾਇ ਤੇਹਾ ਹੋਇਸੀ।
(ਸੂਹੀ ਰਾਗੁ, ਆਦਿ ਗ੍ਰੰਥ, ਪੰਨਾ 730)

ਆਉਂਦਾ ਹੈ। ਜਿਤਨੀ ਦੇਰ ਤਕ ਇਨਸਾਨ ਦੇ ਪੂਰਬਲੇ ਜਨਮ ਦੇ ਸੰਸਕਾਰ ਬਣੇ ਰਹਿੰਦੇ ਹਨ, ਉਤਨੀ ਦੇਰ ਤਕ ਇਨਸਾਨ ਪੰਜ ਭੌਤਿਕ ਸਰੀਰ ਧਾਰਨ ਕਰਦਾ ਰਹਿੰਦਾ ਹੈ। ਸੰਸਕਾਰਾਂ ਦੇ ਸੰਬੰਧ ਵਿਚ ਵਿਚਾਰ ਕਰਦੇ ਹੋਏ ਡਾ. ਭਾਈ ਜੋਧ ਸਿੰਘ ਲਿਖਦੇ ਹਨ ਕਿ ਜਿਸ ਤਰ੍ਹਾਂ ਰੇਤ ਉਪਰ ਤੁਰਨ ਨਾਲ ਪੈਰਾਂ ਦੇ ਚਿੰਨ੍ਹ ਲਗ ਜਾਂਦੇ ਹਨ ਉਸੇ ਤਰ੍ਹਾਂ ਹੀ ਮਨ ਵਿਚੋਂ ਲੰਘਦੇ ਸੰਕਲਪ ਆਪਣੇ ਚਿੰਨ੍ਹ ਛਡ ਜਾਂਦੇ ਹਨ। ਚਿੰਨ੍ਹ ਰੂਪ ਸੰਸਕਾਰ ਪੁਨਰ ਚਿਤਵਨ ਨਾਲ ਡੂੰਘੇ ਹੋ ਕੇ ਆਦਤ ਬਣ ਜਾਂਦੇ ਹਨ ਅਤੇ ਆਦਤਾਂ ਹੌਲੇ ਹੌਲੇ ਪੱਕ ਕੇ ਸੁਭਾ ਦਾ ਰੂਪ ਧਾਰਦੀਆਂ ਹਨ। ਇਹ ਸੁਭਾ ਹੀ ਸਾਡੇ ਦੁਖ ਸੁਖ ਦਾ ਕਾਰਨ ਬਣਦਾ ਹੈ। ਜਿਤਨੀ ਕ੍ਰਿਆ ਵਿਚ ਅਸੀਂ ਰੁਚ ਪ੍ਰਵਿਰਤ ਹੁੰਦੇ ਹਾਂ ਉਹ ਅਧਿਕਤਰ ਸੁਭਾ ਕਰਕੇ ਹੁੰਦੀ ਹੈ ਅਤੇ ਸੁਭਾ ਪਿਛਲੇ ਕਰਮਾਂ ਦਾ ਫਲ ਹੈ। ਇਸ ਤਰ੍ਹਾਂ ਪਿਛਲੇ ਕਰਮ ਸੁਭਾ ਰਾਹੀਂ ਅਸਾਡੇ ਅਗਲੇ ਜੀਵਨ ਤੇ ਪ੍ਰਭਾਵ ਪਾਉਂਦੇ ਹਨ ਅਤੇ ਇਨ੍ਹਾਂ ਦੇ ਜਾਲ ਵਿਚੋਂ ਮਨੁਖ ਦਾ ਨਿਕਲਣਾ ਕਠਿਨ ਹੋ ਜਾਂਦਾ ਹੈ।[1]

ਇਸੇ ਤਰ੍ਹਾਂ ਪਰਮਾਤਮਾ ਆਪਣੇ ਅਟੱਲ ਹੁਕਮ ਦੁਆਰਾ ਜੀਵਾਂ ਦੁਆਰਾ ਕੀਤੇ ਪੂਰਬਲੇ ਕਰਮਾਂ ਅਨੁਸਾਰ ਉਸ ਦੀ ਕਿਸਮਤ ਜਾਂ ਲੇਖ ਲਿਖਦਾ ਹੈ। ਜੀਵ ਨੂੰ ਅਜਿਹੇ ਲੇਖ ਹਰ ਕੀਮਤ ਉਤੇ ਭੋਗਣੇ ਪੈਂਦੇ ਹਨ। ਇਹ ਲੇਖ ਮੇਟੇ ਨਹੀਂ ਜਾ ਸਕਦੇ।[2] ਮਨੁਖ ਆਪਣੇ ਧੁਰ ਦੇ ਲਿਖੇ ਹੋਏ ਲੇਖਾਂ ਅਨੁਸਾਰ ਹੀ ਕੰਮ ਕਰਦਾ ਹੈ।[3] ਰਾਮ ਵਰਗੇ ਅਵਤਾਰ ਵੀ ਇਹਨਾਂ ਕਰਮਾਂ ਨੂੰ ਮਿਟਾ ਨਹੀਂ ਸਕੇ, ਜਿਸ ਕਾਰਨ ਸੀਤਾ ਅਤੇ ਲਛਮਣ ਦਾ ਵਿਯੋਗ ਉਹਨਾਂ ਨੂੰ ਸਹਿਣਾ ਪਿਆ।[4] ਇਸ ਤਰ੍ਹਾਂ

---

1. ਗੁਰਮਤ ਨਿਰਣਯ, ਪੰਨਾ 231
2. (ੳ) ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ।
   (ਧਨਾਸਰੀ ਰਾਗੁ, ਛੰਤ, ਆਦਿ ਗ੍ਰੰਥ, ਪੰਨਾ 689)
   (ਅ) ਕਿਰਤੁ ਪਇਆ ਨਹ ਮੇਟੈ ਕੋਇ।
   (ਗਉੜੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 154)
   (ੲ) ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ।
   (ਰਾਮਕਲੀ ਰਾਗੁ, ਓਅੰਕਾਰ, ਆਦਿ ਗ੍ਰੰਥ, ਪੰਨਾ 937)
3. ਜੇਤੇ ਜੀਆ ਲਿਖੀ ਸਿਰਿ ਕਾਰ। ਕਰਣੀ ਉਪਰਿ ਹੋਵਗਿ ਸਾਰ।
   (ਬਸੰਤ ਰਾਗੁ, ਚਉਪਦੇ ਦੁਤੁਕੇ, ਆਦਿ ਗ੍ਰੰਥ, ਪੰਨਾ 1169)
4. ਸਲੋਕ ਵਾਰਾਂ ਤੇ ਵਧੀਕ, ਆਦਿ ਗ੍ਰੰਥ, ਪੰਨਾ 1412

ਪੂਰਬਲੇ ਕਰਮਾਂ ਅਨੁਸਾਰ ਹੀ ਸਾਰੇ ਵਿਅਕਤੀ ਦੇਖੇ ਨਚਦੇ ਰਹਿੰਦੇ ਹਨ।[1] ਗੁਰੂ ਸਾਹਿਬ ਦਾ ਵਿਚਾਰ ਹੈ ਕਿ ਇਸ ਧਰਤੀ ਉਤੇ ਜੀਵਾਂ ਦੁਆਰਾ ਭੋਗੇ ਜਾਣ ਵਾਲੇ ਦੁਖਾਂ ਸੁਖਾਂ ਦਾ ਕਾਰਨ ਉਸ ਦੁਆਰਾ ਕੀਤੇ ਗਏ ਮੰਦੇ ਚੰਗੇ ਕਰਮ ਹੀ ਹੁੰਦੇ ਹਨ। ਜ਼ਿੰਦਗੀ ਵਿਚ ਕਈਆਂ ਮੁਸੀਬਤਾਂ ਦਾ ਕਾਰਨ ਇਨਸਾਨ ਆਪ ਹੀ ਹੁੰਦਾ ਹੈ। ਉਸ ਤੋਂ ਬਿਨਾਂ ਕੋਈ ਹੋਰ ਸਾਧਨ ਨਹੀਂ ਹੁੰਦਾ।[2] ਉਹੋ ਹੀ ਵਿਅਕਤੀ ਆਪਣੇ ਮਾਲਕ ਨੂੰ ਯਾਦ ਰਖਦੇ ਹਨ ਜਿਹਨਾਂ ਉਤੇ, ਗੁਰੂ ਤੋਂ ਹੀ, ਪਰਮਾਤਮਾ ਦੀ ਮਿਹਰਬਾਨੀ ਹੋਈ ਹੁੰਦੀ ਹੈ।[3]

ਦੇਹ ਸੰਪੰਨ ਜੀਵ-ਆਤਮਾ ਦੁਆਰਾ ਕੀਤੇ ਜਾਣ ਵਾਲੇ ਕਰਮ ਅਸ਼ੁਭ ਤੇ ਸ਼ੁਭ ਦੋ ਤਰ੍ਹਾਂ ਦੇ ਹੁੰਦੇ ਹਨ। ਗੁਰੂ ਨਾਨਕ ਦੇਵ ਨੇ ਭਲੇ ਤੇ ਬੁਰੇ ਦੋ ਤਰ੍ਹਾਂ ਦੇ ਕਰਮ ਮੰਨੇ ਹਨ। ਉਹਨਾਂ ਅਨੁਸਾਰ ਕਰਮ ਕਾਗਜ਼ ਹੈ ਅਤੇ ਮਨ ਦਵਾਤ ਹੈ। ਇਹਨਾਂ ਦੇ ਮੇਲ ਤੋਂ ਬੁਰੀ ਤੇ ਭਲੀ ਦੋ ਪ੍ਰਕਾਰ

---

1. ਪਇਐ ਕਿਰਤਿ ਨਚੈ ਸਭੁ ਕੋਇ।
   (ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 465)
2. (ੳ) ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ।
   ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ।
   (ਆਸਾ ਰਾਗੁ, ਆਦਿ ਗ੍ਰੰਥ, ਪੰਨਾ 433)
   (ਅ) ਸੁਖ ਦੁਖ ਪੁਰਬ ਜਨਮ ਕੇ ਕੀਏ। ਸੋ ਜਾਣੈ ਜਿਨਿ ਦਾਤੈ ਦੀਏ।
   ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1030/1031)
   (ੲ) ਸਹੁ ਵੇ ਜੀਆ ਅਪਣਾ ਕੀਆ
   (ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 467)
3. ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ ਤਾ ਤਿਨੀ ਖਸਮ ਧਿਆਇਆ।
   (ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 469)

ਦੀ ਲਿਖਤ ਲਿਖੀ ਜਾ ਰਹੀ ਹੈ। ਕੀਤੇ ਕਰਮਾਂ ਅਨੁਸਾਰ ਉਪਜੀਆਂ ਰੁਚੀਆਂ ਜਿਧਰ ਸਾਨੂੰ ਧੱਕੀ ਜਾਂਦੀਆਂ ਹਨ ਉਧਰ ਹੀ ਅਸੀਂ ਤੁਰ ਪੈਂਦੇ ਹਾਂ।[1] ਅਸ਼ੁਭ ਕਰਮ, ਪਦਾਰਥਵਾਦੀ ਰੁਚੀ ਅਧੀਨ, ਸੰਸਾਰਕ ਸੁਖਾਂ ਦੀ ਪ੍ਰਾਪਤੀ ਲਈ, ਅਗਿਆਨ ਵਸ ਕੀਤੇ ਜਾਂਦੇ ਹਨ, ਜਿਹੜੇ ਕਿ ਪਰਮਾਤਮਾ ਦੀ ਭਗਤੀ ਤੇ ਗਿਆਨ ਦੇ ਰਸਤੇ ਵਿਚ ਰੁਕਾਵਟ ਪਾਉਂਦੇ ਹੋਏ, ਜੀਵ ਦੀ ਪਰਮਾਤਮਾ ਨਾਲੋਂ ਦੂਰੀ ਨੂੰ ਵਧਾਉਂਦੇ ਹਨ। ਅਸ਼ੁਭ ਕਰਮ ਕਰਨ ਵਾਲੇ ਹੰਕਾਰੀ ਹੁੰਦੇ ਹਨ ਜਿਹਨਾਂ ਦਾ ਕਿ ਪਰਮਾਤਮਾ ਦੀ ਸ਼ਕਤੀ ਉਤੇ ਮਾਣ ਹੋਣ ਦੀ ਥਾਂ ਤੇ ਆਪਣੀ ਸ਼ਕਤੀ ਉਤੇ ਮਾਣ ਹੁੰਦਾ ਹੈ। ਅਜਿਹਾ ਹੰਕਾਰੀ ਤੇ ਸੁਆਰਥੀ ਆਦਮੀ ਮਾਇਆ ਦੇ ਚੱਕਰ ਵਿਚ ਫਸ ਜਾਂਦਾ ਹੈ ਅਤੇ ਉਸ ਨੂੰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ।[2]

ਅਸ਼ੁਭ ਕਰਮਾਂ ਵਿਚੋਂ ਉਹ ਕਰਮਕਾਂਡ ਪ੍ਰਧਾਨ ਕਰਮ ਆਉਂਦੇ ਹਨ ਜਿਹਨਾਂ ਵਿਚ ਕਿ ਅਸਲੀ ਆਤਮਕ ਮਹੱਤਤਾ ਵਾਲੀਆਂ ਪਵਿੱਤਰ ਕ੍ਰਿਆਵਾਂ ਦੀ ਥਾਂ ਤੇ ਅਖੌਤੀ ਧਾਰਮਕ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ। ਅਜਿਹੇ ਕਰਮ ਕਾਂਡਾਂ ਵਿਚ ਪ੍ਰੇਮ, ਵੈਰਾਗ ਤੇ ਸੁਹਿਰਦਤਾ ਦੀ ਘਾਟ ਹੁੰਦੀ ਹੈ। ਅਜਿਹੇ ਕਰਮ ਕਾਂਡ ਧਰਮ ਦੀ ਵਾਸਤਵਿਕ ਮਹੱਤਤਾ ਨੂੰ ਘਟਾ ਕੇ ਅਖੌਤੀ ਧਰਮਪੁਣੇ ਅਰਥਾਤ ਅਧਾਰਮਿਕਤਾ ਦਾ ਪ੍ਰਸਾਰ ਕਰਦੇ ਹਨ। ਗੁਰੂ ਨਾਨਕ ਦੇਵ ਦੇ ਵਕਤ ਅਜਿਹੇ ਕਰਮ ਕਾਂਡ ਤਕਰੀਬਨ ਹਰ ਮੱਤ ਵਿਚ, ਕਿਸੇ ਨਾ ਕਿਸੇ ਰੂਪ ਵਿਚ, ਪ੍ਰਵੇਸ਼ ਕਰ ਚੁਕੇ ਸਨ ਅਤੇ ਗੁਰੂ ਨਾਨਕ ਦੇਵ ਨੇ ਇਨ੍ਹਾਂ ਦੀ ਵਿਰੋਧਤਾ ਕੀਤੀ ਹੈ। ਉਹਨਾਂ ਨੇ ਹਿੰਦੂ ਧਰਮ ਦੀ ਉੱਚਤਾ ਦਾ ਪ੍ਰਗਟਾਵਾ ਕਰਨ ਵਾਲੇ ਬਾਹਰਲੇ ਚਿੰਨ੍ਹਾਂ ਜਨੇਊ, ਤਿਲਕ, ਧੋਤੀ, ਇਸ਼ਨਾਨ ਇਤਿਆਦਿ ਵਿਚਲੀ ਸੁਚ, ਸੌਚ

---

1. ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ।
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ।
(ਮਾਰੂ, ਰਾਗੁ, ਚਉਪਦੇ, ਆਦਿ ਗ੍ਰੰਥ, ਪੰਨਾ 990)

2. ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ।
ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ।
(ਤਿਲੰਗ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 722)

ਤੇ ਸੰਜਮ ਦੀ ਘਾਟ ਦੀ ਵਿਰੋਧਤਾ ਕੀਤੀ ਹੈ।[1] ਇਸੇ ਤਰ੍ਹਾਂ ਹੀ ਮੁਸਲਮਾਨਾਂ ਵਿਚ ਵਿਆਪਕ ਕਰਮ ਕਾਂਡਾਂ ਦਾ ਵੀ ਆਪ ਨੇ ਵਿਰੋਧ ਕੀਤਾ।[2]

ਸ਼ੁਭ ਕਰਮ ਉਹਨਾਂ ਨੂੰ ਕਿਹਾ ਜਾਂਦਾ ਹੈ ਜਿਹੜੇ ਸੱਚ, ਸੁਚ, ਸੰਜਮ, ਪੁੰਨ, ਦਾਨ, ਪਰਉਪਕਾਰ, ਪ੍ਰੇਮ ਇਤਿਆਦਿ ਦੀ ਭਾਵਨਾ ਨਾਲ ਕੀਤੇ ਜਾਂਦੇ ਹਨ। ਅਜਿਹੇ ਕਰਮਾਂ ਵਿਚ ਨਿਮਰਤਾ ਸਮੋਈ ਹੁੰਦੀ ਹੈ ਅਤੇ ਅਜਿਹੇ ਕਰਮ ਪਰਮਾਤਮਾ ਨੂੰ ਸਮਰਪਨ ਕੀਤੇ ਜਾਂਦੇ ਹਨ। ਗੁਰੂ ਨਾਨਕ ਦੇਵ ਸ਼ੁਭ ਕਰਮਾਂ ਨੂੰ ਅਧਿਆਤਮਕ ਕਰਮ ਕਹਿੰਦੇ ਹਨ, ਜਿਹੜੇ ਕਿ ਇਨਸਾਨ ਵਿਚ ਅਧਿਆਤਮਕ ਸਚਿਆਈ ਤੇ ਪਛਿਆਣੀ ਲਿਆਉਂਦੇ ਹਨ। ਇਹਨਾਂ ਤੋਂ ਬਿਨਾਂ ਜੀਵ ਮੁਕਤੀ ਦੇ ਭੇਦ ਨੂੰ ਚੰਗੀ ਤਰ੍ਹਾਂ ਜਾਣ ਨਹੀਂ ਸਕਦਾ।[3] ਅਧਿਆਤਮਕ ਕਰਮ ਕਰਨ ਵਾਲਾ ਪਰਮਾਤਮਾ ਦੇ ਹੁਕਮ ਤੇ ਰਜ਼ਾ ਵਿਚ ਚਲਦਾ ਹੋਇਆ ਸਚਿਆਰਤਾ ਦੀ ਪ੍ਰਾਪਤੀ ਕਰ ਲੈਂਦਾ ਹੈ।[4] ਅਧਿਆਤਮਕ ਕਰਮ ਕਰਨ ਵਾਲੇ ਇਕ ਮਨ ਚਿਤ ਹੋ ਕੇ ਪਰਮਾਤਮਾ ਦੀ ਸਿਫ਼ਤ ਸਲਾਹੁਣਾ ਕਰਦੇ ਹੋਏ ਪੂਰੇ ਸ਼ਾਹ ਬਣ ਜਾਂਦੇ ਹਨ।[5]

---

1. ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ।
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ।
(ਰਾਮਕਲੀ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 903)

2. ਕਾਜੀ ਹੋਇ ਕੈ ਬਹੈ ਨਿਆਇ। ਫੇਰੇ ਤਸਬੀ ਕਰੇ ਖੁਦਾਇ।
ਵਢੀ ਲੈ ਕੈ ਹਕੁ ਗਵਾਏ। ਜੇ ਕੋ ਪੁਛੈ ਤ ਪੜਿ ਸੁਣਾਇ।
(ਰਾਮਕਲੀ, ਰਾਗੁ, ਸਲੋਕ, ਆਦਿ ਗ੍ਰੰਥ, ਪੰਨਾ 951)

3. ਅਧਿਆਤਮ ਕਰਮ ਕਰੇ ਤਾ ਸਾਚਾ। ਮੁਕਤਿ ਭੇਦੁ ਕਿਆ ਜਾਣੈ ਕਾਚਾ।
(ਗਉੜੀ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 223)

4. ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।
(ਜਪੁ, ਆਦਿ ਗ੍ਰੰਥ, ਪੰਨਾ 1)

5. ਸਚਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ।
ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ।
(ਮਾਝ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 145)

ਹਰਿਕੀਰਤ ਕਰਮਾਂ ਨਾਲ ਕਿਰਤ ਕਰਮਾਂ ਦੇ ਅਨੁਚਿਤ ਪ੍ਰਭਾਵਾਂ ਨੂੰ ਮੇਟਿਆ ਜਾ ਸਕਦਾ ਹੈ। ਪਰਮਾਤਮਾ ਦਾ ਨਾਮ ਸਿਮਰਨ ਅਸਵਾਭਾਵਿਕ ਕਿਰਤ ਕਰਨ ਦੀਆਂ ਸਾਰੀਆਂ ਬੁਰਿਆਈਆਂ ਦਾ ਨਾਸ਼ ਕਰ ਦੇਂਦਾ ਹੈ। ਗੁਰੂ ਨਾਨਕ ਦੇਵ ਇਕ ਥਾਂ ਤੇ ਪਰਮਾਤਮਾ ਦੇ ਨਾਮ ਸਿਮਰਨ ਦੀ ਮਹੱਤਤਾ ਦਾ ਪ੍ਰਗਟਾਵਾ ਕਰਦੇ ਹੋਏ ਲਿਖਦੇ ਹਨ ਕਿ ਸਤਿਗੁਰੂ ਜਿਸ ਦੇ ਅੰਦਰ ਪਰਮਾਤਮਾ ਦੇ ਅੰਦਰ ਵਸਦੇ ਹੋਣ ਦਾ ਅਹਿਸਾਸ ਕਰਵਾ ਦੇਂਦਾ ਹੈ ਉਸ ਨੂੰ ਸੱਚੇ ਜੋਗ ਦੀ ਕਦਰ ਤੇ ਕੀਮਤ ਦੀ ਪ੍ਰਤੀਤੀ ਹੋ ਜਾਂਦੀ ਹੈ। ਉਸ ਵਿਅਕਤੀ ਦੀ ਬੁਧੀ ਚੰਦਰਮਾਂ ਦੀ ਸੀਤਲਤਾ ਤੇ ਸੂਰਜ ਦੀ ਗਰਮੀ ਵਿਚ ਇਕ ਸਮਾਨ ਹੀ ਰਹਿੰਦੀ ਹੈ। ਉਸ ਵਾਸਤੇ ਘਰਬਾਰ ਤੇ ਜੰਗਲ ਵਿਚਲਾ ਕੋਈ ਭੇਦ ਭਾਵ ਨਹੀਂ ਰਹਿੰਦਾ। ਸ਼ੁਭ ਕਰਣੀ ਉਸ ਦਾ ਨਿਰੰਤਰ ਅਭਿਆਸ ਬਣ ਜਾਂਦੀ ਹੈ।[1]

ਅਧਿਆਤਮਕ ਕਰਮ ਅਤੇ ਹਰਿਕੀਰਤ ਕਰਮ ਤੋਂ ਇਲਾਵਾ ਗੁਰੂ ਨਾਨਕ ਦੇਵ ਨੇ ਹੁਕਮ ਰਜ਼ਾਈ ਕਰਮ ਵੀ ਦਸੇ ਹਨ। ਇਹ ਉਹ ਕਰਮ ਹੁੰਦੇ ਹਨ ਜਿਹੜੇ ਕਿ ਪਰਮਾਤਮਾ ਦੀ ਇੱਛਾ ਅਨੁਸਾਰ ਹੀ ਕੀਤੇ ਜਾਂਦੇ ਹਨ। ਜਦੋਂ ਸਾਧਕ ਉਪਰ ਗੁਰੂ ਦੀ ਬਖ਼ਸ਼ਿਸ਼ ਹੁੰਦੀ ਹੈ ਅਤੇ ਉਸ ਨੂੰ ਪਰਮਾਤਮਾ ਦੀ ਪ੍ਰੇਰਣਾ ਪ੍ਰਾਪਤ ਹੁੰਦੀ ਹੈ ਤਾਂ ਅਜਿਹੇ ਕਰਮ ਹੁੰਦੇ ਹਨ। ਇਹ ਕਰਮ ਉਦੋਂ ਵੀ ਹੁੰਦੇ ਹਨ ਜਦੋਂ ਸਾਧਕ ਦੇ ਅੰਤਰ-ਕਰਣ ਵਿਚ ਪਰਮਾਤਮਾ ਦੀ ਅੰਤਰ-ਧੁਨੀ ਸੁਣਾਈ ਦੇਂਦੀ ਹੈ। ਜਿਹਨਾਂ ਦੀ ਕਿਸਮਤ ਵਿਚ ਲਿਖਿਆ ਹੁੰਦਾ ਹੈ ਉਹ ਹੀ ਪਰਮਾਤਮਾ ਦੀ ਰਜ਼ਾ ਵਿਚ ਚਲਦੇ ਹਨ ਅਤੇ ਫਿਰ ਅਜਿਹੇ ਸਾਧਕ ਨੂੰ ਕਿਸੇ ਕਿਸਮ ਦਾ ਕੋਈ ਵਿਘਨ ਨਹੀਂ ਲਗਦਾ।[2]

ਜੀਵ ਆਤਮਾ ਨੂੰ ਜਿਥੇ ਕਰਮਾਂ ਅਨੁਸਾਰ ਫਲ ਭੁਗਤਣ ਲਈ ਕਿਸੇ ਦੇਹ ਨਾਲ ਸੰਬੰਧ ਹੋ ਕੇ ਆਪਣੇ ਅਸਲੇ ਨਾਲੋਂ ਵਿਛੜਣਾ ਪੈਂਦਾ ਹੈ ਅਤੇ ਇਸੇ ਨੂੰ ਆਵਾਗਵਣ ਕਿਹਾ ਜਾਂਦਾ ਹੈ। ਇਸ ਤਰ੍ਹਾਂ ਕਰਮਵਾਦ ਆਵਾਗਵਣ ਦਾ ਆਧਾਰ ਹੈ। ਇੰਜ ਲਗਦਾ ਹੈ, ਜਿਵੇਂ ਇਹ ਆਵਾਗਵਣ ਕਰਮ ਸਿਧਾਂਤ ਦਾ ਹੀ ਇਕ ਹਿੱਸਾ ਹੈ। ਜਿਹਾ ਕਿ ਉਪਰ ਬਿਆਨ ਕੀਤਾ ਗਿਆ ਹੈ ਕਿ ਕਰਮ ਅਸ਼ੁਭ ਤੇ ਸ਼ੁਭ ਦੋ

---

1. ਜਿਸ ਕੈ ਅੰਤਰਿ ਸਾਚੁ ਵਸਾਵੈ। ਜੋਗ ਜੁਗਤਿ ਕੀ ਕੀਮਤਿ ਪਾਵੈ।
ਰਵਿ ਸਸਿ ਏਕੋ ਗ੍ਰਿਹ ਉਦਿਆਨੈ। ਕਰਣੀ ਕੀਰਤਿ ਕਰਮ ਸਮਾਨੈ।
(ਗਉੜੀ ਰਾਗੁ, ਗੁਆਰੇਰੀ, ਆਦਿ ਗ੍ਰੰਥ, ਪੰਨਾ 223)

2. ਤਾ ਕਉ ਬਿਘਨੁ ਨ ਲਾਗਈ ਚਾਲੈ ਹੁਕਮਿ ਰਜਾਈ।
(ਆਸਾ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 421)

ਤਰ੍ਹਾਂ ਦੇ ਹੁੰਦੇ ਹਨ ਤਾਂ ਫਿਰ ਇਹਨਾਂ ਦੇ ਤਰ੍ਹਾਂ ਦੇ ਕਰਮਾਂ ਕਾਰਨ ਹੀ ਜੀਵ ਮਾੜੀਆਂ ਤੇ ਚੰਗੀਆਂ ਜੂਨਾਂ ਵਿਚ ਜਾ ਕੇ ਇਕ ਸਰੀਰ ਨੂੰ ਛੱਡ ਕੇ ਦੂਸਰਾ ਸਰੀਰ ਧਾਰਨ ਕਰਦਾ ਹੈ।

ਗੁਰੂ ਨਾਨਕ ਦੇਵ ਦੇ ਇਸ ਕਰਮਵਾਦ ਪਿਛਲੇ ਪੱਕੇ ਵਿਸ਼ਵਾਸ਼ ਕਰਕੇ ਹੀ ਉਹ ਆਵਾਗਵਣ ਵਿਚ ਵਿਸ਼ਵਾਸ਼ ਰਖਦੇ ਹਨ। ਉਹਨਾਂ ਦਾ ਵਿਸ਼ਵਾਸ਼ ਹੈ ਕਿ ਆਵਾਗਵਣ ਦੇ ਨਿਯਮ ਨੂੰ ਪਰਮਾਤਮਾ ਨੇ ਆਪ ਸਥਾਪਤ ਕੀਤਾ ਹੈ ਅਤੇ ਇਹ ਨਿਯਮ ਸਾਰੀਆਂ ਜੂਨਾਂ ਉਤੇ ਹੀ ਲਾਗੂ ਹੁੰਦਾ ਹੈ।[1] ਆਵਾਗਵਣ ਦੇ ਅਜਿਹੇ ਸਥਾਪਤ ਹੋਏ ਨਿਯਮ ਨੂੰ ਗੁਰੂ ਨਾਨਕ ਦੇਵ ਨੇ ਇਕ ਉਦਾਹਰਣ ਰਾਹੀਂ ਇਸ ਤਰ੍ਹਾਂ ਸਪਸ਼ਟ ਕੀਤਾ ਹੈ ਕਿ ਜਿਵੇਂ ਹਰਟ ਦੀ ਮਾਲਾ ਨਾਲ ਲਗੀਆਂ ਟਿੰਡਾਂ ਖਾਲੀ ਹੁੰਦੀਆਂ ਤੇ ਫਿਰ ਭਰਦੀਆਂ ਰਹਿੰਦੀਆਂ ਹਨ ਇਸੇ ਤਰ੍ਹਾਂ ਹੀ ਇਨਸਾਨਾਂ ਦੀ ਉਤਪਤੀ ਤੇ ਨਾਸ ਦਾ ਪਰਮਾਤਮਾ ਵਲੋਂ ਖੇਲ ਚਲਦਾ ਰਹਿੰਦਾ ਹੈ।[2] ਇਸ ਤਰ੍ਹਾਂ ਆਵਾਗਵਣ ਦੇ ਸਥਾਪਤ ਹੋਏ ਸਿਧਾਂਤ ਦਾ ਬੰਨ੍ਹਿਆ ਹੋਇਆ ਜੀਵ ਕੀਤੇ ਕਰਮਾਂ ਅਨੁਸਾਰ ਜਨਮ ਲੈਂਦਾ ਰਹਿੰਦਾ ਹੈ ਅਤੇ ਇਹ ਕਹਿਣਾ ਮੁਸ਼ਕਲ ਹੈ ਕਿ ਵਰਤਮਾਨ ਜਨਮ ਤੋਂ ਪਹਿਲਾਂ ਉਸ ਨੇ ਕਿਤਨੇ ਜਨਮ ਧਾਰਨ ਕੀਤੇ ਹਨ ਅਤੇ ਅਗੋਂ ਕਿਤਨੇ ਉਸ ਨੇ ਹੋਰ ਧਾਰਨ ਕਰਨੇ ਹਨ। ਪਰ ਇਕ ਗਲ ਬੜੀ ਸਪਸ਼ਟ ਹੈ ਕਿ ਜਿਹੜਾ ਵਿਅਕਤੀ ਸੱਚੇ ਗੁਰੂ ਤੋਂ ਮੂੰਹ ਫੇਰ ਕੇ ਮਾੜੇ ਕਰਮ ਕਰੇਗਾ ਉਸ ਨੂੰ ਸੂਰ, ਗਧੇ, ਮਲੇਛ, ਨੀਚ ਤੇ ਚੰਡਾਲ ਇਤਿਆਦਿ ਦੀਆਂ ਮਾੜੀਆਂ ਜੂਨਾਂ ਵਿਚ ਫਿਰਨਾ ਪਵੇਗਾ।[3]

---

1. ਆਵਾਗਵਣੁ ਸਿਰਜਿਆ ਤੂ ਥਿਰੁ ਕਰਣੈਹਾਰੋ।
ਜੰਮਣੁ ਮਰਣਾ ਆਇ ਗਇਆ ਬਧਿਕੁ ਜੀਉ ਬਿਕਾਰੋ।
(ਵਡਹੰਸ ਰਾਗੁ, ਅਲਾਹੁਣੀਆਂ, ਆਦਿ ਗ੍ਰੰਥ, ਪੰਨਾ 580)

2. ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰਿ ਭਰੀਅਤ ਹੈ।
ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ।
(ਪਰਭਾਤੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 1329)

3. (ੳ) ਸੂਕਰ ਸੁਆਨ ਗਰਧਭ ਮੰਜਾਰਾ। ਪਸੂ ਮਲੇਛ ਨੀਚ ਚੰਡਾਲਾ।
ਗੁਰ ਤੇ ਮੁਹੁ ਫੇਰੇ ਤਿਨ੍ਹ ਜੋਨਿ ਭਵਾਈਐ। ਬੰਧਨ ਬਾਧਿਆ ਆਈਐ ਜਾਈਐ।
(ਬਿਲਾਵਲ ਰਾਗੁ, ਥਿਤੀ, ਆਦਿ ਗ੍ਰੰਥ, ਪੰਨਾ 832)
(ਅ) ਗੁਰ ਤੇ ਭੂਲੇ ਆਵਹੁ ਜਾਵਹੁ। ਜਨਮਿ ਮਰਹੁ ਫੁਨਿ ਪਾਪ ਕਮਾਵਹੁ।
(ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1030)

ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਨ ਵਾਲੇ ਜੀਵ ਦਾ ਆਵਾਗਵਣ ਕਟਿਆ ਜਾਵੇਗਾ ਤੇ ਉਸ ਨੂੰ ਦੁਬਾਰਾ ਜਨਮ ਨਹੀਂ ਲੈਣਾ ਪਵੇਗਾ।[1]

ਇਸ ਤਰ੍ਹਾਂ ਗੁਰੂ ਨਾਨਕ ਦੇਵ ਦੇ ਵਿਚਾਰ ਉਪਨਿਸ਼ਦਾਂ, ਭਗਵਦ ਗੀਤਾ ਅਤੇ ਅਦ੍ਵੈਤ ਵੇਦਾਂਤ ਦੇ ਕਰਮ ਸੰਬੰਧੀ ਸਿਧਾਂਤ ਨਾਲ ਕਾਫ਼ੀ ਜ਼ਿਆਦਾ ਮਿਲਦੇ ਹਨ। ਕਰਮਾਂ ਦਾ ਫਲ ਭੋਗਣ ਲਈ ਕੋਈ ਨਾ ਕੋਈ ਪੰਜ ਭੌਤਿਕ ਸਰੀਰ ਧਾਰਨ ਕਰਨਾ ਪੈਂਦਾ ਹੈ। ਭਾਵੇਂ ਇਹਨਾਂ ਕਰਮਾਂ ਦਾ ਫਲ ਭੁਗਤਣਾ ਜ਼ਰੂਰੀ ਹੈ, ਫਿਰ ਵੀ ਗੁਰੂ ਦੀ ਸੰਗਤ ਤੇ ਕ੍ਰਿਪਾ ਦੁਆਰਾ ਜਦੋਂ ਪਰਮਾਤਮਾ ਦੇ ਗੁਣਾਂ ਦਾ ਗਾਇਣ ਕੋਈ ਜੀਵ ਕਰਦਾ ਹੈ ਤਾਂ ਉਸ ਵਿਚ ਅੰਤਰੀਵੀ ਉੱਚਤਾ ਤੇ ਸੁਚਤਾ ਦਾ ਸੰਚਾਰ ਹੋ ਜਾਂਦਾ ਹੈ। ਇਸ ਦੇ ਸਿਟੇ ਵਜੋਂ ਉਸ ਪਿਛਲੇ ਕਰਮ-ਕਾਂਡੀ ਪ੍ਰਧਾਨ ਕਰਮ, ਜਿਹਨਾਂ ਨੂੰ ਅਡੰਬਰ ਕਿਹਾ ਜਾਂਦਾ ਹੈ, ਨਾਸ਼ ਹੋ ਜਾਂਦੇ ਹਨ ਅਤੇ ਸ਼ੁਭ ਕਰਮ ਅਥਵਾ ਅਧਿਆਤਮਕ ਕਰਮ ਬਲਵਾਨ ਹੋ ਜਾਂਦੇ ਹਨ। ਇੰਜ ਗੁਰੂ ਨਾਨਕ ਵੇਦਾਂਤ ਵਿਚਲੇ ਕਰਮ ਸਿਧਾਂਤ ਨੂੰ ਮੰਨਦੇ ਹੋਏ ਭੀ, ਇਕ ਕਦਮ ਅਗੇ ਜਾਂਦੇ ਹਨ। ਇਥੇ ਗੁਰੂ ਦੀ ਕ੍ਰਿਪਾ ਨਾਲ, ਰੇਖ ਵਿਚ ਮੇਖ ਮਾਰੀ ਜਾ ਸਕਦੀ ਹੈ, ਬੁਰੇ ਕੰਮਾਂ ਦੇ ਭੈੜੇ ਨਤੀਜਿਆਂ ਤੋਂ ਬਚਿਆ ਜਾ ਸਕਦਾ ਹੈ ਅਤੇ ਉਸੇ ਦੀ ਮੇਹਰ ਨਾਲ ਅਟਲ ਅਤੇ ਸਥਿਰ ਪਦਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਥੇ ਕਰਮਵਾਦ ਵਿਚ ਭਗਤੀ-ਭਾਵਨਾ ਦੇ ਅੰਸ਼ ਸ਼ਾਮਿਲ ਹੁੰਦੇ ਹਨ ਅਤੇ ਭਾਰਤੀ ਕਰਮ ਸਿਧਾਂਤ ਇਕ ਕਦਮ ਅਗੇ ਪੁਜਦਾ ਹੈ।

---

1. ਪੁਨਰਪਿ ਜਨਮੁ ਨਾਹੀ ਗੁਣ ਗਾਉ।

(ਗਉੜੀ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 224)

## ਯੋਗ ਮਾਰਗ

ਯੋਗ ਸੰਸਕ੍ਰਿਤ ਦੇ 'ਯੁਜ' ਧਾਤੂ ਤੋਂ ਉਤਪੰਨ ਹੋਇਆ ਹੈ, ਜਿਸਦੇ ਅਰਥਾਂ ਸੰਬੰਧੀ ਵਿਦਵਾਨਾਂ ਵਿਚ ਕਈ ਤਰ੍ਹਾਂ ਦੇ ਮੱਤਭੇਦ ਪ੍ਰਚਲਿਤ ਹਨ। ਇਸ ਦਾ ਇਕ ਅਰਥ ਬਾਲ ਗੰਗਾਧਰ ਤਿਲਕ[1] ਅਨੁਸਾਰ ਜੋੜ ਮੇਲ ਮਿਲਾਪ, ਏਕਤਾ, ਇਕਤ੍ਰ ਅਵਸਥਿਤੀ ਹੁੰਦਾ ਹੈ। ਅਜਿਹੀ ਸਥਿਤੀ ਦੀ ਪ੍ਰਾਪਤੀ ਦੇ ਸਾਧਨ ਨੂੰ ਯੋਗ ਕਹਿੰਦੇ ਹਨ। ਡਾਕਟਰ ਰਤਨ ਸਿੰਘ ਜੱਗੀ[2] ਅਨੁਸਾਰ ਇਸਦਾ ਸਾਧਾਰਣ ਅਰਥ 'ਸਾਧਨ' ਲਿਆ ਜਾਂਦਾ ਹੈ ਅਤੇ ਵਿਸ਼ੇਸ਼ ਅਰਥ 'ਪਿੰਡ ਵਿਚ ਸਥਿਤ ਆਤਮਾ ਦੀ ਪਰਮਾਤਮਾ ਵਿਚ ਲੀਨਤਾ' ਹੈ। ਇਸਨੂੰ ਸਮਾਧੀ ਦੀ ਅਵਸਥਾ ਵੀ ਕਿਹਾ ਜਾਂਦਾ ਹੈ। ਡਾਕਟਰ ਜਸ ਰਾਮ ਮਿਸ਼ਰ[3] ਅਨੁਸਾਰ, ਇਸ ਤਰ੍ਹਾਂ ਚਿਤ ਬਿਰਤੀਆਂ ਦਾ ਨਾਮ ਰੂਪ ਆਦਿ ਉਪਾਧੀਆਂ ਨੂੰ ਤਿਆਗ ਕੇ, ਸਤਿ ਚਿਤ ਆਨੰਦ ਬ੍ਰਹਮ ਦੇ ਸਮਾਨ ਹੋ ਜਾਣਾ ਹੀ ਯੋਗ ਹੈ। ਇਹ ਸਥਿਤੀ ਅਨੇਕ ਤਰ੍ਹਾਂ ਦੇ ਸਾਧਨਾਂ ਨਾਲ ਪ੍ਰਾਪਤ ਹੋ ਸਕਦੀ ਹੈ। ਇੰਜ ਪ੍ਰੇਮ ਯੋਗ, ਸਾਂਖਯ ਯੋਗ ਕਰਮ ਯੋਗ, ਹੱਠ ਯੋਗ, ਰਾਜ ਯੋਗ, ਮੰਤ੍ਰ ਯੋਗ, ਲਯ ਯੋਗ ਇਤਿਆਦਿ ਸਾਧਨ ਹਨ, ਭਾਵੇਂ ਕਈ ਵਾਰੀ ਇਨ੍ਹਾਂ ਵਿਚੋਂ ਹਰੇਕ ਆਪਣੇ ਆਪ ਵਿਚ ਇਕ ਸੁਤੰਤਰ ਤਕਨੀਕ ਵੀ ਬਣ ਜਾਂਦਾ ਹੈ। ਦਰਸ਼ਨ ਸ਼ਾਸਤ੍ਰ ਵਿਚ ਯੋਗ ਦਾ ਅਰਥ ਉਹ ਵਿਸ਼ਿਸ਼ਟ ਪ੍ਰਣਾਲੀ ਹੈ, ਜਿਸ ਦੁਆਰਾ ਆਤਮਾ ਤੇ ਪਰਮਾਤਮਾ ਦੀ ਏਕਾਤਮਕਤਾ ਸਥਾਪਿਤ ਕੀਤੀ ਜਾ ਸਕਦੀ ਹੈ।

ਆਤਮਾ ਦੀ ਉੱਨਤੀ ਲਈ, ਯੋਗ ਸਾਧਨਾ ਦੀ ਮਹੱਤਤਾ ਦਾ ਪ੍ਰਗਟਾਵਾ ਲਗਪਗ ਸਾਰੇ ਹੀ ਭਾਰਤੀ ਦਰਸ਼ਨਾਂ ਵਿਚ ਹੋਇਆ ਹੈ। ਵੇਦਾਂ[4], ਉਪਨਿਸ਼ਦਾਂ[5] ਅਤੇ ਗੀਤਾ[6] ਇਤਿਆਦਿ ਵਿਚ ਯੋਗ ਸੰਬੰਧੀ ਵਿਵੇਚਨ ਹੋਇਆ ਮਿਲਦਾ ਹੈ।

---

1. ਗੀਤਾ ਰਹੱਸ ਅਥਵਾ ਕਰਮਯੋਗ ਸ਼ਾਸਤ੍ਰ, ਪੰਨਾ 55
2. ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 395
3. ਸ੍ਰੀ ਗੁਰੂ ਗ੍ਰੰਥ ਦਰਸ਼ਨ, ਪੰਨਾ 230
4. ਯਜੁਰ ਵੇਦ 33ਵੇਂ ਤੇ 40ਵੇਂ ਅਧਿਆਇ ਵਿਚ
   ਅਥਰਵ ਵੇਦ 4/35/2
5. ਸ਼ਵੇਤਾਸ਼ਵਤਰ ਉਪਨਿਸ਼ਦ 2/8-15
   ਕਠ ਉਪਨਿਸ਼ਦ 1/1/12
   ਛਾਂਦੋਗਯ ਉਪਨਿਸ਼ਦ 8/16
6. ਭਗਵਦ ਗੀਤਾ 2/50
   6/20

ਪਤੰਜਲੀ ਨੇ ਸਭ ਤੋਂ ਪਹਿਲਾਂ, ਪੂਰਵਵਰਤੀ ਆਚਾਰੀਆਂ ਦੇ ਯੋਗ ਸਾਧਨਾ ਸੰਬੰਧੀ ਸਿਧਾਂਤਾਂ ਨੂੰ ਆਧਾਰ ਬਣਾ ਕੇ 'ਯੋਗ ਸੂਤ੍ਰ' ਦੀ ਰਚਨਾ ਕੀਤੀ। ਇਸ ਰਚਨਾ ਵਿਚ ਮੁੱਖ ਤੌਰ ਤੇ ਅਸ਼ਟਾਂਗ ਯੋਗ ਦੀ ਮਹਤਤਾ ਨੂੰ ਹੀ ਸਵੀਕਾਰਿਆ ਗਿਆ ਹੈ। ਇਸ ਤੋਂ ਪਿੱਛੋਂ ਤਕਰੀਬਨ ਦਸਵੀਂ ਸਦੀ ਵਿਚ ਗੋਰਖ ਨਾਥ ਨੇ ਹੱਠ ਯੋਗ ਦੀ ਪੁਨਰ ਸਥਾਪਨਾ ਕਰਕੇ ਯੋਗ ਦੀ ਮਹਤਤਾ ਨੂੰ ਸਥਾਪਿਤ ਕੀਤਾ ਹੈ।

## ਅਸ਼ਟਾਂਗ ਯੋਗ

ਪਤੰਜਲੀ ਨੇ 'ਯੋਗ ਸੂਤ੍ਰ' ਵਿਚ ਵਿਵੇਕ ਦੀ ਸਿੱਧੀ ਲਈ ਅੱਠ ਅੰਗ (ਅਸ਼ਟਾਂਗ) ਮੰਨੇ ਹਨ, ਜੋ ਕਿ ਇਸ ਪ੍ਰਕਾਰ ਹਨ: ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤਯਾਹਾਰ, ਧਾਰਣਾ, ਧਿਆਨ, ਸਮਾਧੀ। ਇਨ੍ਹਾਂ ਵਿਚੋਂ ਪਹਿਲੇ ਚਾਰ ਬਾਹਰਲੇ ਸਾਧਨ ਹਨ ਅਤੇ ਅਖੀਰਲੇ ਤਿੰਨ ਅੰਦਰਲੇ। ਪ੍ਰਤਯਾਹਾਰ ਦਾ ਖੇਤ੍ਰ ਅੰਦਰ ਤੇ ਬਾਹਰ ਦੋਵੇਂ ਹਨ। ਉਂਜ ਇਸ ਤਰ੍ਹਾਂ ਦਾ ਵਰਗੀਕਰਣ ਬਹੁਤਾ ਠੋਸ ਵਰਗੀਕਰਣ ਨਹੀਂ ਹੈ, ਸਿਰਫ ਗਲ ਨੂੰ ਸਮਝਣ ਦਾ ਢੰਗ ਹੀ ਹੈ। ਇਹਨਾਂ ਤਿੰਨਾਂ ਦੀਆਂ ਮਨ ਦੀਆਂ ਦੁਸ਼ ਬਿਰਤੀਆਂ ਨੂੰ ਮਾਰਨ ਲਈ ਅਰਥਾਤ ਵਿਵੇਕ ਦੀ ਉਤਪਤੀ ਲਈ ਬਹੁਤ ਹੀ ਜ਼ਰੂਰਤ ਹੈ ਵਿਵੇਕ ਦੁਆਰਾ ਹੀ ਕਲੇਸ਼ਾਂ ਦਾ ਨਾਸ਼ ਹੁੰਦਾ ਹੈ। ਇਸ ਨਾਲ 'ਕੈਵਲਯ' ਦੀ ਪ੍ਰਾਪਤੀ ਹੁੰਦੀ ਹੈ।

## ਹੱਠ ਯੋਗ

ਹੱਠ ਯੋਗ ਦੇ ਪਹਿਲੇ ਆਚਾਰੀਆ ਮਾਰਕੰਡੇ ਰਿਸ਼ੀ ਮੰਨੇ ਜਾਂਦੇ ਹਨ, ਪਰ ਮਛੰਦ੍ਰ ਤੇ ਗੋਰਖ ਨਾਥ ਨੇ ਇਸਦੇ ਪਰਚਾਰ ਵਿਚ ਬੜਾ ਵਡਾ ਹਿੱਸਾ ਪਾਇਆ ਹੈ। ਇਸਦਾ ਪ੍ਰਮੁਖ ਵਿਸ਼ਾ ਸੂਰਜ ਤੇ ਚੰਦਰ ਦੀ ਸਾਧਨਾ ਮੰਨਿਆ ਜਾਂਦਾ ਹੈ। ਹਠਯੋਗ ਪ੍ਰਦੀਪਿਕਾ ਦੇ ਟੀਕਾਕਾਰ[1] ਨੇ ਸੂਰਜ ਤੇ ਚੰਦ ਨੂੰ ਕ੍ਰਮਵਾਰ ਪ੍ਰਾਣ ਤੇ ਅਪਾਨ ਦਾ ਵਾਚਕ ਮੰਨਿਆ ਹੈ। ਅਸ਼ਟਾਂਗ ਯੋਗ ਦੇ ਅੱਠ ਅੰਗ, ਹੱਠ ਯੋਗ ਦੇ ਵੀ ਮੰਨੇ ਜਾਂਦੇ ਹਨ। ਡਾਕਟਰ ਤ੍ਰਿਗੁਣਾਇਤ[2] ਅਨੁਸਾਰ ਹੱਠ ਯੋਗ ਦੇ ਅੰਤਰਗਤ ਉਹ ਸਾਰੀਆਂ ਸਾਧਨਾਵਾਂ ਆਉਂਦੀਆਂ ਹਨ, ਜੋ ਕਿ ਸੂਰਜ ਤੇ ਚੰਦਰ ਨੂੰ ਹੱਠ ਪੂਰਬਕ ਮਿਲਾਉਣ ਵਿਚ ਸਹਾਇਕ ਹੁੰਦੀਆਂ ਹਨ।

---

1. ਪੰਨਾ 2-3 (1/1)
2. ਹਿੰਦੀ ਕੀ ਨਿਰਗੁਣ ਕਾਵਿਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਠ ਭੂਮੀ, ਪੰਨਾ 496

ਗੁਰੂ ਨਾਨਕ ਦੇਵ ਦੀ ਮਹਾਨ ਤੇ ਉੱਤਮ ਸੁਖਸ਼ਾਂਤ ਮਨੁੱਖੀ ਵਿਅਕਤਿਤਵ ਦੇ ਆਤਮਿਕ ਵਿਕਾਸ ਦੇ ਮੰਤਵ ਨਾਲ ਉੱਤਮ ਕਾਵਿ ਸਾਹਿਤ ਦੀ ਸਿਰਜਨਾ ਕਰਦੀ ਰਹੀ ਹੈ। ਉਨ੍ਹਾਂ ਨੇ ਉੱਤਮ ਸਾਧਨਾ ਦੀ ਕਿਸੇ ਵੀ ਪ੍ਰਣਾਲੀ ਦਾ ਖੰਡਨ ਨਹੀਂ ਕੀਤਾ। ਉਨ੍ਹਾਂ ਦੇ ਦਿਲ ਵਿਚ ਅਸਲੀ ਜੋਗ ਮਾਰਗ ਲਈ ਬਹੁਤ ਸਤਿਕਾਰ ਤੇ ਸਹਾਨਭੂਤੀ ਹੈ, ਇਸੇ ਕਰਕੇ ਹੀ ਉਨ੍ਹਾਂ ਨੇ ਜੋਗ ਮੱਤ ਵਿਚ ਪ੍ਰਚਲਿਤ ਪਰਿਭਾਸ਼ਕ ਸਿਧਾਂਤਕ ਤੇ ਸੰਕੇਤਕ ਸ਼ਬਦਾਵਲੀ ਨੂੰ ਵਰਤਿਆ ਹੈ ਅਤੇ ਜੋਗ ਮੱਤ ਸੰਬੰਧੀ ਜਿਥੇ ਕਿਤੇ ਉਨ੍ਹਾਂ ਦਾ ਬੁਨਿਆਦੀ ਮੱਤਭੇਦ ਆਇਆ ਹੈ ਉਸਨੂੰ ਬੜੇ ਸਤਿਕਾਰ ਸਹਿਤ ਦੂਰ ਕੀਤਾ ਹੈ। ਨਾਨਕ ਬਾਣੀ ਵਿਚ ਜੋਗ ਸ਼ਬਦਾਵਲੀ ਦੀ ਵਰਤੋਂ ਕਈ ਥਾਵਾਂ ਤੇ ਹੋਈ ਮਿਲਦੀ ਹੈ।[1] ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਅੰਮ੍ਰਿਤਧਾਰ, ਦਸਮ ਦੁਆਰ, ਅੰਮ੍ਰਿਤ ਰਸ, ਸਿਵ, ਅਲਿਪਤ, ਗੁਫਾ, ਸਾਗਰ, ਸਹਜ, ਅਨਹਤ, ਨਾਦ, ਪ੍ਰਣ, ਵਾਉ ਇਤਿਆਦਿ ਸ਼ਬਦ ਵਰਤੇ ਹਨ।

ਗੁਰੂ ਸਾਹਿਬ ਨੇ ਜੋਗ ਸਾਧਨਾ ਦੇ ਖੇਤ੍ਰ ਵਿਚ ਪੈਦਾ ਹੋ ਚੁੱਕੇ ਪਖੰਡਾਂ ਤੇ ਬਾਹਰੀ ਅਡੰਬਰਾਂ ਦੀ ਆਲੋਚਨਾ ਵੀ ਕੀਤੀ ਹੈ। ਹੱਠ ਜੋਗ ਵਿਚ ਕਿਉਂਕਿ ਮੁੱਖ ਤੌਰ ਤੇ ਬਾਹਰੀ ਅਡੰਬਰਾਂ ਦੀ ਪ੍ਰਧਾਨਤਾ ਹੈ, ਇਸ ਕਰਕੇ ਆਪ ਦੀ ਵਿਚਾਰਧਾਰਾ ਹੱਠ ਜੋਗ ਦੀ ਕਠਿਨ ਸਰੀਰਕ ਸਾਧਨਾ ਨਾਲ ਸਹਿਮਤ ਨਹੀਂ। ਵੈਸੇ ਵੀ ਗੁਰੂ ਨਾਨਕ ਦੇਵ ਦਾ ਹਰ ਉਸ ਸੰਸਥਾ ਜਾਂ ਸ਼੍ਰੇਣੀ ਨਾਲ ਵਿਰੋਧ ਰਿਹਾ ਹੈ, ਜਿਹੜੀ ਕਿ ਸਮਾਜਿਕ ਕਲਿਆਣ ਨੂੰ ਰੋਕਦੀ, ਸਮਾਜ ਨੂੰ ਜ਼ਿੰਦਗੀ ਦੇ ਕਠਿਨ ਪਾਸਿਆਂ ਤੇ ਪਾਉਂਦੀ, ਮਜ਼ਲੂਮਾਂ ਤੇ ਮਜਬੂਰਾਂ ਨਾਲ ਬੇਇਨਸਾਫ਼ੀ ਕਰਦੀ ਹੋਈ ਉਨ੍ਹਾਂ ਦੇ ਹੱਕ ਮਾਰਦੀ ਤੇ ਸੁਆਰਥ-ਹਿੱਤ ਅਨਪੜ੍ਹ ਜਨਸਾਧਾਰਣ ਨੂੰ ਭਰਮਾਂ ਤੇ ਭੁਲੇਖਿਆਂ ਵਿਚ ਪਾਉਂਦੀ ਹੈ। ਨਿਵਿਰਤੀ ਮਾਰਗੀ ਜੋਗੀ ਜਿਥੇ ਦੁਨੀਆਂ ਨਾਲੋਂ ਟੁੱਟਣ ਦੀ ਪ੍ਰੇਰਣਾ ਕਰਦੇ ਹਨ, ਉਥੇ ਨਾਲ ਹੀ ਸਮਾਜ ਦੇ ਬਹੁਤ ਹੀ ਕਲਿਆਣਕਾਰੀ ਅੰਗ ਔਰਤ ਜਾਤੀ ਦੀ ਬੇਕਦਰੀ ਵੀ ਕਰਦੇ ਹਨ।

ਗੁਰੂ ਸਾਹਿਬ ਹੱਠ ਜੋਗ ਦੀ ਕਠਿਨ ਸਰੀਰਕ ਸਾਧਨਾ ਦੇ ਵਿਰੋਧੀ ਹਨ, ਕਿਉਂਕਿ ਇਕ ਤਾਂ ਅਜਿਹਾ ਕਰਨ ਨਾਲ ਸਰੀਰਕ ਕਮਜ਼ੋਰੀ ਆਉਂਦੀ ਹੈ ਅਤੇ ਦੂਸਰਾ ਇਸ ਤਰ੍ਹਾਂ ਨਾਲ ਮਨ

---

1. (ੳ) ਅਨਦਿਨੁ ਜਾਗਿ ਰਹੇ ਲਿਵ ਲਾਈ। ਜੀਵਨ ਮੁਕਤਿ ਗਤਿ ਅੰਤਰਿ ਪਾਈ।
(ਰਾਮਕਲੀ ਰਾਗੁ, ਅਸ਼ਟਪਦੀਆਂ, ਆਦਿ ਗ੍ਰੰਥ, ਪੰਨਾ 404)
(ਅ) ਸੁੰਨ ਨਿਰੰਤਰ ਦੀਜੈ ਬੰਧੁ। ਉਡੈ ਨ ਹੰਸਾ ਪੜੈ ਨ ਕੰਧੁ।
(ਰਾਮਕਲੀ ਰਾਗੁ, ਸਿਧ ਗੋਸਟਿ, ਆਦਿ ਗ੍ਰੰਥ, ਪੰਨਾ 940)

ਵਿਚ ਰਚੀ ਰਸ ਦਾ ਪਿਆਰ ਪੈਦਾ ਨਹੀਂ ਹੁੰਦਾ।[1] ਆਪ ਦਾ ਤਾਂ ਵਿਚਾਰ ਹੈ ਕਿ ਸਾਧੂ ਨੂੰ ਭਸਮ ਸ਼ਿੰਗਾਰ ਚੜ੍ਹਾਉਣ ਅਤੇ ਨਿਉਲੀ ਆਦਿ ਖਟ ਕਰਮ ਕਰਨ ਦਾ ਕੋਈ ਲਾਭ ਨਹੀਂ, ਰਾਮ ਦੇ ਨਾਮ ਤੋਂ ਬਿਨਾਂ ਤਾਂ ਸਾਹ ਲੈਣੇ ਵੀ ਫਜ਼ੂਲ ਹਨ।[2] ਹੋਰ ਜੋਗੀ ਜਿਹੜਾ ਕਿ ਕਈ ਤਰ੍ਹਾਂ ਦੇ ਭੇਸ ਕਰਦਾ ਹੈ ਤੇ ਸਰੀਰ ਤੇ ਸ਼ਿੰਗਾਰ ਮਲਦਾ ਹੈ, ਪਰਮਾਤਮਾ ਦੀ ਦਰਗਾਹ ਵਿਚ ਜਾ ਕੇ ਨਾਮ ਤੋਂ ਭੁਲਿਆ ਰਹਿਣ ਕਰਕੇ ਪਛਤਾਉਂਦਾ ਹੈ ਅਤੇ ਉਸ ਨੂੰ ਉਥੇ ਕੋਈ ਪਰਵਾਨਗੀ ਵੀ ਨਹੀਂ ਮਿਲਦੀ।[3]

ਗੁਰੂ ਸਾਹਿਬ ਲਈ ਹੋਰ ਭੇਖ ਦੀਆਂ ਸਾਰੀਆਂ ਬਾਹਰੀ ਕ੍ਰਿਆਵਾਂ ਪਖੰਡਪੂਰਣ ਹਨ। 'ਅਠਸਠਿ ਤੀਰਥ ਜੇ ਨਾਵਹਿ ਉਤਰਹਿ ਨਾਹੀ ਮੈਲੁ'[4] ਦੇ ਕਥੀ ਗੁਰੂ ਨਾਨਕ ਲਈ ਬਾਹਰੀਅਤ ਦੀ ਸੁਧਤਾ ਤੇ ਦਿਖਾਵੇ ਦਾ ਅੰਦਰੀਅਤ ਦੀ ਅਪਵਿੱਤਰਤਾ ਤੇ ਹਨੇਰੇ ਨਾਲ ਕੋਈ ਸੰਬੰਧ ਨਹੀਂ। ਉਨ੍ਹਾਂ ਅਨੁਸਾਰ ਸਰੀਰ ਤੇ ਮਲੀ ਹੋਈ ਸ਼ਿੰਗਾਰ ਤੇ ਧਾਰਨ ਕੀਤੀ ਅਖੌਤੀ ਪਵਿੱਤਰਤਾ ਮਨ ਅੰਦਰ ਹਉਮੈ ਦੇ ਚੰਡਾਲ ਨੂੰ ਮਾਰ ਨਹੀਂ ਸਕਦੀ। ਪਖੰਡ ਕਰਨ ਨਾਲ ਹਰੀ ਨਾਲ ਪ੍ਰੀਤੀ ਨਹੀਂ ਹੋ ਸਕਦੀ। ਸਤਿਗੁਰੂ ਨੂੰ ਧਾਰਣ ਕੀਤੇ ਬਿਨਾਂ ਪਰਮਾਤਮਾ ਨਹੀਂ ਪਾਇਆ ਜਾ ਸਕਦਾ।[5]

---

1. ਹਠੁ ਨਿਗ੍ਰਹੁ ਕਰਿ ਕਾਇਆ ਛੀਜੈ। ਵਰਤੁ ਤਪਨੁ ਕਰਿ ਮਨੁ ਨਹੀ ਭੀਜੈ।
   (ਰਾਮਕਲੀ ਰਾਗੁ, ਅਸ਼ਟਪਦੀਆਂ, ਆਦਿ ਗ੍ਰੰਥ, ਪੰਨਾ ੯੦੫)
2. ਬਾਂਗਸਿ ਪਵਨੁ ਸਿਖਾਸਨੁ ਭੀਜੈ। ਨਿਉਲੀ ਕਰਮ ਖਟੁ ਕਰਮ ਕਰੀਜੈ।
   ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ।
   (ਰਾਮਕਲੀ ਰਾਗੁ, ਅਸ਼ਟਪਦੀਆਂ, ਆਦਿ ਗ੍ਰੰਥ, ਪੰਨਾ 905)
3. ਹਠੁ ਕਰਿ ਮਰੈ ਨ ਲੇਖੈ ਪਾਵੈ।
   ਵੇਸ ਕਰੈ ਬਹੁ ਭਸਮ ਲਗਾਵੈ।
   ਨਾਮੁ ਬਿਸਾਰਿ ਬਹੁਰਿ ਪਛੁਤਾਵੈ।
   (ਗਉੜੀ ਰਾਗੁ, ਅਸ਼ਟਪਦੀਆਂ, ਆਦਿ ਗ੍ਰੰਥ, ਪੰਨਾ 226)
4. ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 473
5. ਕਰਹਿ ਬਿਭੂਤ ਲਗਾਵਹਿ ਭਸਮੈ। ਅੰਤਰ ਕ੍ਰੋਧ ਚੰਡਾਲੁ ਸੁ ਹਉਮੈ।
   ਪਖੰਡ ਕੀਨੇ ਜੋਗੁ ਨ ਪਾਈਐ। ਬਿਨ ਸਤਿਗੁਰ ਅਲਖੁ ਨ ਪਾਇਆ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1043)

ਆਪ ਦਸਦੇ ਹਨ ਕਿ ਜੋਗੀ ਨਿਉਲੀ ਕਰਮ ਕਰਦੇ ਹਨ, ਰੇਚਕ, ਪੂਰਕ ਤੇ ਕੁੰਭਕ ਆਦਿਕ ਕ੍ਰਿਆਵਾਂ ਕਰਦੇ ਹਨ ਪਰ ਅਜਿਹੇ ਪਖੰਡਾਂ ਨਾਲ ਹਰੀ ਨਾਲ ਪਿਆਰ ਪੈਦਾ ਨਹੀਂ ਹੋ ਸਕਦਾ। ਅਸਲ ਵਿਚ ਤਾਂ ਗੁਰੂ ਦੇ ਸ਼ਬਦ ਦੁਆਰਾ ਹੀ ਪਰਮਾਤਮਾ ਦੇ ਮਿਲਾਪ ਦੇ ਮਹਾਂ ਸੁਆਦ ਨੂੰ ਪਾਇਆ ਜਾ ਸਕਦਾ ਹੈ।[1]

ਗੁਰੂ ਨਾਨਕ ਦੇਵ ਦੇ ਸਮੇਂ ਤਕ ਜੋਗ ਮੱਤ ਇਤਨਾ ਭ੍ਰਿਸ਼ਟਾਚਾਰ ਹੋ ਚੁਕਿਆ ਸੀ ਕਿ ਕੁਝ ਪਖੰਡੀ, ਵਿਹਲੇ ਤੇ ਆਰਾਮ ਪ੍ਰਸਤ ਲੋਕ ਜੋਗ ਦੇ ਲਿਬਾਸ ਵਿਚ ਬੜੀ ਆਸਾਨੀ ਨਾਲ ਆਪਣੀ ਉਪਜੀਵਕਾ ਕਮਾਈ ਜਾ ਰਹੇ ਸਨ। ਉਹ ਗ੍ਰਿਹਸਤੀਆਂ ਵਾਲੇ ਸਾਰੇ ਸੁਖ ਸੁਆਦ ਮਾਣਦੇ ਸਨ, ਕਾਮ ਵਾਸ਼ਨਾਵਾਂ ਦੀ ਤ੍ਰਿਪਤੀ ਕਰਦੇ ਸਨ, ਇਸ ਤਰ੍ਹਾਂ ਉਨ੍ਹਾਂ ਦੀ ਜ਼ਿੰਦਗੀ ਦਾ ਕੋਈ ਪਹਿਲੂ ਵੀ ਜੋਗ ਸਾਧਨਾ ਦੇ ਅਨੁਕੂਲ ਨਹੀਂ ਸੀ। ਗੁਰੂ ਸਾਹਿਬ ਨੇ ਉਨ੍ਹਾਂ ਦੀ ਕਰੂਪ ਅਸਲੀਅਤ ਤੋਂ ਪਰਦਾ ਉਘਾੜਿਆ ਤੇ ਦਸਿਆ ਕਿ ਉਹ ਸਰੀਰ ਉਤੇ ਭਸਮ ਲਾ ਕੇ ਸਭ ਪਖੰਡ ਕਰਦੇ ਸਨ, ਉਨ੍ਹਾਂ ਦਾ ਹਿਰਦੇ ਰੂਪੀ ਖਪਰ ਫਟਿਆ ਹੋਇਆ ਸੀ, ਜਿਸ ਕਾਰਣ ਉਸ ਵਿਚ ਪਰਮਾਤਮਾ ਦੇ ਪ੍ਰੇਮ ਦੀ ਭਿਖਿਆ ਨਹੀਂ ਸੀ ਪੈ ਰਹੀ। ਉਪਰੋਂ ਜਟਾਂ ਰਖਾਉਣ ਵਾਲੇ ਅਜਿਹੇ ਪਖੰਡੀ ਜੋਗੀ ਧਾਰਮਿਕ ਉੱਚਤਾ ਦੇ ਸੰਕੇਤਕ ਚਿੰਨ੍ਹ ਧਾਰਨ ਕਰਨ ਉਤੇ ਵੀ ਅੰਦਰੋਂ ਗਿਆਨ ਤੋਂ ਖਾਲੀ ਸਨ, ਬਾਜ਼ੀਗਰਾਂ ਵਾਂਗੂੰ ਝੂਠੇ ਭੇਸ ਧਾਰਨ ਕਰਕੇ ਪੈਸੇ ਇਕਠੇ ਕਰਦੇ ਫਿਰਦੇ ਸਨ, ਪੈਸਿਆਂ ਦੀ ਪ੍ਰਾਪਤੀ ਦੀ ਚਿੰਤਾ ਦੀ ਅੱਗ ਉਨ੍ਹਾਂ ਅੰਦਰ ਜ਼ੋਰ ਨਾਲ ਬਲ ਰਹੀ ਸੀ, ਜਿਸਦੇ ਸਿਟੇ ਵਜੋਂ ਅਜਿਹੇ ਜੋਗੀ ਆਪਣੇ ਮਾੜੇ ਕਰਮਾਂ ਕਰਕੇ, ਸੰਸਾਰ ਸਾਗਰ ਤੋਂ ਪਾਰ ਨਹੀਂ ਸਨ ਹੋ ਰਹੇ।[2]

ਗੁਰੂ ਨਾਨਕ ਦੇਵ ਨੇ ਜੋਗੀਆਂ ਦੇ ਆਸਣ ਲਗਾਉਣ ਦੀ ਬਿਰਤੀ ਦੀ ਨਿਰਾਰਥਕਤਾ ਦਾ ਵੀ ਪ੍ਰਗਟਾਵਾ ਕੀਤਾ ਹੈ। ਆਪ ਦੇ ਸਮਕਾਲੀ ਅਖੌਤੀ ਜੋਗੀ ਅਸਲ ਵਿਚ ਸੰਸਾਰ ਨੂੰ ਠਗਣ ਲਈ ਅਜਿਹੇ ਆਸਣ ਲਗਾਉਂਦੇ ਸਨ। ਪਦਮਾਸਨ ਦੁਆਰਾ ਸਮਾਧੀ ਵਿਚ ਲੀਨ ਹੋਏ ਜੋਗੀ ਬਾਰੇ ਆਪ ਦਸਦੇ ਹਨ ਕਿ ਜੋਗੀ ਅੱਖਾਂ ਮੀਟ ਕੇ ਅੰਗੂਠੇ ਦੀਆਂ ਦੋ ਉਂਗਲਾਂ ਨਾਲ ਨੱਕ ਪਕੜਦਾ

---

1. ਨਿਉਲੀ ਕਰਮ ਭੁਇਅੰਗਮ ਭਾਠੀ। ਰੇਚਕ ਕੁੰਭਕ ਪੂਰਕ ਮਨ ਹਾਠੀ,
   ਪਾਖੰਡ ਧਰਮੁ ਪ੍ਰੀਤਿ ਨਹੀ ਹਰ ਸਿਉ। ਗੁਰਸ਼ਬਦ ਮਹਾ ਰਸ ਪਾਇਆ।
   (ਮਾਰੂ ਰਾਗੁ, ਸੋਲ੍ਹੇ, ਆਦਿ ਗ੍ਰੰਥ, ਪੰਨਾ 1043)
2. ਰਾਮਕਲੀ ਰਾਗੁ, ਅਸ਼ਟਪਦੀ, ਆਦਿ ਗ੍ਰੰਥ, ਪੰਨਾ 903

ਹੋਇਆ ਦਾਅਵਾ ਤਾਂ ਕਰਦਾ ਹੈ ਕਿ ਉਸ ਨੂੰ ਇਸ ਤਰ੍ਹਾਂ ਕਰਨ ਨਾਲ ਤਿੰਨਾਂ ਲੋਕਾਂ ਦਾ ਗਿਆਨ ਹੋ ਗਿਆ ਹੈ, ਪਰ ਉਸ ਦੇ ਅਗਿਆਨ ਦੀ ਹੱਦ ਇਥੇ ਹੁੰਦੀ ਹੈ ਕਿ ਉਸ ਨੂੰ ਪਿੱਠ ਪਿਛੇ ਪਈ ਹੋਈ ਵਸਤੂ ਵੀ ਨਜ਼ਰ ਨਹੀਂ ਆਉਂਦੀ।[1]

## ਵਾਸਤਵਕ ਜੋਗ

ਗੁਰੂ ਸਾਹਿਬ ਨੇ ਵਾਸਤਵਕ ਜੋਗ ਸੰਬੰਧੀ ਵਿਚਾਰ ਕਰਦਿਆਂ ਹੋਇਆਂ ਜੋਗ ਦੇ ਅਡੰਬਰ ਭਰੇ ਤਰੀਕਿਆਂ ਦੀ ਵਿਰੋਧਤਾ ਕੀਤੀ ਹੈ। ਉਨ੍ਹਾਂ ਅਨੁਸਾਰ ਜੋਗ ਗੋਦੜੀ ਪਹਿਨਣ, ਹੱਥ ਵਿਚ ਡੰਡਾ ਪਕੜਨ, ਸਰੀਰ ਤੇ ਭਸਮ ਲਗਾਉਣ, ਕੰਨਾਂ ਵਿਚ ਮੁੰਦ੍ਰਾਂ ਪਾਉਣ, ਸਿਰ ਮੁਨਾਉਣ ਤੇ ਸੰਖ ਵਜਾਉਣ ਇਤਿਆਦਿ ਵਿਚ ਨਹੀਂ ਹੈ, ਸਗੋਂ ਜੋਗ ਤਾਂ ਮਾਇਆ ਵਿਚ ਰਹਿੰਦਿਆਂ ਹੋਇਆਂ, ਮਾਇਕ ਪ੍ਰਾਪਤੀਆਂ ਤੇ ਪਿਆਰਾਂ ਤੋਂ ਉਪਰ ਉਠ ਕੇ ਨਿਰਲਿਪਤ ਪਰਮਾਤਮਾ ਵਿਚ ਸਮਾਉਣ ਵਿਚ ਹੀ ਹੈ। ਅਸਲ ਵਿਚ ਸਮੂਹ ਵਿਸ਼ਵ ਪ੍ਰਤੀ ਸਮਤਾ ਭਰੀ ਦ੍ਰਿਸ਼ਟੀ ਰਖਣ ਵਾਲਾ ਹੀ ਜੋਗੀ ਹੈ। ਹੋਰ ਜੋਗ ਬਾਹਰ ਮੜ੍ਹੀਆਂ ਮਸਾਣਾਂ ਵਿਚ ਸਮਾਧੀ ਲਗਾਉਣ, ਦੇਸ਼ਾਂ ਦੇਸ਼ਾਂਤਰਾਂ ਦੇ ਚੱਕਰ ਕਟਣ ਅਤੇ ਤੀਰਥ ਸਥਾਨਾਂ ਦੇ ਇਸ਼ਨਾਨ ਕਰਨ ਵਿਚ ਵੀ ਨਹੀਂ ਹੈ। ਅਸਲ ਵਿਚ ਸਤਿਗੁਰੂ ਦੀ ਪ੍ਰਾਪਤੀ ਨਾਲ ਹੀ ਮਨ ਵਿਚਲੇ ਸਾਰੇ ਸੰਸਿਆਂ ਤੇ ਭਰਮਾਂ ਦੀ ਨਿਵਿਰਤੀ ਹੁੰਦੀ ਹੈ ਅਤੇ ਵਿਸ਼ੇ ਵਿਕਾਰਾਂ ਵਿਚ ਰੁਚਿਤ ਹੋਇਆ ਮਨ ਰੁਕ ਜਾਂਦਾ ਹੈ। ਅਜਿਹੀ ਅਵਸਥਾ ਵਿਚ ਪਰਮਾਤਮਾ ਦਾ ਪ੍ਰੇਮ ਜੀਵਾਤਮਾ ਵਿਚ ਨਿਰੰਤਰ ਹੀ ਝਰਦਾ ਰਹਿੰਦਾ ਹੈ। ਜੀਵ ਦਾ ਸਹਿਜੇ ਹੀ ਉਸ ਵਿਚ ਧਿਆਨ ਲਗ ਜਾਂਦਾ ਹੈ। ਜਿਹੜਾ ਸਾਧਕ ਆਪਣੀਆਂ ਵਾਸ਼ਨਾਵਾਂ ਨੂੰ ਮਾਰ ਲੈਂਦਾ ਹੈ ਅਤੇ ਜੀਊਂਦਿਆਂ ਹੋਇਆਂ ਵੀ ਮਰਿਆਂ ਸਮਾਨ ਵਾਸ਼ਨਾ ਰਹਿਤ ਹੋ ਜਾਂਦਾ ਹੈ, ਉਹੋ ਹੀ ਅਸਲ ਜੋਗੀ ਹੈ।[2]

---

1. ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ। ਰਹਾਉ॥
   ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ।
   ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮ ਅਲੋਅ।
   (ਧਨਾਸਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 663)
2. ਜੋਗੁ ਨਾ ਖਿੰਥਾ ਜੋਗੁ ਨਾ ਡੰਡੈ ਜੋਗੁ ਨ ਭਸਮ ਚੜਾਈਐ।
   .. .. .. ..
   ਨਾਨਕ ਜੀਵਤਿਆਂ ਮਰਿ ਰਹੀਐ, ਐਸਾ ਜੋਗ ਕਮਾਈਐ।
   (ਸੂਹੀ ਰਾਗੁ, ਆਦਿ ਗ੍ਰੰਥ, ਪੰਨਾ 730)

ਗੁਰੂ ਸਾਹਿਬ ਜਪੁਜੀ[1] ਵਿਚ ਵੀ ਕਹਿੰਦੇ ਹਨ ਕਿ ਅੰਤਰ ਸਾਧਨਾ ਵਿਚ ਧਾਰਨੇ ਭੇਖਾਂ ਦੀ ਜ਼ਰੂਰਤ ਨਹੀਂ ਹੁੰਦੀ। ਇਸੇ ਕਰਕੇ ਉਹ ਭੇਖੀ ਯੋਗੀ ਦੀ ਥਾਂ ਤੇ ਆਤਮ-ਯੋਗੀ ਬਣਨ ਲਈ ਕਹਿੰਦੇ ਹਨ। ਉਹ ਯੋਗੀ ਨੂੰ ਸੰਤੋਖ ਦੀਆਂ ਮੁੰਦਰਾਂ, ਸਰਮ ਤੇ ਪਤਿ ਦੀ ਝੋਲੀ, ਪਰਮਾਤਮਾ ਦੇ ਧਿਆਨ ਦੀ ਬਿਭੂਤੀ, ਵਿਕਾਰ ਰਹਿਤਤਾ ਦੀ ਗੋਦੜੀ, ਜੁਗਤੀ ਤੇ ਵਿਸ਼ਵਾਸ ਦਾ ਡੰਡਾ ਇਤਿਆਦਿ ਧਾਰਨ ਕਰਨ ਲਈ ਕਹਿੰਦੇ ਹਨ।

ਗੁਰੂ ਨਾਨਕ ਦੇਵ ਨੇ ਵਾਸਤਵਕ ਜੋਗੀ ਦੇ ਸਰੂਪ ਅਤੇ ਲੱਛਣਾਂ ਸੰਬੰਧੀ ਵੀ ਵਿਚਾਰ ਕੀਤੀ ਹੈ। ਵਾਸਤਵਕ ਜੋਗੀ ਦੀ ਪ੍ਰਮੁਖ ਪਛਾਣ, ਉਸ ਵਿਚ ਦ੍ਰਿਸ਼ਟੀ ਦੀ ਸਮਤਾ ਹੈ। ਜੋਗੀ ਤਾਂ ਹੁੰਦਾ ਹੀ ਉਹ ਹੈ, ਜੋ ਸਭ ਨੂੰ ਇਕ ਨਜ਼ਰ ਨਾਲ ਵੇਖਦਾ ਹੈ।[2] ਜੋਗੀ ਦੀ ਦੂਸਰੀ ਨਿਸ਼ਾਨੀ ਇਹ ਹੈ ਕਿ ਉਹ ਸਤਿਗੁਰੂ ਨੂੰ ਧਾਰਨ ਕਰਕੇ, ਉਸ ਦੀ ਸੇਵਾ ਵਿਚ ਲੀਨ ਰਹਿੰਦਾ ਹੈ। ਉਹ ਪਰਮਾਤਮਾ ਦੇ ਡਰ ਨੂੰ ਮਨ ਵਿਚ ਵਸਾ ਕੇ ਨਿਰਭੈਤਾ ਦੀ ਪਦਵੀ ਪ੍ਰਾਪਤ ਕਰਦਾ ਹੈ।[3] ਵਾਸਤਵਕ ਜੋਗੀ ਸੰਬੰਧੀ ਵਿਚਾਰ ਕਰਦੇ ਆਪ ਕਹਿੰਦੇ ਹਨ ਕਿ ਅਸਲ ਜੋਗੀ ਪੰਜ ਤਰ੍ਹਾਂ ਦੀਆਂ ਦੁਸ਼ ਬਿਰਤੀਆਂ ਨੂੰ ਮਾਰ ਕੇ ਆਪਣੇ ਅੰਦਰ ਸੱਚ ਨੂੰ ਵਸਾਉਣ ਦੇ ਸਿੱਟੇ ਵਜੋਂ, ਜੋਗ ਦੀ ਜੁਗਤੀ ਨੂੰ ਜਾਣ ਲੈਂਦਾ ਹੈ। ਅਸਲ ਜੋਗੀ ਸਿਰਫ਼ ਸ਼ਬਦ ਦੀ ਭਿਖਿਆ ਹੀ ਮੰਗਦਾ ਹੈ ਅਤੇ ਉਸ ਦਾ ਮਨ ਸੱਚੇ ਗਿਆਨ ਤੇ ਧਿਆਨ ਨੂੰ ਜਾਣ ਕੇ ਜਾਗ ਪਿਆ ਹੁੰਦਾ ਹੈ। ਪਰਮਾਤਮਾ ਦੇ ਡਰ ਵਿਚ ਵਿਚਰਦੇ ਅਜਿਹੇ ਜੋਗੀ ਦੀ ਪਰਮਾਤਮਾ ਨਾਲ ਲਿਵ ਲਗ ਜਾਂਦੀ ਹੈ। ਅਜਿਹੀ ਉੱਤਮ ਅਵਸਥਾ ਉਤੇ ਪਹੁੰਚੇ ਜੋਗੀ ਦੀ ਕੋਈ ਕੀਮਤ ਨਹੀਂ ਪਾਈ ਜਾ ਸਕਦੀ।[4]

---

1. ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ।
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ।
(ਜਪੁ, ਆਦਿ ਗ੍ਰੰਥ, ਪੰਨਾ 6)

2. ਏਕ ਦ੍ਰਿਸਟਿ ਕਰ ਸਮਸਰਿ ਜਾਣੈ ਜੋਗੀ ਕਹੀਐ ਸੋਈ।
(ਸੂਹੀ ਰਾਗੁ, ਆਦਿ ਗ੍ਰੰਥ, ਪੰਨਾ 730)

3. ਸਤਿਗੁਰੁ ਸੇਵੇ ਸੋ ਜੋਗੀ ਹੋਇ।
ਭੈ ਰਚਿ ਰਹੈ ਸੁ ਨਿਰਭਉ ਹੋਇ।
(ਗਉੜੀ ਰਾਗੁ, ਆਦਿ ਗ੍ਰੰਥ, ਪੰਨਾ 223)

4. ਐਸਾ ਜੋਗੀ ਜੁਗਤਿ ਬੀਚਾਰੈ। ਪੰਚ ਮਾਰਿ ਸਾਚੁ ਉਰਿਧਾਰੈ॥ਰਹਾਉ॥
ਜਿਸ ਕੈ ਅੰਤਰਿ ਸਾਚੁ ਵਸਾਵੈ। ਜੋਗ ਜੁਗਤਿ ਕੀ ਕੀਮਤ ਪਾਵੈ।
ਰਵਿ ਸਸਿ ਏਕੋ ਗ੍ਰਿਹ ਉਦਿਆਨੈ। ਕਰਣੀ ਕੀਰਤਿ ਕਰਮ ਸਮਾਨੈ।
ਏਕ ਸਬਦ ਇਕ ਭਿਖਿਆ ਮਾਗੈ। ਗਿਆਨ ਧਿਆਨ ਜੁਗਤਿ ਸਚੁ ਜਾਗੈ।
ਭੈ ਰਚਿ ਰਹੈ ਨ ਬਾਹਰਿ ਜਾਇ। ਕੀਮਤਿ ਕਉਣ ਰਹੈ ਲਿਵ ਲਾਇ।
(ਗਉੜੀ ਰਾਗੁ, ਆਦਿ ਗ੍ਰੰਥ, ਪੰਨਾ 223)

ਮਛਿੰਦ੍ਰ ਜੋਗੀ ਨੂੰ ਅਸਲੀ ਜੋਗੀ ਸੰਬੰਧੀ ਦਸਦੇ ਹੋਏ ਆਪ ਕਹਿੰਦੇ ਹਨ ਕਿ ਅਸਲ ਜੋਗੀ ਪੰਜ ਪ੍ਰਕਾਰ ਦੀਆਂ ਵਾਸ਼ਨਾਵਾਂ ਨੂੰ ਵਸ ਵਿਚ ਕਰਨ ਨਾਲ ਬਣਦਾ ਹੈ। ਉਹ ਅਜਿਹੀ ਜੁਗਤੀ ਨਾਲ ਜੋਗ ਸਾਧਨਾ ਕਰਦਾ ਹੈ ਕਿ ਉਹ ਆਪ ਵੀ ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ ਅਤੇ ਸਾਰੇ ਖਾਨਦਾਨ ਨੂੰ ਵੀ ਤਾਰ ਲੈਂਦਾ ਹੈ।[1]

## ਸ਼ਬਦਿ ਸੁਰਤਿ ਜੋਗ

ਗੁਰੂ ਨਾਨਕ ਦੇਵ ਦੀ ਬਾਣੀ ਵਿਚ ਸ਼ਬਦਿ ਸੁਰਤਿ ਉਪਰ ਵਿਚਾਰ ਕੀਤੀ ਗਈ ਹੈ। ਪਰਮ ਪਦ ਦੀ ਪ੍ਰਾਪਤੀ ਲਈ ਗੁਰੂ ਨਾਨਕ ਦੇਵ ਨੇ ਸ਼ਬਦ ਸੁਰਤਿ ਮਾਰਗ ਨੂੰ ਪ੍ਰਧਾਨਤਾ ਦਿਤੀ ਹੈ। ਭਾਈ ਕਾਨ੍ਹ ਸਿੰਘ ਨਾਭਾ[2] ਅਨੁਸਾਰ ਗੁਰੂ ਦੇ ਸ਼ਬਦ ਵਿਚ ਜੁੜੀ ਬਿਰਤੀ ਸ਼ਬਦ ਸੁਰਤਿ ਹੈ। ਡਾਕਟਰ ਬੜਥਵਾਲ[3] ਅਨੁਸਾਰ ਉਹ ਜੋਗ ਜਿਸ ਦੁਆਰਾ ਸੁਰਤਿ ਤੇ ਸ਼ਬਦ ਦਾ ਸੰਜੋਗ ਹੁੰਦਾ ਹੈ ਅਤੇ ਕਾਲ, ਦਿਸ਼ਾ ਅਤੇ ਕਾਰਜ-ਕਾਰਨ ਦੀਆਂ ਸੀਮਾਵਾਂ ਸ਼ਬਦ ਵਿਚ ਫਿਰ ਤੋਂ ਲੀਨ ਹੋ ਜਾਂਦੀਆਂ ਹਨ, ਸ਼ਬਦ ਜੋਗ ਜਾਂ ਸੁਰਤਿ-ਸ਼ਬਦ ਜੋਗ ਅਖਵਾਉਂਦਾ ਹੈ ਅਤੇ ਉਹ ਸ਼ਬਦ ਸਭ ਤੋਂ ਪਹਿਲਾਂ ਭਗਵਾਨ ਦੇ ਨਾਮ ਦੇ ਰੂਪ ਵਿਚ ਮੂੰਹ ਤੋਂ ਨਿਕਲਦਾ ਹੈ ਅਤੇ ਅੰਤ ਵਿਚ ਖੁਦ ਸ਼ਬਦ ਰੂਪ ਬ੍ਰਹਮ ਹੋ ਜਾਂਦਾ ਹੈ। ਇਸਨੂੰ 'ਸਹਿਜਜੋਗ' ਵੀ ਕਿਹਾ ਜਾਂਦਾ ਹੈ।

ਗੁਰੂ ਨਾਨਕ ਦੇਵ ਦੁਆਰਾ ਪ੍ਰਗਟਾਏ ਗਏ ਜੋਗ ਵਿਚ ਨਾਮ ਸਾਧਨਾ ਦਾ ਬਹੁਤ ਹੀ ਮਹੱਤਵ ਹੈ। ਨਾਮ ਦੀ ਪ੍ਰਾਪਤੀ ਗੁਰੂ ਤੋਂ ਹੀ ਹੁੰਦੀ ਹੈ, ਜਿਸ ਤੋਂ ਬਿਨਾਂ ਕੇਵਲ ਵਿਅਕਤੀ ਦਾ ਆਵਾਗਵਣ ਹੀ ਨਹੀਂ ਬਣਿਆ ਰਹਿੰਦਾ, ਸਗੋਂ ਉਸਨੂੰ ਪਰਮਾਤਮਾ ਦੀ ਦਰਗਾਹ ਵਿਚ ਵੀ ਬੇਇਜ਼ਤ ਹੋਣਾ ਪੈਂਦਾ ਹੈ।[4] ਇਸ ਦੇ ਵਿਪਰੀਤ ਸ਼ਬਦ ਸੁਰਤਿ ਵਿਚ ਪ੍ਰਵਿਰਤ ਰਹਿਣ ਵਾਲਿਆਂ ਨੂੰ ਸੁਖ

---

1. ਸੁਣਿ ਮਾਛਿੰਦ੍ਰਾ ਨਾਨਕੁ ਬੋਲੈ। ਵਸਗਤਿ ਪੰਚ ਕਰੇ ਨਹ ਡੋਲੈ।
   ਐਸੀ ਜੁਗਤਿ ਜੋਗ ਕਉ ਪਾਲੇ। ਆਪਿ ਤਰੈ ਸਗਲੇ ਕੁਲ ਤਾਰੇ।
   (ਰਾਮਕਲੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 877)
2. ਮਹਾਨ ਕੋਸ਼, ਪੰਨਾ 117
3. ਹਿੰਦੀ ਕਾਵਿ ਮੇਂ ਨਿਰਗੁਣ ਸੰਪ੍ਰਦਾਇ, ਪੰਨਾ 275
4. ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1031)

ਤੇ ਆਨੰਦ ਦੀ ਪ੍ਰਾਪਤੀ ਹੁੰਦੀ ਹੈ।[1] ਸ਼ਬਦ ਸੁਰਤਿ ਰਾਹੀਂ ਹੀ ਸਾਧਕ ਸੰਸਾਰ ਸਮੁੰਦਰ ਨੂੰ ਤਰ ਜਾਂਦਾ ਹੈ।[2]

ਇਸ ਤਰ੍ਹਾਂ ਗੁਰੂ ਨਾਨਕ ਦੇਵ ਦੁਆਰਾ ਪ੍ਰਗਟਾਏ ਗਏ ਯੋਗ ਵਿਚ ਨਾਮ ਸਾਧਨਾ ਦਾ ਬਹੁਤ ਹੀ ਮਹੱਤਵ ਹੈ। ਨਾਮ ਦੀ ਪ੍ਰਾਪਤੀ ਗੁਰੂ ਤੋਂ ਹੁੰਦੀ ਹੈ। ਇਸ ਲਈ ਯੋਗ ਵਿਚ ਨਾਮ ਤੇ ਗੁਰੂ ਵਿਸ਼ੇਸ਼ ਮਹੱਤਤਾ ਦੇ ਲਖਾਇਕ ਹਨ। ਗੁਰੂ ਨਾਨਕ ਦੇਵ ਜੋਗੀਆਂ ਨਾਲ ਵਾਦ ਵਿਵਾਦ ਕਰਦੇ ਹੋਏ ਕਹਿੰਦੇ ਹਨ ਕਿ ਸਤਿਗੁਰੂ ਨੂੰ ਭੇਟੇ ਬਿਨਾਂ ਨਾ ਤਾਂ ਯੋਗ ਹੋ ਸਕਦਾ ਹੈ, ਨਾ ਨਾਮ ਮਿਲ ਸਕਦਾ ਹੈ ਤੇ ਨਾ ਹੀ ਮੁਕਤੀ ਦੀ ਪ੍ਰਾਪਤੀ ਹੋ ਸਕਦੀ ਹੈ, ਸਗੋਂ ਕੇਵਲ ਦੁਖ ਹੀ ਦੁਖ ਸਹਿਣਾ ਪੈਂਦਾ ਹੈ।[3] ਨਾਮ ਤੇ ਯੋਗ ਦੇ ਅਟੁੱਟ ਸੰਬੰਧਾਂ ਬਾਰੇ ਵਿਚਾਰ ਕਰਦੇ ਆਪ ਕਹਿੰਦੇ ਹਨ ਕਿ ਨਾਮ ਤੋਂ ਬਿਨਾਂ ਜੋਗ ਹੋ ਹੀ ਨਹੀਂ ਸਕਦਾ।[4]

## ਸਹਿਜ ਯੋਗ

ਪਰਸ਼ੂ ਰਾਮ ਚਤੁਰਵੇਦੀ[5] ਦਾ ਵਿਚਾਰ ਹੈ ਕਿ ਸਹਿਜ ਸ਼ਬਦ ਦੀ ਉਤਪਤੀ सह जायते इति सहज ਦੇ ਆਧਾਰ ਤੇ ਕੀਤੀ ਜਾ ਸਕਦੀ ਹੈ। ਜਿਹੜਾ ਜਨਮ ਦੇ ਨਾਲ ਹੀ ਉਤਪੰਨ ਹੁੰਦਾ ਹੈ ਤੇ ਸੁਭਾਵਿਕ ਰੂਪ ਵਿਚ ਹੀ ਰਹਿੰਦਾ ਹੈ। ਇਹ ਵਰਣਨ ਅਤੀਤ ਹੈ ਅਤੇ ਆਪਣੇ ਆਪ ਹੀ ਅਨੁਭਵ ਕੀਤਾ ਜਾ ਸਕਦਾ ਹੈ। ਇਸ ਲਈ ਗੁਰ ਚਰਨਾਂ ਦੀ ਸੇਵਾ ਵੀ ਜ਼ਰੂਰੀ ਹੈ।

---

1. ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ।
   (ਸਿਰੀ ਰਾਗੁ, ਅਸ਼ਟਪਦੀਆਂ, ਆਦਿ ਗ੍ਰੰਥ, ਪੰਨਾ 62)
2. ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ।
   (ਰਾਮਕਲੀ ਰਾਗੁ, ਸਿਧ ਗੋਸ਼ਟਿ, ਆਦਿ ਗ੍ਰੰਥ, ਪੰਨਾ 938)
3. ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ। ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ।
   ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ। ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ।
   (ਰਾਮਕਲੀ ਰਾਗੁ, ਸਿਧ ਗੋਸ਼ਟਿ, ਆਦਿ ਗ੍ਰੰਥ, ਪੰਨਾ 946)
4. ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ।
   (ਰਾਮਕਲੀ ਰਾਗੁ, ਸਿਧ ਗੋਸ਼ਟਿ, ਆਦਿ ਗ੍ਰੰਥ, ਪੰਨਾ 946)
5. ਮਧਕਾਲੀਨ ਪ੍ਰੇਮ ਸਾਧਨਾ, ਪੰਨਾ 23

ਧਰਮ ਦੀ ਸਾਧਨਾ ਵਿਚ ਸਹਿਜ ਦਾ ਮਹਤਵਪੂਰਣ ਸਥਾਨ ਹੈ, ਕਿਉਂਕਿ ਸਾਧਨਾ ਦਾ ਸਹਿਜ (ਸੁਭਾਵਕ) ਹੋਣਾ ਬੜਾ ਹੀ ਜ਼ਰੂਰੀ ਹੈ। ਸਹਜ ਅਵਸਥਾ ਚਰਮ ਉਭਾਰ ਦੀ ਅਵਸਥਾ ਹੈ। ਇਸ ਅਵਸਥਾ ਉਤੇ ਪਹੁੰਚ ਕੇ ਸਾਧਕ ਤ੍ਰਿਗੁਣਾਤੀਤ ਹੋ ਜਾਂਦਾ ਹੈ। ਸਹਿਜ ਸੁਭਾਵਕ ਢੰਗ ਨਾਲ ਜਿਹੜਾ ਯੋਗ ਸੰਪੰਨ ਹੋਵੇ ਉਸਨੂੰ ਸਹਿਜ ਯੋਗ ਕਿਹਾ ਜਾਂਦਾ ਹੈ। ਇਹ ਸਾਧਨਾ ਮਨ ਦੇ ਟਿਕਣ ਤੋਂ ਆਰੰਭ ਹੁੰਦੀ ਹੈ। ਇਸ ਨਾਲ ਮਾਨਸਿਕ ਸੰਤੁਲਨ ਪ੍ਰਾਪਤ ਹੁੰਦਾ ਹੈ। ਸਹਿਜ ਭਾਵਨਾ ਨਾਲ ਧਾਰਮਿਕ ਤੇ ਸਮਾਜਿਕ ਖੇਤ੍ਰ ਵਿਚ ਉਚੀਆਂ ਪ੍ਰਾਪਤੀਆਂ ਕੀਤੀਆਂ ਜਾ ਸਕਦੀਆਂ ਹਨ। ਇਹ ਅਵਸਥਾ ਜੀਵਨ ਮੁਕਤ ਅਵਸਥਾ, ਤੁਰੀਆ ਪਦ, ਤੁਰੀਆ ਅਵਸਥਾ, ਬ੍ਰਹਮ ਗਿਆਨ, ਨਿਰਵਾਣ ਪੱਦ, ਅਤੇ ਰਾਜ ਯੋਗ ਅਵਸਥਾ ਨਾਲ ਮੇਲ ਖਾਂਦੀ ਹੈ।

ਗੁਰੂ ਨਾਨਕ ਦੇਵ ਦੇ ਸਹਿਜ ਯੋਗ ਦੇ ਸਰੂਪ ਦਾ ਪ੍ਰਗਟਾ ਉਨ੍ਹਾਂ ਦੀ ਭਰਥਰੀ ਯੋਗੀ ਨਾਲ ਹੋਈ ਵਾਰਤਾਲਾਪ ਵਿਚੋਂ ਮਿਲਦਾ ਹੈ, ਉਹ ਕਹਿੰਦੇ ਹਨ, "ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾਉਣਾ ਹੀ ਮੇਰੀ ਮੁੰਦ੍ਰਾ ਹੈ ਅਤੇ ਖਿਮਾ ਮੇਰੇ ਵਾਸਤੇ ਖਿੰਥਾ ਹੈ, ਪਰਮਾਤਮਾ ਦੁਆਰਾ ਹੋਈ ਹਰ ਘਟਨਾ ਨੂੰ ਮੈਂ ਭਲਾ ਕਰਕੇ ਸਮਝਦਾ ਹਾਂ ਮੇਰੇ ਵਾਸਤੇ ਇਹੋ ਹੀ ਸਹਿਜ ਯੋਗ ਹੈ, ਜਿਸਤੋਂ ਕਿ ਮੈਂ ਨਿਧੀਆਂ ਦੀ ਪ੍ਰਾਪਤੀ ਕਰਦਾ ਹਾਂ।"[1]

ਇਸ ਤਰ੍ਹਾਂ ਗੁਰੂ ਨਾਨਕ ਦੇਵ ਅਨੁਸਾਰ ਪਰਮਾਤਮਾ ਦੇ ਨਾਮ ਵਿਚ ਦ੍ਰਿੜ ਵਿਸ਼ਵਾਸ, ਗੁਰੂ ਵਿਚ ਸ਼ਰਧਾ ਤੇ ਵਿਸ਼ਵਾਸ, ਸਤਿਗੁਰੂ ਦੀ ਪ੍ਰਾਪਤੀ, ਸਤਿਗੁਰੂ ਦੇ ਸ਼ਬਦ ਉਤੇ ਅਮਲ ਅਤੇ ਸੰਸਾਰਕ ਕਿਰਿਆਂ ਪੂਰੀ ਕਰਨੀ ਹੀ ਸਹਿਜ ਯੋਗ ਦੇ ਮਹਤਵਪੂਰਨ ਜ਼ਰੂਰੀ ਪਹਿਲੂ ਹਨ। ਅਜਿਹੇ ਯੋਗ ਦੀ ਪ੍ਰਾਪਤੀ ਲਈ ਕਿਤੇ ਬਾਹਰ ਜਾਣ ਦੀ ਜ਼ਰੂਰਤ ਨਹੀਂ ਤੇ ਨਾ ਹੀ ਬਾਹਰੀ ਕਰਮ ਕਾਂਡ ਕਰਨ ਦੀ ਅਵਸ਼ਕਤਾ ਹੈ। ਇਸਦਾ ਆਧਾਰ ਤਾਂ ਮਨ ਉਤੇ ਕਾਬੂ ਪਾ ਕੇ ਨਾਮ ਸਿਮਰਨ ਕਰਨਾ ਹੈ ਅਤੇ ਇਸ ਢੰਗ ਨਾਲ ਹੀ ਜੀਵ ਦੀ ਪਰਮਾਤਮਾ ਨਾਲ ਇਕਸੁਰਤਾ ਸਥਾਪਿਤ ਹੋ ਸਕਦੀ ਹੈ।

ਦਾਰਸ਼ਨਿਕ ਦ੍ਰਿਸ਼ਟੀ ਤੋਂ ਯੋਗ ਮਤਿ ਅਤੇ ਨਾਨਕ ਮਤਿ ਵਿਚ ਕੁਝ ਮਹਤਵਪੂਰਨ ਵੇਰ ਭੇਦ ਵੀ ਪ੍ਰਗਟ ਹੁੰਦੇ ਹਨ। ਯੋਗੀ ਬ੍ਰਹਮ ਵਿਚ ਵਿਸ਼ਵਾਸ਼ ਨਹੀਂ ਰਖਦੇ। ਯੋਗ ਮਤਿ ਸਾਂਖ ਮਤਿ

---

1. ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ।
ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ।
(ਆਸਾ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 359/360)

ਅਨੁਸਾਰ ਗੁਣਾਂ ਤੇ ਪ੍ਰਕ੍ਰਿਤੀ ਦੇ ਅਨਾਦੀ ਹੋਣ ਦਾ ਵਿਸ਼ਵਾਸੀ ਹੈ, ਉਸਦਾ ਪਰਮਾਤਮਾ ਦੀ ਸਰਬਸ਼ਕਤੀਮਾਨਤਾ ਤੇ ਸਰਬ ਸਿਰਜਨਾਤਮਕਤਾ ਵਿਚ ਵਿਸ਼ਵਾਸ ਨਹੀਂ ਹੈ। ਜੋਗੀ ਪ੍ਰਾਣ, ਮਨ ਤੇ ਪੁਰਸ਼ ਮੰਨਦੇ ਹਨ। ਉਨ੍ਹਾਂ ਅਨੁਸਾਰ ਪੁਰਸ਼ ਮਨ ਹੈ- ਆਤਮਾ ਨਹੀਂ ਹੈ। ਉਹ ਪ੍ਰਾਣ ਤੇ ਮਨ ਦਾ ਆਧਾਰ 'ਬ੍ਰਹਮ' ਨੂੰ ਨਹੀਂ ਮੰਨਦੇ, 'ਸੁੰਨ' ਨੂੰ ਵੀ ਨਹੀਂ ਮੰਨਦੇ। ਇਸ ਤਰ੍ਹਾਂ ਪਤੰਜਲੀ ਸਾਂਖ ਦੇ ਸਾਰੇ ਤੱਤ ਮੰਨਦਾ ਹੈ ਤੇ ਸਾਰੇ ਹੀ ਤੱਤ ਅਨਾਦੀ ਹਨ, ਪਰ ਉਹ 'ਈਸ਼ਵਰ' ਮੰਨਦਾ ਹੈ, ਪਰ ਈਸ਼ਵਰ ਨੂੰ ਪ੍ਰਾਪਤ ਕਰਨਾ ਨਿਸ਼ਾਨਾ ਨਹੀਂ ਮੰਨਦਾ। ਜੋਗੀ ਕਿਸੇ 'ਸੁੰਨ' ਵਲ ਸੰਕੇਤ ਕਰਦੇ ਹਨ, 'ਸੁੰਨ' ਤੋਂ ਉਨ੍ਹਾਂ ਦਾ ਭਾਵ 'ਖਾਲੀ' ਜਾਂ 'ਕੁਝ ਵੀ ਨਾ' ਵਲ ਹੈ, ਕਿਸੇ ਹਸਤੀ ਦੀ ਹੋਂਦ ਵਲ ਨਹੀਂ।

ਗੁਰੂ ਨਾਨਕ ਈਸ਼ਵਰਵਾਦੀ ਹਨ। ਉਹ ਪ੍ਰਾਣ ਤੇ ਮਨ ਦਾ ਆਧਾਰ ਬ੍ਰਹਮ ਨੂੰ ਹੀ ਮੰਨਦੇ ਹਨ। ਉਨ੍ਹਾਂ ਦਾ ਪਰਮਾਤਮਾ ਦੀ ਹੁਕਮ ਦੀ ਖੇਡ ਵਿਚ ਬੜਾ ਪੱਕਾ ਵਿਸ਼ਵਾਸ ਹੈ। ਉਨ੍ਹਾਂ ਦਾ 'ਸੁੰਨ' ਜੋਗੀਆਂ ਵਾਲਾ 'ਸੁੰਨ' ਨਹੀਂ ਹੈ। ਸਗੋਂ ਉਹ ਤਾਂ ਸੁੰਨ ਨੂੰ ਪਰਮਾਤਮਾ, ਹਸਤੀ ਮੂਰਤਿ ਵਿਚ ਬਦਲ ਦਿੰਦੇ ਹਨ। ਉਹ ਸੁੰਨ ਤੋਂ ਹੀ ਪ੍ਰਾਣ ਤੇ ਮਨ ਦੀ ਉਤਪਤੀ ਹੋਈ ਮੰਨਦੇ ਹਨ। ਉਹ 'ਸੁੰਨ' ਨੂੰ ਸਰਬ ਵਿਆਪੀ ਦਰਸਾਉਂਦੇ ਹਨ।[1] ਇਸ ਦੇ ਨਾਲ ਹੀ ਗੁਰੂ ਸਾਹਿਬ ਪਰਮ ਤੱਤ ਨੂੰ ਮੰਨਦੇ ਹਨ, ਉਸਨੂੰ ਉਹ ਸਭ ਦਾ ਆਦਿ ਸਵੀਕਾਰਦੇ ਹਨ। ਉਸ ਆਦਿ ਦਾ ਕੋਈ ਹੋਰ ਆਦਿ ਨਹੀਂ ਹੈ। ਸਾਰੀ ਰਚਨਾ ਉਸ ਇੱਕ ਵਿਚੋਂ ਹੀ ਪੈਦਾ ਹੋਈ ਹੈ।[2]

ਜੋਗ ਮਤਿ ਸੰਸਾਰਕ ਬੰਧਨਾਂ ਵਿਚੋਂ ਨਿਕਲਣ ਲਈ ਨਿਵਿਰਤੀ ਮਾਰਗ ਦਾ ਸੁਝਾ ਦਿੰਦਾ ਹੈ। ਉਹ ਜੀਵਨ ਦਾ ਤਿਆਗ ਕਰਕੇ, ਜੰਗਲਾਂ ਵਿਚ ਜਾ ਕੇ ਕੰਦ ਮੂਲ ਖਾਣਾ ਜੋਗ ਮਤਿ ਲਈ ਜ਼ਰੂਰੀ ਸਮਝਦਾ ਹੈ। ਸਿਧ ਗੋਸ਼ਟਿ[3] ਵਿਚ, ਇਕ ਥਾਂ ਤੇ, ਗੁਰੂ ਸਾਹਿਬ ਜੋਗੀਆਂ ਦੇ ਇਸ ਸਿਧਾਂਤ ਦਾ

---

1. ਰਾਮਕਲੀ ਰਾਗੁ, ਸਿਧ ਗੋਸ਼ਟਿ, ਆਦਿ ਗ੍ਰੰਥ, ਪੰਨਾ 943
2. ਰਾਮਕਲੀ ਰਾਗੁ, ਸਿਧ ਗੋਸ਼ਟਿ, ਆਦਿ ਗ੍ਰੰਥ, ਪੰਨਾ 946
3. ਹਾਟੀ ਬਾਟੀ ਰਹਹਿ ਨਿਰਾਲੇ ਰੁਖਿ ਬਿਰਖਿ ਉਦਿਆਨੇ।
   ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ।
   ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ।
   ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ।
   (ਰਾਮਕਲੀ ਰਾਗੁ, ਸਿੱਧ ਗੋਸ਼ਟਿ, ਆਦਿ ਗ੍ਰੰਥ, ਪੰਨਾ 938/939)

ਪ੍ਰਗਟਾਵਾ ਕਰਦੇ ਹਨ। ਜੋਗ ਮਤਿ ਦੇ ਵਿਪਰੀਤ ਗੁਰੂ ਸਾਹਿਬ ਜ਼ਿੰਦਗੀ ਦੇ ਭਵਸਾਗਰ ਵਿਚੋਂ ਤਰਨ ਲਈ ਪਰਵਿਰਤੀ ਮਾਰਗ ਦਾ ਸੁਝਾ ਦਿੰਦੇ ਹਨ। ਉਹ ਜੰਗਲਾਂ ਵਿਚ ਜਾਣ ਦੀ ਥਾਂ ਤੇ ਆਪਣੇ ਅੰਦਰੋਂ ਹੀ ਗੁਰੂ ਦੀ ਪ੍ਰਾਪਤੀ ਦਾ ਵਿਸ਼ਵਾਸ ਦਿਵਾਉਂਦੇ ਹਨ, ਪਰ ਸੁਰਤ ਮਨ ਦੀਆਂ ਬਿਰਤੀਆਂ ਦੀ ਇਕਾਗਰਤਾ ਅਤੇ ਦਿਖਾਵੇ ਰਹਿਤ ਸ਼ਰਧਾ ਦੀ ਹੈ।[1]

ਸੁੰਨ (ਸ਼ੂਨਯ) ਸ਼ਬਦ ਯੋਗ ਵਿਚ ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ। ਗੁਰੂ ਨਾਨਕ ਦੇਵ ਅਨੁਸਾਰ 'ਸੁੰਨ' ਉਹ ਸ਼ਬਦ ਹੈ, ਜਿਸਨੇ ਸਾਰੀ ਸ੍ਰਿਸ਼ਟੀ ਦੀ ਸਿਰਜਨਾ ਕੀਤੀ ਹੈ ਅਤੇ ਅਜਿਹੇ ਸੁੰਨ ਵਿਚ ਮਨ ਲਗਾਉਣਾ, ਬਹੁਤ ਹੀ ਵੱਡਾ ਯੋਗ ਹੈ। ਆਪ ਅਨੁਸਾਰ ਸੁੰਨ ਦਾ ਜੋਗੀਆਂ ਵਾਲਾ ਅਰਥ 'ਕੁਝ ਨਹੀਂ' ਵਾਲਾ ਨਹੀਂ ਹੈ, ਆਪ ਦਾ ਸੁੰਨ ਸਰਬ ਵਿਆਪਕ ਤੇ ਸਰਬ ਉਤਪਾਦਕ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂ ਨਾਨਕ ਦੇਵ ਨੇ ਯੋਗ ਮਤਿ ਦੀ ਸੰਕੇਤਕ, ਪਰਿਭਾਸ਼ਕ ਤੇ ਸਿਧਾਂਤਕ ਸ਼ਬਦਾਵਲੀ ਨੂੰ ਵਰਤਿਆ ਹੈ ਅਤੇ ਯੋਗ ਮਤਿ ਨੂੰ ਬਰੀਕੀ ਨਾਲ ਸਮਝਣ ਦਾ ਯਤਨ ਭੀ ਕੀਤਾ ਹੈ। ਇਸ ਦੇ ਨਾਲ ਹੀ ਯੋਗ ਦੀ ਆਪਣੇ ਵਲੋਂ ਪ੍ਰਮਾਣਿਕ ਪਰਿਭਾਸ਼ਾ ਦੇਣ ਦਾ ਯਤਨ ਭੀ ਕੀਤਾ ਹੈ। ਉਨ੍ਹਾਂ ਨੇ ਯੋਗ ਦੇ ਬਾਹਰੀ ਅਡੰਬਰਾਂ, ਸਰੀਰਕ ਕਸ਼ਟਕਾਰੀ ਸਾਧਨਾਂ ਅਤੇ ਨਿਵਿਰਤੀ ਮਾਰਗ ਦੀ ਦਲੀਲ ਯੁਕਤ ਢੰਗ ਨਾਲ ਨਿਖੇਧੀ ਕੀਤੀ ਹੈ। ਆਪ ਅਨੁਸਾਰ ਅਸਲੀ ਯੋਗ ਸਰੀਰਕ ਕਠਿਨ ਸਾਧਨਾ ਵਿਚ ਨਹੀਂ ਸਗੋਂ ਮਨ ਨੂੰ ਸਾਧਨ ਵਿਚ ਹੀ ਹੈ, ਜਿਸ ਲਈ ਕਿਸੇ ਸਤਿਗੁਰੂ ਕੋਲੋਂ ਨਾਮ ਦੀ ਪ੍ਰਾਪਤੀ, ਉਸਦਾ ਜਪ ਅਤੇ ਉਸ ਦਾ ਅਮਲ ਬਹੁਤ ਜ਼ਰੂਰੀ ਹੈ। ਇੰਜ

---

1. ਰਾਮਕਲੀ ਰਾਗੁ, ਸਿੱਧ ਗੋਸ਼ਟਿ, ਆਦਿ ਗ੍ਰੰਥ, ਪੰਨਾ 939

2. ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੈ।
ਘਟਿ ਘਟਿ ਸੁੰਨ ਕਾ ਜਾਣੈ ਭੇਉ।

.. .. ..

ਸੁੰਨੋ ਸੁੰਨ ਕਹੈ ਸਭ ਕੋਈ।
ਅਨਹਦ ਸੁੰਨੁ ਕਹਾ ਤੇ ਹੋਈ।
ਅਨਹਤ ਸੁੰਨਿ ਰਤੇ ਸੇ ਕੈਸੇ।
ਜਿਸ ਤੇ ਉਪਜੇ ਤਿਸ ਹੀ ਜੈਸੇ।
(ਉਹੀ, ਆਦਿ ਗ੍ਰੰਥ, ਪੰਨਾ 943)

ਯੋਗ ਸਾਧਨਾ ਦੇ ਬਾਹਰੀ ਅੰਗਾਂ ਦਾ ਖੰਡਣ ਕਰਦਿਆਂ ਹੋਇਆਂ ਵੀ, ਇਸਦੀ ਮਹੱਤਤਾ ਤੋਂ ਉਹ ਇਨਕਾਰੀ ਨਹੀਂ ਹਨ[੬]। ਲਗਦਾ ਇਸ ਤਰ੍ਹਾਂ ਹੈ ਕਿ ਕੋਈ ਵੀ ਭਾਰਤੀ ਸਾਧਨਾ ਮਾਰਗ ਯੋਗ ਸਾਧਨਾ ਦੇ ਵਿਸ਼ਾਲ ਘੇਰੇ ਤੋਂ ਬਚਿਆ ਨਹੀਂ ਹੈ ਅਤੇ ਕਿਸੇ ਨਾ ਕਿਸੇ ਤਰ੍ਹਾਂ ਇਸ ਦੇ ਮਹੱਤਵ ਨੂੰ ਸਵੀਕਾਰ ਕਰਦਾ ਹੈ। ਇੰਜ ਵੇਦਾਂਤ ਹੋਵੇ ਜਾਂ ਭਗਤੀ ਮਾਰਗ ਅਤੇ ਭਾਵੇਂ ਗੁਰੂ ਨਾਨਕ ਵਿਚੋਂ ਪ੍ਰਾਪਤ ਇਸਦਾ ਵਿਵੇਕਪੂਰਣ ਸੁਮੇਲ, ਯੋਗ ਦਾ ਦਖਲ ਉਸ ਵਿਚ ਜ਼ਰੂਰ ਹੈ।

## ਅਧਿਆਇ ਪੰਜਵਾਂ

*

*

*

*

# ਵੇਦਾਂਤ ਅਤੇ ਗੁਰੂ ਨਾਨਕ ਬਾਣੀ ਵਿਚੋਂ ਪ੍ਰਾਪਤ ਮੁਕਤੀ ਮਾਰਗ

## ਵੇਦਾਂਤ
## ਅਤੇ
## ਗੁਰੂ ਨਾਨਕ ਬਾਣੀ ਵਿਚੋਂ ਪ੍ਰਾਪਤ ਮੁਕਤੀ ਮਾਰਗ

ਲੋਕ ਨੂੰ ਸੁਖੀ ਬਣਾਉਣਾ ਤੇ ਪਰਲੋਕ ਵਿਚਲੇ ਕਲਪਿਤ ਕਸ਼ਟਾਂ ਤੋਂ ਨਿਵਿਰਤੀ ਪ੍ਰਾਪਤ ਕਰਨਾ, ਵੱਖ ਵੱਖ ਕਿਸਮਾਂ ਦੇ ਦੁੱਖਾਂ ਤੋਂ ਮੁਕਤ ਹੋਣਾ, ਮਨੁੱਖੀ ਜੀਵਨ ਦਾ ਆਦਰਸ਼ ਰਿਹਾ ਹੈ। ਭਾਰਤੀ ਮਨਾਂ ਨੂੰ ਇਸ ਸਮਸਿਆ ਨੇ ਸਭ ਤੋਂ ਜ਼ਿਆਦਾ ਕੀਲਿਆ ਹੈ।ਸ਼ਾਇਦ ਇਸੇ ਕਰਕੇ ਜਦੋਂ ਭਾਰਤੀ ਵਿਦਵਾਨਾਂ ਨੇ ਜੀਵਨ ਦੇ ਮਨੋਰਥ ਨੂੰ ਪਰਿਭਾਸ਼ਤ ਕੀਤਾ ਤਾਂ ਚਾਰ ਮੁੱਖ ਮਨੋਰਥਾਂ, ਧਰਮ, ਅਰਥ, ਕਾਮ ਤੇ ਮੋਕਸ਼, ਵਿਚੋਂ ਮੋਕਸ਼ ਨੂੰ ਇਨ੍ਹਾਂ ਸਭ ਵਿਚੋਂ ਸਰਵੋਤਮ ਸਥਾਨ ਦਿਤਾ ਹੈ।

ਸ਼ੰਕਰ ਵੇਦਾਂਤ ਵਿਚ ਮੁਕਤੀ ਸੰਬੰਧੀ ਸਿਧਾਂਤ ਦਾ ਪ੍ਰਗਟਾਵਾ ਹੋਇਆ ਮਿਲਦਾ ਹੈ। ਮੁਕਤੀ ਸ਼ਬਦ ਦੀ ਨਿਸ਼ਪਤੀ मुच (मोचनार्थक ) ਧਾਤੂ ਤੋਂ ਹੋਈ ਹੈ। ਇਸ ਦਾ ਅਰਥ ਛੁਟਕਾਰਾ ਪਾਉਣਾ ਹੈ। ਇਸ ਤਰ੍ਹਾਂ ਆਤਮ ਬੋਧ ਦੇ ਹੋਣ ਨਾਲ ਮਿਥਿਆ ਬੰਧਨਾਂ ਤੋਂ ਛੁਟਕਾਰਾ ਪਾਉਣ ਦਾ ਨਾਂ ਮੁਕਤੀ ਹੈ।[1] ਆਤਮ ਬੋਧ ਦੀ ਅਣਹੋਂਦ ਵਿਚ ਜੀਵ ਅਵਿਦਿਆ ਵਸ ਸੰਸਾਰਕ ਜੀਵਾਂ ਤੇ ਪਦਾਰਥਾਂ ਨਾਲ ਕੋਈ ਨਾ ਕੋਈ ਮਿਥਿਆ ਸੰਬੰਧ ਸਥਾਪਤ ਕਰ ਲੈਂਦਾ ਹੈ। ਇਹ ਸੰਬੰਧ ਹੀ ਇਨਸਾਨੀ ਬੰਧਨ ਦਾ ਕਾਰਣ ਬਣਦਾ ਹੈ। ਇਸ ਤਰ੍ਹਾਂ ਅਵਿਦਿਆ ਹੀ ਮਿਥਿਆ ਬੰਧਨਾਂ ਨੂੰ ਸਥਾਪਤ ਕਰਦੀ ਹੈ ਪਰ ਜਦੋਂ ਆਤਮ ਬੋਧ ਨਾਲ ਅਵਿਦਿਆ ਦੀ ਨਿਵਿਰਤੀ ਹੋ ਜਾਂਦੀ ਹੈ ਤਾਂ ਵਿਅਕਤੀ ਨੂੰ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਅਗਿਆਨ ਕਾਰਣ ਸਤਿ, ਚਿਤ ਤੇ ਆਨੰਦ ਪਰਮਾਤਮਾ ਸਾਧਕ ਨੂੰ ਭੁਲ ਜਾਂਦਾ ਹੈ ਪਰ ਪਰਮਾਤਮਾ ਦੀ ਕ੍ਰਿਪਾ, ਗੁਰ ਪ੍ਰਸਾਦਿ ਅਤੇ ਸ੍ਰਵਣ ਤੇ ਮਨਨ ਨਾਲ ਅਗਿਆਨ ਦੇ ਨਾਸ਼ ਉਪਰੰਤ ਜਦੋਂ ਸਾਧਕ ਵਿਚ ਸੱਚ ਦਾ ਪ੍ਰਕਾਸ਼ ਹੋ ਜਾਂਦਾ ਹੈ ਤਾਂ ਉਸ ਨੂੰ ਆਪਣੇ ਅਸਲੇ, ਪ੍ਰਭੂ, ਦਾ ਗਿਆਨ ਹੋ ਜਾਂਦਾ ਹੈ, ਇਸੇ ਨੂੰ ਹੀ ਮੁਕਤੀ ਕਿਹਾ ਜਾਂਦਾ ਹੈ।

ਬ੍ਰਿਹਦਾਰਣਯਕ ਉਪਨਿਸ਼ਦ ਅਨੁਸਾਰ:

> "ਤੱਤ ਬੋਧ ਦੀ ਸਥਿਤੀ ਵਿਚ ਬ੍ਰਹਮ ਗਿਆਨੀ ਪੁਰਸ਼ ਆਪ ਹੀ ਬ੍ਰਹਮ ਸਰੂਪ ਹੋ ਜਾਂਦਾ ਹੈ।"[2]

---

1. ਡਾਕਟਰ ਰਾਮ ਮੂਰਤੀ, ਅਦਵੈਤ ਵੇਦਾਂਤ, ਪੰਨਾ 228
2. ਬ੍ਰਿਹਦਾਰਣਯਕ ਉਪਨਿਸ਼ਦ 4/4/25

ਸ਼ੰਕਰ ਦਾ ਵਿਚਾਰ ਹੈ ਕਿ ਮੁਕਤ ਪੁਰਸ਼ ਲਈ ਇਹ ਪਰਪੰਚ ਰੂਪ ਜਗਤ ਉਸੇ ਤਰ੍ਹਾਂ ਹੀ ਨਸ਼ਟ ਹੋ ਜਾਂਦਾ ਹੈ, ਜਿਸ ਤਰ੍ਹਾਂ ਅੱਗ ਦੁਆਰਾ ਘੀ ਨਸ਼ਟ ਹੋ ਜਾਂਦਾ ਹੈ।[1]

ਵਿਚਾਰਾਤਮਕ ਪੱਧਰ ਤੇ ਸੋਚਿਆਂ ਇਹ ਸਥਾਪਤ ਹੁੰਦਾ ਹੈ ਕਿ ਇਨਸਾਨ ਦੀ ਮੂਲ ਸਮਸਿਆ, ਗੁਨਾਹ ਕਰਨ ਤੋਂ ਬਚਣਾ, ਪਾਪ ਕਰਨ ਤੋਂ ਬਚਣਾ, ਕੀਤੇ ਪਾਪਾਂ ਦੇ ਪ੍ਰਭਾਵ ਤੋਂ ਬਚਣਾ ਅਰਥਾਤ ਇਹਨਾਂ ਤੋਂ ਮੁਕਤੀ ਪ੍ਰਾਪਤ ਕਰਨਾ ਹੈ। ਮਨੁਖ ਸਭ ਕੁਝ ਦਾ ਮੁਕਾਬਲਾ ਕਰ ਸਕਦਾ ਹੈ, ਪਰ ਆਪਣੇ ਕੀਤੇ ਗੁਨਾਹਾਂ ਦੁਆਰਾ ਅਨੁਸ਼ਾਸ਼ਤ ਹੋ ਕੇ, ਜਦੋਂ ਉਸ ਦੀ ਆਪਣੀ ਆਤਮਾ ਚੀਖਦੀ ਹੈ ਤਾਂ ਉਸ ਦੀਆਵਾਜ਼ ਉਸ ਕੋਲੋਂ ਸੁਣੀ ਨਹੀਂ ਜਾਂਦੀ। ਇਸੇ ਕਰਕੇ ਹੀ ਉਹ ਜ਼ਿੰਦਗੀ ਦੀ ਸਾਰੀ ਭੱਜ ਦੌੜ ਕਰਦਿਆਂ ਹੋਇਆਂ ਵੀ ਅੰਦਰੋਂ ਹੀ ਅੰਦਰ ਮੁਕਤੀ ਦੀ ਪ੍ਰਾਪਤੀ ਲਈ ਪ੍ਰਯਤਨਸ਼ੀਲ ਹੁੰਦਾ ਹੈ। ਉਸ ਨੂੰ ਮੋਕਸ਼ ਪ੍ਰਾਪਤੀ ਦਾ ਮਨੋਰਥ ਬਿਲਕੁਲ ਭੁਲਦਾ ਹੀ ਨਹੀਂ। ਕਈ ਕਿਸਮਾਂ ਦੇ ਕਰਮ ਕਾਂਡ, ਪਾਠ ਪੂਜਾ, ਗਿਆਨ ਵਿਗਿਆਨ, ਵਿਚਾਰ ਵਟਾਂਦਰਾ ਇਸੇ ਹੀ ਨੁਕਤੇ ਦੁਆਲੇ ਘੁੰਮਦੇ ਹਨ। ਦੁਨੀਆਂ ਦੀਆਂ ਬਾਕੀ ਸਭਿਆਤਾਵਾਂ ਦੇ ਮਨੁਖਾਂ ਤਰ੍ਹਾਂ ਭਾਰਤੀ ਸਭਿਅਤਾ ਦੇ ਮਨੁਖ ਨੂੰ ਵੀ ਇਸੇ ਮਨੋਰਥ ਨੇ ਪੂਰੇ ਜ਼ੋਰ ਨਾਲ ਟੁੰਬਿਆ ਹੈ ਅਤੇ ਉਹ ਇਸ ਦੀ ਸਿਧੀ ਲਈ ਲਗਾਤਾਰ ਪ੍ਰਯਤਨਸ਼ੀਲ ਰਿਹਾ ਹੈ। ਇਸੇ ਕਰਕੇ ਹੀ ਭਾਰਤ ਦੇ ਪੁਰਾਤਨ ਤੋਂ ਪੁਰਾਤਨ ਲਿਖਤੀ ਸਾਹਿਤ ਅਰਥਾਤ ਵੈਦਿਕ ਸਾਹਿਤ ਵਿਚੋਂ ਭੀ ਇਸ ਤਰ੍ਹਾਂ ਦੀਆਂ ਮਿਸਾਲਾਂ ਮਿਲ ਜਾਂਦੀਆਂ ਹਨ, ਜਿਹੜੀਆਂ ਮਨੁਖ ਦੇ ਅਜਿਹੇ ਪ੍ਰਯਤਨ ਨੂੰ ਪੇਸ਼ ਕਰਦੀਆਂ ਹਨ। ਇਸ ਮਨੋਰਥ ਪ੍ਰਤੀ ਮਨੁਖੀ ਰੁਝਾਣ ਨੇ ਦੋ ਤਰ੍ਹਾਂ ਦਾ ਰਵਈਆ ਰਖਿਆ ਹੈ, ਇਕ ਇਸ ਦੀ ਪ੍ਰਾਪਤੀ ਲਈ ਯਤਨਸ਼ੀਲ ਰਹਿਣਾ, ਅਰਥਾਤ ਨਿਰੋਲ ਇਸ ਦਾ ਵਿਹਾਰਕ ਪਹਿਲੂ ਅਤੇ ਦੂਸਰਾ ਇਸ ਦੇ ਸੁਭਾ, ਪ੍ਰਾਪਤੀ ਲਈ ਸਾਧਨ, ਇਸ ਦੇ ਰਸਤੇ ਵਿਚ ਆਉਣ ਵਾਲੀਆਂ ਰੁਕਾਵਟਾਂ, ਇਸ ਦੀ ਨਾ ਪ੍ਰਾਪਤੀ ਤੋਂ ਪੈਦਾ ਹੋਣ ਵਾਲੇ ਕਸ਼ਟ ਅਤੇ ਇਸ ਦੀ ਪ੍ਰਾਪਤੀ ਤੋਂ ਪੈਦਾ ਹੋਣ ਵਾਲੇ ਸੁਖ ਸੰਬੰਧੀ ਸਿਧਾਂਤਕ ਵਿਚਾਰ ਵਟਾਂਦਰਾ। ਮੁਖ ਰੂਪ ਵਿਚ ਵੈਦਿਕ ਸਾਹਿਤ ਤੇ ਪੁਰਾਣ ਸਾਹਿਤ ਪਹਿਲੇ ਨੁਕਤੇ ਨਾਲ ਸੰਬੰਧਤ ਹਨ, ਜਦੋਂ ਕਿ ਉਪਨਿਸ਼ਦ, ਗੀਤਾ ਅਤੇ ਸੂਤਰ ਸਾਹਿਤ ਮੁਕਤੀ ਦੇ ਮੁਕਤੀ ਬਾਰੇ ਸਿਧਾਂਤਕ ਵਿਚਾਰ ਵਟਾਂਦਰੇ ਨੂੰ ਪੇਸ਼ ਕਰਦੇ ਹਨ।

---

1. ਬ੍ਰਹਮ ਸੂਤ੍ਰ, ਸ਼ੰਕਰ ਭਾਸ਼ਯ 1/1/41

ਗੀਤਾ ਵਿਚ ਮੁਕਤੀ ਦੀ ਪ੍ਰਾਪਤੀ ਲਈ ਵੱਖ ਵੱਖ ਸਾਧਨਾ ਮਾਰਗਾਂ ਦਾ ਜ਼ਿਕਰ ਹੋਇਆ ਮਿਲਦਾ ਹੈ। ਸ਼ੰਕਰ ਭਗਵਦ ਗੀਤਾ[1] ਦੀ ਮੁਕਤੀ ਸੰਬੰਧੀ ਧਾਰਨਾ ਬਾਰੇ ਲਿਖਦੇ ਹਨ ਕਿ ਗੀਤਾ ਵਿਚ ਭਗਵਾਨ ਕ੍ਰਿਸ਼ਨ ਕਹਿੰਦੇ ਹਨ:

> ਮੈਨੂੰ ਜਾਣਨ ਦਾ ਯਤਨ ਕਰੋ, ਜੇ ਕਰ ਤੁਸੀਂ ਮੇਰਾ ਚਿੰਤਨ ਨਹੀਂ ਕਰਦੇ ਤਾਂ ਯੋਗ ਅਭਿਆਸ ਕਰੋ, ਜੇ ਕਰ ਤੁਹਾਨੂੰ ਇਹ ਠੀਕ ਨਹੀਂ ਰਹਿੰਦਾ ਤਾਂ ਆਪਣੇ ਸਾਰੇ ਕੰਮ ਮੈਨੂੰ ਸਮਰਪਨ ਕਰਕੇ ਮੇਰੀ ਸੇਵਾ ਕਰਨ ਦਾ ਪ੍ਰਯਤਨ ਕਰੋ। ਜੇ ਕਰ ਉਹ ਵੀ ਕਠਿਨ ਲਗਦਾ ਹੋਵੇ ਤਾਂ ਆਪਣੇ ਕਰਤੱਵ ਦਾ ਪਾਲਣ ਕਰੋ, ਲੇਕਿਨ ਪਰਿਣਾਮ ਦੀ ਲਾਲਸਾ ਨਾ ਰਖੋ ਤੇ ਨਾ ਹੀ ਫੱਲ ਦੀ ਅਕਾਂਖਿਆ ਰਖੋ।

ਇਕ ਹੋਰ ਥਾਂ ਤੇ ਸ਼ੰਕਰ ਲਿਖਦੇ ਹਨ ਕਿ ਨਿਰਸੰਦੇਹ ਨਿਰੰਤਰ ਕਰਮ ਨਾਲੋਂ ਗਿਆਨ ਉਤਮ ਹੈ, ਧਿਆਨ ਗਿਆਨ ਤੋਂ ਉਤਮ ਹੈ, ਕਰਮ ਫੱਲ ਦਾ ਤਿਆਗ ਧਿਆਨ ਤੋਂ ਵੀ ਉਤਮ ਹੈ। ਕਰਮ ਫੱਲ ਦੇ ਤਿਆਗ ਨਾਲ ਸ਼ਾਂਤੀ ਦੀ ਪ੍ਰਾਪਤੀ ਹੁੰਦੀ ਹੈ।[2] ਅਗੇ ਜਾ ਕੇ ਉਹ ਲਿਖਦੇ ਹਨ ਕਿ ਹਰ ਵਿਅਕਤੀ ਮੁਕਤੀ ਦੇ ਲਈ ਆਪਣੀ ਮਰਜ਼ੀ ਦੇ ਨਾਲ ਸਾਰੇ ਮਾਰਗਾਂ ਵਿਚੋਂ ਕਿਸੇ ਮਾਰਗ ਦੀ ਚੋਣ ਕਰ ਸਕਦਾ ਹੈ, ਕੋਈ ਧਿਆਨ ਰਾਹੀਂ, ਕੋਈ ਹੋਰ ਚਿੰਤਨ ਰਾਹੀਂ, ਕੋਈ ਕਰਮ ਰਾਹੀਂ ਅਤੇ ਕੋਈ ਹੋਰ ਪੂਜਾ ਉਪਾਸਨਾ ਰਾਹੀਂ ਅਮਰਤਵ ਨੂੰ ਪ੍ਰਾਪਤ ਕਰਦੇ ਹਨ।[3]

ਭਾਰਤੀ ਵੇਦਾਂਤ ਪਰੰਪਰਾ (ਜਿਸ ਦਾ ਪ੍ਰਾਰੰਭ ਅਸਲ ਵਿਚ ਉਪਨਿਸ਼ਦਾਂ ਤੋਂ ਹੀ ਹੋਇਆ ਹੈ) ਵਿਚ ਵੀ ਮੁਕਤੀ ਦੇ ਇਨ੍ਹਾਂ ਵੱਖ ਵੱਖ ਸਰੂਪਾਂ ਬਾਰੇ ਵਿਚਾਰ ਹੋਈ ਹੈ। ਮੋਟੇ ਰੂਪ ਵਿਚ ਵੇਦਾਂਤ ਨੇ ਬ੍ਰਹਮ ਅਨੁਭੂਤੀ ਦੀ ਅਵਸਥਾ ਨੂੰ ਹੀ ਮੁਕਤੀ ਦੀ ਅਵਸਥਾ ਮੰਨਿਆ ਹੈ। ਇਸੇ ਕਰਕੇ ਵੇਦਾਂਤ ਸਾਹਿਤ ਵਿਚ ਆਏ ਤਿੰਨਾਂ ਸ਼ਬਦਾਂ ਦੀ ਵਿਆਖਿਆ ਬੜੀ ਰੋਚਕ ਹੈ। ਇਹ ਤਿੰਨ ਸ਼ਬਦ ਸ੍ਰਵਣ, ਮਨਨ ਤੇ ਨਿਦਿਧਿਆਸਨ ਹਨ। ਸ੍ਰਵਣ ਦਾ ਭਾਵ ਸਵੈ-ਅਧਿਐਨ ਅਰਥਾਤ ਗੁਰੂ ਦੁਆਰਾ ਦਿਤੀ ਸਿਖਿਆ ਦਾ ਸ੍ਰਵਣ ਕਰਨਾ ਹੈ। ਮਨਨ ਤੋਂ ਭਾਵ ਸ੍ਰਵਣ ਕੀਤੀ ਹੋਈ ਸਮੱਗਰੀ ਉਤੇ ਨਿਰੰਤਰ ਵਿਚਾਰ ਕਰਨੀ ਹੈ। ਭਾਵ ਇਹ ਕਿ ਜੋ ਕੁਝ ਸੁਣਿਆ ਹੈ - ਉਸ

---

1. ਭਗਵਦ ਗੀਤਾ ਉਪਰ ਸ਼ੰਕਰ ਭਾਸ਼ਯ 12:6-11
2. ਉਹੀ 1.12:12
3. ਉਹੀ 3.13: 24-25

ਪਿਛਲੇ ਸੱਚ ਨੂੰ ਵਿਚਾਰ ਉਪਰੰਤ ਸਮਝਣ ਵਿਚ ਯਤਨਸ਼ੀਲ ਹੋਣਾ, ਉਸ ਨੂੰ ਤਰਕ ਦੀ ਦ੍ਰਿਸ਼ਟੀ ਤੋਂ ਵੇਖਣ ਦੇ ਸਮਰਥ ਹੋਣਾ, ਉਸ ਦੇ ਗੁਣ ਔਗੁਣ ਤੋਂ ਜਾਣੂ ਹੋਣਾ ਭਾਵ ਇਹ ਕਿ ਮਨੁਖੀ ਸੋਚ ਦੀ ਵਿਕਸਿਤ ਅਵਸਥਾ ਵਿਚ ਪ੍ਰਵੇਸ਼ ਕਰਨਾ। ਇਸ ਤੋਂ ਇਥੇ ਇਹ ਭਾਵ ਵੀ ਲਿਆ ਜਾ ਸਕਦਾ ਹੈ ਕਿ ਜੋ ਤੱਤ ਤਰਕ ਅਥਵਾ ਨਿਆਇ ਦੀ ਕਸਵਟੀ ਤੇ ਪੂਰਾ ਨਹੀਂ ਉਤਰਦਾ ਉਸ ਨੂੰ ਅਸਵੀਕਾਰ ਕਰ ਦੇਣਾ। ਜ਼ਾਹਿਰ ਹੈ ਕਿ ਮਨੁਖੀ ਬੁੱਧੀ ਦੀ ਇਹ ਇਕ ਵਿਕਸਿਤ ਅਵਸਥਾ ਹੈ।

ਤੀਸਰਾ ਸ਼ਬਦ ਇਥੇ ਨਿਧਿਆਸਨ ਹੈ। ਵੇਦਾਂਤਕ ਸ਼ਬਦਾਵਲੀ ਵਿਚ ਨਿਧਿਆਸਨ ਸਾਧਨਾ ਦੀ ਆਖਰੀ ਅਵਸਥਾ ਹੈ ਅਰਥਾਤ ਪ੍ਰਾਪਤੀ ਦੀ ਅਵਸਥਾ ਹੈ - ਇਸ ਨੂੰ ਅਸੀਂ ਮੁਕਤੀ ਦੀ ਅਵਸਥਾ ਕਹਿ ਸਕਦੇ ਹਾਂ। ਇਸ ਸ਼ਬਦ ਦਾ ਅਰਥ ਇਹ ਹੈ ਕਿ ਮਨੁਖੀ ਮਨ ਦੇ ਵਿਕਾਸ ਦੀ ਐਸੀ ਅਵਸਥਾ ਜਦੋਂ ਮਨੁਖ ਵਿਕਾਸ ਅਥਵਾ ਸੱਚ ਦੇ ਸਨਮੁਖ ਹੋ ਜਾਵੇ। ਭਾਵ ਕਿ ਉਸ ਨੂੰ ਸੰਪੂਰਨ ਸੱਚ ਦੀ ਸੰਪੂਰਨ ਅਨੁਭੂਤੀ (Complete realisation of the truth) ਹੋ ਜਾਵੇ ਅਰਥਾਤ ਜਦੋਂ ਮਨੁਖ ਵਿਚ ਸੱਚ ਦੀ ਸਮਝ ਦਾ ਗਿਆਨ ਪ੍ਰਕਾਸ਼ਤ ਹੋ ਜਾਂਦਾ ਹੈ ਤਾਂ ਉਸ ਵਿਚ ਗਿਆਨ ਦੀ ਸ਼ਕਤੀ ਦੀ ਅਵਸਥਾ ਦੀ ਉਤਪਤੀ ਹੋ ਜਾਂਦੀ ਹੈ।

ਸ਼ੰਕਰ ਵੇਦਾਂਤ ਵਿਚ ਮੁਕਤੀ ਦੇ ਦੋ ਭੇਦ, ਜੀਵਨ ਮੁਕਤੀ ਤੇ ਵਿਦੇਹ ਮੁਕਤੀ ਮਿਲਦੇ ਹਨ ਜਦੋਂ ਸਾਧਕ ਦੀ ਅਵਿਦਿਆ ਦੀ ਨਿਵਿਰਤੀ ਹੋ ਜਾਂਦੀ ਹੈ ਤਾਂ ਉਸ ਵਿਚ ਬ੍ਰਹਮ ਬੋਧ ਹੋ ਜਾਂਦਾ ਹੈ। ਇਸ ਦੇ ਉਪਰੰਤ ਉਸ ਨੂੰ ਜੀਵਨ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਪਰ ਜਿਤਨੀ ਦੇਰ ਤਕ ਮੁਕਤ ਪੁਰਸ਼ ਦੇ ਪ੍ਰਾਰਬੱਧ ਕਰਮਾਂ ਦਾ ਭੋਗ ਸਮਾਪਤ ਨਹੀਂ ਹੋ ਜਾਂਦਾ ਉਤਨੀ ਦੇਰ ਤਕ ਉਸ ਨੂੰ ਜੀਵਨ ਧਾਰਨ ਕਰਨਾ ਪੈਂਦਾ ਹੈ। ਸ਼ੰਕਰ ਨੇ ਜੀਵਨ ਮੁਕਤੀ ਦੀ ਸਥਿਤੀ ਨੂੰ ਘੁਮਿਆਰ ਦੇ ਚੱਕਰ ਦੇ ਦ੍ਰਿਸ਼ਟਾਂਤ ਨਾਲ ਸਪਸ਼ਟ ਕੀਤਾ ਹੈ। ਜਿਸ ਤਰ੍ਹਾਂ ਘੁਮਿਆਰ ਦਾ ਚਲਾਇਆ ਚੱਕਰ ਉਤਨੀ ਦੇਰ ਤਕ ਨਹੀਂ ਰੁਕਦਾ, ਜਿਤਨੀ ਦੇਰ ਤਕ ਉਸ ਦਾ ਵੇਗ ਸਮਾਪਤ ਨਹੀਂ ਹੁੰਦਾ, ਇਸੇ ਤਰ੍ਹਾਂ ਹੀ ਮੁਕਤ ਪੁਰਸ਼ ਨੂੰ ਵੀ ਪਹਿਲੇ ਕੀਤੇ ਹੋਏ ਕਰਮਾਂ ਦੇ ਭੋਗ ਲਈ ਜੀਵਨ ਧਾਰਨ ਕਰਨਾ ਪੈਂਦਾ ਹੈ। ਪਰ ਜਦੋਂ ਉਸ ਦੇ ਪ੍ਰਾਰਬੱਧ ਕਰਮਾਂ ਦਾ ਭੋਗ ਸਮਾਪਤ ਹੋ ਜਾਂਦਾ ਹੈ ਤਾਂ ਉਸ ਦੇ ਜਨਮ ਧਾਰਨ ਦੀ ਪ੍ਰਕ੍ਰਿਆ ਦਾ ਖ਼ਾਤਮਾ ਹੋ ਜਾਂਦਾ ਹੈ। ਵਿਦੇਹ ਮੁਕਤੀ ਵਿਚ ਸਾਧਕ ਆਪਣੇ ਪੂਰਬਲੇ ਕਰਮਾਂ ਦੇ ਭੋਗ ਨੂੰ ਸਮਾਪਤ ਕਰਕੇ ਸਰੀਰ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ।

ਸ਼ੰਕਰ ਅਨੁਸਾਰ ਮੁਕਤੀ ਦਾ ਸਾਧਨ ਗਿਆਨ ਹੈ। ਜਦੋਂ ਜੀਵ ਨੂੰ ਇਹ ਅਪ੍ਰੋਖ ਗਿਆਨ ਹੋ ਜਾਂਦਾ ਹੈ ਕਿ ਮੈਂ ਬ੍ਰਹਮ ਹਾਂ, ਤਾਂ ਉਹ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ। ਇਹ ਗਿਆਨ ਧਿਆਨ ਤੇ ਵਿਚਾਰ ਰਾਹੀਂ ਪ੍ਰਾਪਤ ਹੋ ਸਕਦਾ ਹੈ।

ਸ਼ੰਕਰ ਅਨੁਸਾਰ ਸਾਧਕ ਮੁਕਤੀ ਪ੍ਰਾਪਤ ਕਰਕੇ ਬ੍ਰਹਮ ਸਰੂਪਤਾ ਨੂੰ ਪ੍ਰਾਪਤ ਕਰਦਾ ਹੈ ਪਰ ਰਾਮਾਨੁਜ ਮੁਕਤ ਜੀਵ ਦੀ ਵੱਖਰੀ ਹਸਤੀ ਨੂੰ ਸਵੀਕਾਰਦਾ ਹੈ। ਉਸ ਅਨੁਸਾਰ ਮੁਕਤ ਜੀਵ ਬ੍ਰਹਮ ਭਾਵ ਨੂੰ ਪ੍ਰਾਪਤ ਕਰਦਾ ਹੈ ਨਾ ਕਿ ਬ੍ਰਹਮ ਸਰੂਪ ਨੂੰ।[1]

ਉਪਦੇਸ਼ ਸ਼ਾਸਤਰੀ[2] ਵਿਚ ਸ਼ੰਕਰ ਨੇ ਆਤਮਵੇਤਾ ਜੀਵਨ ਮੁਕਤ ਪੁਰਸ਼ ਦੇ ਲਛਣ ਦਸਦੇ ਹੋਏ ਕਿਹਾ ਹੈ ਕਿ ਜਿਹੜਾ ਜਾਗ੍ਰਿਤ ਅਵਸਥਾ ਵਿਚ ਵੀ ਨੀਂਦ ਦੀ ਅਵਸਥਾ ਦਾ ਅਨੁਭਵ ਕਰਦੇ ਹੋਏ ਦਵੈਤ ਜਗਤ ਨੂੰ ਨਹੀਂ ਵੇਖਦਾ ਅਤੇ ਜੇਕਰ ਉਹ ਦਵੈਤਾਤਮਕ ਜਗਤ ਨੂੰ ਵੇਖਦਾ ਵੀ ਹੈ ਤਾਂ ਉਸ ਨੂੰ ਅਦਵੈਤ ਰੂਪ ਹੀ ਸਮਝਦਾ ਹੈ, ਅਰਥਾਤ ਕਰਮਾਂ ਨੂੰ ਕਰਦਾ ਹੋਇਆ ਵੀ ਨਿਸ਼ਕ੍ਰਿਆ ਹੀ ਰਹਿੰਦਾ ਹੈ, ਉਹ ਹੀ ਆਤਮਵੇਤਾ, ਮੁਕਤ ਪੁਰਸ਼ ਹੈ।

ਰਾਮਾਨੁਜ ਨੇ ਸ਼ੰਕਰ ਵਾਲੀ ਜੀਵਨ ਮੁਕਤੀ ਨੂੰ ਨਹੀਂ ਸਵੀਕਾਰਿਆ ਸਗੋਂ ਕੇਵਲ ਵਿਦੇਹ ਮੁਕਤੀ ਨੂੰ ਹੀ ਸਵੀਕਾਰਿਆ ਹੈ।[3] ਰਾਮਾਨੁਜ ਅਨੁਸਾਰ ਜਦੋਂ ਜੀਵ ਨੂੰ ਪਾਰਬ੍ਰਹਮ ਦਾ ਅਨੁਭਵ ਹੋ ਜਾਂਦਾ ਹੈ ਤਾਂ ਉਸ ਦੀ ਕੋਈ ਕਾਮਨਾ ਨਹੀਂ ਹੁੰਦੀ। ਇਸ ਲਈ ਉਸ ਨੂੰ ਫਿਰ ਸਰੀਰ ਧਾਰਨ ਦੀ ਕੋਈ ਜ਼ਰੂਰਤ ਨਹੀਂ ਰਹਿੰਦੀ।[4]

ਰਾਮਾਨੁਜ ਅਨੁਸਾਰ ਮੁਕਤੀ ਦੇ ਸਾਧਨਾਂ ਵਿਚੋਂ ਪਹਿਲਾ ਸਾਧਨ ਨਿਸ਼ਕਾਮ ਕਰਮ ਹੈ। ਇਸ ਤੋਂ ਹੀ ਗਿਆਨ ਉਪਜਦਾ ਹੈ। ਇਸ ਗਿਆਨ ਤੋਂ ਵੈਰਾਗ ਪੈਦਾ ਹੁੰਦਾ ਹੈ, ਜਿਸ ਕਾਰਣ ਜੀਵ ਈਸ਼ਵਰ ਦੇ ਧਿਆਨ ਵਿਚ ਜੁੜਦਾ ਹੈ। ਫਿਰ ਭਗਤੀ ਪੁੰਗਰਦੀ ਹੈ ਅਤੇ ਜੀਵ ਈਸ਼ਵਰ ਨੂੰ ਸਭ ਵਿਚ ਵਿਆਪਕ ਵੇਖ ਕੇ ਉਸਦੀ ਸੇਵਾ ਕਰਦਾ ਹੈ ਅਤੇ ਇਸ ਤਰ੍ਹਾਂ ਈਸ਼ਵਰ ਵਿਚ ਇਕਮਿਕ ਹੋ ਜਾਂਦਾ ਹੈ ਅਤੇ ਪਰਮ ਆਨੰਦ ਦੀ ਪ੍ਰਾਪਤੀ ਕਰਦਾ ਹੈ।

---

1. ਸ੍ਰੀ ਭਾਸ਼ਯ 1/1/1
2. 10/13
3. For Ramanuja, there is no jiwan mukti - Radhakrishanan, S., Indian Philosophy, Vol. II, p. 71(
4. ਸ੍ਰੀ ਭਾਸ਼ਯ 4/4/22

ਨਿਮਬਾਰਕ ਅਨੁਸਾਰ ਮਾਇਆ ਦੇ ਪ੍ਰਭਾਵ ਕਾਰਣ ਜੀਵ ਬ੍ਰਹਮ ਗਿਆਨ ਦੀ ਪ੍ਰਾਪਤੀ ਨਹੀਂ ਕਰ ਸਕਦਾ। ਪ੍ਰਭੂ ਦੀ ਬਖਸ਼ਿਸ਼ ਦੁਆਰਾ ਹੀ ਸਾਧਕ ਨੂੰ ਆਪਣੇ ਵਾਸਤਵ ਰੂਪ ਦਾ ਗਿਆਨ ਪ੍ਰਾਪਤ ਹੁੰਦਾ ਹੈ।[1] ਉਸ ਅਨੁਸਾਰ ਜੀਵ ਨੂੰ ਇਸ ਸੰਸਾਰ ਵਿਚ ਮੁਕਤੀ ਦੀ ਪ੍ਰਾਪਤੀ ਸੰਭਵ ਨਹੀਂ ਹੋ ਸਕਦੀ ਸਗੋਂ ਮੁਕਤੀ ਦੀ ਪ੍ਰਾਪਤੀ ਤਾਂ ਸਰੀਰ ਦੇ ਵਿਨਾਸ ਹੋਣ ਤੇ ਹੀ ਸੰਭਵ ਹੋ ਸਕਦੀ ਹੈ।

ਮਧਵ ਅਨੁਸਾਰ ਮੁਕਤੀ ਦੀ ਵਿਸ਼ੇਸ਼ਤਾ ਹੈ ਕਿ ਮੁਕਤ ਅਵਸਥਾ ਵਿਚ ਵੀ ਜੀਵ ਸਮਾਨ ਰੂਪ ਵਿਚ ਅਨੰਦ ਦਾ ਅਨੁਭਵ ਨਹੀਂ ਕਰਦੇ।[2]

ਮੁਕਤੀ ਲਈ, ਵੈਰਾਗ, ਸ਼ਰਣਾਗਤ ਭਾਵ, ਸ੍ਰਵਣ, ਮਨਨ, ਗੁਰ ਸੇਵਾ ਤੇ ਆਪਾ ਸਮਰਪਨ ਦੀ ਲੋੜ ਹੈ।

ਇਸ ਭਾਰਤੀ ਸਿਧਾਂਤਕ ਵਿਚਾਰ ਦੇ ਪਰੰਪਰਾਗਤ ਸਾਹਿਤ ਵਿਚ ਮੋਟੇ ਤੌਰ ਤੇ ਮੁਕਤੀ ਦਾ ਜੋ ਸਰੂਪ ਸਾਹਮਣੇ ਆਇਆ ਹੈ ਉਸ ਨੂੰ ਵਿਦਵਾਨਾਂ ਨੇ ਤਿੰਨ ਕਿਸਮ ਦਾ ਮੰਨਿਆ ਹੈ ਜੀਵਨ ਮੁਕਤੀ, ਵਿਦੇਹ ਮੁਕਤੀ ਅਤੇ ਨਿਤ ਮੁਕਤੀ। ਜਿਹੜੇ ਵਿਅਕਤੀ ਪੰਜ ਭੌਤਿਕ ਸਰੀਰ ਧਾਰਨ ਕਰਦੇ ਹੋਏ ਵੀ ਆਤਮ ਗਿਆਨ ਦੁਆਰਾ ਸੰਸਾਰਕ ਬੰਧਨਾਂ ਤੋਂ ਨਿਵਿਰਤੀ ਹਾਸਲ ਕਰ ਲਏ ਹਨ ਉਹ ਜੀਵਨ ਮੁਕਤੀ ਨੂੰ ਪ੍ਰਾਪਤ ਕਰਦੇ ਹਨ। ਜਿਹੜੇ ਵਿਅਕਤੀ ਆਤਮਾ ਤੇ ਸਰੀਰ ਦੇ ਸੰਬੰਧਾਂ ਦੇ ਟੁੱਟ ਜਾਣ ਉਪਰੰਤ ਮੁਕਤੀ ਦੀ ਪ੍ਰਾਪਤੀ ਕਰਦੇ ਹਨ ਉਹ ਵਿਦੇਹ ਮੁਕਤ ਅਖਵਾਉਂਦੇ ਹਨ। ਤੀਸਰੀ ਤਰ੍ਹਾਂ ਦੇ ਨਿਤ ਮੁਕਤ ਵਿਅਕਤੀ ਉਹ ਹੁੰਦੇ ਹਨ, ਜਿਹੜੇ ਕਿ ਆਮ ਲੋਕਾਂ ਦੀ ਤਰ੍ਹਾਂ ਕੀਤੇ ਗਏ ਕਰਮਾਂ ਦੇ ਦੁੱਖਾਂ ਸੁਖਾਂ ਨੂੰ ਮਾਣਦਿਆਂ ਹੋਇਆਂ ਜਨਮ ਮਰਨ ਦੇ ਚੱਕਰਾਂ ਤੋਂ ਉਪਰ ਉਠ ਕੇ, ਆਪਣੀ ਜਾਂ ਪਰਮਾਤਮਾ ਦੀ ਇੱਛਾ ਅਨੁਸਾਰ ਵੱਖ ਵੱਖ ਲੋਕਾਂ ਵਿਚ ਵਿਚਰਦੇ ਰਹਿੰਦੇ ਹਨ।

ਗੁਰੂ ਨਾਨਕ ਦੇਵ ਨੂੰ ਇਹਨਾਂ ਤਿੰਨਾਂ ਤਰ੍ਹਾਂ ਦੀ ਮੁਕਤੀ ਵਿਚੋਂ ਕੇਵਲ ਜੀਵਨ ਮੁਕਤੀ ਹੀ ਪਸੰਦ ਹੈ। ਗੁਰੂ ਸਾਹਿਬ ਮੁਕਤੀ ਨੂੰ ਮੌਤ ਤੋਂ ਬਾਦ ਪ੍ਰਾਪਤ ਹੋਣ ਵਾਲੀ ਕਿਸੇ ਕਿਸਮ ਦੀ ਕੋਈ ਅਵਸਥਾ ਨੂੰ ਨਹੀਂ ਮੰਨਦੇ, ਉਹਨਾਂ ਦੁਆਰਾ ਪ੍ਰਗਟਾਇਆ ਹੋਇਆ ਮੁਕਤ ਵਿਅਕਤੀ ਸੰਸਾਰ ਵਿਚ ਰਹਿੰਦਿਆਂ ਹੋਇਆਂ, ਇਥੋਂ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ ਹੋਇਆਂ ਪਰਸੁਆਰਥ ਕਰਦਾ ਹੋਇਆ, ਸੰਸਾਰਕ ਪ੍ਰਾਪਤੀਆਂ ਤੋਂ ਉਪਰ ਉਠ ਕੇ ਇਕ ਉਚੀ ਅਧਿਆਤਮਕ

---

1. ਵੇਦਾਂਤ ਰਤਨਮੰਜੂਸਾ, ਪੰਨਾ 22-23
2. ਮਧਵ ਸਿਧਾਂਤਸਾਰ, ਪੰਨਾ 32

ਅਵਸਥਾ ਨੂੰ ਪ੍ਰਾਪਤ ਕਰੀ ਰਖਦਾ ਹੈ। ਗੁਰੂ ਸਾਹਿਬ ਹਉਮੈ ਦਾ ਵਿਨਾਸ਼ ਕਰ ਚੁਕੇ ਅਜਿਹੇ ਵਿਅਕਤੀ ਨੂੰ ਜੀਵਨ ਮੁਕਤ ਕਹਿੰਦੇ ਹਨ।[1]

ਗੁਰੂ ਨਾਨਕ ਦੇਵ ਦਾ ਮੁਕਤ ਪੁਰਸ਼ ਹੱਡ, ਮਾਸ ਦਾ ਢਾਂਚਾ ਹੈ, ਉਹ ਸੰਸਾਰ ਵਿਚ ਰਹਿੰਦਿਆਂ ਹੋਇਆਂ ਪਰਸੁਆਰਥ ਕਰਦਾ ਹੋਇਆ ਬੜੇ ਸੰਜਮ ਨਾਲ ਜ਼ਿੰਦਗੀ ਵਿਚ ਵਿਚਰਦਾ ਹੈ। ਗੁਰੂ ਸਾਹਿਬ ਸੰਸਾਰਕ ਬੰਧਨਾਂ ਨੂੰ 'ਕੂੜ ਦੀ ਪਾਲ' ਅਥਵਾ ਮਿਥਿਆ ਦਾ ਪਰਦਾ[2] ਮੰਨਦੇ ਹੋਏ ਇਹਨਾਂ ਤੋਂ ਮੁਕਤੀ ਪਾਉਣ ਨੂੰ ਹੀ ਮੁਕਤੀ ਮੰਨਦੇ ਹਨ।[3]

ਗੁਰੂ ਸਾਹਿਬ ਨੇ ਮੁਕਤੀ ਦੀ ਪ੍ਰਾਪਤੀ ਦੇ ਸਾਧਨਾਂ ਦੀ ਬਹੁਤ ਵਿਆਖਿਆ ਕੀਤੀ ਹੈ। ਉਹਨਾਂ ਦਾ ਵਿਚਾਰ ਹੈ ਕਿ ਮੁਕਤ ਵਿਅਕਤੀ ਨੇ ਆਪਣੇ ਮਨ ਵਿਚ ਨਾਮ ਨੂੰ ਵਸਾਇਆ ਹੁੰਦਾ ਹੈ।[4] ਉਹਨਾਂ ਅਨੁਸਾਰ ਮੁਕਤੀ, ਦੁਨੀਆਵੀ ਵਿਦਿਆ ਤੇ ਵਿਗਿਆਨ ਦੁਆਰਾ ਪ੍ਰਾਪਤ ਨਹੀਂ ਹੋ ਸਕਦੀ।[5]

---

1. (ੳ) ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ।
   (ਮਾਰੂ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 1110)

   (ਅ) ਜੀਵਨ ਮੁਕਤੁ ਜਾ ਸਬਦ ਸੁਣਾਏ।
   ਸਚੀ ਰਹਿਤ ਸਦਾ ਸੁਖੁ ਪਾਏ।
   (ਪਰਭਾਤੀ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 1343)

2. ਕਿਵ ਕੂੜੈ ਤੁਟੈ ਪਾਲਿ।
   (ਜਪੁ, ਆਦਿ ਗ੍ਰੰਥ, ਪੰਨਾ 1)

3. ਮੁਕਤਿ ਭਈ ਬੰਧਨ ਗੁਰ ਖੋਲ੍ਹੇ, ਸਬਦਿ ਸੁਰਤਿ ਪਤਿ ਪਾਈ।
   (ਮਲਾਰ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 1255)

4. ਜੀਵਨ ਮੁਕਤੁ ਮਨਿ ਨਾਮੁ ਵਸਾਏ।
   (ਆਸਾ ਰਾਗੁ, ਅਸਟਪਦੀ, ਆਦਿ ਗ੍ਰੰਥ,ਪੰਨਾ 412)

5. ਮੁਕਤਿ ਨਹੀ ਬਿਦਿਆ ਬਿਗਿਆਨ।
   (ਰਾਮਕਲੀ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 903)

ਆਤਮਾ ਤਾਂ ਆਪਣੇ ਆਪ ਵਿਚ ਹੀ ਮੁਕਤ ਹੈ। ਅਵਿਦਿਆ ਕਾਰਨ ਜੀਵਾਤਮਾ ਕੁਰਾਹੇ ਪੈ ਜਾਂਦੀ ਹੈ ਜਿਸ ਕਾਰਨ ਉਹ ਪਰਮਾਤਮਾ ਨੂੰ ਭੁਲ ਜਾਂਦੀ ਹੈ। ਅਜਿਹੀ ਅਵਸਥਾ ਵਿਚ ਉਹ ਅਸੰਤੁਲਨ ਅਵਸਥਾ ਤੇ ਵਿਚਰਦੀ ਰਹਿੰਦੀ ਹੈ। ਸ਼ੁਰੂ ਤੋਂ ਹੀ ਜੀਵ ਆਤਮਾ ਦੁਨੀਆਵੀ ਦੁੱਖਾਂ ਤੇ ਕਲੇਸ਼ਾਂ ਤੋਂ ਮੁਕਤ ਹੋਣ ਲਈ ਪ੍ਰਯਤਨਸ਼ੀਲ ਹੁੰਦੀ ਰਹੀ ਹੈ। ਮੁਕਤੀ ਨਾ ਤਾਂ ਉਤਪੰਨ ਹੁੰਦੀ ਹੈ ਤੇ ਨਾ ਹੀ ਪਹਿਲਾਂ ਅਪ੍ਰਾਪਤ ਹੁੰਦੀ ਹੈ। ਸਗੋਂ ਇਹ ਤਾਂ ਪ੍ਰਾਪਤ ਦੀ ਹੀ ਪ੍ਰਾਪਤੀ ਹੈ, ਜਿਸ ਨੂੰ ਕਿ ਮਨੁਖ ਅਵਿਦਿਆ ਕਾਰਨ ਪਹਿਲਾਂ ਭੁਲਾ ਬੈਠਾ ਹੁੰਦਾ ਹੈ। ਗੁਰੂ ਨਾਨਕ ਦੇਵ ਦਾ ਅਜਿਹਾ ਸਿਧਾਂਤ ਸ਼ੰਕਰ ਦੇ ਅਦਵੈਤਵਾਦ ਨਾਲੋਂ ਕੁਝ ਵਖਰਾ ਹੈ। ਸ਼ੰਕਰ ਵਿਚ ਬ੍ਰਹਮ ਦੀ ਅਨੁਭੂਤੀ ਹੀ ਮੁਕਤੀ ਹੈ, ਪਰ ਗੁਰੂ ਨਾਨਕ ਵਿਚ ਰੱਬੀ ਪਿਆਰ ਦੀ ਅਵਸਥਾ ਮੁਕਤੀ ਹੈ। ਗੁਰੂ ਨਾਨਕ ਬਾਣੀ ਵਿਚ ਮੁਕਤੀ ਦੀ ਪ੍ਰਾਪਤੀ ਦੀ ਸਭ ਤੋਂ ਪਹਿਲੀ ਤੇ ਮਹੱਤਵਪੂਰਨ ਜ਼ਰੂਰਤ ਪਰਮਾਤਮਾ ਦਾ ਹੁਕਮ ਰਜ਼ਾ ਤੇ ਭਾਣਾ ਮੰਨਣਾ ਪੇਸ਼ ਕੀਤੀ ਗਈ ਹੈ।[1]

ਮੁਕਤੀ ਦੀ ਪ੍ਰਾਪਤੀ ਦੀ ਦੂਸਰੀ ਜ਼ਰੂਰਤ ਪਰਮਾਤਮਾ ਦੀ ਕ੍ਰਿਪਾ ਜਾਂ ਮਿਹਰ ਦ੍ਰਿਸ਼ਟੀ ਹੈ।[2] ਗੁਰੂ ਸਾਹਿਬ ਦਾ ਵਿਚਾਰ ਹੈ ਕਿ ਜੀਵ ਨੂੰ ਕੀਤੇ ਹੋਏ ਕਰਮਾਂ ਦੇ ਫਲਸਰੂਪ ਹੀ ਕਪੜਾ ਅਰਥਾਤ ਮਨੁਖੀ ਜਨਮ ਮਿਲਦਾ ਹੈ ਪਰ ਪ੍ਰਭੂ ਦੀ ਮਿਹਰ ਦੁਆਰਾ ਹੀ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।[3] ਪਰਮਾਤਮਾ ਆਪਣੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਮੁਕਤੀ ਪ੍ਰਦਾਨ ਕਰਦਾ ਹੈ ਅਤੇ ਆਪਣੀ ਸੇਵਾ ਤੋਂ ਪ੍ਰਾਪਤ ਹੋਏ ਸੁਖ ਵਿਚ ਹੀ ਹਮੇਸ਼ਾ ਇਨਸਾਨ ਨੂੰ ਰਖਦਾ ਹੈ।[4] ਉਸ ਦੀ ਮਿਹਰ

---

1. (ੳ) ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।
(ਜਪੁ, ਆਦਿ ਗ੍ਰੰਥ, ਪੰਨਾ 1)
(ਅ) ਬੰਦਿ ਖਲਾਸੀ ਭਾਣੈ ਹੋਇ। ਗੁਰੁ ਆਖਿ ਨ ਸਕੈ ਕੋਇ।
(ਜਪੁ, ਆਦਿ ਗ੍ਰੰਥ, ਪੰਨਾ 5)

2. (ੳ) ਨਦਰੀ ਮੋਖੁ ਦੁਆਰ।
(ਜਪੁ, ਆਦਿ ਗ੍ਰੰਥ, ਪੰਨਾ 2)
(ਅ) ਦਰਗਹ ਮੁਕਤਿ ਕਰੇ ਕਰਿ ਕਿਰਪਾ ਬਖਸੇ ਅਵਗੁਣ ਕੀਤਾ ਹੇ।
(ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1028)

3. ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।
(ਜਪੁ, ਆਦਿ ਗ੍ਰੰਥ, ਪੰਨਾ 2)

4. ਸੁਖ ਸੇਵਾ ਅੰਦਰਿ ਰਖੀਐ ਆਪਣੀ ਨਦਰਿ ਕਰਹਿ ਨਿਸਤਾਰਿ ਜੀਉ।
(ਸਿਰੀ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 72)

ਦੁਆਰਾ ਹੀ ਮੁਕਤੀ ਅਤੇ ਪ੍ਰਭੂ ਦਾ ਸੰਜੋਗ ਸੰਭਵ ਹੁੰਦਾ ਹੈ।[1] ਉਹਨਾਂ ਅਨੁਸਾਰ ਜੀਵ ਨੂੰ ਕੀਤੇ ਹੋਏ ਕਰਮਾਂ ਅਨੁਸਾਰ ਭਗਤੀ ਜਾਂ ਬੰਦਗੀ ਦੀ ਪ੍ਰਾਪਤੀ ਬੇਸ਼ਕ ਹੋ ਜਾਵੇ ਪਰ ਦੁਨੀਆਂ ਦੇ ਭਵਸਾਗਰ ਤੋਂ ਪਾਰ ਉਤਾਰਾ ਪਰਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਹੁੰਦਾ ਹੈ।[2]

ਮੁਕਤੀ ਦੀ ਪ੍ਰਾਪਤੀ ਦੀ ਤੀਸਰੀ ਜ਼ਰੂਰਤ ਗੁਰੂ ਦੀ ਹੀ ਹੈ। ਗੁਰੂ ਨਾਨਕ ਬਾਣੀ ਵਿਚ ਗੁਰੂ ਦਾ ਵਿਸ਼ੇਸ਼ ਸਥਾਨਹੈ। ਕਿਉਂਕਿ ਗੁਰੂ ਹੀ ਗਿਆਨ ਦੇ ਚਾਨਣ ਦੁਆਰਾ ਜੀਵ ਨੂੰ ਪਰਮਾਤਮਾਂ ਦੀ ਅਨੁਭੂਤੀ ਕਰਾ ਸਕਦਾ ਹੈ। ਵੈਸੇ ਵੀ ਗੁਰੂ ਸ਼ਬਦ ਦਾ ਵਿਸ਼ਲੇਸ਼ਣ ਕਰਦਿਆਂ ਇਕ ਗੱਲ ਸਪਸ਼ਟ ਹੁੰਦੀ ਹੈ ਕਿ 'ਗੁ' ਦਾ ਅਰਥ ਹਨੇਰਾ ਅਤੇ 'ਰੂ' ਦਾ ਅਰਥ ਦੂਰ ਕਰਨ ਵਾਲਾ ਹੈ। ਇਸ ਤਰ੍ਹਾਂ ਜੀਵ ਅੰਦਰ ਹਰ ਤਰ੍ਹਾਂ ਦੇ ਅਗਿਆਨ ਦੇ ਅੰਧੇਰੇ ਨੂੰ ਦੂਰ ਕਰਨ ਵਾਲਾ ਗੁਰੂ ਹੀ ਹੈ। ਗੁਰੂ ਤੋਂ ਬਿਨਾਂ ਸੰਸਾਰਕਤਾ ਦੇ ਬੰਧਨ ਤੋੜ ਕੇ ਪਰਮਾਤਮਾਂ ਨੂੰ ਮਿਲਣਾ ਇਕ ਵਹਮ ਅਸੰਭਵ ਹੀ ਹੈ।[3] ਪੂਰੇ ਸਤਿਗੁਰੂ ਦੇ ਮਿਲਣ ਨਾਲ ਹੀ ਵਿਚਾਰ ਰੂਪੀ ਰਤਨ ਦੀ ਪ੍ਰਾਪਤੀ ਤੋਂ ਬਾਦ ਮੁਕਤੀ ਰੂਪੀ ਪਦਾਰਥ ਮਿਲਦਾ ਹੈ।[4]

ਵਿਚਾਰਾਤਮਕ ਦ੍ਰਿਸ਼ਟੀ ਤੋਂ ਵੇਖਿਆਂ ਪਤਾ ਲਗਦਾ ਹੈ ਕਿ ਗੁਰੂ ਤੇ ਬ੍ਰਹਮ ਵਿਚ ਕੋਈ ਭੇਦ ਨਹੀਂ ਹੈ।[5] ਹਰੀ ਅਤੇ ਗੁਰੂ ਦੀ ਮੂਰਤੀ ਇਕੋ ਹੀ ਹੋ ਕੇ ਵਰਤ ਰਹੀ ਹੈ ਅਤੇ ਦੋਵੇਂ ਇਕ

---

1. ਨਦਰਿ ਪ੍ਰਭੂ ਤੇ ਛੂਟੀਐ ਨਦਰੀ ਮੇਲ ਮਿਲਾਇ ਜੀਉ।
(ਸੂਹੀ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 751)

2. ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ।
(ਸਾਰੰਗ ਰਾਗੁ, ਆਦਿ ਗ੍ਰੰਥ, ਪੰਨਾ 1242)

3. ਸਤਿਗੁਰ ਬਾਝਹੁ ਮੁਕਤਿ ਕਿਨੇਹੀ।
(ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1028)

4. ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨ ਬੀਚਾਰੁ।
ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ।
ਮੁਕਤਿ ਪਦਾਰਥ ਪਾਈਐ ਅਵਗਣ ਮੇਟਣਹਾਰ।
(ਸਿਰੀ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 59)

5. ਬਡੇ ਭਾਗ ਗੁਰ ਸੇਵਹਿ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰਿ।
(ਗੂਜਰੀ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 504)

ਦੂਸਰੇ ਪੂਰੀ ਪਿਆਰ ਦੀ ਭਾਵਨਾ ਰਖਦੇ ਹਨ।[1] ਫਿਰ ਅਜਿਹੇ ਗੁਰੂ ਦੀ ਪ੍ਰਾਪਤੀ ਵੀ ਪਰਮਾਤਮਾ ਦੀ ਮਿਹਰ ਦੁਆਰਾ ਹੀ ਸੰਭਵ ਹੁੰਦੀ ਹੈ।[2] ਪਰਮਾਤਮਾ ਦੀ ਮਿਹਰ ਦੁਆਰਾ ਮਿਲੇ ਸਤਿਗੁਰੂ ਦੁਆਰਾ ਹੀ ਸਾਧਕ ਦੁਨੀਆਂ ਦੇ ਭਵਸਾਗਰ ਨੂੰ ਪਾਰ ਕਰ ਸਕਦਾ ਹੈ।[3] ਗੁਰੂ ਦੀ ਕ੍ਰਿਪਾ ਦੁਆਰਾ ਹੀ ਸਾਧਕ ਨੂੰ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ।[4] ਗੁਰੂ ਦੀ ਕ੍ਰਿਪਾ ਦੁਆਰਾ ਹੀ ਮੁਕਤੀ ਦੀ ਪ੍ਰਾਪਤੀ ਸੰਭਵ ਹੋ ਸਕਦੀ ਹੈ।[5]

ਗੁਰੂ ਸਾਹਿਬ ਦਾ ਵਿਚਾਰ ਹੈ ਕਿ ਸੱਚੇ ਸ਼ਬਦ ਦੀ ਕਮਾਈ ਕਰਕੇ ਜਿਹੜੇ ਵਿਅਕਤੀ ਹਉਮੈ ਨੂੰ ਮਾਰ ਲੈਂਦੇ ਹਨ ਉਹਨਾਂ ਨੂੰ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।[6] ਜਿਹੜੇ ਸਾਧਕ

---

1. ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1043)
2. ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰ ਪਾਇਆ।
   (ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 465)
3. ਨਦਰਿ ਕਰੇ ਤਾ ਸਤਿਗੁਰੁ ਮਿਲੈ। ਪ੍ਰਣਵਤਿ ਨਾਨਕ ਭਵਜਲੁ ਤਰੈ।
   (ਆਸਾ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 354)
4. (ੳ) ਗੁਰ ਪਰਸਾਦਿ ਪਰਮਪਦੁ ਪਾਏ।
   (ਗਉੜੀ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 223)
   (ਅ) ਗੁਰ ਪਰਸਾਦਿ ਪਰਮਪਦ ਪਾਇਆ ਨਾਨਕੁ ਕਹੈ ਵਿਚਾਰਾ।
   (ਭੈਰਉ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 1126)
5. ਗੁਰ ਪਰਸਾਦੀ ਮੁਕਤੁ ਹੋਈ ਸਾਰੇ ਨਿਜ ਤਾੜੀ।
   (ਮਾਰੂ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 1011)
6. ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ।
   (ਰਾਮਕਲੀ ਰਾਗੁ, ਸਿਧ ਗੋਸਟਿ, ਆਦਿ ਗ੍ਰੰਥ, ਪੰਨਾ 941/942)

ਨਾਮ ਦੇ ਰੰਗ ਵਿਚ ਪੂਰਨ ਭਾਂਤ ਰੰਗੇ ਜਾਂਦੇ ਹਨ ਉਹ ਮੋਕਸ਼ ਅਵਸਥਾ ਨੂੰ ਪ੍ਰਾਪਤ ਕਰਦੇ ਹਨ।[1] ਗੁਰੂ ਸਾਹਿਬ ਇਥੇ ਸਪਸ਼ਟ ਰੂਪ ਵਿਚ ਕਹਿੰਦੇ ਹਨ ਕਿ ਹਰੀ ਦੇ ਨਾਮ ਤੋਂ ਬਿਨਾਂ ਕਿਸੇ ਵੀ ਹਾਲਤ ਵਿਚ ਮੁਕਤੀ ਸੰਭਵ ਹੀ ਨਹੀਂ ਹੈ।[2] ਆਪ ਅਨੁਸਾਰ ਪ੍ਰਭੂ ਦੀ ਕੀਰਤੀ, ਪ੍ਰਭੂ ਦੇ ਗੁਣ ਗਾਣ ਅਤੇ ਅਮਲੀ ਤੌਰ ਤੇ ਉਹਨਾਂ ਮਹਾਨ ਗੁਣਾਂ ਅਨੁਸਾਰ ਜ਼ਿੰਦਗੀ ਢਾਲਣ ਨਾਲ, ਪ੍ਰਭੂ ਨਾਲੋਂ ਵਿਛੜਿਆ ਜੀਵ, ਆਪਣੇ ਕਿਰਤ ਕਰਮਾਂ ਨੂੰ ਮੇਟੇ ਜਾਣ ਤੇ, ਪ੍ਰਭੂ ਨਾਲ ਆਦਰ ਸਤਿਕਾਰ ਸਹਿਤ ਸੀਂਵਿਆ ਜਾਂਦਾ ਹੈ।[3] ਗੁਰੂ ਸਾਹਿਬ ਅਨੁਸਾਰ ਹਉਮੈ ਦਾ ਤਿਆਗ ਹੀ ਮੁਕਤੀ ਦੀ ਪ੍ਰਾਪਤੀ ਦੀ ਇਕ ਜ਼ਰੂਰੀ ਸ਼ਰਤ ਹੈ, ਕਿਉਂਕਿ ਹਉਮੈ ਦੀ ਅਵਸਥਾ ਵਿਚ ਵਿਚਰਦਾ ਹੋਇਆ ਜੀਵ ਕਿਸੇ ਵੀ ਸੂਰਤ ਵਿਚ ਸੱਚ ਦੀ ਪ੍ਰਾਪਤੀ ਨਹੀਂ ਕਰ ਸਕਦਾ।[4]

---

1. ਨਾਮਿ ਰਤੇ ਪਾਵਹਿ ਮੋਖ ਦੁਆਰੁ।
   (ਰਾਮਕਲੀ ਰਾਗੁ, ਸਿਧ ਗੋਸਟਿ, ਆਦਿ ਗ੍ਰੰਥ, ਪੰਨਾ 941)

2. ਬਿਨੁ ਨਾਮੁ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ।
   (ਧਨਾਸਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 663)

3. ਵੇਲ ਪਿੰਞਾਇਆ ਕਤਿ ਵੁਣਾਇਆ।
   ਕਟਿ ਕੁਟਿ ਕਰਿ ਖੁੰਬਿ ਚੜਾਇਆ।
   ਲੋਹਾ ਵਢੇ ਦਰਜ਼ੀ ਪਾੜੇ ਸੂਈ ਧਾਗਾ ਸੀਵੈ
   ਇਉ ਪਤਿ ਪਾਟੀ ਸਿਫਤੀ ਸੀਪੈ ਨਾਨਕ ਜੀਵਤ ਜੀਵੈ।
   (ਰਾਮਕਲੀ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 955)

4. (ੳ) ਹਉ ਹਉ ਕਰਤ ਨਹੀ ਸਚੁ ਪਾਈਐ।
   ਹਉਮੈ ਜਾਇ ਪਰਮ ਪਦੁ ਪਾਈਐ।
   (ਗਉੜੀ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 226)

   (ਅ) ਸਾਚੈ ਸਬਦਿ ਮੁਕਤਿ ਗਤਿ ਪਾਏ।
   ਨਾਨਕ ਵਿਚਹੁ ਆਪੁ ਗਵਾਏ।
   (ਆਸਾ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 352)

ਸੁਆਰਥ ਰਹਿਤ ਹੋ ਕੇ ਕੀਤੀ ਗਈ ਸੇਵਾ ਨਿਰੰਕਾਰ ਵਿਚ ਮਨ ਨੂੰ ਜੋੜਦੀ ਹੈ। ਇਸ ਨਾਲ ਸਾਧਕ ਪਰਮਾਤਮਾ ਦੀ ਦਰਗਾਹ ਵਿਚ ਸਨਮਾਨਤ ਹੁੰਦਾ ਹੈ।[1] ਪਰਮ ਪਦ ਪ੍ਰਾਪਤ ਕਰ ਚੁਕੇ ਸਾਧਕ ਦੀ ਰਹਿਣੀ ਗੁਰਮਤ ਅਨੁਸਾਰ ਬੜੀ ਪੱਕੀ ਹੋ ਜਾਂਦੀ ਹੈ। ਉਹ ਸਮਵਰਤੀ, ਸਮਦਰਸ਼ੀ, ਹੰਕਾਰ ਰਹਿਤ, ਪਰਉਪਕਾਰੀ, ਅਨਿੰਨ ਭਗਤੀ ਵਾਲਾ ਬਣ ਜਾਂਦਾ ਹੈ।[2]

ਇਸ ਤਰ੍ਹਾਂ ਨਾਨਕ ਬਾਣੀ ਵਿਚ ਸਾਧਕ ਨੂੰ ਮੁਕਤੀ ਦੀ ਪ੍ਰਾਪਤੀ ਪ੍ਰਭੂ ਦੀ ਰਜ਼ਾ ਵਿਚ ਵਿਚਰਨ ਨਾਲ, ਪ੍ਰਭੂ ਕ੍ਰਿਪਾ, ਗੁਰੂ ਕ੍ਰਿਪਾ, ਸੇਵਾ ਤੇ ਨਿਮਰਤਾ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਅਤੇ ਇਹ ਨਿਰੋਲ ਵੇਦਾਂਤ ਦੀ ਵਿਚਾਰਧਾਰਾ ਤੋਂ ਵਖਰਾ ਪਿਛੋਕੜ ਹੈ। ਜ਼ਿੰਦਗੀ ਜਾਂ ਸਿਧਾਂਤ ਦੇ ਹੋਰ ਪਹਿਲੂਆਂ ਦੀ ਤਰ੍ਹਾਂ, ਭਾਵੇਂ ਇਥੇ ਭੀ ਗੁਰੂ ਸਾਹਿਬ ਸਿਧਾਂਤਕ ਅਰਥਾਤ ਪਰਿਭਾਸ਼ਕ ਸ਼ਬਦ ਵੇਦਾਂਤ ਵਿਚੋਂ ਲੈਣ ਤੋਂ ਬਚ ਨਹੀਂ ਸਕੇ, ਪਰ ਉਹ ਇਸ ਸਭ ਕੁਝ ਦੀ ਵਿਆਖਿਆ ਆਪਣੇ ਤਰੀਕੇ ਨਾਲ ਕਰਨ ਵਿਚ ਸਫਲ ਜ਼ਰੂਰ ਹੋ ਸਕੇ ਹਨ।

---

1. ਵਿਚ ਦੁਨੀਆ ਸੇਵ ਕਮਾਈਐ।
ਤਾ ਦਰਗਹ ਬੈਸਣੁ ਪਾਈਐ।
ਕਹੁ ਨਾਨਕ ਬਾਹ ਲੁਡਾਈਐ।
(ਸਿਰੀ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 88)

2. ਭੋਜਨ ਨਾਮੁ ਨਿਰੰਜਨ ਸਾਰੁ।
ਪਰਮ ਹੰਸੁ ਸਚੁ ਜੋਤਿ ਅਪਾਰ।
ਸਦਾ ਦੇਖਉ ਤਹ ਏਕੰਕਾਰ।
ਰਹੇ ਨਿਰਾਲਮੁ ਏਕਾ ਸਚੁ ਕਰਣੀ।
ਪਰਮ ਪਦ ਪਾਇਆ ਸੇਵਾ ਗੁਰਚਰਣੀ।
ਮਨ ਤੇ ਮਨ ਮਾਨਿਆ ਚੂਕੀ ਅਹੰ ਭ੍ਰਮਣੀ।
ਇਨਿ ਬਿਧਿ ਕਉਣੁ ਕਉਣੁ ਨਹੀ ਤਾਰਿਆ।
ਹਰਿ ਜਸਿ ਸੰਤ ਭਗਤ ਨਿਸਤਾਰਿਆ।
ਪ੍ਰਭ ਪਾਏ ਹਮੁ ਅਵਰੁ ਨ ਭਾਰਿਆ।
(ਗਉੜੀ ਰਾਗੁ, ਆਦਿ ਗ੍ਰੰਥ, ਪੰਨਾ 727)

ਅਧਿਆਇ ਛੇਵਾਂ

*
*
*
*

## ਵੇਦਾਂਤ ਅਤੇ ਗੁਰੂ ਨਾਨਕ ਬਾਣੀ ਵਿਚੋਂ ਪ੍ਰਾਪਤ ਆਦਰਸ਼ਕ ਜੀਵਨ

## ਵੇਦਾਂਤ

## ਅਤੇ

## ਗੁਰੂ ਨਾਨਕ ਬਾਣੀ ਵਿਚੋਂ ਪ੍ਰਾਪਤ ਆਦਰਸ਼ਕ ਜੀਵਨ

ਵੇਦਾਂਤ ਵਿਚ ਮੁੱਖ ਤੌਰ ਤੇ ਮਨੁੱਖੀ ਜ਼ਿੰਦਗੀ ਦੇ ਵਿਕਾਸ ਲਈ ਗਿਆਨ ਮਾਰਗ ਉਤੇ ਜ਼ੋਰ ਦਿਤਾ ਗਿਆ ਹੈ, ਜਦੋਂ ਕਿ ਨਾਨਕ ਬਾਣੀ ਵਿਚ ਮਨੁੱਖੀ ਵਿਅਕਤਿਤਵ ਦੇ ਵਿਕਾਸ ਲਈ ਭਗਤੀ ਉਤੇ ਜ਼ੋਰ ਦਿਤਾ ਗਿਆ ਹੈ। ਇਸੇ ਕਰਕੇ ਇਨ੍ਹਾਂ ਦੋਹਾਂ ਮਾਰਗਾਂ ਵਲੋਂ ਪ੍ਰਗਟਾਇਆ ਗਿਆ ਇਨਸਾਨ ਦਾ ਸਰੂਪ ਵੀ ਵੱਖ ਵੱਖ ਹੀ ਹੈ। ਮੁਖ ਤੌਰ ਤੇ ਜ਼ਿੰਦਗੀ ਵਿਚ ਦੋ ਤਰ੍ਹਾਂ ਦੇ ਵਿਅਕਤੀ ਵੇਖਣ ਵਿਚ ਜਾਂ ਸੰਪਰਕ ਵਿਚ ਆਉਂਦੇ ਹਨ, ਚੰਗੇ ਜਾਂ ਬੁਰੇ। ਇਨ੍ਹਾਂ ਨੂੰ ਗੁਰਮਤ ਦੀ ਪਰਿਭਾਸ਼ਾ ਵਿਚ ਗੁਰਮੁਖ ਜਾਂ ਮਨਮੁਖ ਕਿਹਾ ਜਾ ਸਕਦਾ ਹੈ। ਸੱਚੀ ਤੇ ਸੁੱਚੀ ਜ਼ਿੰਦਗੀ ਜੀਉਣ ਵਾਲੇ ਨਿਮ੍ਰਤਾ, ਸਹਿਨਸ਼ੀਲਤਾ, ਸਿਮਰਨ, ਪਰਉਪਕਾਰ, ਸੇਵਾ, ਕੁਰਬਾਨੀ ਇਤਿਆਦਿ ਮਹਾਨ ਮਨੁਖੀ ਗੁਣਾਂ ਦੇ ਮਾਲਕ ਨੂੰ ਗੁਰਮੁਖ ਕਿਹਾ ਜਾਂਦਾ ਹੈ। ਗੁਰਮੁਖ ਦੀ ਪਰਿਭਾਸ਼ਾ ਕਰਦੇ ਹੋਏ ਡਾਕਟਰ ਮਨਮੋਹਨ ਸਹਿਗਲ ਲਿਖਦੇ ਹਨ:

> "ਜਿਹੜਾ ਜੀਵ ਸਤਿਗੁਰੂ ਦੀ ਸਤਿਅਤਾ ਪਛਾਣ ਕੇ ਆਪਣਾ ਸਰਵਸਵ ਉਸਨੂੰ ਅਰਪਿਤ ਕਰ ਦਿੰਦਾ ਹੈ, ਉਸਦੇ ਸ਼ਬਦਾਂ ਵਿਚ ਅਟੱਲ ਵਿਸ਼ਵਾਸ਼ ਰਖਕੇ, ਜੋ ਸੱਚ ਖੰਡ ਦੇ ਮਾਰਗ ਉਤੇ ਸਦਾ ਹੀ ਅਗੇ ਵਧਦਾ ਹੈ, ਜੋ ਗੁਰੂ ਵਿਚ ਵੀ ਪਰਤਖ ਬ੍ਰਹਮ ਦੇ ਦਰਸ਼ਨ ਕਰਨ ਦਾ ਅਭਿਲਾਸ਼ੀ ਹੈ, ਜੋ ਰਾਤ ਦਿਨ ਰਾਮ ਨਾਮ ਵਿਚ ਲੀਨ ਰਹਿੰਦਾ ਹੈ ਅਤੇ ਜੋ ਕੇਵਲ ਆਪਣੇ ਆਪ ਨੂੰ ਹੀ ਨਹੀਂ, ਆਪਣੇ ਸਮੁੱਚੇ ਪਰਿਵਾਰ, ਸਾਥੀਆਂ ਅਤੇ ਹੋਰ ਸਾਰੇ ਵਿਨੀਤਾਂ ਨੂੰ ਭਵਸਾਗਰ ਤੋਂ ਪਾਰ ਪਹੁੰਚਾਣ ਵਿਚ ਸਮਰਥ ਹੁੰਦਾ ਹੈ, ਉਹ ਗੁਰਮੁਖ ਹੈ। ਮਨ ਮਾਇਆ ਅਤੇ ਵਿਸ਼ੇ ਵਿਕਾਰਾਂ ਦਾ ਵਿਜੇਤਾ ਗੁਰਮੁਖ ਸੰਸਾਰ ਦੀ ਆਸ਼ਾ ਤ੍ਰਿਸ਼ਨਾ ਅਤੇ ਰੋਗ ਭੋਗ ਵਿਚ ਰਹਿੰਦਾ ਹੋਇਆ ਵੀ ਇਨ੍ਹਾਂ ਸਭ ਤੋਂ ਉਪਰ ਆਦਰਸ਼ ਜੀਵਨ ਦੀ ਮੂਰਤੀ ਹੈ। ਉਹ ਮਨਵਾਦੀ (ਮਨ ਦੇ ਸੰਕੇਤਾਂ ਉਪਰ ਚਲਣ ਵਾਲਾ) ਨਹੀਂ, ਗੁਰਵਾਦੀ ਹੁੰਦਾ ਹੈ।"[1]

1. ਸੰਤ ਕਾਵਿ ਕਾ ਦਾਰਸ਼ਨਿਕ ਵਿਸ਼ਲੇਸ਼ਣ, ਪੰਨਾ 79

ਵੇਦਾਂਤ ਵਿਚ ਜੀਵ ਨੂੰ ਬ੍ਰਹਮ ਹੀ ਕਿਹਾ ਗਿਆ ਹੈ, ਪਰ ਇਹ ਬ੍ਰਹਮ ਉਦੋਂ ਹੀ ਸੰਭਵ ਹੁੰਦਾ ਹੈ, ਜਦੋਂ ਇਹ ਮਾਇਆ ਅਤੇ ਅਵਿਦਿਆ ਤੋਂ ਨਿਰਲਿਪਤ ਹੁੰਦਾ ਹੈ। ਅਵਿਦਿਆ ਤੇ ਮਾਇਆ ਸੰਪੰਨ ਜੀਵ ਨੂੰ ਬ੍ਰਹਮ ਹੋਣ ਦਾ ਅਨੁਭਵ ਕਰਾਉਣਾ ਹੀ ਵੇਦਾਂਤ ਦਾ ਪ੍ਰਯੋਜਨ ਹੈ। ਅਦਵੈਤਵਾਦੀ ਕੇਵਲ ਬ੍ਰਹਮ ਨੂੰ ਹੀ ਯਥਾਰਥ ਅਸਤਿਤਵ ਮੰਨਦੇ ਹਨ। ਉਨ੍ਹਾਂ ਅਨੁਸਾਰ ਬ੍ਰਹਮ ਹੀ ਅਨਾਦੀ ਤੇ ਅਨੰਤ ਸੱਤਾ ਹੈ। ਜੀਵ ਦੀ ਸੱਤਾ ਕੇਵਲ ਵਿਹਾਰਕ ਹੀ ਹੈ - ਇਸ ਦਾ ਕੋਈ ਸੁਤੰਤਰ ਅਸਤਿਤਵ ਨਹੀਂ ਹੈ। ਇਸ ਤਰ੍ਹਾਂ ਅਦਵੈਤਵਾਦੀਆਂ ਅਨੁਸਾਰ ਜਦੋਂ ਜੀਵ ਦੀ ਵਾਸਤਵਿਕ ਸੱਤਾ ਹੈ ਹੀ ਨਹੀਂ ਤਾਂ ਉਦੋਂ ਇਸਦੇ ਵਿਕਾਸ ਜਾਂ ਬ੍ਰਹਮ ਹੋਣ ਦਾ ਅਨੁਭਵ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਜੇਕਰ ਜੀਵ ਦੇ ਬ੍ਰਹਮ ਹੋਣ ਦੇ ਅਨੁਭਵ ਨੂੰ ਉਸਦਾ ਵਿਕਾਸ ਮੰਨ ਵੀ ਲਿਆ ਜਾਵੇ ਤਾਂ ਵੀ ਅਜਿਹਾ ਵਿਕਾਸ ਕੇਵਲ ਵਿਅਕਤੀਗਤ ਹੀ ਹੋਵੇਗਾ। ਇਸ ਦ੍ਰਿਸ਼ਟੀ ਨਾਲ ਵੇਦਾਂਤ ਵਿਚ ਵਿਅਕਤੀਗਤ ਵਿਕਾਸ ਹੀ ਸਭ ਕੁਝ ਹੈ, ਵਿਅਕਤੀ ਦੁਆਰਾ ਸਮਾਜ ਦਾ ਕੀਤਾ ਗਿਆ ਵਿਕਾਸ ਕੋਈ ਨਹੀਂ ਹੈ। ਵੇਦਾਂਤ ਵਿਚ ਪ੍ਰਧਾਨਤਾ ਗਿਆਨ ਦੀ ਹੀ ਹੈ ਅਤੇ ਗਿਆਨ ਵਿਅਕਤੀ ਤਕ ਹੀ ਸੀਮਤ ਹੁੰਦਾ ਹੈ, ਜਿਹੜਾ ਕੇਵਲ ਉਸਦੀ ਬੁੱਧੀ ਨੂੰ ਹੀ ਪਰਿਸ਼ਕ੍ਰਿਤ ਕਰਦਾ ਹੈ, ਜਿਸ ਨਾਲ ਉਸਦੇ ਬ੍ਰਹਮ ਹੋਣ ਦਾ ਅਨੁਭਵ ਖਰਾ ਸਾਫ਼ ਤੇ ਸਪਸ਼ਟ ਹੋ ਜਾਂਦਾ ਹੈ।

ਵਿਹਾਰਕ ਦ੍ਰਿਸ਼ਟੀ ਤੋਂ ਜੀਵਾਂ ਦੀ ਅਨੇਕਤਾ ਨੂੰ ਕਿਸੇ ਨਾ ਕਿਸੇ ਰੂਪ ਵਿਚ ਵੇਦਾਂਤੀਆਂ ਨੇ ਸਵੀਕਾਰ ਕੀਤਾ ਹੈ, ਭਾਵੇਂ ਉਨ੍ਹਾਂ ਨੇ ਜੀਵਾਂ ਦੇ ਅਸਤਿਤਵ ਨੂੰ ਨਾ ਮੰਨਣ ਕਰਕੇ ਬਧਕ ਮੁਕਤ ਜੀਵਾਂ ਦੇ ਮੱਤ ਦਾ ਸਮਰਥਨ ਨਹੀਂ ਕੀਤਾ, ਕਿਉਂਕਿ ਅਜਿਹਾ ਕਰਨ ਨਾਲ ਉਨ੍ਹਾਂ ਦਾ ਜੀਵ ਸੰਬੰਧੀ ਬੁਨਿਆਦੀ ਸਿਧਾਂਤ ਆਪਸ-ਵਿਰੋਧੀ ਹੋ ਜਾਂਦਾ ਹੈ। ਵੇਦਾਂਤ ਵਿਚ ਬ੍ਰਹਮ ਤੋਂ ਵਖਰੀ ਹਸਤੀ ਮੰਨਣ ਵਾਲੇ ਅਤੇ ਬ੍ਰਹਮ ਹੋਣ ਦਾ ਅਨੁਭਵ ਪ੍ਰਾਪਤ ਕਰ ਚੁਕੇ ਵਿਅਕਤੀ ਨੂੰ ਬੱਧ ਤੇ ਮੁਕਤ ਦੇ ਨਾਮ ਦਿਤੇ ਗਏ ਹਨ।

ਰਾਮਾਨੁਜ, ਮਧਵ ਤੇ ਨਿੰਬਾਰਕ ਨੇ ਜੀਵਾਂ ਦੀ ਅਨੇਕਤਾ ਤੇ ਭਿੰਨਤਾ ਕਾਰਣ, ਉਨ੍ਹਾਂ ਵਿਚਲੀ ਇਕ ਸ਼੍ਰੇਣੀ ਨੂੰ ਬੱਧ ਜੀਵ ਕਿਹਾ ਹੈ। ਇਹ ਬੱਧ ਜੀਵ ਅਗਿਆਨ ਤੇ ਸੁਆਰਥ ਅਧੀਨ ਸੰਸਾਰ ਵਿਚ ਵਿਚਰਦੇ ਰਹਿੰਦੇ ਹਨ। ਬੱਧ ਜੀਵ ਮੁਮੁਕਸ਼ੂ ਤੇ ਬੁਭੁਕਸ਼ੂ ਦੋ ਤਰ੍ਹਾਂ ਦੇ ਕਹੇ ਗਏ ਹਨ। ਮੁਮੁਕਸ਼ੂ ਮੁਕਤੀ ਦੇ ਚਾਹਵਾਨ ਹੁੰਦੇ ਹਨ, ਇਹ ਜੀਵ ਦੁਨੀਆਵੀ ਕਲੇਸ਼ਾਂ ਤੇ ਦੁਖ ਨਾਲ ਦੁਖੀ ਰਹਿੰਦੇ ਹਨ। ਬੁਭੁਕਸ਼ੂ ਦੁਨਿਆਵੀ ਐਸ਼ਵਰਜ ਤੇ ਸੁਖ ਸੁਆਦਾਂ ਦਾ ਰਸਾਸ੍ਵਾਦਨ ਕਰਨਾ ਚਾਹੁੰਦੇ ਹਨ, ਪਰ ਅਸੀਮ ਤ੍ਰਿਸ਼ਨਾਵਾਂ ਦੀ ਅਤ੍ਰਿਪਤੀ ਕਾਰਣ ਇਹ ਵੀ ਦੁਖੀ ਹੀ ਰਹਿੰਦੇ ਹਨ। ਮਧਵ ਦਾ ਵਿਚਾਰ ਹੈ ਕਿ ਬੱਧ ਜੀਵ, ਮਾਇਆ ਦੇ ਬੰਧਨਾਂ ਵਿਚ ਬੱਝੇ ਹੁੰਦੇ ਹਨ, ਆਪਣੇ

ਵਿਚਲੇ ਅਗਿਆਨ ਕਾਰਣ ਭਗਵਾਨ ਉਪਰ ਆਸ਼੍ਰਿਤ ਹੋਣ ਦੀ ਥਾਂ ਦੁਨਿਆਵੀ ਸ਼ੈਆਂ ਉਪਰ ਆਸ਼੍ਰਿਤ ਤੇ ਆਧਾਰਿਤ ਹੁੰਦੇ ਹਨ। ਉਹ ਆਪਣੇ ਅਸਲ ਸਰੂਪ ਨੂੰ ਨਾ ਪਹਿਚਾਨਣ ਕਰਕੇ, ਆਪਣੇ ਆਪ ਨੂੰ ਦੁਨੀਆਵੀ ਪ੍ਰਾਪਤੀਆਂ ਦਾ ਮਾਲਕ ਤੇ ਕਰਤਾ ਸਮਝਦੇ ਹਨ। ਵਲਭ ਤਾਂ ਸ਼ੰਕਰ ਦੇ ਵਿਪਰੀਤ ਜੀਵ ਦੀ ਸੱਤਤਾ ਨੂੰ ਸਵੀਕਾਰਦਾ ਹੈ, ਕਿਉਂਕਿ ਜੀਵ ਪਰਮ ਸੱਤ ਦੀ ਹੀ ਲੀਲਾ ਹੈ। ਜੀਵ ਬ੍ਰਹਮ ਦਾ ਰੂਪ ਹੋਣ ਕਰਕੇ, ਬ੍ਰਹਮ ਜਿਤਨਾ ਹੀ ਸਤਿ ਹੈ। ਜੀਵ ਆਪਣੇ ਅਗਿਆਨ ਕਾਰਣ ਆਪਣੇ ਅਸਲ ਸੋਮੇ ਬ੍ਰਹਮ ਨੂੰ ਨਾ ਪਹਿਚਾਣਦਾ ਹੋਇਆ ਉਸ ਕੋਲੋਂ ਦੂਰ ਹੋਇਆ ਰਹਿੰਦਾ ਹੈ।

ਇਸ ਤਰ੍ਹਾਂ ਵੇਦਾਂਤੀਆਂ ਨੇ ਜੀਵਾਂ ਦੀ ਅਨੇਕਤਾ ਤੇ ਭਿੰਨਤਾ ਦੇ ਸੰਦਰਭ ਵਿਚ, ਜੀਵਾਂ ਦੀਆਂ ਮੁੱਖ ਤੌਰ ਤੇ ਦੋ ਸ਼੍ਰੇਣੀਆਂ ਬਣਾਈਆਂ ਹਨ: ਬੱਧ ਤੇ ਮੁਕਤ। ਪਦਾਰਥਕ ਪਿਆਰਾਂ ਦੇ ਬੰਧਨਾਂ ਵਿਚ ਫਸੇ ਹੋਏ ਅਗਿਆਨੀ ਜੀਵ, ਆਪਣੇ ਅਸਲੇ ਤੋਂ ਵਿਛੜ ਕੇ ਅਪਮਾਨਿਤ ਅਵਸਥਾ ਵਿਚ ਇਸ ਦੁਨੀਆਂ ਵਿਚ ਸਦੀਵੀ ਆਨੰਦ ਤੇ ਸੁਖ ਤੋਂ ਵੰਚਿਤ ਹੋ ਕੇ, ਦੁਖ ਤੇ ਪਰੇਸ਼ਾਨੀ ਦੀ ਅਵਸਥਾ ਵਿਚ ਦਿਨ ਕਟਦੇ ਹਨ। ਬੱਧ ਜੀਵ ਅਗਿਆਨੀ ਪੁਰਸ਼ ਹੁੰਦੇ ਹਨ, ਜਿਨ੍ਹਾਂ ਨੂੰ ਬ੍ਰਹਮ ਸੰਬੰਧੀ ਵਾਸਤਵਿਕ ਪ੍ਰਤੀਤੀ ਨਹੀਂ ਹੁੰਦੀ।

ਵੇਦਾਂਤੀਆਂ ਅਨੁਸਾਰ ਅਸੰਖ ਤੇ ਭਿੰਨ ਜੀਵਾਂ ਵਿਚਲੀ ਇਕ ਸ਼੍ਰੇਣੀ ਮੁਕਤ ਸ਼੍ਰੇਣੀ ਹੁੰਦੀ ਹੈ, ਜਿਹੜੀ ਕਿ ਬ੍ਰਹਮ ਗਿਆਨ ਦੁਆਰਾ ਪ੍ਰਕਾਸ਼ਿਤ ਹੁੰਦੀ ਹੈ। ਮੁਕਤ ਜੀਵਾਂ ਨੂੰ ਆਪਣੀ ਤੁੱਛਤਾ ਤੇ ਪਰਮਾਤਮਾ ਦੀ ਵਿਰਾਟਤਾ ਦਾ ਗਿਆਨ ਹੁੰਦਾ ਹੈ। ਉਹ ਆਪਣੇ ਆਪ ਨੂੰ ਭਗਵਾਨ ਆਸ਼੍ਰਿਤ ਸਮਝਦੀ ਹੈ ਅਤੇ ਉਸ ਨੂੰ ਜੀਵ ਦੇ ਅਕਰਤਾ ਤੇ ਅਭੋਗਤਾ ਹੋਣ ਦਾ ਵਿਸ਼ਵਾਸ ਹੁੰਦਾ ਹੈ। ਮੁਕਤ, ਜੀਵ ਆਪਣੇ ਵਾਸਤਵਿਕ ਗਿਆਨ ਅਤੇ ਭਗਤੀ ਕਾਰਣ ਮੁਕਤੀ ਪ੍ਰਾਪਤ ਕਰਦੇ ਹਨ। ਰਾਮਾਨੁਜ ਅਨੁਸਾਰ ਮੁਕਤ ਜੀਵਾਂ ਦੇ ਅੱਗੋਂ ਦੋ ਭੇਦ ਹਨ, ਇਕ ਤਾਂ ਸ਼ੁਧ ਭਗਤ, ਜਿਹੜੇ ਕਿ ਸੰਸਾਰ ਵਿਚ ਵਿਚਰਦਿਆਂ ਹੋਇਆਂ ਵੀ ਭਗਤੀ ਵਿਚ ਸੰਲਗਨ ਰਹਿੰਦੇ ਹਨ ਅਤੇ ਭਗਤੀ ਕਰਨ ਉਪਰੰਤ ਪ੍ਰਾਪਤ ਹੋਏ ਸੁਅਰਗ ਵਿਚ ਵੀ ਭਗਵਾਨ ਦੀ ਸੇਵਾ ਵਿਚ ਹੀ ਲੀਨ ਰਹਿਣਾ ਚਾਹੁੰਦੇ ਹਨ। ਦੂਸਰੀ ਤਰ੍ਹਾਂ ਦੇ ਕੇਵਲਿਨ ਪੁਰਸ਼ ਹੁੰਦੇ ਹਨ, ਜਿਹੜੇ ਕਿ ਆਪਣੀ ਆਤਮਾ ਦੇ ਸਰੂਪ ਦਾ ਲਗਾਤਾਰ ਧਿਆਨ ਧਰਦੇ ਰਹਿਣ ਕਾਰਣ, ਈਸ਼ਵਰ ਦੀ ਕ੍ਰਿਪਾ ਸਦਕਾ ਸੰਸਾਰਕ ਬੰਧਨਾਂ ਤੇ ਕਲੇਸ਼ਾਂ ਤੋਂ ਉਪਰ ਉਠ ਕੇ ਮੁਕਤੀ ਦੀ ਪ੍ਰਾਪਤੀ ਕਰਦੇ ਹਨ।

ਮਧਵ ਅਨੁਸਾਰ ਮੁਕਤ ਜੀਵ ਵੀ ਦੋ ਕਿਸਮਾਂ ਦੇ ਹੁੰਦੇ ਹਨ, ਨਿਤ ਮੁਕਤ ਅਤੇ ਮੁਕਤ। ਨਿਤ ਮੁਕਤ ਜੀਵ ਹਮੇਸ਼ਾਂ ਹੀ ਪਰਮਾਤਮਾ ਦੀ ਭਗਤੀ ਵਿਚ ਲੱਗੇ ਰਹਿੰਦੇ ਹਨ, ਉਨ੍ਹਾਂ ਦੀ ਅਵਸਥਾ

ਦੁਖਾਂ ਸੁਖਾਂ ਤੋਂ ਉਪਰ ਉਠ ਜਾਂਦੀ ਹੈ। ਦੁਨੀਆਵੀ ਦੁੱਖਾਂ ਤੇ ਕਸ਼ਟਾਂ ਦੀ ਉਹਨੂੰ ਨੂੰ ਕੋਈ ਪ੍ਰਤੀਤੀ ਹੀ ਨਹੀਂ ਹੁੰਦੀ। ਦੂਸਰੇ ਮੁਕਤ ਜੀਵ ਅਵਿਦਿਆ ਤੋਂ ਉਪਜੇ ਦੁਖ ਤੋਂ ਮੁਕਤ ਹੋ ਜਾਂਦੇ ਹਨ।

ਵਲਭ ਅਨੁਸਾਰ ਦੈਵੀ ਜੀਵ ਸ੍ਰਿਸ਼ਟੀ ਵਿਚਲੇ ਜੀਵ ਸ਼ੁਧ ਪੁਸ਼ਟ, ਪੁਸ਼ਟੀ ਪੁਸ਼ਟ ਅਤੇ ਮਰਯਾਦਾ ਪੁਸ਼ਟ ਤਿੰਨ ਪ੍ਰਕਾਰ ਦੇ ਹਨ। ਸ਼ੁਧ ਪੁਸ਼ਟ ਜੀਵ ਨਿਤ ਮੁਕਤ ਹੁੰਦੇ ਹਨ। ਪਰਮਾਤਮਾ ਜਦੋਂ ਕੋਈ ਅਵਤਾਰ ਧਾਰਦਾ ਹੈ ਤਾਂ ਉਹ ਸ਼ੁਧ ਪੁਸ਼ਟ ਜੀਵਾਂ ਨੂੰ ਨਾਲ ਹੀ ਲੈ ਆਉਂਦਾ ਹੈ। ਪੁਸ਼ਟੀ ਪੁਸ਼ਟ ਜੀਵ ਪਰਮਾਤਮਾ ਦੀ ਲੀਲ੍ਹਾ ਦੁਆਰਾ ਮੁਕਤੀ ਪ੍ਰਾਪਤ ਕਰਦੇ ਹਨ, ਜਦੋਂ ਕਿ ਮਰਯਾਦਾ ਪੁਸ਼ਟ ਜੀਵ ਕੀਤੇ ਸ਼ੁਭ ਕਰਮਾਂ ਤੋਂ ਪ੍ਰਾਪਤ ਹੋਏ ਗਿਆਨ ਸਦਕਾ ਮੁਕਤੀ ਦੇ ਅਧਿਕਾਰੀ ਬਣਦੇ ਹਨ।

ਭਗਵਦ ਗੀਤਾ[1] ਵਿਚ ਵੀ ਬ੍ਰਹਮ ਗਿਆਨ ਦਾ ਲਛਣ ਇਸ ਤਰ੍ਹਾਂ ਦਸਿਆ ਗਿਆ ਹੈ ਕਿ ਜਿਹੜਾ ਪਿਆਰੀ ਚੀਜ਼ ਨੂੰ ਪ੍ਰਾਪਤ ਕਰਕੇ ਖੁਸ਼ ਨਹੀਂ ਹੁੰਦਾ ਅਤੇ ਮਾੜੀ ਘਟਨਾ ਦੇ ਵਾਪਰ ਜਾਣ ਨਾਲ ਦੁਖੀ ਨਹੀਂ ਹੁੰਦਾ, ਅਜਿਹੀ ਸਥਿਰ ਬੁੱਧੀ ਵਾਲਾ ਅਤੇ ਮੋਹ ਰਹਿਤ ਪੁਰਸ਼ ਬ੍ਰਹਮ ਗਿਆਨੀ ਹੀ ਹੁੰਦਾ ਹੈ ਅਤੇ ਬ੍ਰਹਮ ਸਰੂਪ ਵਿਚ ਸਥਿਤ ਰਹਿੰਦਾ ਹੈ।

ਵੇਦਾਂਤ ਦਾ ਗਿਆਨ ਮਾਰਗੀ ਮੁਕਤ ਜੀਵ ਕੇਵਲ ਆਪਣਾ ਵਿਅਕਤੀਗਤ ਵਿਕਾਸ ਹੀ ਕਰਦਾ ਹੈ। ਇਸ ਤਰ੍ਹਾਂ ਵੇਦਾਂਤ ਦਾ ਆਦਰਸ਼ ਮਨੁੱਖ ਆਪਣੀ ਜ਼ਿੰਦਗੀ ਨੂੰ ਕੇਵਲ ਆਪਣੇ ਤਕ ਹੀ ਸੀਮਤ ਰਖਦਾ ਹੈ, ਉਹ ਸਮਾਜੀ ਕਲਿਆਣ ਲਈ ਕੋਈ ਪ੍ਰਯਤਨ ਨਹੀਂ ਕਰਦਾ। ਉਹ ਆਪਣੀ ਅੰਤਰ ਆਤਮਾ ਨੂੰ ਤਾਂ ਬ੍ਰਹਮ ਗਿਆਨ ਜਾਂ ਜੀਵ ਗਿਆਨ ਰਾਹੀਂ ਰੋਸ਼ਨ ਕਰ ਲੈਂਦਾ ਹੈ, ਪਰ ਸਮੂਹਕ ਰੂਪ ਵਿਚ ਕਥਾ ਕੀਰਤਨ ਆਦਿ ਜਾਂ ਭਗਤੀ ਦੇ ਸਾਧਨਾਂ ਨਾਲ ਆਪਣੇ ਆਲੇ ਦੁਆਲੇ ਦਾ ਵਿਕਾਸ ਕਰਨ ਲਈ ਕੋਈ ਹੰਭਲਾ ਨਹੀਂ ਮਾਰਦਾ। ਇਸ ਤਰ੍ਹਾਂ ਵੇਦਾਂਤ ਵਿਅਕਤੀਆਂ ਦੇ ਵਿਅਕਤੀਗਤ ਵਿਕਾਸ ਲਈ ਤਾਂ ਬ੍ਰਹਮ ਗਿਆਨ ਦਾ ਸਾਧਨ ਪੇਸ਼ ਕਰਦਾ ਹੈ - ਸਮੂਹਕ ਵਿਕਾਸ ਲਈ ਕੋਈ ਸਾਧਨ ਪੇਸ਼ ਨਹੀਂ ਕਰਦਾ।

ਜਿਵੇਂ ਕਿ ਉਪਰੋਕਤ ਚਰਚਾ ਤੋਂ ਸਿੱਧ ਹੈ ਕਿ ਭਾਰਤੀ ਵੇਦਾਂਤ ਪਰੰਪਰਾ ਦੇ ਪ੍ਰਮੁਖ ਪ੍ਰਚਾਰਕ ਆਚਾਰੀਆਂ ਸੰਪ੍ਰਦਾਇ ਨਾਲ ਸੰਬੰਧਤ ਵਿਅਕਤੀ ਸਨ ਅਤੇ ਵਿਦਵਾਨ ਹੋਣ ਕਰਕੇ ਅਰਥਾਤ ਸਿਧਾਂਤਵੇਤਾ ਹੋਣ ਕਰਕੇ, ਗਿਆਨ ਦੀ ਬਰੀਕੀ ਤਕ ਪਹੁੰਚਣਾ ਉਨ੍ਹਾਂ ਦੇ ਸੁਭਾ ਦਾ ਹਿੱਸਾ ਬਣ ਗਿਆ ਸੀ। ਨਤੀਜੇ ਵਜੋਂ ਉਨ੍ਹਾਂ ਦੀਆਂ ਰਚਨਾਵਾਂ ਵਿਚ ਵੇਦਾਂਤ ਦੁਆਰਾ ਪ੍ਰਸਤੁਤ

---

1. ਭਗਵਦ ਗੀਤਾ 13/27

ਸ਼ਖਸੀਅਤ ਜਾਂ ਇਨਸਾਨੀ ਵਜੂਦ ਉਤੇ ਵਿਚਾਰ ਕਰਦਿਆਂ ਹੋਇਆਂ ਨਵੀਂ ਕਿਸਮ ਦੇ ਪਰਿਭਾਸ਼ਕ ਸ਼ਬਦ ਬਰੀਕੀ ਨਾਲ ਵਰਤੇ ਗਏ ਹਨ ਅਤੇ ਇਨਸਾਨੀ ਵਜੂਦ ਦੇ ਹਰ ਪਹਿਲੂ ਨੂੰ ਗੰਭੀਰਤਾ ਪੂਰਵਕ ਵਿਚਾਰਿਆ ਗਿਆ ਹੈ। ਸਿਧਾਂਤਵੇਤਾ ਹੋਣ ਕਰਕੇ ਉਨ੍ਹਾਂ ਦੀ ਪਰਿਭਾਸ਼ਕ ਸ਼ਬਦਾਵਲੀ ਵੀ ਦਾਰਸ਼ਨਿਕ ਰੂਪ ਵੀ ਧਾਰਣ ਕਰ ਗਈ ਹੈ। ਪਰ ਇਸਦੇ ਵਿਪਰੀਤ ਹੁਣ ਤਕ ਅਸੀਂ ਇਸ ਸਿੱਟੇ ਉਤੇ ਤਕਰੀਬਨ ਪਹੁੰਚ ਚੁਕੇ ਹਾਂ ਕਿ ਗੁਰੂ ਨਾਨਕ ਮੁੱਖ ਰੂਪ ਵਿਚ ਸਿਧਾਂਤਵੇਤਾ ਨਹੀਂ ਸਨ ਤੇ ਕਿਸੇ ਸਿਧਾਂਤ ਦੀ ਬਰੀਕੀ ਨਾਲ ਵਿਆਖਿਆ ਕਰਨਾ ਅਰਥਾਤ ਆਪਣੇ ਆਪ ਨੂੰ ਵਿਦਵਾਨ ਜਾਂ ਦਾਰਸ਼ਨਿਕ ਸਿੱਧ ਕਰਨਾ, ਉਨ੍ਹਾਂ ਦਾ ਮੁੱਖ ਉਦੇਸ਼ ਨਹੀਂ ਸੀ। ਉਨ੍ਹਾਂ ਨੇ ਇਨਸਾਨੀ ਵਜੂਦ ਦੀ ਗੰਭੀਰ ਤੋਂ ਗੰਭੀਰ ਸਮਸਿਆ ਨੂੰ ਜਾਂ ਇਸਦੇ ਕਿਸੇ ਭੀ ਪਹਿਲੂ ਨੂੰ ਬੜੀ ਸਾਦਗੀ ਨਾਲ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਤਰ੍ਹਾਂ ਜਦੋਂ ਕਦੇ ਉਹ ਵੇਦਾਂਤਕ ਪਰੰਪਰਾ ਵਿਚੋਂ, ਜੋਗ ਪਰੰਪਰਾ ਦੀ ਤਰ੍ਹਾਂ, ਸ਼ਬਦ ਵੀ ਲੈਂਦੇ ਹਨ ਤਾਂ ਉਸਨੂੰ ਵੀ ਪ੍ਰਗਟਾਉ ਦੀ ਵਿਧੀ ਦੇ ਰੂਪ ਵਿਚ ਸਧਾਰਣ ਇਨਸਾਨ ਦੀ ਸਮਝ ਤਕ ਲੈ ਆਉਂਦੇ ਹਨ ਅਤੇ ਇੰਜ ਗੰਭੀਰ ਤੇ ਡੂੰਘੀ ਗਲ ਵੀ ਸਾਦਾ ਰੂਪ ਧਾਰਣ ਕਰ ਜਾਂਦੀ ਹੈ।

ਇਸ ਪ੍ਰਸੰਗ ਨੂੰ ਸਨਮੁਖ ਰਖਦਿਆਂ ਹੋਇਆਂ ਗੁਰੂ ਨਾਨਕ ਦੇਵ ਦੀ ਬਾਣੀ ਦੇ ਅਧਿਐਨ ਤੋਂ ਉਪਰੰਤ ਇਹ ਗਲ ਕਹੀ ਜਾ ਸਕਦੀ ਹੈ ਕਿ ਗੁਰੂ ਨਾਨਕ ਦੇਵ ਨੇ ਇਨਸਾਨੀ ਸ਼ਖਸੀਅਤ ਦੇ ਵਿਅਕਤੀਗਤ ਵਜੂਦ ਨੂੰ ਜਦੋਂ ਕੋਈ ਪਰਿਭਾਸ਼ਕ ਸ਼ਬਦ ਦੇਣ ਦੀ ਕੋਸ਼ਿਸ਼ ਕੀਤੀ ਹੈ ਤਾਂ ਸਾਦਗੀ ਵੀ ਇਹ ਹੱਦ ਹੈ ਕਿ ਪਰੰਪਰਾ ਵਿਚ ਪ੍ਰਾਪਤ ਇਸ ਵਿਸ਼ੇ ਬਾਰੇ ਸਾਰੇ ਸ਼ਬਦ ਇਕੱਠੇ ਕਰਕੇ ਉਨ੍ਹਾਂ ਬਾਰੇ ਦੋ ਅਜਿਹੇ ਸ਼ਬਦ ਵਰਤੇ ਹਨ, ਜਿਨ੍ਹਾਂ ਵਿਚ ਪਰੰਪਰਾਗਤ ਸਾਰੇ ਸ਼ਬਦਾਂ ਦੇ ਅਰਥ ਆ ਜਾਂਦੇ ਹਨ। ਇਹ ਸ਼ਬਦ, ਗੁਰਮੁਖ ਤੇ ਮਨਮੁਖ ਹਨ। ਸ਼ਾਬਦਿਕ ਅਰਥਾਂ ਵਿਚੋਂ ਇਨ੍ਹਾਂ ਵਿਚੋਂ ਪਹਿਲੇ ਦਾ ਭਾਵ ਗੁਰੂ ਵਲ ਮੂੰਹ ਕਰਨਾ, ਗੁਰੂ ਵਲ ਧਿਆਨ ਕਰਕੇ ਅਰਥਾਤ ਗੁਰੂ ਦੇ ਹੁਕਮ ਅਨੁਸਾਰ ਚਲਣ ਵਾਲਾ ਅਤੇ ਦੂਜੇ ਦੇ ਅਰਥ ਆਪਣੇ ਮਨ ਦੇ ਹੁਕਮ ਅਧੀਨ ਚਲਣ ਦਾ ਹੈ। ਪਰ ਜਿਉਂ ਹੀ ਇਨ੍ਹਾਂ ਸ਼ਬਦਾਂ ਦੇ ਪਰਿਭਾਸ਼ਕ ਪਹਿਲੂ ਨੂੰ ਖੋਲ੍ਹ ਕੇ ਵਿਆਖਿਆ ਦੀ ਦੁਨੀਆਂ ਵਿਚ ਲਿਆਂਦਾ ਜਾਵੇ ਤਾਂ ਇਹ ਦੋਵੇਂ ਸ਼ਬਦ ਆਪਣੇ ਆਪਣੇ ਪ੍ਰਸੰਗ ਅਨੁਸਾਰ ਅਰਥਾਂ ਦੀ ਵਿਭਿੰਨਤਾ ਅਖ਼ਤਿਆਰ ਕਰ ਜਾਂਦੇ ਹਨ। ਹੁਣ ਅਸੀਂ ਨਾਨਕ ਬਾਣੀ ਵਿਚ ਆਏ ਗੁਰਮੁਖ ਤੇ ਮਨਮੁਖ ਸੰਬੰਧੀ ਸੰਕਲਪਾਂ ਉਪਰ ਵਿਚਾਰ ਕਰਦੇ ਹਾਂ।

ਗੁਰੂ ਨਾਨਕ ਦੇਵ ਦਾ ਆਦਰਸ਼ ਪੁਰਸ਼, ਗੁਰਮੁਖ, ਪੰਚ, ਸੰਤ, ਜੀਵਨ ਮੁਕਤ ਇਤਿਆਦਿ ਨਾਵਾਂ ਨਾਲ ਨਾਨਕ ਬਾਣੀ ਵਿਚ ਪੇਸ਼ ਹੋਇਆ ਹੈ। ਆਪ ਨੇ ਗੁਰਮੁਖ ਵਿਅਕਤੀ ਦੀ ਥਾਂ ਥਾਂ ਤੇ ਪ੍ਰਸੰਸਾ ਕੀਤੀ ਹੈ। ਗੁਰਮੁਖ ਗੁਰੂ ਦੀ ਸਿਖਿਆ ਅਨੁਸਾਰ ਹੀ ਅਮਲ ਕਰਦਾ ਹੈ। ਸਰਬਸ਼ਕਤੀਮਾਨ ਪਰਮਾਤਮਾ ਦਾ ਡਰ ਮਨ ਵਿਚ ਰਖ ਕੇ ਉਸ ਪਰਮਾਤਮਾ ਦੇ ਗੁਣਾਂ ਦਾ ਗਾਇਣ ਕਰਦਾ ਹੈ। ਉਹ ਪਵਿਤਰ ਥੇਣ ਉਤੇ ਪਰਮ ਪਦਵੀ ਨੂੰ ਪ੍ਰਾਪਤ ਕਰਦਾ ਹੈ। ਉਹ ਆਪਣੀਆਂ ਸਾਰੀਆਂ ਬਿਰਤੀਆਂ ਨੂੰ ਇਕਾਗਰ ਕਰਕੇ, ਹਰੀ ਦਾ ਧਿਆਨ ਧਰਦਾ ਹੈ, ਜਿਸਦੇ ਸਿੱਟੇ ਵਜੋਂ ਉਹ ਹਰੀ ਵਿਚ ਹੀ ਸਮਾ ਜਾਂਦਾ ਹੈ।[1] ਆਪ ਅਨੁਸਾਰ ਪਰਮਾਤਮਾ ਦੇ ਹੁਕਮ ਨੂੰ ਪਹਿਚਾਣਨ ਵਾਲਾ ਗੁਰਮੁਖ ਹੁੰਦਾ ਹੈ, ਅਜਿਹਾ ਵਿਅਕਤੀ ਪਰਮਾਤਮਾ ਦੇ ਹੁਕਮ ਨੂੰ ਮੰਨਦਾ ਹੋਇਆ, ਹੁਕਮੀ ਵਿਚ ਹੀ ਸਮਾਇਆ ਰਹਿੰਦਾ ਹੈ।[2] ਆਪ ਅਨੁਸਾਰ ਗੁਰਮੁਖ ਉਹੋ ਹੀ ਬਣ ਸਕਦਾ ਹੈ ਜਿਸ ਉਪਰ ਕਿ ਹਰੀ ਪਰਮਾਤਮਾ ਦੀ ਮੇਹਰ ਹੁੰਦੀ ਹੈ ਅਤੇ ਅਜਿਹੀ ਮੇਹਰ, ਸੰਸਾਰ ਵਿਚਲੇ ਕੁਝ ਕੁ ਨਿਰਮਲ ਤੇ ਅਪਰੰਪਾਰ ਵਿਅਕਤੀਆਂ ਉਪਰ ਹੀ ਹੁੰਦੀ ਹੈ, ਜਿਹੜੇ ਕਿ ਜਗ ਵਿਚ ਗੁਰੂ ਤੇ ਗੋਬਿੰਦ ਦਾ ਹੀ ਰੂਪ ਹੁੰਦੇ ਹਨ।[3] ਗੁਰਮੁਖ ਸਤਿਗੁਰੂ ਨੂੰ ਪਹਿਚਾਣਦਾ ਹੈ ਤੇ ਉਸ ਕੋਲੋਂ ਦੀਖਿਆ ਲੈਂਦਾ ਹੈ। ਉਹ ਤਨ ਮਨ ਆਪਣੇ ਸਤਿਗੁਰੂ ਨੂੰ ਸੌਂਪ ਕੇ ਮੁਕਤ ਹੋ ਕੇ ਬ੍ਰਹਮਣੀ ਹੋ ਜਾਂਦਾ ਹੈ।[4] ਗੁਰਮੁਖ ਨੂੰ ਕੂੜ ਚੰਗਾ ਨਹੀਂ ਲਗਦਾ, ਉਹ ਸੱਚੇ ਪਰਮਾਤਮਾ ਦੇ ਸੱਚੇ ਪਿਆਰ

---

1. ਗੁਰਮੁਖਿ ਸਾਚੇ ਕਾ ਭਉ ਪਾਵੈ।

   .. .. ..

   ਨਾਨਕ ਗੁਰਮੁਖਿ ਸਾਚਿ ਸਮਾਵੈ।

   (ਰਾਮਕਲੀ ਰਾਗੁ, ਸਿਧ ਗੋਸ਼ਟਿ, ਆਦਿ ਗ੍ਰੰਥ, ਪੰਨਾ 941)

2. ਗੁਰਮੁਖਿ ਹੋਇ ਸੁ ਹੁਕਮੁ ਪਛਾਣੈ।

   ਮਾਨੈ ਹੁਕਮਿ ਸਮਾਇਦਾ।

   (ਮਾਰੂ ਰਾਗੁ, ਆਦਿ ਗ੍ਰੰਥ, ਪੰਨਾ 1036)

3. ਗੁਰਮੁਖਿ ਰਾਮ ਨਾਮ ਗੁਣ ਗਾਵਹਿ ਜਾ ਕਉ ਹਰਿ ਪ੍ਰਭ ਨਦਰਿ ਕਰੇ।

   ਤੇ ਨਿਰਮਲ ਪੁਰਖ ਅਪਰੰਪਰ ਪੂਰੇ ਤੇ ਜਗ ਮਹਿ ਗੁਰ ਗੋਵਿੰਦ ਹਰੇ।

   (ਮਾਰੂ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 1014)

4. ਸਤਿਗੁਰ ਦੇਖਿਆ ਦੀਖਿਆ ਲੀਨੀ।

   ਮਨ ਤਨ ਅਰਪਿਓ ਅੰਤਰਗਤਿ ਕੀਨੀ।

   (ਗਉੜੀ ਰਾਗੁ, ਆਦਿ ਗ੍ਰੰਥ, ਪੰਨਾ 227)

ਦੇ ਰੰਗ ਵਿਚ ਰੰਗਿਆ ਰਹਿੰਦਾ ਹੈ।[1] ਗੁਰਮੁਖ ਹਮੇਸ਼ਾ ਹੀ ਪਰਮਾਤਮਾ ਦੀ ਸੁਰਤ ਵਿਚ ਰਹਿੰਦਾ ਹੈ। ਜਿਸ ਨਾਲ ਉਸ ਉਤੇ ਮਾਇਆ ਦਾ ਪ੍ਰਭਾਵ ਨਹੀਂ ਪੈਂਦਾ।[2] ਗੁਰਮੁਖ ਨੇ ਜੋਗ ਦੀ ਜੁਗਤੀ ਨੂੰ ਪਛਾਣ ਕੇ ਇਕ ਪਰਮਾਤਮਾ ਨੂੰ ਜਾਣ ਲਿਆ ਹੁੰਦਾ ਹੈ।[3] ਗੁਰਮੁਖ ਹਉਮੈ ਨੂੰ ਮਾਰ ਕੇ ਆਪਣੇ ਮਨ ਦੀਆਂ ਬੁਰੀ ਬਿਰਤੀਆਂ ਨੂੰ ਜਿੱਤ ਲੈਂਦਾ ਹੈ ਅਤੇ ਸੱਚੇ ਨਾਮ ਨੂੰ ਹਿਰਦੇ ਵਿਚ ਵਸਾ ਕੇ ਰਖਦਾ ਹੈ।[4] ਗੁਰਮੁਖ ਦੁਨੀਆਂ ਵਿਚ ਰਹਿੰਦਿਆਂ ਹੋਇਆਂ ਕਮਲ ਦੇ ਜਲ ਵਿਚ ਰਹਿਣ ਅਤੇ ਮੁਰਗਾਬੀ ਦੇ ਨਦੀ ਵਿਚ ਰਹਿਣ ਵਾਂਗੂ ਨਿਰਲਿਪਤ ਹੀ ਰਹਿੰਦਾ ਹੈ। ਮਾਇਆ ਦੀ ਚੰਦਰੀ ਉਸਨੂੰ ਆਤਮਿਕ ਤੌਰ ਤੇ ਡੇਗ ਨਹੀਂ ਸਕਦੀ। ਉਹ ਨਿਰਮਲ ਰਹਿੰਦਾ ਹੈ ਅਤੇ ਉਸਨੂੰ ਮੌਤ ਦਾ ਡਰ ਵੀ ਨਹੀਂ ਛੁਹ ਸਕਦਾ।[5] ਗੁਰਮੁਖ ਨੇਕ ਮੱਤਾਂ ਦਾ ਸਬਰ ਸੰਤੋਖ ਹੁੰਦਾ ਹੈ, ਜਿਸ

---

1. ਗੁਰਮੁਖਿ ਝੂਠੁ ਨ ਭਾਵਈ ਸਚਿ ਰਤੇ ਸਚ ਭਾਇ।
   (ਸਿਰੀ ਰਾਗੁ, ਆਦਿ ਗ੍ਰੰਥ, ਪੰਨਾ 21/22)
2. ਗੁਰਮੁਖਿ ਅਲਿਪਤੁ ਰਹੇ ਨ ਲਾਗੈ ਸਦਾ ਰਹੈ ਸਰਣਾਈ।
   (ਪਰਭਾਤੀ ਰਾਗੁ, ਅਸਟਪਦੀਆਂ, ਆਦਿ ਗ੍ਰੰਥ, ਪੰਨਾ 1344)
3. ਗੁਰਮੁਖਿ ਜੋਗੀ ਜੁਗਤਿ ਪਛਾਣੈ। ਗੁਰਮੁਖਿ ਨਾਨਕ ਏਕੋ ਜਾਣੈ।
   (ਰਾਮਕਲੀ, [ਰਾਗ] ਸਿਧ ਗੋਸਟਿ, ਆਦਿ ਗ੍ਰੰਥ, ਪੰਨਾ 946)
4. ਗੁਰਮੁਖਿ ਮਨੁ ਜੀਤਾ ਹਉਮੈ ਮਾਰਿ।
   ਗੁਰਮੁਖਿ ਸਾਚੁ ਰਖਿਆ ਉਰਧਾਰਿ।
   (ਰਾਮਕਲੀ ਰਾਗੁ, ਸਿਧ ਗੋਸਟਿ, ਆਦਿ ਗ੍ਰੰਥ, ਪੰਨਾ 946)
5. (ੳ) ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ।
   ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ।
   (ਰਾਮਕਲੀ ਰਾਗੁ, ਸਿਧ ਗੋਸਟਿ, ਆਦਿ ਗ੍ਰੰਥ, ਪੰਨਾ 938)

   (ਅ) ਜਿਨ ਕਉ ਆਪਿ ਲਏ ਪ੍ਰਭੁ ਮੇਲਿ।
   ਤਿਨ ਕਉ ਕਾਲੁ ਨ ਸਾਕੈ ਪੇਲਿ।
   ਗੁਰਮੁਖਿ ਨਿਰਮਲ ਰਹਹਿ ਪਿਆਰੇ।
   ਜਿਉਂ ਜਲ ਅੰਭ ਉਪਰਿ ਕਮਲ ਨਿਰਾਰੇ।
   (ਆਸਾ ਰਾਗੁ, ਆਦਿ ਗ੍ਰੰਥ, ਪੰਨਾ 353)

ਕਾਰਣ ਉਹ ਦੁਖ ਸੁਖ ਦੀਆਂ ਦੁਨਿਆਵੀ ਦੇ ਅਵਸਥਾਵਾਂ ਤੋਂ ਨਿਰਾਲਾ ਹੀ ਰਹਿੰਦਾ ਹੈ।[1] ਗੁਰਮੁਖ ਦੀ ਅੰਤਰ ਆਤਮਾ ਵਿਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਇਤਿਆਦਿਕ ਦੁਸ਼ ਬਿਰਤੀਆਂ ਦੇ ਚੋਰ, ਸਦਗੁਣਾਂ ਦੀ ਚੋਰੀ ਨਹੀਂ ਕਰ ਸਕਦੇ, ਕਿਉਂਕਿ ਹਰੀ ਨਾਮ ਦੀ ਕ੍ਰਿਪਾ ਨਾਲ ਉਹ ਸਦਾ ਹੀ ਜਾਗਦਾ ਰਹਿੰਦਾ ਹੈ। ਗੁਰੂ ਦੇ ਉਪਦੇਸ਼ਾਂ ਨਾਲ ਜੀਵ ਦੀਆਂ ਤ੍ਰਿਸ਼ਨਾਵਾਂ ਦੀ ਬਲਦੀ ਹੋਈ ਅੱਗ ਬੁਝ ਜਾਂਦੀ ਹੈ। ਗੁਰੂ ਆਪਣੀ ਕ੍ਰਿਪਾ ਦੁਆਰਾ ਗੁਰਮੁਖ ਨੂੰ ਹਰੀ ਦਾ ਵਾਸਤ-ਵਿਕ ਗਿਆਨ ਦੇ ਦਿੰਦਾ ਹੈ, ਜਿਸ ਉਪਰੰਤ ਉਹ ਨਿਸ਼ਕਾਮ ਹੋ ਕੇ ਜਿੰਦਗੀ ਵਿਚ ਵਿਚਰਦਾ ਹੈ।[2] ਗੁਰਮੁਖ ਰਾਤ ਦਿਨ ਜਾਗ੍ਰਿਤ ਅਵਸਥਾ ਵਿਚ ਰਹਿੰਦਾ ਹੈ। ਗੁਰੂ ਦੀ ਮਤ ਦੁਆਰਾ ਉਸਨੂੰ ਸੱਚੇ ਪ੍ਰਭੂ ਨਾਲ ਲਿਵ ਲਾਉਣ ਦੀ ਪ੍ਰਤੀਤੀ ਹੋ ਗਈ ਹੁੰਦੀ ਹੈ, ਜਿਸ ਕਰਕੇ ਉਸ ਦੇ ਸਚ ਗੁਣ, ਸਾਬਤ ਹੀ ਰਹਿੰਦੇ ਹਨ, ਘਟਦੇ ਨਹੀਂ।[3] ਗੁਰਮੁਖ ਨੇ ਆਪਣੇ ਮਨ ਨੂੰ ਬ੍ਰਹਮ ਗਿਆਨ ਦੁਆਰਾ ਸਮਝਾਇਆ ਹੁੰਦਾ ਹੈ, ਜਿਸਦੇ ਸਿੱਟੇ ਵਜੋਂ ਬ੍ਰਹਮ ਤੋਂ ਉਪਜਿਆ ਗੁਰਮੁਖ ਬ੍ਰਾਹਮਣੀ ਗੁਣਾਂ ਦਾ ਧਾਰਣੀ ਹੋ ਜਾਂਦਾ ਹੈ ਤੇ ਉਸਦਾ ਆਵਾਗਵਣ ਕਟਿਆ ਜਾਂਦਾ ਹੈ।[4] ਗੁਰਮੁਖ ਗੁਰੂ ਦੇ ਅਸਲ ਚਾਕਰ

---

1. ਦੂਖ ਸੂਖ ਹੀ ਤੇ ਭਏ ਨਿਰਾਲੇ ਗੁਰਮੁਖਿ ਸੀਲ ਸਨਾਹਾ ਹੇ।
   (ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1032)
2. ਗੁਰਮੁਖਿ ਚੋਰ ਨ ਲਾਗਿ ਹਰਿਨਾਮ ਜਗਾਈਏ।
   ਸਬਦਿ ਨਿਵਾਰੀ ਆਗਿ ਜੋਤਿ ਦੀਪਾਈਏ।
   ਲਾਲ ਰਤਨੁ ਹਰਿਨਾਮੁ ਗੁਰ ਸੁਰਤਿ ਬੁਝਾਈਏ।
   ਸਦਾ ਰਹੈ ਨਿਹਕਾਮ ਜੇ ਗੁਰਮਤਿ ਪਾਈਏ।
   (ਸੂਹੀ ਰਾਗੁ, ਆਦਿ ਗ੍ਰੰਥ, ਪੰਨਾ 752)
3. ਗੁਰਮੁਖਿ ਜਾਗਿ ਰਹੇ ਦਿਨ ਰਾਤੀ।
   ਸਾਚੇ ਕੀ ਲਿਵ ਗੁਰਮਤਿ ਜਾਤੀ।
   ਮਨਮੁਖ ਸੋਇ ਰਹੇ ਸੇ ਲੂਟੇ।
   ਗੁਰਮੁਖਿ ਸਾਬਤ ਭਾਈ ਹੇ।
   (ਮਾਰੂ ਰਾਗੁ, ਆਦਿ ਗ੍ਰੰਥ, ਪੰਨਾ 1024)
4. ਅਨਹਤ ਸੁੰਨਿ ਰਤੇ ਸੇ ਕੈਸੇ।
   ਜਿਸ ਤੇ ਉਪਜੇ ਤਿਸਹੀ ਜੈਸੇ।
   ਓਇ ਜਨਮ ਨ ਮਰਹਿ ਨ ਆਵਹਿ ਜਾਹਿ।
   ਨਾਨਕ ਗੁਰਮੁਖਿ ਮਨ ਸਮਝਾਹਿ।
   (ਰਾਮਕਲੀ ਰਾਗੁ, ਆਦਿ ਗ੍ਰੰਥ, ਪੰਨਾ 943)

ਬਣ ਕੇ, ਉਸਦੇ ਭਾਣੇ ਵਿਚ ਚਲਦੇ ਹਨ, ਜਿਸ ਲਈ ਉਹ ਬਖਸ਼ੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਜਮਾਂ ਦੀ ਪਰਵਾਹ ਕੋਈ ਨਹੀਂ ਹੁੰਦੀ। ਅਜਿਹੇ ਗੁਰਮੁਖਾਂ ਨੂੰ ਇਕੋ ਪਰਮਾਤਮਾ ਹੀ ਚੰਗਾ ਲਗਦਾ ਹੈ ਅਤੇ ਉਹ ਇਕੋ ਪਰਮਾਤਮਾ ਹੀ, ਉਨ੍ਹਾਂ ਦੇ ਮਨ ਵਿਚਲੇ ਭੁਲੇਖਿਆਂ ਨੂੰ ਦੂਰ ਕਰਕੇ, ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ।[1] ਗੁਰਮੁਖ ਨੇ ਬ੍ਰਹਮ ਗਿਆਨ ਦੁਆਰਾ ਆਪਣੇ ਅਸਲੇ ਨੂੰ ਵਿਚਾਰ ਕੇ, ਨਾਮ ਸਿਮਰਨ ਰਾਹੀਂ ਆਪਣੀ ਹਉਮੈਂ ਨੂੰ ਮਾਰ ਲਿਆ ਹੁੰਦਾ ਹੈ, ਨਿਰਮਲ ਬਾਣੀ ਨੂੰ ਪੜ੍ਹ ਕੇ ਉਸਦਾ ਤਨ ਤੇ ਮਨ ਨਿਰਮਲ ਹੋ ਗਿਆ ਹੁੰਦਾ ਹੈ, ਜਿਸ ਲਈ ਉਹ ਸੱਚੇ ਪਰਮਾਤਮਾ ਵਿਚ ਸਮਾ ਜਾਂਦਾ ਹੈ।[2] ਪਰਮਾਤਮਾ ਦੇ ਨਾਮ ਦਾ ਸ੍ਰਵਣ ਤੇ ਮਨਨ ਕਰ ਚੁਕੇ ਅਜਿਹੇ ਗੁਰਮੁਖ ਨੂੰ ਗੁਰੂ ਸਾਹਿਬ 'ਪੰਚ' ਦੇ ਨਾਮ ਨਾਲ ਸੰਬੋਧਨ ਕਰਦੇ ਹੋਏ, ਉਸਨੂੰ ਪਰਮਾਤਮਾ ਦੀ ਦਰਗਾਹ ਵਿਚ ਪਰਵਾਨ ਹੋਣ ਉਪਰੰਤ ਮਿਲੀ ਪ੍ਰਧਾਨਗੀ ਕਾਰਣ ਮਿਲੇ ਮਾਣ ਦਾ ਪ੍ਰਗਟਾ ਕਰਦੇ ਹਨ।[3] ਗੁਰਮੁਖ ਜਿਥੇ ਸੱਚੀ ਦਰਗਾਹ ਵਿਚ ਇਜ਼ਤ ਤੇ ਮਾਣ ਪ੍ਰਾਪਤ ਕਰਦੇ ਹਨ, ਉਥੇ ਉਨ੍ਹਾਂ ਦਾ ਆਵਾਗਵਣ ਵੀ ਕਟਿਆ ਜਾਂਦਾ ਹੈ।[4] ਗੁਰਮੁਖ ਪਰਮਾਤਮਾ ਨੂੰ ਪਛਾਣਨ ਤੋਂ ਬਾਅਦ ਉਸ ਵਿਚ ਹੀ ਸਮਾ ਜਾਂਦੇ ਹਨ ਅਤੇ ਇਸਤੋਂ ਬਾਅਦ ਉਸ ਪਰਮਾਤਮਾ ਵਰਗੇ ਹੀ ਹੋ ਜਾਂਦੇ ਹਨ। ਅਜਿਹਾ ਹੋਣ ਤੇ ਉਨ੍ਹਾਂ ਦਾ ਮਨੁਖੀ ਜਾਮਾ ਸਫਲ ਹੋ ਜਾਂਦਾ ਹੈ।[5]

---

1. ਗੁਰ ਕੇ ਚਾਕਰ ਠਾਕੁਰ ਭਾਣੇ। ਬਖਸਿ ਲੀਏ ਨਾਹੀ ਜਮ ਕਾਣੇ।
ਜਿਨ ਕੈ ਹਿਰਦੈ ਏਕੋ ਭਾਇਆ। ਆਪੇ ਮੇਲੇ ਭਰਮੁ ਚੁਕਾਇਆ।
(ਬਸੰਤ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 1190)

2. ਗੁਰਮੁਖਿ ਹੋਵੈ ਸੁ ਗਿਆਨ ਤਤੁ ਬੀਚਾਰੈ ਹਉਮੈ ਸਬਦਿ ਜਲਾਏ।
ਤਨੁ ਮਨੁ ਨਿਰਮਲ ਨਿਰਮਲੁ ਬਾਣੀ ਸਾਚੈ ਰਹੈ ਸਮਾਏ।
(ਰਾਮਕਲੀ ਰਾਗੁ, ਸਿਧ ਗੋਸਟਿ, ਆਦਿ ਗ੍ਰੰਥ, ਪੰਨਾ 946)

3. ਪੰਚ ਪਰਵਾਣੁ ਪੰਚ ਪਰਧਾਨੁ। ਪੰਚੇ ਪਾਵਹਿ ਦਰਗਹਿ ਮਾਨੁ।
(ਜਪੁ, ਆਦਿ ਗ੍ਰੰਥ, ਪੰਨਾ 2)

4. ਸੋ ਨਰੁ ਜੰਮੈ ਨ ਮਰੈ ਨਾ ਆਵੈ ਨਾ ਜਾਇ।
ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ।
(ਸਿਰੀ ਰਾਗੁ, ਪਦੇ, ਆਦਿ ਗ੍ਰੰਥ, ਪੰਨਾ 19)

5. ਜਿਨ ਜਾਤਾ ਸੋ ਤਿਸ ਹੀ ਜੇਹਾ। ਅਤਿ ਨਿਰਮਾਇਲੁ ਸੀਝਸਿ ਦੇਹਾ।
(ਰਾਮਕਲੀ ਰਾਗੁ, ਓਅੰਕਾਰ, ਆਦਿ ਗ੍ਰੰਥ, ਪੰਨਾ 931)

## ਮਨਮੁਖ

ਮਨਮੁਖ ਤੋਂ ਗੁਰੂ ਸਾਹਿਬ ਦਾ ਭਾਵ ਅਜਿਹੇ ਇਨਸਾਨ ਤੋਂ ਹੈ ਜਿਸਦਾ ਮੂੰਹ ਕਿ ਮਨ ਦੀਆਂ ਛਿਨ ਭੰਗਰ ਸੁਖ ਪ੍ਰਾਪਤੀ ਦੀਆਂ ਇਛਾਵਾਂ ਵਲ ਹੁੰਦਾ ਹੈ। ਅਜਿਹਾ ਇਨਸਾਨ ਜ਼ਿੰਦਗੀ ਦੇ ਵਕਤੀ ਸੁਆਦਾਂ ਪਿਛੇ ਦੌੜਿਆ ਫਿਰਦਾ ਹੈ ਅਤੇ ਉਸਨੂੰ ਸਦੀਵੀ ਆਨੰਦ ਦੀ ਕੋਈ ਪ੍ਰਤੀਤੀ ਜਾਂ ਸਮਝ ਨਹੀਂ ਹੁੰਦੀ। ਗੁਰੂ ਸਾਹਿਬ ਅਨੁਸਾਰ ਮਨਮੁਖ ਤਾਂ ਸਿੰਨ ਪੱਥਰ ਦੇ ਸਮਾਨ ਹੁੰਦਾ ਹੈ, ਜਿਸ ਉਪਰ ਕਿ ਨਾਮ ਸਿਮਰਨ ਦਾ ਕੋਈ ਅਸਰ ਨਹੀਂ ਹੁੰਦਾ। ਉਸਦਾ ਜੀਵਨ ਰਸਹੀਣ ਤੇ ਨਾਰਕਤ ਦੇ ਮੇਲ ਹੁੰਦਾ ਹੈ।[1] ਆਪ ਅਨੁਸਾਰ ਮਨਮੁਖ ਅਗਿਆਨੀ ਹੀ ਹੁੰਦਾ ਹੈ ਜਿਹੜਾ ਕਿ ਨਾਮ ਸਿਮਰਨ ਤੋਂ ਦੂਰ ਹੋ ਕੇ ਜ਼ਿੰਦਗੀ ਦੇ ਹਰ ਪਹਿਲੂ ਉਤੇ ਚੋਟਾਂ ਹੀ ਖਾਂਦਾ ਰਹਿੰਦਾ ਹੈ।[2] ਮਨਮੁਖ ਦੀ ਸੋਝਸਮਝੀ ਸਿਖਰਾਂ ਤੇ ਪਹੁੰਚੀ ਹੁੰਦੀ ਹੈ, ਉਹ ਸੰਸਾਰਕ ਪਦਾਰਥਾਂ ਦੇ ਪਿਆਰਾਂ ਵਿਚ ਫਸਿਆ ਹੋਇਆ, ਗੁਰੂ ਤੋਂ ਬਿਨਾਂ ਵਿਸ਼ਿਆਂ ਵਿਕਾਰਾਂ ਵਿਚ ਡੁੱਬ ਕੇ ਮਰ ਜਾਂਦਾ ਹੈ।[3] ਮਨਮੁਖ ਝੂਠੇ ਹੋਣ ਕਰਕੇ ਹਮੇਸ਼ਾਂ ਭਰਮਾਂ ਭੁਲੇਖਿਆਂ ਵਿਚ ਹੀ ਫਸੇ ਰਹਿੰਦੇ ਹਨ। ਹੰਕਾਰੀ ਮਨਮੁਖ ਆਵਾਗਵਣ ਦੇ ਚਕਰਾਂ ਤੋਂ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ।[4] ਮਨਮੁਖ ਜ਼ਬਾਨੋ ਜ਼ਬਾਨੀ ਤੋਂ ਬਹੁਤ ਉਚੀਆਂ ਗਲਾਂ ਕਰਦਾ ਹੈ, ਪਰ ਉਨ੍ਹਾਂ ਉਪਰ ਅਮਲ ਨਹੀਂ ਕਰਦਾ। ਨਾਮ ਤੋਂ ਭੁਲੇ ਅਜਿਹੇ ਬੰਦਿਆਂ ਵਿਚ ਕਥਨੀ ਤੇ ਕਰਨੀ ਦੀ ਆਪਸੀ-ਵਿਰੋਧਤਾ, ਉਨ੍ਹਾਂ ਨੂੰ ਕਿਸੇ ਪਾਸੇ ਵੀ ਟਿਕਣ ਨਹੀਂ ਦਿੰਦੀ।[5] ਮਨਮੁਖ ਨਾਮ ਤੋਂ ਬਿਨਾਂ ਪਾਗਲਾਂ ਵਾਂਗੂੰ ਫਿਰਦਾ ਹੈ, ਉਹ ਤਾਂ ਮਨੁਖਾ ਲਿਬਾਸ ਵਿਚ

---

1. ਮਨਮੁਖੁ ਪਥਰੁ ਸੈਲੁ ਹੈ ਧ੍ਰਿਗੁ ਜੀਵਣੁ ਫੀਕਾ।
   ਜਲ ਮਹਿ ਕੇਤਾ ਰਾਖੀਐ ਅਭ ਅੰਤਰਿ ਸੂਕਾ।
   (ਆਸਾ ਰਾਗੁ, ਆਦਿ ਗ੍ਰੰਥ, ਪੰਨਾ 419)
2. ਮਨਮੁਖਿ ਸੋਝੀ ਨ ਪਵੈ ਵੀਛੁੜਿ ਚੋਟਾ ਖਾਇ।
   (ਸਿਰੀ ਰਾਗੁ, ਅਸਟਪਦੀਆਂ, ਆਦਿ ਗ੍ਰੰਥ, ਪੰਨਾ 60)
3. ਨਾਨਕ ਮਨਮੁਖ ਅੰਧੁ ਪਿਆਰੁ ਬਾਝੁ ਗੁਰੂ ਡੁਬਾ ਸੰਸਾਰੁ।
   (ਉਹੀ, ਆਦਿ ਗ੍ਰੰਥ, ਪੰਨਾ 138)
4. ਮਨਮੁਖ ਅਹੰਕਾਰੀ ਫਿਰਿ ਜੂਨੀ ਭਵੈ।
   (ਗਉੜੀ ਰਾਗੁ, ਅਸਟਪਦੀਆਂ, ਆਦਿ ਗ੍ਰੰਥ, ਪੰਨਾ 228)
5. ਮਨਮੁਖ ਕਥਨੀ ਹੈ ਪਰ ਰਹਤ ਨ ਹੋਈ।
   ਨਾਵਹੁ ਭੂਲੇ ਥਾਉ ਨ ਕੋਈ।
   (ਬਿਲਾਵਲ ਰਾਗੁ, ਆਦਿ ਗ੍ਰੰਥ, ਪੰਨਾ 831)

ਪਸ਼ੂ ਸਮਾਨ ਹੀ ਹੁੰਦਾ ਹੈ।[1] ਮਨਮੁਖ ਇਕ ਅਜਿਹਾ ਅਗਿਆਨੀ ਹੁੰਦਾ ਹੈ ਜਿਹੜਾ ਕਿ ਸਿਮਰਨ ਨਾ ਕਰਨ ਦੇ ਸਿੱਟੇ ਵਜੋਂ ਇਕ ਤਾਂ ਪਰਮਾਤਮਾ ਦੇ ਦਰਸ਼ਨ ਤੋਂ ਵੰਚਿਤ ਰਹਿੰਦਾ ਹੈ, ਦੂਸਰਾ ਭਰਮਾਂ ਭੁਲੇਖਿਆਂ ਵਿਚ ਗਲਤਾਨ ਰਹਿਣ ਕਾਰਣ, ਉਸਨੂੰ ਹਮੇਸ਼ਾ ਘਾਟ ਹੀ ਬਣੀ ਰਹਿੰਦੀ ਹੈ।[2] ਮਨਮੁਖ ਦੀ ਬੁੱਧੀ ਕੂੜੀ ਹੁੰਦੀ ਹੈ ਅਤੇ ਉਹ ਹਰੀ ਸਿਮਰਨ ਤੋਂ ਬਿਨਾਂ ਪਾਪਾਂ ਤੇ ਸੰਤਾਪਾਂ ਦਾ ਸ਼ਿਕਾਰ ਬਣਿਆ ਰਹਿੰਦਾ ਹੈ।[3] ਮਨਮੁਖ ਹਉਮੈ ਗ੍ਰਸਤ ਰਹਿੰਦਾ ਹੈ। ਸੱਚੇ ਪਰਮਾਤਮਾ ਵਿਚ ਸੁਰਤੀ ਨਾ ਲਗਾਉਣ ਕਾਰਣ ਉਸਦੀ ਆਤਮਾ ਅਤ੍ਰਿਪਤ ਰਹਿੰਦੀ ਹੈ। ਉਸਦਾ ਧਿਆਨ ਪ੍ਰਭੂ ਚਰਨਾਂ ਵਿਚ ਹੋਣ ਦੀ ਥਾਂ ਤੇ ਪਰ ਧਨ, ਪਰ ਨਾਰੀ, ਪਰ ਨਿੰਦਿਆ ਤੇ ਪਰ ਪਦਾਰਥ ਪਾਣ ਵਿਚ ਹੀ ਉਤਸੁਕ ਰਹਿੰਦਾ ਹੈ, ਜਿਸ ਕਾਰਣ ਉਸਦਾ ਦੁਖ ਬਣਿਆ ਹੀ ਰਹਿੰਦਾ ਹੈ।[4] ਮਨਮੁਖ ਨੂੰ ਸਮਝਾਉਣ ਦਾ ਕੋਈ ਅਸਰ ਨਹੀਂ ਹੁੰਦਾ। ਉਹ ਸਮਝਾਉਣ ਉਤੇ ਵੀ ਪੁੱਠੇ ਪਾਸੇ ਹੀ ਜਾਂਦਾ ਹੈ।

---

1. ਮਨਮੁਖ ਵਿਣ ਨਾਵੈ ਕੂੜਿਆਰ ਫਿਰਹਿ ਬੇਤਾਲਿਆ।
ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ।
(ਮਲਾਰ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 1284)

2. ਮਨਮੁਖ ਤੋਟਾ ਨਿਤ ਹੈ ਭਰਮਹਿ ਭਰਮਾਏ।
ਮਨਮੁਖ ਅੰਧੁ ਨ ਚੇਤਈ ਕਿਉ ਦਰਸਨੁ ਪਾਏ।
(ਆਸਾ ਰਾਗੁ, ਆਦਿ ਗ੍ਰੰਥ, ਪੰਨਾ 421)

3. ਮਨਮੁਖ ਕੀ ਮਤਿ ਕੂੜਿ ਵਿਆਪੀ।
ਬਿਨੁ ਹਰਿ ਸਿਮਰਣ ਪਾਪਿ ਸੰਤਾਪੀ।
(ਆਸਾ ਰਾਗੁ, ਆਦਿ ਗ੍ਰੰਥ, ਪੰਨਾ 356)

4. ਸਾਚੀ ਸੁਰਤਿ ਨਾਮਿ ਨਹੀ ਤ੍ਰਿਪਤੇ ਹਉਮੈ ਕਰਤ ਗਵਾਇਆ।
ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖ ਖਾਈ ਦੁਖੁ ਪਾਇਆ।
(ਮਲਾਰ ਰਾਗੁ, ਆਦਿ ਗ੍ਰੰਥ, ਪੰਨਾ 1255)

ਨਾਮ ਵਿਹੂਣਾ ਹੋਣ ਕਰਕੇ ਮੌਤ ਉਪਰੰਤ ਉਹ ਨਰਕਾਂ ਵਿਚ ਸੁਟਿਆ ਜਾਂਦਾ ਹੈ।[1]

ਗੁਰੂ ਸਾਹਿਬ ਮਨਮੁਖ ਸੰਬੰਧੀ ਹੋਰ ਵਿਚਾਰ ਕਰਦੇ ਕਹਿੰਦੇ ਹਨ ਕਿ ਮਨਮੁਖ ਇਸ ਦੁਨੀਆਂ ਵਿਚ ਆਪਣੀਆਂ ਕੂੜ ਕਿਰਤੀਆਂ ਵਿਚ ਸੜਦਾ ਰਿਹਾ ਹੁੰਦਾ ਹੈ, ਉਸਦਾ ਇਸ ਧਰਤੀ ਉਤੇ ਆਉਣਾ ਬਿਰਥਾ ਹੀ ਚਲਾ ਜਾਂਦਾ ਹੈ, ਜਿਸ ਕਰਕੇ ਉਹ ਨਿਰੰਤਰ ਆਵਾਗਵਣ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ।[2] ਫਿਰ ਆਪ ਮਨਮੁਖ ਨਾਲ ਪਰਮਾਤਮਾ ਦੀ ਦਰਗਾਹ ਵਿਚ ਹੋਣ ਵਾਲੇ ਵਰਤਾਰੇ ਸੰਬੰਧੀ ਲਿਖਦੇ ਹਨ ਕਿ ਮਨਮੁਖ ਵਲੋਂ ਪਰਮਾਤਮਾ ਦੁਆਰਾ ਦਿਤੀ ਗਈ ਸੁਆਸਾਂ ਦੀ ਪੂੰਜੀ ਬਿਰਥਾ ਹੀ ਗੁਆ ਦੇਣ ਦੇ ਸਿੱਟੇ ਵਜੋਂ, ਉਸਨੂੰ ਪਰਮਾਤਮਾ ਦੀ ਦਰਗਾਹ ਵਿਚ ਬਹੁਤੀ ਮਾਰ ਪੈਂਦੀ ਹੈ।[3] ਮਨਮੁਖ ਦੁਆਰਾ ਕੀਤੇ ਗਏ ਮਾੜੇ ਕਰਮਾਂ ਦਾ ਜਦੋਂ ਪਰਮਾਤਮਾ ਦੀ ਦਰਗਾਹ ਵਿਚ ਹਿਸਾਬ ਹੁੰਦਾ ਹੈ ਤਾਂ ਉਥੇ ਉਸਨੂੰ ਬਹੁਤੀ ਸਜ਼ਾ ਮਿਲਦੀ ਹੈ। ਨਾਮ ਸਿਮਰਨ ਦੇ ਮਾਰਗ ਤੋਂ ਖੁੰਝੇ ਹੋਏ ਮਨਮੁਖ ਨੂੰ ਸ਼ਾਂਤੀ ਨਹੀਂ ਮਿਲਦੀ, ਇਸ ਕਰਕੇ ਉਸਨੂੰ ਜਮਦੂਤਾਂ ਦੁਆਰਾ ਬੰਨ੍ਹ ਕੇ ਮਾਰਿਆ ਜਾਂਦਾ ਹੈ।[4] ਗੁਰੂ ਵਿਹੂਣੇ ਮਨਮੁਖ ਨੂੰ ਜਦੋਂ ਜਮਦੂਤ ਪਕੜ ਕੇ ਬਹੁਤਾ ਮਾਰਦੇ ਹਨ ਤਾਂ ਉਹ ਵਿਰਲਾਪ ਕਰਦਾ ਹੈ।[5]

---

1. ਮਨਮੁਖ ਜੇ ਸਮਝਾਈਐ ਭੀ ਉਝੜਿ ਜਾਏ।
   ਬਿਨੁ ਹਰਿ ਨਾਮੁ ਨ ਛੂਟਸੀ ਮਰਿ ਨਰਕ ਸਮਾਏ।
   (ਆਸਾ ਰਾਗੁ, ਆਦਿ ਗ੍ਰੰਥ, ਪੰਨਾ 420)
2. ਮਨਮੁਖ ਜਨਮੁ ਭਇਆ ਹੈ ਬਿਰਥਾ ਆਵਤ ਜਾਤ ਲਜਾਈ।
   ਕਾਮਿ ਕ੍ਰੋਧਿ ਡੂਬੇ ਅਭਿਮਾਨੀ ਹਉਮੈ ਵਿਚਿ ਜਲ ਜਾਈ।
   (ਮਲਾਰ ਰਾਗੁ, ਆਦਿ ਗ੍ਰੰਥ, ਪੰਨਾ 1265)
3. ਮਨਮੁਖ ਮੂਲ ਗਵਾਇਆ ਦਰਗਹ ਮਿਲੈ ਸਜਾਇ।
   (ਪ੍ਰਭਾਤੀ ਰਾਗ, ਆਦਿ ਗ੍ਰੰਥ, ਪੰਨਾ 1331)
4. ਮਨਮੁਖ ਭੂਲਾ ਠਉਰ ਨ ਪਾਏ। ਜਮਦਰਿ ਬਧਾ ਚੋਟਾ ਖਾਏ।
   (ਮਾਝ ਰਾਗੁ, ਅਸਟਪਦੀ, ਆਦਿ ਗ੍ਰੰਥ, ਪੰਨਾ 109)
5. ਗੁਰੂ ਵਿਹੂਨ ਮਹਾ ਦੁਖ ਪਾਇਆ ਜਮ ਪਕੜੇ ਬਿਲਲਾਈ।
   (ਮਲਾਰ ਰਾਗੁ, ਆਦਿ ਗ੍ਰੰਥ, ਪੰਨਾ 1265)

## ਆਦਰਸ਼ਕ ਵਿਅਕਤੀ ਦਾ ਸਮਾਜ ਪ੍ਰਤੀ ਵਰਤਾਰਾ

ਗੁਰੂ ਨਾਨਕ ਦੇਵ ਇਕ ਸਮਾਜ ਸੁਧਾਰਕ ਅਧਿਆਤਮਕ ਵਿਅਕਤੀ ਸਨ। ਉਨ੍ਹਾਂ ਦਾ ਤਾਂ ਜਨਮ ਹੀ, ਭਾਈ ਗੁਰਦਾਸ ਦੇ ਸ਼ਬਦਾਂ ਵਿਚ, 'ਕਲਿਤਾਰਣਿ ਗੁਰੂ ਨਾਨਕ ਆਇਆ'[1] ਅਰਥਾਤ ਸਮਾਜਿਕ ਕਲਿਆਣ ਲਈ ਹੀ ਹੋਇਆ ਸੀ। ਸਿਥਿਲਤਾ, ਗਿਲਾਨੀ, ਪਤਨ ਤੇ ਕਮਜ਼ੋਰੀ ਵਾਲੇ ਪਾਸੇ ਜਾਂਦੇ ਸੁਧਾਰਕੀ ਤੇ ਸਵੈ-ਕੇਂਦਰਿਤ ਸਮਾਜ ਨੂੰ ਉਨਤੀ ਤੇ ਪਰਉਪਕਾਰ ਦੇ ਮਾਰਗ ਤੇ ਪਾਉਣਾ, ਸਮਕਾਲੀ ਸਮਾਜ ਵਿਚਲੀ ਘਬਰਾਹਟ ਤੇ ਬੇਚੈਨੀ ਨੂੰ ਖ਼ਤਮ ਕਰਕੇ, ਉਸਨੂੰ ਅਮੁਕ ਸ਼ਾਂਤੀ ਤੇ ਸਦਭਾਵਨਾ ਦਾ ਪੈਗ਼ਾਮ ਦੇਣਾ, ਗੁਰ ਬਾਬੇ ਦਾ ਮਨੋਰਥ ਸੀ। ਉਹ ਇਕ ਸੰਤੁਲਤ ਸਮਾਜ ਦੀ ਸਥਾਪਨਾ ਕਰਨੀ ਚਾਹੁੰਦੇ ਸਨ, ਜਿਸ ਵਿਚ ਕਿ ਸਾਰੇ ਲੋਕ, ਕਿਸੇ ਉਤਮ ਢੰਗ ਆਚਾਰ ਨਾਲ ਬੇਫ਼ਿਕਰੀ ਤੇ ਸੰਤੁਸ਼ਟਤਾ ਦੀ ਜ਼ਿੰਦਗੀ ਜੀ ਸਕਣ। ਇਸੇ ਕਰਕੇ ਉਨ੍ਹਾਂ ਨੇ ਉਤਮ ਸਮਾਜ ਦੀ ਸਥਾਪਨਾ ਲਈ, ਉਤਮ ਤੇ ਆਦਰਸ਼ਕ ਮਨੁਖ ਦਾ ਸੰਕਲਪ ਪੇਸ਼ ਕੀਤਾ ਹੈ। ਉਹ ਜਿਥੇ ਅਜਿਹੇ ਪੁਰਸ਼ ਦੇ ਵਿਅਕਤੀਗਤ ਕਿਰਦਾਰ ਨੂੰ ਉਲੀਕਦੇ ਹਨ, ਉਥੇ ਨਾਲ ਹੀ ਉਸਦੀਆਂ ਸਮਾਜ ਪ੍ਰਤੀ ਜ਼ਿੰਮੇਵਾਰੀਆਂ ਦੀ ਵੀ ਪੇਸ਼ਕਾਰੀ ਕਰਦੇ ਹਨ। ਗੁਰੂ ਸਾਹਿਬ ਵਿਅਕਤੀ ਦੀਆਂ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਬੜੇ ਹੀ ਸੁਚੇਤ ਸਨ। ਵਿਅਕਤੀ ਦਾ ਕੇਵਲ ਆਪਣੇ ਤਕ ਹੀ ਜੀਉਣ ਦਾ ਸੰਕਲਪ ਉਨ੍ਹਾਂ ਨੂੰ ਪਰਵਾਨ ਨਹੀਂ ਹੈ, ਉਹ ਤਾਂ ਵਿਅਕਤੀ ਦੀ ਉਚਤਾ ਨੂੰ ਉਸਦੀ ਸਮਾਜਿਕ ਦੇਣ ਦੇ ਸੰਦਰਭ ਵਿਚ ਹੀ ਵੇਖਦੇ ਹਨ। ਵਿਅਕਤੀ ਦਾ ਸਮਾਜ ਪ੍ਰਤੀ ਵਿਵਹਾਰ ਉਸਾਰੂ, ਉਪਯੋਗੀ ਤੇ ਸਹਾਇਕ ਹੋਣਾ ਬਹੁਤ ਹੀ ਜ਼ਰੂਰੀ ਹੈ।

ਗੁਰੂ ਸਾਹਿਬ ਦਾ ਉਤਮ ਵਿਅਕਤੀ ਆਤਮ ਨਿਰਭਰਤਾ ਦੇ ਅਸੂਲ ਦਾ ਦ੍ਰਿੜ੍ਹ ਵਿਸ਼ਵਾਸੀ ਹੁੰਦਾ ਹੈ। ਉਹ ਦੂਸਰਿਆਂ ਦੀ ਮੁਥਾਜੀ ਕਰਨ ਦੀ ਥਾਂ ਤੇ ਆਪਣੇ ਹਥਾਂ ਨਾਲ ਆਪਣਾ ਕਾਰਜ ਆਪ ਸੰਵਾਰਦਾ ਹੈ।[2] ਜ਼ਿੰਦਗੀ ਵਿਚ ਰਹਿੰਦਿਆਂ ਹੋਇਆਂ ਉਹ ਕਦੀ ਵੀ ਮੰਦੇ ਤੇ ਭੈੜੇ ਕਰਮ ਨਹੀਂ ਕਰਦਾ, ਸਗੋਂ ਆਪਣੀ ਦੀਰਘ ਦ੍ਰਿਸ਼ਟੀ ਦੁਆਰਾ, ਜ਼ਿੰਦਗੀ ਦੇ ਲਾਭਦਾਇਕ ਪਾਸਿਆਂ

---

1. 41 ਵਾਰਾਂ ਸਟੀਕ ਭਾਈ ਗੁਰਦਾਸ, ਟੀਕਾਕਾਰ ਪੰਡਤ ਨਰੈਣ ਸਿੰਘ ਗਿਆਨੀ, ਪਹਿਲੀ ਵਾਰ, ਪੰਨਾ 29

2. ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ।
(ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 474)

ਵਲ ਹੀ ਝੁਕੀ ਰਖਦਾ ਹੈ।[1] ਉਹ ਮਨ ਦੀ ਨਿਮ੍ਰਤਾ ਤੇ ਮਿਠਾਸ ਨੂੰ ਅਮਲੀ ਤੌਰ ਤੇ ਧਾਰਨ ਕਰੀ ਰਖਦਾ ਹੈ। ਹੰਕਾਰ ਰਹਿਤ ਹੋ ਕੇ ਵਿਚਰਨਾ ਅਤੇ ਜ਼ਬਾਨ ਤੋਂ ਬੜੇ ਪਿਆਰੇ ਤੇ ਮਿੱਠੇ ਬੋਲ ਬੋਲਣੇ, ਉਸਦੀ ਜ਼ਿੰਦਗੀ ਦਾ ਹਿੱਸਾ ਬਣ ਜਾਂਦੇ ਹਨ।[2] ਆਦਰਸ਼ਕ ਵਿਅਕਤੀ ਸਚਾਈ ਦੇ ਮਾਰਗ ਉਤੇ ਚਲਦਾ ਹੋਇਆ, ਸੰਤੋਖ-ਧਨ[3] ਨੂੰ ਧਾਰਣ ਕਰੀ ਰਖਦਾ ਹੈ, ਗੁਰੂ ਦੀ ਸੰਗਤ ਵਿਚ ਜਾ ਕੇ, ਸਤਿਗੁਰੂ ਦੀ ਅਗਵਾਈ ਸਦਕਾ, ਆਤਮ ਨੂੰ ਪਹਿਚਾਣ ਕੇ ਅਨਾਤਮ ਤਕ ਪਹੁੰਚ ਜਾਂਦਾ ਹੈ।[4]

ਅਜਿਹਾ ਆਦਰਸ਼ਕ ਵਿਅਕਤੀ ਸੰਸਾਰਕ ਕਮੀਆਂ ਪੇਸ਼ੀਆਂ ਤੇ ਲੋਭ ਲਾਲਚਾਂ ਤੋਂ ਤਿਆਗੀ ਹੋ ਕੇ, ਨਿਰਲਿਪਤ ਰਹਿੰਦਾ ਹੈ। ਸ਼ਬਦ ਦੀ ਪਛਾਣ ਦੁਆਰਾ ਬ੍ਰਹਮ ਸੰਬੰਧੀ ਪ੍ਰਤੀਤੀ ਹਾਸਲ ਕਰਦਾ ਹੈ। ਗੁਰੂ ਦੀ ਮਤ ਦੁਆਰਾ ਹਰੀ ਜਸ ਨੂੰ ਕੰਨਾਂ ਨਾਲ ਸੁਣਨ ਉਪਰੰਤ, ਉਸ ਹਰੀ ਰੰਗ ਵਿਚ ਸਮਾਇਆ ਰਹਿੰਦਾ ਹੈ।[5]

---

1. ਜਿਉ ਕੀਤਾ ਪਾਈਐ ਅਪਣਾ ਸਾ ਘਾਲ ਬੁਰੀ ਕਿਉਂ ਘਾਲੀਐ।
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ।
(ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 474)

2. ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ।
(ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 470)

3. ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰ।
(ਜਪੁ, ਆਦਿ ਗ੍ਰੰਥ, ਪੰਨਾ 2)

4. ਸਤ ਸੰਤੋਖਿ ਰਹਹੁ ਜਨ ਭਾਈ।
ਖਿਮਾ ਗਹਹੁ ਸਤਿਗੁਰ ਸਰਣਾਈ।
ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ।
(ਮਾਰੂ ਰਾਗੁ, ਆਦਿ ਗ੍ਰੰਥ, ਪੰਨਾ 1030)

5. (ੳ) ਜੋ ਬ੍ਰਹਮੰਡਿ ਖੰਡਿ ਸੋ ਜਾਣਹੁ।
ਗੁਰਮੁਖਿ ਬੂਝਹੁ ਸਬਦਿ ਪਛਾਣਹੁ।
ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤ ਸਬਾਇਆ।
ਗੁਰਮਤਿ ਬੋਲਹੁ ਹਰਿ ਜਸੁ ਸੂਚਾ। ਗੁਰਮਤਿ ਆਖੀ ਦੇਖਹੁ ਊਚਾ।
ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ।
(ਮਾਰੂ ਰਾਗੁ, ਆਦਿ ਗ੍ਰੰਥ, ਪੰਨਾ 1041)

(ਅ) ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ।
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ।
(ਰਾਮਕਲੀ ਰਾਗੁ, ਸਿਧ ਗੋਸ਼ਟਿ, ਆਦਿ ਗ੍ਰੰਥ, ਪੰਨਾ 938)

ਗੁਰੂ ਦੀ ਸਿਖਿਆ ਪ੍ਰਾਪਤ ਕਰਕੇ ਹੀਰਿਆਂ ਲਾਲਾਂ ਵਰਗੇ ਕੀਮਤੀ ਨਾਮ ਦਾ ਸਿਮਰਨ ਨਿਸ਼ਕਾਮਤਾ ਸਹਿਤ ਕਰਦਾ ਹੈ।[1]

ਅਜਿਹਾ ਵਿਅਕਤੀ ਮੇਹਨਤ ਮੁਸ਼ੱਕਤ ਕਰਕੇ, ਗੁਰੂ ਦੀ ਮਤ ਦੁਆਰਾ ਸਤਿ, ਸੰਤੋਖ, ਦਇਆ, ਧੀਰਜ, ਨਿਮ੍ਰਤਾ ਇਤਿਆਦਿ ਮਹਾਨ ਗੁਣਾਂ ਨੂੰ ਅਪਣਾ ਕੇ, ਆਪਣੇ ਪਿਆਰੇ ਨੂੰ ਪ੍ਰਾਪਤ ਕਰ ਲੈਂਦਾ ਹੈ।[2] ਉਹ 'ਗਾਵੀਐ ਸੁਣੀਐ ਮਨਿ ਰਖੀਐ ਭਾਉ'[3] ਦੇ ਮਾਰਗ ਉਤੇ ਚਲ ਕੇ, ਸੱਚੀ ਤੇ ਸੁਚੀ ਜਿੰਦਗੀ ਰਾਹੀਂ ਆਪਣਾ ਆਤਮਿਕ ਵਿਕਾਸ ਕਰਕੇ 'ਪੰਚ ਪਰਵਾਣ ਪੰਚ ਪਰਧਾਨ'[4] ਦੀ ਅਵਸਥਾ ਤੇ ਪਹੁੰਚ ਜਾਂਦਾ ਹੈ।

ਗੁਰੂ ਸਾਹਿਬ ਨੂੰ ਨਿਰੋਲ ਵਿਅਕਤੀ ਦਾ ਹੋਇਆ ਨਿਜੀ ਅਧਿਆਤਮਕ ਵਿਕਾਸ ਪਸੰਦ ਨਹੀਂ। ਉਹ ਉਸਦੇ ਆਲੇ ਦੁਆਲੇ ਦੇ ਸਮਾਜ ਦਾ ਵਿਕਾਸ ਜ਼ਰੂਰੀ ਸਮਝਦੇ ਹਨ। ਇਸ ਤਰ੍ਹਾਂ ਉਨ੍ਹਾਂ ਨੂੰ ਤਾਂ ਸਮਸ਼ਟੀਕ ਵਿਕਾਸ ਹੀ ਪਸੰਦ ਹੈ। ਇਸੇ ਕਰਕੇ ਉਨ੍ਹਾਂ ਨੂੰ ਉਹੋ ਹੀ ਵਿਅਕਤੀ ਪਰਮਾਤਮਾ ਦੇ ਮਾਰਗ ਉਤੇ ਸਫਲਤਾ ਸਹਿਤ ਚਲਦੇ ਨਜ਼ਰ ਆਉਂਦੇ ਹਨ, ਜਿਹੜੇ ਜਿਥੇ ਆਪ ਕਮਾਈ ਕਰਕੇ ਆਪਣੀ ਜਿੰਦਗੀ ਨੂੰ ਚਲਾਉਂਦੇ ਹਨ, ਉਥੇ ਉਹ ਆਪਣੇ ਆਲੇ ਦੁਆਲੇ ਵਸਦੇ ਜ਼ਰੂਰਤਮੰਦ ਲੋਕਾਂ ਨਾਲ, ਉਨ੍ਹਾਂ ਦੀਆਂ ਜ਼ਰੂਰਤ ਦੀਆਂ ਵਸਤਾਂ ਸਾਂਝੀਆਂ ਕਰਦੇ ਹਨ।[5] ਅਜਿਹਾ ਕਰਨ ਨਾਲ ਸਮਾਜਿਕ ਸੰਤੁਲਨ ਕਾਇਮ ਰਹਿੰਦਾ ਹੈ।

ਆਦਰਸ਼ਕ ਵਿਅਕਤੀ ਹੰਕਾਰੀ ਹੋ ਕੇ ਕਿਸੇ ਦੇ ਮਨ ਨੂੰ ਨਹੀਂ ਦੁਖਾਉਂਦਾ। ਉਹ ਤਾਂ ਕਿਸੇ ਮਾੜੇ ਬੰਦੇ ਨਾਲ ਵੀ ਮਾੜਾ ਵਿਵਹਾਰ ਨਹੀਂ ਕਰਦਾ। ਉਹ ਤਾਂ ਮੂਰਖ ਨਾਲ

---

1. ਲਾਲ ਰਤਨੁ ਹਰਿਨਾਮੁ ਗੁਰ ਸੁਰਤਿ ਬੁਝਾਈਐ।
   ਸਦਾ ਰਹੈ ਨਿਹਕਾਮ ਜੇ ਗੁਰਮਤਿ ਪਾਈਐ।
   (ਸੂਹੀ ਰਾਗੁ, ਆਦਿ ਗ੍ਰੰਥ, ਪੰਨਾ 752)
2. ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ।
   (ਤਿਲੰਗ ਰਾਗੁ, ਆਦਿ ਗ੍ਰੰਥ, ਪੰਨਾ 725)
3. ਜਪੁ, ਆਦਿ ਗ੍ਰੰਥ, ਪੰਨਾ 1
4. ਜਪੁ, ਆਦਿ ਗ੍ਰੰਥ, ਪੰਨਾ 3)
5. ਘਾਲਿ ਖਾਇ ਕਿਛੁ ਹਥਹੁ ਦੇਇ।
   ਨਾਨਕ ਰਾਹੁ ਪਛਾਣਹਿ ਸੇਇ।
   (ਸਾਰੰਗ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 1245)

ਝਗੜਾ ਨਾ ਕਰਨ' ਦੇ ਵਿਸ਼ਵਾਸ ਦਾ ਅਨੁਆਈ ਬਣ ਜਾਂਦਾ ਹੈ।[1]

ਵੇਦਾਂਤ ਦੇ ਵਿਪਰੀਤ ਗੁਰੂ ਨਾਨਕ ਦਾ ਅਜਿਹਾ ਆਦਰਸ਼ਕ ਵਿਅਕਤੀ ਸਮਾਜਕ ਅਵਸਥਾ ਨੂੰ ਬਦਲਣ ਵਿਚ ਜਾਂ ਸਮਾਜ ਦੇ ਪ੍ਰਾਣੀਆਂ ਦੇ ਆਤਮਿਕ ਵਿਕਾਸ ਵਿਚ ਬੜਾ ਮਹੱਤਵਪੂਰਨ ਹਿੱਸਾ ਪਾਉਂਦਾ ਹੈ। ਅਜਿਹੇ ਵਿਰਲੇ ਵਿਅਕਤੀ ਗੁਰੂ ਦੇ ਸ਼ਬਦ ਦੀ ਵਿਚਾਰ ਕਰਕੇ, ਦੁਨੀਆਂ ਵਿਚ ਨਿਰਲਿਪਤ ਭਾਵ ਨਾਲ ਰਹਿਣ ਕਰਕੇ, ਜਿਥੇ ਆਪ ਦੁਨੀਆਂ ਦੇ ਸਮੁੰਦਰ ਤੋਂ ਤਰ ਜਾਂਦੇ ਹਨ, ਉਥੇ ਨਾਲ ਹੀ ਆਪਣੀ ਸੰਗਤ ਤੇ ਕੁਲ ਨੂੰ ਵੀ ਤਾਰ ਦਿੰਦੇ ਹਨ। ਅਜਿਹੇ ਵਿਅਕਤੀਆਂ ਦੀ ਜੀਵਨ ਯਾਤਰਾ ਸਫਲ ਹੁੰਦੀ ਹੈ।[2] ਅਜਿਹੇ ਸਫਲ ਜਨਮੀ ਗੁਰਮੁਖ ਦੀ ਸੰਗਤ ਕਰਨ ਵਾਲੇ ਹੋਰ ਲੋਕ ਵੀ ਉਸਦੀ ਪ੍ਰਿਸ਼ਕ੍ਰਿਤ ਆਤਮਾ ਦੇ ਕਾਰਣ ਸੱਚੇ ਨਾਮ ਦੇ ਸਿਮਰਨ ਕਰਨ ਨਾਲ ਆਪਣੇ ਨਿਜੀ ਵਿਕਾਰਾਂ ਦਾ ਤਿਆਗ ਕਰ ਦਿੰਦੇ ਹਨ।[3]

ਇਸ ਤਰ੍ਹਾਂ ਗੁਰੂ ਨਾਨਕ ਦਾ ਉੱਤਮ ਆਦਰਸ਼ਕ ਪੁਰਸ਼ ਆਪਣੀ ਪ੍ਰਿਸ਼ਕ੍ਰਿਤ ਆਤਮਾ ਵਿਚੋਂ ਨਾਮ ਦੀ ਇਕ ਛਟੀ ਦੇ ਕੇ, ਅਨੇਕਾਂ ਹੀ ਜੀਵਾਂ ਦਾ ਉਧਾਰ ਕਰਦਾ ਹੈ। ਪਰਮਾਤਮਾ ਦੇ ਨਾਮ ਦਾ ਮੰਨਨ ਕਰਨ ਨਾਲ ਜਿਥੇ ਸੰਸਾਰ-ਸਾਗਰ ਤੋਂ ਆਪ ਤਰਦਾ ਹੈ - ਉਥੇ ਗੁਰਸਿਖਾਂ ਨੂੰ ਵੀ ਤਾਰਦਾ ਹੈ।[4] ਪਰਵਾਰੇ ਸਾਧਾਰੁ[5] ਕਰਦਾ ਹੈ ਅਤੇ ਉਹ 'ਕੇਤੀ ਛੁਟੀ ਨਾਲ'[6] ਦੀ ਅਵਸਥਾ ਉਤੇ ਵਿਚਰਦਾ ਹੈ।

---

1. ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ।
ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ
ਮੂਰਖੈ ਨਾਲ ਨਾ ਲੁਝੀਐ।
(ਆਸਾ ਰਾਗੁ, ਵਾਰ, ਆਦਿ ਗ੍ਰੰਥ, ਪੰਨਾ 473)

2. ਐਸੇ ਜਨ ਵਿਰਲੇ ਸੰਸਾਰੇ। ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ।
ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ।
(ਮਾਰੂ ਰਾਗੁ, ਸੋਲਹੇ, ਆਦਿ ਗ੍ਰੰਥ, ਪੰਨਾ 1039)

3. ਸਾਚਿ ਮਹਿਲ ਗੁਰੁ ਅਲਖ ਲਖਾਇਆ। ਸਚ ਸੰਤੋਖੇ ਭਰਮ ਚੁਕਾਇਆ।
ਤਿਨ ਕੀ ਸੰਗਤ ਗੁਰਮੁਖ ਹੋਈ। ਨਾਨਕ ਸਾਚ ਨਾਮ ਮਲੁ ਖੋਈ।
(ਗਉੜੀ ਰਾਗੁ, ਆਦਿ ਗ੍ਰੰਥ, ਪੰਨਾ 228)

4. ਜਪੁ, 15 ਆਦਿ ਗ੍ਰੰਥ, ਪੰਨਾ 3
5. ਜਪੁ 15, ਆਦਿ ਗ੍ਰੰਥ, ਪੰਨਾ 3
6. ਜਪੁ, ਸਲੋਕ, ਆਦਿ ਗ੍ਰੰਥ, ਪੰਨਾ 8

ਇਸ ਤਰ੍ਹਾਂ ਜਿਥੇ ਵੇਦਾਂਤੀ ਕੇਵਲ ਆਪਣੀ ਮੁਕਤੀ ਲਈ ਹੀ ਗਿਆਨ ਮਾਰਗ ਦਾ ਅਵਲੰਬੀ ਬਣ ਕੇ ਕੇਵਲ ਆਪਣਾ ਹੀ ਆਤਮਿਕ ਵਿਕਾਸ ਕਰਦਾ ਹੈ, ਉਥੇ ਗੁਰੂ ਨਾਨਕ ਦੇਵ ਦਾ ਆਦਰਸ਼ ਪੁਰਸ਼, ਗੁਰਮੁਖ, ਆਪਣੀ ਮੁਕਤੀ ਹੋਣ ਤੋਂ ਬਾਅਦ ਆਪਣੇ ਪਰਿਵਾਰ, ਸੰਗਤ, ਕੁਲ ਇਤਿਆਦਿ ਸਮੁਚੇ ਸਮਾਜ ਦੀ ਮੁਕਤੀ ਵਿਚ ਸਹਿਯੋਗੀ ਹੁੰਦਾ ਹੋਇਆ, ਕਾਮਨਾ ਰਹਿਤ ਹੋ ਕੇ ਜ਼ਿੰਦਗੀ ਵਿਚ ਵਿਚਰਦਾ ਹੈ, ਆਪਣੇ ਸਮਾਜਕ ਫਰਜ਼ ਨੂੰ ਸਮਝਦਾ, ਸਮਾਜਕ ਰੋਲ ਨੂੰ ਨਿਭਾਉਂਦਾ ਅਤੇ ਪੂਰੀ ਤਰ੍ਹਾਂ ਸਮਾਜਕ ਪ੍ਰਾਣੀ ਹੋ ਕੇ ਵਰਤਦਾ ਹੋਇਆ, ਨਿਜ ਤੋਂ ਉਪਰ ਉਠਦਾ ਹੈ ਅਤੇ ਸਮਾਜਕ ਕਲਿਆਣ ਲਈ ਨਿਰੰਤਰ ਯਤਨਸ਼ੀਲ ਰਹਿੰਦਾ ਹੈ।

## ਨਿਸ਼ਕਰਸ਼

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਪ੍ਰਾਪਤ ਵਸਤੂ ਸਮੱਗਰੀ ਨੂੰ ਧਿਆਨ ਵਿਚ ਰਖਣ ਨਾਲ ਭਾਵ ਇਸਦੇ ਗੰਭੀਰ ਅਧਿਐਨ ਤੋਂ ਜਿਹੜੀ ਗਲ ਮੁੱਖ ਰੂਪ ਵਿਚ ਸਾਹਮਣੇ ਉਘੜ ਕੇ ਆਉਂਦੀ ਹੈ, ਉਹ ਇਹ ਹੈ ਕਿ ਉਹਨਾਂ ਨੇ ਆਪਣੀ ਰਚਨਾ ਦੁਆਰਾ ਮਨੁਖੀ ਅੰਦਰਲੇ ਨੂੰ ਪਰਿਵਰਤਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਪ੍ਰਕ੍ਰਿਆ ਵਿਚ ਮਨੁਖੀ ਬਾਹਰਲੇ ਬਾਰੇ ਉਹਨਾਂ ਨੇ ਬਹੁਤੀ ਪਰਵਾਹ ਨਹੀਂ ਕੀਤੀ। ਵੱਖ ਵੱਖ ਧਰਮ ਧਰਮਾਤਰਾਂ ਤੇ ਪਹਿਰਾਵਿਆਂ, ਪਾਠ ਪੂਜਾ ਦੇ ਤਰੀਕਿਆਂ, ਗਿਆਨ ਧਿਆਨ ਦੀਆਂ ਵਿਧੀਆਂ ਤੇ ਕਰਮ ਕਾਂਡ ਨੂੰ ਉਹਨਾਂ ਨੇ ਇਸ ਕਰਕੇ ਅਸਵੀਕਾਰ ਕੀਤਾ ਹੈ ਕਿ ਉਹ ਨਿਰੋਲ ਵਿਖਾਵਾ ਮਾਤਰ ਰਹਿ ਗਏ ਸਨ ਅਤੇ ਉਹਨਾਂ ਵਿਚਲੀ ਆਤਮਾ ਲੋਪ ਹੋ ਗਈ ਸੀ। ਮਨੁਖੀ ਵਜੂਦ ਵਿਚੋਂ ਇਸੇ ਤਰ੍ਹਾਂ ਹੀ ਆਤਮਾ ਦਬ ਗਈ ਸੀ। ਅਥਵਾ ਲੋਪ ਹੋ ਗਈ ਸੀ। ਇਸ ਲੋਪ ਹੋ ਗਈ ਆਤਮਾ ਨੂੰ ਮੁੜ ਕੇ ਸੁਰਜੀਤ ਕਰਨ ਅਤੇ ਉਸ ਵਕਤ ਪ੍ਰਾਪਤ ਮਨੁਖੀ-ਅੰਦਰਲੇ ਨੂੰ ਪਰਿਵਰਤਿਤ ਕਰਨ ਦਾ ਉਹਨਾਂ ਦਾ ਮਕਸਦ ਉਨ੍ਹਾਂ ਦੀ ਬਾਣੀ ਵਿਚੋਂ ਦਿਸਦਾ ਹੈ। ਬਾਹਰੀ ਚਿੰਨ੍ਹਾਂ ਆਦਿ ਨੂੰ ਉਨ੍ਹਾਂ ਨੇ ਅਸਵੀਕਾਰ ਕੀਤਾ ਹੈ ਜਾਂ ਇਸ ਗਲ ਉਤੇ ਜ਼ੋਰ ਦਿਤਾ ਹੈ ਕਿ ਇਨ੍ਹਾਂ ਵਿਚਲੇ ਅਰਥ ਇਹਨਾਂ ਦੇ ਰੂਪ ਨਾਲ ਜੁੜ ਕੇ ਆਉਣ ਤੇ ਤਾਂ ਹੀ ਇਹ ਕਲਿਆਣਕਾਰੀ ਹੋ ਸਕਦੇ ਹਨ।

ਭਿੰਨ ਭਿੰਨ ਕਾਵਿ ਸ਼ੈਲੀਆਂ ਅਤੇ ਵਿਸਤ੍ਰਿਤ ਸ਼ਬਦ ਭੰਡਾਰ ਦੀ ਚੋਣ ਅਤੇ ਵਰਤੋਂ ਵਿਚ ਵੀ ਇਹ ਹੀ ਮੰਤਵ ਨਜ਼ਰ ਆਉਂਦਾ ਹੈ। ਉਹਨਾਂ ਨੇ ਉਸ ਸਮੇਂ ਪ੍ਰਾਪਤ ਲੋਕ ਖੇਤਰ ਅਰਥਾਤ ਸਾਹਿਤਕ ਜਗਤ ਵਿਚੋਂ ਪ੍ਰਾਪਤ ਕਾਵਿ ਸ਼ੈਲੀਆਂ ਨੂੰ ਵਰਤਿਆ ਹੈ। ਪਰ ਉਹਨਾਂ ਵਿਚਲੀ ਵਸਤੂ ਸਮਗਰੀ ਨੂੰ ਆਪਣੀ ਲੋੜ ਅਤੇ ਮੰਤਵ ਅਨੁਸਾਰ ਪਰਿਵਰਤਿਤ ਕਰ ਦਿਤਾ ਹੈ, ਉਦਾਹਰਣ ਵਜੋਂ ਬਾਰਾਂ ਮਾਹ ਤੇ ਵਾਰ ਇਤਿਆਦਿ ਕਾਵਿ ਰੂਪਾਂ ਨੂੰ ਵੇਖਿਆ ਜਾ ਸਕਦਾ ਹੈ। ਇਸੇ ਤਰ੍ਹਾਂ ਉਹਨਾਂ ਦੁਆਰਾ ਵਰਤੇ ਸ਼ਬਦ ਭੰਡਾਰ ਬਾਰੇ ਵੀ ਕਿਹਾ ਜਾ ਸਕਦਾ ਹੈ। ਉਹਨਾਂ ਨੇ ਉਸ ਸਮੇਂ ਪ੍ਰਾਪਤ ਵੱਖ ਵੱਖ ਸਾਹਿਤਕ, ਸਿਧਾਂਤਕ ਅਤੇ ਧਾਰਮਿਕ ਸੰਪ੍ਰਦਾਵਾਂ ਵਿਚੋਂ ਨਿਰਸੰਕੋਚ ਹੋ ਕੇ ਕਾਫ਼ੀ ਮਾਤ੍ਰਾ ਵਿਚ ਸ਼ਬਦ ਲਏ ਹਨ ਅਤੇ ਉਹਨਾਂ ਦੀ ਵਰਤੋਂ ਆਪਣੀ ਬਾਣੀ ਵਿਚ ਕੀਤੀ ਹੈ। ਜਿਵੇਂ ਉਹਨਾਂ ਦੀ ਰਚਨਾ ਵਿਚ ਬਹੁਤ ਸਾਰੀ ਸ਼ਬਦਾਵਲੀ ਬੁੱਧ/ਜੈਨ ਸਾਹਿਤ ਅਤੇ ਸਾਧਨਾ ਖੇਤਰ ਵਿਚੋਂ ਆਈ ਹੈ, ਇਸੇ ਤਰ੍ਹਾਂ ਬਹੁਤ ਸਾਰੇ ਹਿੰਦੂ

ਸਨਾਤਨਧਰਮੀ ਸੰਪ੍ਰਦਾਵਾਂ ਅਤੇ ਉਹਨਾਂ ਦੇ ਸਾਹਿਤ ਵਿਚੋਂ ਵੀ ਉਹਨਾਂ ਨੇ ਅਣਗਿਣਤ ਸ਼ਬਦ ਲਏ ਹਨ। ਇਸਲਾਮੀ ਸੰਸਕ੍ਰਿਤੀ ਅਤੇ ਸਾਹਿਤ ਵਿਚੋਂ ਵੀ ਸ਼ਬਦ ਲੈਣ ਲਗਿਆਂ ਉਹਨਾਂ ਨੇ ਸੰਕੋਚ ਨਹੀਂ ਕੀਤਾ। ਇਸੇ ਤਰ੍ਹਾਂ ਹੋਰ ਮਤਾਂ ਮਤਾਂਤਰਾਂ ਦੇ ਸਾਧਨਾਂ ਜਗਤ ਤੇ ਸਾਹਿਤ ਵਿਚੋਂ ਬਹੁਗਿਣਤੀ ਵਿਚ ਸ਼ਬਦ ਲਏ ਹਨ। ਪਰ ਸਾਹਿਤ ਦੇ ਵਿਦਿਆਰਥੀ ਇਸ ਗਲ ਤੋਂ ਪਰਿਚਿਤ ਹਨ ਕਿ ਇਸ ਸਾਰੇ ਸ਼ਬਦ ਭੰਡਾਰ ਨੂੰ ਵਰਤਦਿਆਂ ਹੋਇਆਂ, ਉਹਨਾਂ ਨੇ ਇਹਨਾਂ ਵਿਚੋਂ ਕਿਸੇ ਵੀ ਸ਼ਬਦ ਦੇ ਉਹ ਅਰਥ ਨਹੀਂ ਵਰਤੇ, ਜਿਹੜੇ ਉਸ ਵੇਲੇ ਉਸ ਸ਼ਬਦ ਦੇ ਨਾਲ ਜੁੜੇ ਸਾਹਿਤ ਵਿਚੋਂ ਪ੍ਰਾਪਤ ਹਨ, ਬਲਕਿ ਗੁਰੂ ਸਾਹਿਬ ਨੇ ਹਰ ਸ਼ਬਦ ਦੇ ਅਰਥ ਬਦਲ ਕੇ ਉਹਨਾਂ ਨੂੰ ਨਵੇਂ ਅਰਥ ਦਿਤੇ ਹਨ ਅਤੇ ਇਸ ਤਰ੍ਹਾਂ ਸ਼ਬਦਾਂ ਦੀ ਸਮੁਚੀ ਪਰੰਪਰਾ ਨੂੰ ਸਮੇਟਦਿਆਂ ਹੋਇਆਂ ਉਸ ਵਿਚ ਮੌਲਿਕਤਾ ਪੈਦਾ ਕਰ ਦਿਤੀ ਹੈ। ਜਾਂ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਉਹਨਾਂ ਨੇ ਪ੍ਰਾਪਤ ਸ਼ਬਦਾਂ ਨੂੰ ਸਵੀਕਾਰ ਕਰਕੇ ਉਹਨਾਂ ਵਿਚਲੇ ਅਰਥ (ਆਤਮਾ) ਨੂੰ ਬਦਲ ਦਿਤਾ ਹੈ, ਇਸ ਤਰ੍ਹਾਂ ਦੋਨਾਂ ਵਿਚ ਇਕਸੁਰਤਾ ਪੈਦਾ ਹੋ ਗਈ ਹੈ।

ਇਹੀ ਗਲ ਉਹਨਾਂ ਦੁਆਰਾ ਵਰਤੇ ਉਹਨਾਂ ਵਿਚਾਰਾਂ ਬਾਰੇ ਜਾਂ ਸਿਧਾਂਤਾਂ ਬਾਰੇ, ਜੋ ਵੱਖ ਵੱਖ ਦਾਰਸ਼ਨਿਕ ਅਥਵਾ ਧਾਰਮਿਕ ਸੰਪ੍ਰਦਾਵਾਂ ਬਾਰੇ ਆਏ ਹਨ, ਵੀ ਕਹੀ ਜਾ ਸਕਦੀ ਹੈ। ਸਾਡਾ ਕਿਉਂਕਿ ਇਥੇ ਸੰਬੰਧ ਭਾਰਤੀ ਵੇਦਾਂਤ ਪਰੰਪਰਾ ਨਾਲ ਹੈ, ਇਸ ਕਰਕੇ ਅਸੀਂ ਇਸ ਪ੍ਰਸੰਗ ਨੂੰ ਸਾਹਮਣੇ ਰਖਕੇ ਹੀ ਗਲ ਕਰਦੇ ਹਾਂ।

ਭਾਰਤੀ ਵੇਦਾਂਤ ਪਰੰਪਰਾ ਦੇ ਅਧਿਐਨ ਤੋਂ ਇਹ ਗਲ ਸਪਸ਼ਟ ਹੈ ਕਿ ਉਪਨਿਸ਼ਦ ਕਾਲੀਨ ਸਾਹਿਤ ਵਿਚ ਹੀ ਅਤੇ ਉਸ ਤੋਂ ਬਾਅਦ ਆਚਾਰੀਆ ਸੰਪ੍ਰਦਾਇ ਵਿਚ ਆ ਕੇ ਇਸ ਵਿਚ ਵਿਚਾਰ ਦੀਆਂ ਬਾਰੀਕੀਆਂ ਨੇ ਐਸੇ ਪਲਸੇਟੇ ਮਾਰੇ ਹਨ ਕਿ ਇਸ ਵਿਚ ਬਹੁਤ ਵਿਭਿੰਨਤਾ ਆਈ ਹੈ। ਕਈਆਂ ਥਾਵਾਂ ਤੇ ਤਾਂ ਇੰਜ ਵੀ ਲਗਦਾ ਹੈ ਕਿ ਵੇਦਾਂਤ ਦੇ ਪ੍ਰਚਾਰਕ ਆਚਾਰੀਆ ਹੀ ਇਕ ਦੂਜੇ ਨਾਲ ਇਸ ਹੱਦ ਤਕ ਅਸਹਿਮਤ ਹਨ ਕਿ ਜਿਵੇਂ ਉਹ ਵੇਦਾਂਤ ਨਹੀਂ ਕਿਸੇ ਹੋਰ ਸਿਧਾਂਤ ਦਾ ਪ੍ਰਚਾਰ ਕਰਦੇ ਹਨ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਵੇਦਾਂਤ ਇਕ ਐਸਾ ਦਾਰਸ਼ਨਿਕ ਜਗਤ ਹੈ, ਜਿਸ ਵਿਚਲੇ ਵਿਚਾਰਧਾਰਾ ਦੇ ਵੱਖ ਵੱਖ ਪਹਿਲੂਆਂ ਨੂੰ ਇਕੋ ਪੰਕਤੀ ਵਿਚ ਨਹੀਂ ਬੰਨ੍ਹਿਆ ਜਾ ਸਕਦਾ ਹੈ। ਆਪਸੀ ਮਤ-ਭੇਦ ਬਹੁਤ ਹੈ, ਫਿਰ ਵੀ ਵੇਦਾਂਤ ਦੀ ਇਹ ਵਿਸ਼ਾਲਤਾ ਹੈ ਕਿ ਉਹ ਇਹਨਾਂ ਸਭ ਵਖਰਤਾਵਾਂ ਨੂੰ ਸਮੇਟਦਾ ਹੋਇਆ ਆਪਣੀ ਮੁੱਖ ਕਣਤਰ ਨੂੰ ਅਪਰਿਵਰਤਿਤ ਰਖ ਸਕਿਆ ਹੈ। ਗੁਰੂ ਨਾਨਕ ਦੇਵ ਦੀ ਬਾਣੀ ਤੇ ਵੇਦਾਂਤ ਦੇ ਪ੍ਰਸੰਗ ਵਿਚ ਗਲਬਾਤ ਕਰਦਿਆਂ ਹੋਇਆਂ

ਇਸ ਗਲ ਨੂੰ ਧਿਆਨ ਵਿਚ ਰਖਿਆ ਗਿਆ ਹੈ ਕਿ ਵੇਦਾਂਤ ਵਿਚ ਆਈਆਂ ਵੱਖ ਵੱਖ ਬਰੀਕੀਆਂ ਨੂੰ ਹਰ ਨੁਕਤੇ ਦੇ ਪਹਿਲੂ ਤੋਂ ਨਾ ਵਿਚਾਰਿਆ ਜਾਵੇ, ਕਿਉਂਕਿ ਇਸ ਤਰ੍ਹਾਂ ਇਹ ਇਤਨਾ ਅਸੀਮ ਭੰਡਾਰ ਹੈ ਕਿ ਇਕ ਵਾਰੀ ਕੁਝ ਪੰਨਿਆਂ ਸਮੇਟੀ ਨਹੀਂ ਜਾ ਸਕਦੀ। ਇਸ ਤਰ੍ਹਾਂ ਵੇਦਾਂਤ ਦੀਆਂ ਵੱਖ ਵੱਖ ਵਿਚਾਰਧਾਰਾਵਾਂ ਨੂੰ ਸੂਤਰ ਬੱਧ ਕਰਕੇ ਉਸਦੇ ਮੁੱਖ ਰੂਪ ਨੂੰ ਹੀ ਸਾਹਮਣੇ ਰਖਿਆ ਗਿਆ ਹੈ। ਇਸੇ ਤਰ੍ਹਾਂ ਗੁਰੂ ਨਾਨਕ ਬਾਣੀ ਵਿਚੋਂ ਭੀ ਅਜਿਹੇ ਵਿਚਾਰਾਂ ਨੂੰ ਹੀ ਸਾਹਮਣੇ ਰਖਿਆ ਗਿਆ ਹੈ, ਜੋ ਇਸ ਪ੍ਰਸੰਗ ਨਾਲ ਮੇਲ ਖਾਂਦੇ ਹਨ। ਨਤੀਜੇ ਵਜੋਂ:

1. ਇਸ ਗਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ, ਜਿਵੇਂ ਕਿ ਉਪਰ ਅਥਵਾ ਹਥਲੇ ਕੰਮ ਵਿਚ ਥਾਂ ਪਰ ਥਾਂ ਜ਼ਿਕਰ ਆਇਆ ਵੀ ਹੈ, ਕਿ ਗੁਰੂ ਨਾਨਕ ਦੇਵ ਭਾਰਤ ਦੀ ਇਸ ਸ਼ਕਤੀਸ਼ਾਲੀ ਦਾਰਸ਼ਨਿਕ ਪਰੰਪਰਾ ਤੋਂ ਨਿਰਲੇਪ ਨਹੀਂ ਸਨ, ਉਹਨਾਂ ਨੇ ਯਥਾ ਲੋੜ ਇਸ ਵਿਚਾਰ ਅਤੇ ਇਸ ਵਿਚਾਰ ਨਾਲ ਸੰਬੰਧਤ ਸ਼ਬਦ ਭੰਡਾਰ ਵਰਤਿਆ ਹੈ, ਪਰ ਜਿਵੇਂ ਕਿ ਉਪਰ ਆਇਆ ਹੈ, ਉਹਨਾਂ ਦੇ ਅਰਥ ਬਦਲ ਗਏ। ਇਸ ਕਰਕੇ ਇਸ ਤਰ੍ਹਾਂ ਵੇਦਾਂਤ ਤੇ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਨੂੰ ਸਾਹਮਣੇ ਰਖਦਿਆਂ ਹੋਇਆਂ, ਉਹਨਾਂ ਵਿਚੋਂ ਅੰਤਰ ਸਪਸ਼ਟ ਸਿੱਧ ਹੋ ਜਾਂਦਾ ਹੈ ਅਤੇ ਇਸ ਅੰਤਰ ਨੂੰ ਪਿਛਲੇ ਪੰਨਿਆਂ ਵਿਚ ਅਸੀਂ ਕਈ ਥਾਵਾਂ ਤੇ ਸਾਹਮਣੇ ਲਿਆਂਦਾ ਹੈ।

2. ਵੇਦਾਂਤ ਵਿਚਲੀ ਵਿਚਾਰ ਦੀ ਬਰੀਕੀ, ਜਿਵੇਂ ਬ੍ਰਹਮ ਅਦਵੈਤ ਹੈ ਜਾਂ ਦਵੈਤ ਹੈ ਆਦਿ, ਉਸਦਾ ਆਪਣੀ ਪ੍ਰਕਿਰਤੀ ਤੋਂ ਭੇਦ ਜਾਂ ਅਭੇਦ ਦਾ ਕੀ ਰੂਪ ਹੈ, ਮਨੁੱਖ ਦੀ ਕੀ ਹਸਤੀ ਹੈ, ਪ੍ਰਭੂ ਪ੍ਰਾਪਤੀ ਲਈ ਕਿਹੜਾ ਸਾਧਨ ਜ਼ਿਆਦਾ ਲਾਭਦਾਇਕ ਹੈ ਤੇ ਕਿਹੜਾ ਨਹੀਂ, ਵਿਚ ਗੁਰੂ ਸਾਹਿਬ ਨਹੀਂ ਪਏ। ਉਹਨਾਂ ਨੇ ਵੇਦਾਂਤ ਦੇ ਸਮੁਚੇ ਰੂਪ ਨੂੰ ਸਾਹਮਣੇ ਰਖਿਆ ਹੈ ਅਤੇ ਆਪਣੀ ਵਿਚਾਰਧਾਰਾ ਦੇ ਬਰਾਬਰ ਰਖ ਕੇ, ਉਪਰੋਕਤ ਹਰ ਨੁਕਤੇ ਬਾਰੇ ਆਪਣੀ ਰਾਇ ਨਿਸਚਿਤ ਅਤੇ ਮੁੱਖ ਰੂਪ ਵਿਚ ਇਕੋ ਦਿਸ਼ਾ ਵਿਚ ਸਥਾਪਿਤ ਕੀਤੀ ਹੈ। ਮਿਸਾਲ ਵਜੋਂ ਉਪਰਲੀਆਂ ਗਲਾਂ ਬਾਰੇ ਜੇ ਕਹਿਣਾ ਹੋਵੇ, ਕਿ ਉਹ ਸਿਧਾਂਤਕ ਜਾਂ ਪਰਿਭਾਸ਼ਕ ਸ਼ਬਦਾਂ ਦੀਆਂ ਬਰੀਕੀਆਂ ਦੇ ਚਕਰ ਵਿਚ ਨਹੀਂ ਪਏ ਤਾਂ ਉਹਨਾਂ ਦੀ ਰਾਇ ਹੈ ਕਿ ਰੱਬ ਇਕ ਹੈ, ਜੀਵ ਤੇ ਜਗਤ ਦਾ ਕਰਤਾ ਹੈ, ਭਾਵ ਕਿ ਜੀਵ ਤੇ ਜਗਤ ਨੂੰ ਉਸਦੇ ਹੁਕਮ ਵਿਚ ਹੀ ਚਲਣਾ ਪਵੇਗਾ ਅਤੇ ਉਸਦੀ ਪ੍ਰਾਪਤੀ ਦਾ ਸਾਧਨ ਨਿਸ਼ਕਾਮ ਪ੍ਰੇਮ ਹੀ ਹੈ। ਇਸ ਤਰ੍ਹਾਂ ਵੇਦਾਂਤ ਦੇ ਮੁਕਾਬਲੇ ਉਤੇ ਗੁਰੂ ਸਾਹਿਬ ਦੀ ਵਿਚਾਰਧਾਰਾ ਨਿਸ਼ਚੇਆਤਮਿਕ ਹੈ।

ਗੁਰੂ ਸਾਹਿਬ, ਜਿਵੇਂ ਕਿ ਉਹਨਾਂ ਦੀ ਬਾਣੀ ਵਿਚੋਂ ਪ੍ਰਗਟ ਹੈ, ਰਹਸਮਈ ਅਨੁਭਵ ਦੇ ਰਸਿਕ ਅਤੇ ਪ੍ਰਚਾਰਕ ਸਨ। ਇਸ ਕਰਕੇ ਉਹਨਾਂ ਦੀ ਵਿਚਾਰਧਾਰਾ ਨੂੰ ਕਿਸੇ ਬੰਨ੍ਹੇ ਹੋਏ ਸਿਧਾਂਤਕ ਚੌਖਟੇ ਵਿਚ ਨਹੀਂ ਰਖਿਆ ਜਾ ਸਕਦਾ। ਇਕ ਸ਼ਾਇਰ, ਦੂਸਰਾ ਰਹਸਮਈ ਅਨੁਭਵ ਦੇ ਰਸਿਕ ਅਤੇ ਤੀਸਰਾ ਸੁਭਾਵਿਕ ਤੌਰ ਤੇ ਕ੍ਰਾਂਤੀਕਾਰੀ, ਅਜਿਹੇ ਸ਼ਾਇਰ ਨੂੰ ਕਿਸੇ ਸਿਧਾਂਤਕ ਚੌਖਟੇ ਵਿਚ ਬੰਨ੍ਹਣਾ ਉਂਜ ਵੀ ਮੁਸ਼ਕਲ ਹੈ। ਪਰ ਵੇਦਾਂਤ ਇਕ ਬੰਨ੍ਹਿਆ ਹੋਇਆ ਚੌਖਟਾ ਹੈ, ਜਿਹੜਾ ਕਿ ਵਿਚਾਰਾਂ ਦੀ ਵਖਰਤਾ ਨੂੰ ਸਮੇਟਦਾ ਹੋਇਆ ਆਪਣੇ ਮੁੱਖ ਢਾਂਚੇ ਨੂੰ ਇਧਰ ਉਧਰ ਨਹੀਂ ਹੋਣ ਦਿੰਦਾ। ਇਸ ਤਰ੍ਹਾਂ ਗੁਰੂ ਨਾਨਕ ਦੇਵ ਦੀ ਬਾਣੀ ਦੇ ਸੁਭਾ ਅਤੇ ਭਾਰਤੀ ਵੇਦਾਂਤ ਪਰੰਪਰਾ ਦੇ ਸੁਭਾ ਵਿਚ ਇਕ ਬੁਨਿਆਦੀ ਫਰਕ ਹੈ ਅਤੇ ਇਹ ਸੁਭਾਵਿਕ ਅੰਤਰ ਹੀ ਸਮੁਚੇ ਵਿਚਾਰ ਤੇ ਪ੍ਰਗਟਾ ਦੀ ਧਧਰ ਉਤੇ ਆ ਕੇ ਪ੍ਰਗਟ ਹੁੰਦਾ ਹੈ।

ਪਿਛਲੇ ਸਫ਼ਿਆਂ ਵਿਚ ਇਸ ਗਲ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਵੇਦਾਂਤ ਅਤੇ ਗੁਰੂ ਨਾਨਕ ਦੇਵ ਦੀ ਬਾਣੀ ਵਿਚੋਂ ਪ੍ਰਾਪਤ ਵਿਚਾਰਾਂ ਵਿਚ ਕੁਝ ਅੰਤਰ ਅਜਿਹੇ ਵੀ ਹਨ, ਜਿਵੇਂ:-

(ੳ) ਵੇਦਾਂਤ ਵਿਚ ਅਤੇ ਖਾਸ ਕਰਕੇ ਸ਼ੰਕਰ ਵਿਚ ਬ੍ਰਹਮ ਕਰਤਾ ਨਹੀਂ, ਬਲਕਿ ਮੁੱਖ ਰੂਪ ਵਿਚ ਧਰਤਾ ਹੀ ਹੈ। ਵੇਦਾਂਤ ਦੀ ਵਿਚਾਰ-ਪਰੰਪਰਾ ਵਿਚ ਇਸ ਵਿਚਾਰ ਨੂੰ ਪਰੇਖੇ ਨਹੀਂ ਕੀਤਾ ਗਿਆ। ਪਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਬ੍ਰਹਮ ਕਰਤਾ ਵੀ ਹੈ ਧਰਤਾ ਵੀ ਹੈ ਤੇ ਹਰਤਾ ਵੀ ਹੈ। ਹੋਰ ਸਪਸ਼ਟਤਾ ਲਈ ਵੇਦਾਂਤ ਵਿਚ ਜਦੋਂ ਇਹ ਕਿਹਾ ਜਾਂਦਾ ਹੈ ਕਿ ਬ੍ਰਹਮ ਤੋਂ ਸਿਵਾ ਹੋਰ ਕੁਝ ਸੋਚਿਆ ਹੀ ਨਹੀਂ ਜਾ ਸਕਦਾ, ਹੋਰ ਸਭ ਭਰਮ ਭੁਲੇਖਾ, ਮਾਇਆ ਹੈ, ਤਾਂ ਉਥੇ ਰਚਨਾ ਕਰਨ ਅਤੇ ਰਚਨਾ ਨੂੰ ਹਰਨ ਦਾ ਅਰਥ ਹੀ ਕੋਈ ਨਹੀਂ। ਸਭ ਕੁਝ ਇਕੋ ਹੀ ਹੈ ਤਾਂ ਕਿਸਨੇ ਕਿਸਨੂੰ ਕਰਨਾ ਜਾਂ ਹਰਨਾ ਹੈ, ਕਿਸਨੇ ਕਿਥੋਂ ਪੈਦਾ ਹੋਣਾ ਅਤੇ ਕਿਥੇ ਸਮਾਉਣਾ ਹੈ। ਪਰ ਗੁਰੂ ਨਾਨਕ ਦੇਵ ਇਸ ਵਿਚਾਰ ਨਾਲ ਸਹਿਮਤ ਨਹੀਂ, ਇਥੇ ਉਹ ਕਰਤਾ ਵੀ ਹੈ ਤੇ ਹਰਤਾ ਵੀ।

(ਅ) ਜੀਵ ਨੂੰ ਗੁਰੂ ਨਾਨਕ ਦੇਵ ਨੇ ਇਤਨਾ ਨਿਗੂਣਾ ਨਹੀਂ ਸਮਝਿਆ ਕਿ ਉਹ ਆਪ ਵੀ ਇਕ ਭੁਲੇਖਾ ਹੈ ਤੇ ਭੁਲੇਖਿਆਂ ਦਾ ਸ਼ਿਕਾਰ ਹੈ, ਬਲਕਿ ਇਸ ਤਰ੍ਹਾਂ ਦਾ ਵਿਚਾਰ ਬਣਾਇਆ ਹੈ ਕਿ ਜੀਵ ਬੁਨਿਆਦੀ ਤੌਰ ਤੇ ਸਤਿ ਹੈ, ਅਸੀਮ ਸ਼ਕਤੀਆਂ ਦਾ ਮਾਲਕ ਹੈ, ਪਰ ਆਪਣੇ ਸੋਮੇ ਨਾਲੋਂ ਵਿਛੜੇ ਹੋਣ ਕਰਕੇ ਭਟਕ ਰਿਹਾ ਹੈ ਤੇ ਆਖਰ ਉਸਨੇ ਆਪਣੇ ਸੋਮੇ ਨਾਲ ਮਿਲਣਾ ਹੈ। ਦੂਸਰੇ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਉਹ ਸਮੁਚੇ ਤੌਰ ਉਤੇ ਉਸਦੇ ਹੁਕਮ ਵਿਚ ਹੀ ਬੰਨ੍ਹਿਆ

ਹੋਇਆ ਹੈ। ਇਸਦੇ ਬਾਵਜੂਦ ਉਸੇ ਦੁਆਰਾ ਦਿਤੀਆਂ ਹੋਈਆਂ ਸ਼ਕਤੀਆਂ ਦੀ ਉਸ ਵਿਚ ਕਮੀ ਨਹੀਂ ਹੈ, ਗਲ ਆਪਣੇ ਆਪ ਨੂੰ ਪਛਾਣਨ ਦੀ ਹੀ ਹੈ।

(ੲ) ਵੇਦਾਂਤ ਵਿਚ ਪ੍ਰਭੂ ਪ੍ਰਾਪਤੀ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਉਥੇ ਕਿਉਂਕਿ ਹੈ ਹੀ ਇਕੋ, ਇਸ ਲਈ ਕੌਣ ਕਿਸਨੂੰ ਪਿਆਰ ਕਰੇ ਅਤੇ ਕੌਣ ਕਿਸਨੂੰ ਪ੍ਰਾਪਤ ਕਰੇ, ਸੁਆਲ ਹੀ ਪੈਦਾ ਨਹੀਂ ਹੁੰਦਾ। ਉਥੇ ਸੁਆਲ ਪੈਦਾ ਹੁੰਦਾ ਹੈ ਗਿਆਨ ਦੁਆਰਾ ਸਥਿਤੀ ਦੇ ਯਥਾਰਥ ਨੂੰ ਪਛਾਣਨ ਦਾ ਅਤੇ ਇਹੀ ਵੇਦਾਂਤ ਦੀ ਅੰਤਿਮ ਮੰਜਲ ਹੈ। ਪਰ ਗੁਰੂ ਨਾਨਕ ਬਾਣੀ ਵਿਚ ਜੀਵ ਕਿਉਂਕਿ ਰੱਬ ਦੇ ਅਧੀਨ ਹੈ, ਉਸਤੋਂ ਛੋਟਾ ਹੈ, ਉਸਦੀ ਰਚਨਾ ਹੈ ਅਤੇ ਇਸਨੇ ਉਸਨੂੰ ਪ੍ਰਾਪਤ ਕਰਨਾ ਹੈ, ਇਸ ਕਰਕੇ ਇਸਦਾ ਮਕਸਦ ਸਿਰਫ ਗਿਆਨ ਦੁਆਰਾ ਸਥਿਤੀ ਦੇ ਯਥਾਰਥ ਨੂੰ ਸਮਝਣਾ ਹੀ ਨਹੀਂ ਬਲਕਿ ਆਪਣੇ ਸੋਮੇ ਵਿਚ ਅਭੇਦ ਹੋਣਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਆਸ਼ੇ ਦੀ ਪ੍ਰਾਪਤੀ ਲਈ ਗਿਆਨ ਨੂੰ ਸਮਰਥ ਨਹੀਂ ਸਮਝਿਆ, ਇਸੇ ਕਰਕੇ ਪ੍ਰੇਮਾ ਭਗਤੀ ਤੇ ਜ਼ੋਰ ਦਿਤਾ ਹੈ ਅਤੇ ਇਸ ਹੱਦ ਤਕ ਇਸ ਗਲ ਨੂੰ ਦ੍ਰਿੜ ਕਰਵਾਉਣ ਦਾ ਯਤਨ ਕੀਤਾ ਹੈ ਕਿ ਕਿਸੇ ਕਿਸਮ ਦੀ ਕੋਈ ਵੀ ਪ੍ਰਾਪਤੀ ਸੰਸਾਰਕ ਜਾਂ ਆਤਮਿਕ ਜਾਂ ਇਥੋਂ ਤਕ ਕਿ ਸਵਰਗ ਵੀ ਭਗਤੀ ਦੁਆਰਾ ਰਸ ਦੇ ਮੁਕਾਬਲੇ ਤੇ ਕੁਝ ਵੀ ਨਹੀਂ। ਪ੍ਰੇਮਾ ਭਗਤੀ ਹੀ ਸਾਧਕ ਦੀ ਸਾਧਨਾ ਹੈ ਅਤੇ ਇਹੋ ਉਸਦੀ ਮੰਜਲ ਵੀ ਹੈ।

ਇਸ ਤਰ੍ਹਾਂ ਭਾਰਤੀ ਵੇਦਾਂਤ ਪਰੰਪਰਾ ਦੁਆਰਾ ਪ੍ਰਸਤੁਤ ਦਾਰਸ਼ਨਿਕ ਵਿਚਾਰਧਾਰਾ, ਇਸਦੇ ਸਾਧਨਾ ਮਾਰਗ, ਇਸਦੇ ਆਸ਼ੇ ਆਦਿ ਨੂੰ ਪ੍ਰਸੰਗ ਵਿਚ ਰਖਦਿਆਂ ਹੋਇਆਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਜਦੋਂ ਅਧਿਐਨ ਕੀਤਾ ਜਾਵੇ ਤਾਂ ਕਈਆਂ ਥਾਵਾਂ ਉਤੇ ਇਸ ਗਲ ਦਾ ਭਰਮ ਹੋ ਜਾਂਦਾ ਹੈ ਕਿ ਗੁਰੂ ਨਾਨਕ ਵੀ ਉਸੇ ਵਿਚਾਰ ਨੂੰ ਹੀ ਅਗੇ ਲੈ ਜਾਂਦੇ ਹਨ। ਇਸ ਭਰਮ ਦਾ ਮੁੱਖ ਕਾਰਣ ਇਹ ਹੀ ਹੈ, ਜਿਸਦਾ ਕਿ ਉਪਰ ਜ਼ਿਕਰ ਕਰ ਆਏ ਹਾਂ, ਕਿ ਗੁਰੂ ਨਾਨਕ ਦੇਵ ਜੀ ਨੇ ਵਿਚਾਰ ਤੇ ਉਸ ਨਾਲ ਸੰਬੰਧਤ ਸ਼ਬਦ ਭੰਡਾਰ ਨੂੰ ਨਿਰਸੰਕੋਚ ਹੋ ਕੇ ਵਰਤਿਆ ਹੈ - ਪਰ ਕਿਉਂਕਿ ਉਹਨਾਂ ਨੇ ਇਹਨਾਂ ਦੋਹਾਂ ਪਹਿਲੂਆਂ ਵਿਚ ਪਰਿਵਰਤਨ ਲਿਆਂਦਾ ਹੈ, ਇਸ ਕਰਕੇ ਜਿਥੇ ਕਿਤੇ ਭਾਰਤੀ ਵੇਦਾਂਤ ਪਰੰਪਰਾ ਦੇ ਕਿਸੇ ਵਿਚਾਰ ਦਾ ਕੋਈ ਪਹਿਲੂ ਉਹਨਾਂ ਨੇ ਲਿਆ ਹੈ ਜਾਂ ਉਸ ਨਾਲ ਸੰਬੰਧਿਤ ਸ਼ਬਦ ਲਿਆ ਹੈ ਉਸਦੇ ਅਰਥਾਂ ਨੂੰ ਅਰਥਾਤ ਰੂਹ ਨੂੰ ਬਦਲ ਦਿਤਾ ਹੈ ਅਤੇ ਇੰਜ ਉਹਨਾਂ ਆਪਣੀ ਸੁਤੰਤਰ ਵਿਚਾਰਧਾਰਾ ਦੀ ਨੀਂਹ ਰਖੀ ਹੈ।

## ਪੁਸਤਕ-ਸੂਚੀ

### ਪੰਜਾਬੀ

ੴ ਦਰਸ਼ਨ, ਭਗਤ ਸਿੰਘ ਹੀਰਾ, ਨੈਸ਼ਨਲ ਪ੍ਰੈਸ ਆਫ਼ ਇੰਡੀਆ, ਚਾਂਦਨੀ ਚੌਕ ਦਿੱਲੀ, 1977

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਡਾ: ਤਾਰਨ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪਹਿਲਾ ਸੰਸਕਰਣ, 1963

ਸ੍ਰੀ ਗੁਰੂ ਗ੍ਰੰਥ ਕੋਸ਼, ਪਿਆਰਾ ਸਿੰਘ ਪਦਮ (ਸੰ:), ਪਟਿਆਲਾ 1963

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਦੀ ਸਮਾਜਕ ਮਹੱਤਤਾ, ਹਰਵਿੰਦਰ ਕੌਰ ਗਰੇਵਾਲ, ਹਜ਼ੂਰੀਆ ਐਂਡ ਸਨਜ਼, ਜਲੰਧਰ 1976

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1959

ਗਿਆਨ ਰਤਨਾਵਲੀ, ਭਾਈ ਮਨੀ ਸਿੰਘ, ਲਾਹੌਰ, 1891

ਗੁਰਬਾਣੀ ਤੇ ਇਤਿਹਾਸ ਬਾਰੇ, ਭਾਈ ਸਾਹਿਬ ਸਿੰਘ, ਅੰਮ੍ਰਿਤਸਰ 1960

ਗੁਰਮਤ ਸਿਧਾਂਤ, ਸਾਵਣ ਸਿੰਘ, ਰਾਧਾ ਸੁਆਮੀ ਸਤਿਸੰਗ ਬਿਆਸ, ਸੰਸਕਰਣ ਪਹਿਲਾ, 1959

ਗੁਰਮਤ ਸੁਧਾਕਰ, ਕਾਹਨ ਸਿੰਘ, ਨਾਭਾ, ਗੁਰਮਤ ਪ੍ਰੈਸ, ਅੰਮ੍ਰਿਤਸਰ, 1922

ਗੁਰਮਤ ਨਿਰਣਯ, ਭਾਈ ਜੋਧ ਸਿੰਘ, ਅਤਰ ਚੰਦ ਕਪੂਰ ਐਂਡ ਸਨਜ਼, ਲਾਹੌਰ, 1944

ਗੁਰਮਤ ਨਿਰਣਯ ਸਾਗਰ, ਤਾਰਾ ਸਿੰਘ (ਪੰਡਿਤ), ਰਾਏ ਬਹਾਦਰ ਬੂਟਾ ਸਿੰਘ, ਰਾਵਲਪਿੰਡੀ

ਗੁਰਮਤ ਦਰਸ਼ਨ, ਡਾ: ਸ਼ੇਰ ਸਿੰਘ, ਅੰਮ੍ਰਿਤਸਰ, 1962

ਗੁਰਮਤ ਪ੍ਰਭਾਕਰ, ਭਾਈ ਕਾਹਨ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1962

ਗੁਰਮਤ ਲੈਕਚਰ, ਗਿਆਨੀ ਪ੍ਰਤਾਪ ਸਿੰਘ, ਗਿਆਨ ਪੁਸਤਕ ਮਾਲਾ, ਅੰਮ੍ਰਿਤਸਰ, 1959

ਗੁਰਮਤ ਵਿਚਾਰਧਾਰਾ, ਭਗਤ ਸਿੰਘ ਹੀਰਾ, ਨੈਸ਼ਨਲ ਪ੍ਰੈਸ ਆਫ ਇੰਡੀਆ, ਦਿੱਲੀ, 1969

ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ, ਡਾ: ਗੋਪਾਲ ਸਿੰਘ ਦਰਦੀ, ਪੰਜਾਬੀ ਅਕੈਡਮੀ, ਦਿੱਲੀ, 1958

ਗੁਰੂ ਨਾਨਕ, ਡਾ: ਤਾਰਨ ਸਿੰਘ, ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, 1963

ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ: ਮਨਮੋਹਨ ਸਿੰਘ, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1970

ਗੁਰੂ ਨਾਨ ਸਿਮ੍ਰਿਤੀ ਵਿਆਖਿਆਨ, ਭਾਈ ਜੋਧ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966

ਗੁਰੂ ਨਾਨਕ ਕਾਵਿ ਅਧਿਐਨ, ਸਤਿੰਦਰ ਸਿੰਘ, ਭਾਈ ਬੂਟਾ ਸਿੰਘ ਪ੍ਰਤਾਪ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1969

ਗੁਰੂ ਨਾਨਕ - ਕਾਵਿ ਕਲਾ, ਡਾ: ਕਾਲਾ ਸਿੰਘ ਬੇਦੀ, ਪੰਜਾਬੀ ਬੁਕ ਸਟੋਰ, ਦਿੱਲੀ

ਗੁਰੂ ਨਾਨਕ: ਚਿੰਤਨ ਤੇ ਕਲਾ, ਡਾ: ਤਾਰਨ ਸਿੰਘ, ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, 1963

ਗੁਰੂ ਨਾਨਕ ਜੀ ਦਾ ਮਿਸ਼ਨ, ਡਾ. ਸੁਰਿੰਦਰ ਸਿੰਘ ਕੋਹਲੀ, ਜੀਉਂਦੀ ਜਨਤਾ ਪਬਲੀਕੇਸ਼ਨਜ਼, ਦਿੱਲੀ, 1948

ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਾਵਿ-ਕਲਾ, ਸੁਰਿੰਦਰ ਸਿੰਘ ਕੋਹਲੀ (ਸੰਪਾ.), ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1969

ਗੁਰੂ ਨਾਨਕ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਅੰਮ੍ਰਿਤਸਰ, 1969

ਗੁਰੂ ਨਾਨਕ ਦਰਸ਼ਨ, ਕਾਲਾ ਸਿੰਘ ਬੇਦੀ, ਦਿੱਲੀ, 1965

ਗੁਰੂ ਨਾਨਕ ਦਾ ਸ਼ਾਹਕਾਰ ਜਪੁਜੀ, ਡਾ: ਹਰਨਾਮ ਸਿੰਘ ਸ਼ਾਨ, ਗਿਰੇਟਰ ਪੰਜਾਬ ਪ੍ਰੈਸ, ਚੰਡੀਗੜ੍ਹ, 1975

ਗੁਰੂ ਨਾਨਕ ਦੀ ਵਿਚਾਰਧਾਰਾ, ਡਾ: ਰਤਨ ਸਿੰਘ ਜੱਗੀ, ਨਵਯੁਗ ਪਬਲਿਸ਼ਰਜ਼, ਦਿੱਲੀ, 1969

ਗੁਰੂ ਨਾਨਕ ਨਿਰੰਕਾਰੀ, ਡਾ: ਕਾਲਾ ਸਿੰਘ ਬੇਦੀ, ਪੰਜਾਬੀ ਬੁੱਕ ਸਟੋਰ, ਦਿੱਲੀ, 1966

ਗੁਰੂ ਨਾਨਕ ਪ੍ਰਕਾਸ਼ (ਭਾਗ ਦੂਜਾ) ਡਾ: ਤਾਰਨ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969

ਗੁਰੂ ਨਾਨਕ ਬਾਣੀ, ਡਾ: ਰਤਨ ਸਿੰਘ ਜੱਗੀ (ਸੰਪਾ.), ਪਟਿਆਲਾ 1968

ਗੁਰੂ ਨਾਨਕ ਬਾਣੀ ਵਿਵੇਚਨ, ਪ੍ਰੋ: ਗੁਰਬਚਨ ਸਿੰਘ ਰਾਹੀ, ਨਿਊ ਏਜ ਬੁੱਕ ਸੈਂਟਰ, ਅੰਮ੍ਰਿਤਸਰ, 1977

ਜਪੁਨਿਰਣਯ, ਗਿਆਨੀ ਹਰਬੰਸ ਸਿੰਘ, ਖਾਲਸਾ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ, ਪਹਿਲਾ ਸੰਸਕਰਣ, 1963

ਨਾਨਕ ਬੋਲੇ ਅੰਮ੍ਰਿਤ ਬਾਣੀ, ਸ.ਸ. ਅਮੋਲ, ਸ਼ਾਂਤੀ ਪ੍ਰਕਾਸ਼ਨ, ਲੁਧਿਆਣਾ, 1977

ਨੇਮ ਤੇ ਪ੍ਰੇਮ, ਡਾ: ਤਾਰਨ ਸਿੰਘ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1964

ਪੰਜਾਬੀ ਸਾਹਿਤ ਕੋਸ਼, ਡਾ: ਸੁਰਿੰਦਰ ਸਿੰਘ ਕੋਹਲੀ (ਸੰਪਾਦਕ), ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1972

ਪੰਜਾਬੀ ਸਾਹਿਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਗ ਪਹਿਲਾ, 1971

ਪੰਜਾਬੀ ਸਾਹਿਤ ਦਾ ਇਤਿਹਾਸ, ਡਾ: ਗੋਪਾਲ ਸਿੰਘ ਦਰਦੀ, ਪੰਜਾਬੀ ਸਾਹਿਤ ਅਕਾਡਮੀ, ਦਿੱਲੀ 1950

ਪੰਜਾਬੀ ਸਾਹਿਤ ਦਾ ਇਤਿਹਾਸ, ਭਾਸ਼ਾ ਵਿਭਾਗ, ਪਟਿਆਲਾ, ਭਾਗ ।

ਪੰਜਾਬੀ ਬਾਰਾਂ ਮਾਹ, ਪਿਆਰਾ ਸਿੰਘ ਪਦਮ, ਸਰਦਾਰ ਸਾਹਿਤ ਭਵਨ, ਪਟਿਆਲਾ

ਪੰਜਾਬੀ ਭਾਸ਼ਾ-ਵਿਗਿਆਨ ਅਤੇ ਗੁਰਮਤਿ ਗਿਆਨ, ਡਾ: ਮੋਹਨ ਸਿੰਘ ਦੀਵਾਨਾ, ਕਸਤੂਰੀ ਲਾਲ, ਅੰਮ੍ਰਿਤਸਰ, 1952

ਮਹਾਨ ਕੋਸ਼, ਭਾਈ ਕਾਹਨ ਸਿੰਘ, ਭਾਸ਼ਾ ਵਿਭਾਗ, ਪਟਿਆਲਾ, 1960

ਵਾਰਕਾਰ ਗੁਰੂ ਨਾਨਕ, ਡਾ: ਕਾਲਾ ਸਿੰਘ ਬੇਦੀ, ਪੰਜਾਬੀ ਬੁਕ ਸਟੋਰ, ਦਿੱਲੀ 1968

ਵਿਚਾਰਧਾਰਾ, ਡਾ: ਰਤਨ ਸਿੰਘ ਜੱਗੀ, ਮਹਾਨ ਪਬਲਿਸ਼ਰਜ਼, ਪਟਿਆਲਾ, 1966

41 ਵਾਰਾਂ ਸਟੀਕ ਭਾਈ ਗੁਰਦਾਸ ਜੀ, ਟੀਕਾਕਾਰ - ਪੰਡਤ ਨਰੈਣ ਸਿੰਘ, ਮਨੋਹਰ ਬੁੱਕ ਸ਼ਾਪ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1949.

## ਹਿੰਦੀ

ਉਤਰੀ ਭਾਰਤ ਕੀ ਸੰਤ ਪਰੰਪਰਾ, ਪਰਸ਼ੂ ਰਾਮ ਚਤੁਰਵੇਦੀ, ਭਾਰਤੀ ਭੰਡਾਰ, ਪ੍ਰਯਾਗ, ਸੰਮਤ 2008 ਵਿ:

ਉਪਦੇਸ਼ ਸਾਹਸ੍ਰੀ, ਸ਼ੰਕਰਾਚਾਰੀਆ

ਉਪਨਿਸ਼ਦੋਂ ਕਾ ਅਧਿਯੇਨ, ਵਿਨੋਬਾ, ਸਸਤਾ ਸਾਹਿਤ ਮੰਡਲ, 1961

ਉਪਾਧਿਰਤਨਭਨ, ਮਧਵ

ਅਦ੍ਵੈਤਵਾਦ, ਗੰਗਾ ਪ੍ਰਸਾਦਿ, ਕਲਾ ਪ੍ਰੈਸ, ਇਲਾਹਾਬਾਦ, 1957

ਅਦ੍ਵੈਤ ਵੇਦਾਂਤ, ਡਾ: ਰਾਮ ਮੂਰਤੀ ਸ਼ਰਮਾ, ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, 1972

ਅਣੁਭਾਸ਼ਯ ਬ੍ਰਹਮ ਸੂਤ੍ਰ,

ਅਸ਼ਟਛਾਪ ਔਰ ਵਲਭ ਸੰਪ੍ਰਦਾਇ, ਦੀਨ ਦਇਆਲ ਗੁਪਤ, ਹਿੰਦੀ ਸਾਹਿਤ ਸੰਮੇਲਨ, ਪ੍ਰਯਾਗ, 1970

ਸੰਤ ਸਾਹਿਤਯ, ਸੁਦਰਸ਼ਨ ਸਿੰਘ ਮਜੀਠਾ, ਰੂਪ ਕਮਲ ਪ੍ਰਕਾਸ਼ਕ, ਦਿੱਲੀ, ਪਹਿਲਾ ਸੰਸਕਰਣ, 1962

ਸੰਤ ਕਬੀਰ, ਡਾ: ਰਾਮ ਕੁਮਾਰ ਵਰਮਾ, ਇਲਾਹਾਬਾਦ, 1942

ਸੰਤ ਕਾਵਿ ਕਾ ਦਾਰਸ਼ਨਿਕ ਵਿਸ਼ਲੇਸ਼ਣ, ਮਨਮੋਹਣ ਸਹਿਗਲ, ਚੰਡੀਗੜ੍ਹ, 1965

ਸੰਤ ਤੁਕਾ ਰਾਮ, ਹਰੀ ਰਾਮ ਚੰਦ੍ਰ ਦਿਵੇਕਰ, ਹਿੰਦੁਸਤਾਨ ਅਕੈਡਮੀ, ਇਲਾਹਾਬਾਦ, 1950

ਹਠ ਯੋਗ ਪ੍ਰਦੀਪਿਕਾ, ਸ੍ਰੀ ਬ੍ਰਹਮਾਨੰਦ, ਕਲਿਆਣ, ਬੰਬਈ, 1981 ਵਿ:

ਹਿੰਦੀ ਸਾਹਿਤਯ ਕੋਸ਼, ਧੀਰੇਂਦ੍ਰ ਵਰਮਾ ਆਦਿ, ਗਿਆਨ ਮੰਡਲ ਲਿਮਿਟਿਡ, ਬਨਾਰਸ, 2015 ਵਿ:

ਹਿੰਦੀ ਸੰਤ ਸਾਹਿਤਯ, ਤ੍ਰਿਲੋਕੀ ਨਰਾਇਣ ਦੀਕਸ਼ਿਤ, ਰਾਜ ਕਮਲ ਪ੍ਰਕਾਸ਼ਨ, ਦਿੱਲੀ, ਪਹਿਲਾ ਸੰਸਕਰਣ, 1963

ਹਿੰਦੀ ਕਾਵਿ ਕੀ ਨਿਰਗੁਣ ਧਾਰਾ ਮੇ ਭਕਤੀ, ਡਾ: ਸ਼ਿਆਮ ਸੁੰਦਰ ਦਾਸ, ਹਿੰਦੂ ਵਿਸ਼ਵ ਵਿਦਿਆਲਾ, ਕਾਸ਼ੀ

ਹਿੰਦੀ ਕਾਵਿ ਮੇ ਨਿਰਗੁਣ ਸੰਪ੍ਰਦਾਇ, ਡਾ: ਬੜਥਵਾਲ, ਭਗੀਰਥ ਪਬਲਿਸ਼ਿੰਗ ਹਾਊਸ, ਲਖਨਊ

ਹਿੰਦੀ ਕੀ ਨਿਰਗੁਣ ਕਾਵਿ ਧਾਰਾ ਔਰ ਉਸਕੀ ਦਾਰਸ਼ਨਿਕ ਪ੍ਰਿਸ਼ਠ ਭੂਮੀ, ਡਾ: ਗੋਬਿੰਦ ਤ੍ਰਿਗੁਣਾਇਤ, ਸਾਹਿਤ ਨਿਕੇਤਨ, ਕਾਨਪੁਰ, ਸੰਮਤ 2024

ਹਿੰਦੀ ਨਿਰਗੁਣ ਕਾਵਯ ਕਾ ਪ੍ਰਾਰੰਭ ਔਰ ਨਾਮਦੇਵ ਕੀ ਹਿੰਦੀ ਕਵਿਤਾ, ਡਾ: ਸੰ.ਕੇ. ਆਡਕਰ, ਰਚਨਾ ਪ੍ਰਕਾਸ਼ਨ, ਖੁਲਦਾਬਾਦ, ਇਲਾਹਾਬਾਦ, 1972

ਕਬੀਰ, ਡਾ: ਹਜ਼ਾਰੀ ਪ੍ਰਸਾਦਿ ਦਿਵੇਦੀ, ਹਿੰਦੀ-ਗ੍ਰੰਥ-ਰਤਨਾਕਾਰ ਕਾਰਾਲਯ, ਬੰਬਈ, ਛੇਵਾਂ ਸੰਸਕਰਣ, 1960

ਕਬੀਰ ਦਰਸ਼ਨ, ਡਾ: ਰਾਮ ਜੀ ਲਾਲ ਸਹਾਇਕ, ਹਿੰਦੀ ਵਿਭਾਗ, ਲਖਨਊ ਵਿਸ਼ਵ ਵਿਦਿਆਲਾ, 1962

ਗੁਰੂ ਗ੍ਰੰਥ ਸਾਹਿਬ ਇਕ ਪਰਿਚਯ, ਡਾ: ਜੀ.ਪੀ.ਮੰਨੀ, ਹਿੰਦੀ ਭਵਨ, ਜਲੰਧਰ ਤੇ ਇਲਾਹਾਬਾਦ, ਪਹਿਲਾ ਸੰਸਕਰਣ, 1962

ਗੁਰੂ ਨਾਨਕ ਦੇਵ - ਜੀਵਨ ਔਰ ਦਰਸ਼ਨ, ਜਯ ਰਾਮ ਮਿਸ਼ਰ, ਲੋਕ ਭਾਰਤੀ ਪ੍ਰਕਾਸ਼ਨ, ਇਲਾਹਾਬਾਦ 197 2

ਗੀਤਾ, ਸ਼ੰਕਰ ਭਾਸ਼ਯ

ਗੀਤਾ ਰਹਸਯ ਅਥਵਾ ਕਰਮ ਸ਼ਾਸਤ੍ਰ, ਬਾਲ ਗੰਗਾਧਰ ਤਿਲਕ, ਜਯੰਤ ਸ਼੍ਰੀਧਰ ਤਿਲਕ, ਪੂਨਾ 1959

ਗੋਰਖਬਾਣੀ, ਡਾ: ਬੜਥਵਾਲ (ਸੰ:), ਹਿੰਦੀ ਸਾਹਿਤਯ ਸੰਮੇਲਨ, ਪ੍ਰਯਾਗ, ਸੰ: 1999

ਗੌੜਪਾਦ ਕਾਰਿਕਾ

ਦਸ਼ ਸਲੋਕੀ, ਨਿੰਬਾਰਕ, ਵਾਰਾਨਸੀ, 1920

ਤਤ੍ਵ ਦੀਪਕ ਪਰ ਵਲਭਾਚਾਰੀਆ ਕਾ ਟੀਕਾ

ਨਾਥ ਸੰਪ੍ਰਦਾਇ, ਡਾ: ਹਜ਼ਾਰੀ ਪ੍ਰਸਾਦਿ ਦ੍ਵਿਵੇਦੀ, ਹਿੰਦੁਸਤਾਨੀ ਅਕੈਡਮੀ, ਇਲਾਹਾਬਾਦ, 1950

ਨਾਨਕ ਬਾਣੀ, ਜਯ ਰਾਮ ਮਿਸ਼ਰ, ਮਿਤਰ ਪ੍ਰਕਾਸ਼ਨ, ਇਲਾਹਾਬਾਦ 2018 ਬਿ:

ਨਿਮਬਾਰਕ ਭਾਸ਼ਯ

ਪ੍ਰਸ਼ਥਾਨ ਰਤਨਾਕਰ, ਵਲਭ

ਬ੍ਰਿਹਦਾਰਣਯਕ ਉਪਨਿਸ਼ਦ, ਸ਼ੰਕਰ ਭਾਸ਼ਯ

ਬ੍ਰਹਮ ਸੂਤ੍ਰ (ਸ੍ਰੀ ਭਾਸ਼ਯ), ਰਾਮਾਨੁਜਾਚਾਰੀਆ, ਮਥੁਰਾ, 1937

ਬੋਧ ਦਰਸ਼ਨ, ਬਲਦੇਵ ਉਪਾਧਿਆਇ, ਸ੍ਰੀ ਲਕਸ਼ਮੀ ਨਰਾਇਣ ਪ੍ਰੈਸ, ਬਨਾਰਸ, 1946

ਭਕਤੀ ਕਾ ਵਿਕਾਸ, ਮੁਨਸ਼ੀ ਰਾਮ, ਚੌਖੰਬਾ ਵਿਦਿਆ ਭਵਨ, ਵਾਰਾਣਸੀ, 1959

ਭਕਤੀ ਕਾਵਯ ਮੇਂ ਰਹਸਵਾਦ, ਡਾ: ਰਾਮ ਨਰੇਣ ਪਾਂਡੇ, ਦਿੱਲੀ, 1966

ਭਗਵਦ ਸੰਪ੍ਰਦਾਇ, ਬਲਦੇਵ ਉਪਾਧਿਆਇ, ਨਾਗਰੀ ਪ੍ਰਚਾਰਨੀ ਸਭਾ, ਕਾਸ਼ੀ, ਪਹਿਲਾ ਸੰਸਕਰਣ, ਸੰਮਤ 2010 ਬਿ:

ਭਗਵਦ ਗੀਤਾ, ਸ਼ੰਕਰ ਭਾਸ਼ਯ

ਭਾਗਵਤ ਪੁਰਾਣ, ਗੀਤਾ ਪ੍ਰੈਸ, ਗੋਰਖਪੁਰ, 2013 ਬਿ:

ਭਾਰਤੀਯ ਦਰਸ਼ਨ, ਉਮੇਸ਼ ਮਿਸ਼ਰਾ, ਗੌਰਮਿੰਟ ਪਬਲੀਕੇਸ਼ਨ ਬਿਉਰੋ, ਲਖਨਊ, 1957

ਭਾਰਤੀਯ ਦਰਸ਼ਨ, ਡਾ: ਸਤੀਸ਼ ਚੰਦ੍ਰ ਚਟੋਪਾਧਿਆਇ, ਪੁਸਤਕ ਭੰਡਾਰ, ਪਟਨਾ

ਭਾਰਤੀਯ ਦਰਸ਼ਨ, ਬਲਦੇਵ ਉਪਾਧਿਆਇ, ਕਾਸ਼ੀ 1966

ਭਾਰਤੀਯ ਦਰਸ਼ਨ ਸ਼ਾਸਤ੍ਰ, ਡਾ: ਦੇਵ ਰਾਜ, ਹਿੰਦੁਸਤਾਨ ਅਕੈਡਮੀ, ਇਲਾਹਾਬਾਦ, 1950

ਭਾਮਤੀ ਬ੍ਰਹਮ ਸੂਤ੍ਰ

ਮਧ ਕਾਲੀਨ ਸੰਤ ਸਾਹਿਤਯ, ਰਾਮ ਖੇਲਾਵਨ ਪਾਂਡੇ, ਵਾਰਾਣਸੀ, 1965

ਮਧ ਕਾਲੀਨ ਪ੍ਰੇਮ ਸਾਧਨਾ, ਪਰਸ਼ੁ ਰਾਮ ਚਤੁਰਵੇਦੀ, ਸਾਹਿਤ ਭਵਨ, ਇਲਾਹਾਬਾਦ, 1956

ਮਧਵ ਸਿਧਾਂਤ ਸਾਰ

ਮਧਵ ਭਾਸ਼ਯ, ਬ੍ਰਹਮ ਸੂਤ੍ਰ

ਯਤਿਯਤਿਮਤ ਦੀਪਕਾ ਸੁਭਪਥਬ੍ਰਾਹਮਣ, ਬ੍ਰਜ.ਬੀ. ਦਾਸ ਐਂਡ ਕੋ: ਬਨਾਰਸ

ਯੋਗ ਸੂਤ੍ਰ, ਸਾਸਤ੍ਰ ਵਰਪਨ ਵਾਣੀ ਵਿਲਾਸ ਪ੍ਰੈਸ, ਸ੍ਰੀਰੰਗਮ

ਯੋਗਵਸ਼ਿਸ਼ਠ ਔਰ ਉਸਕੇ ਸਿਧਾਂਤ, ਡਾ: ਭੀਖਣ ਲਾਲ ਆਤ੍ਰੇਯ, ਤਾਰਾ ਪ੍ਰਿੰਟਿੰਗ ਵਰਕਸ, ਵਾਰਾਣਸੀ

ਰਾਮ ਚਰਿਤਮਾਨਸ, ਡਾ: ਮਾਤਾ ਪ੍ਰਸਾਦ ਗੁਪਤ, ਪ੍ਰਯਾਗ 1949

ਰਿਗਵੇਦ ਸਹਿੰਤਾ, ਸੰ: ਸ੍ਰੀਪਾਦ ਦਮੋਦਰ ਸਾਤਵਲੇਕਰ, ਪਾਰਡੀ ਸੂਰਤ 2013 ਵਿ:

ਰੀਤੀ ਕਾਵਿ ਕੀ ਭੂਮਿਕਾ, ਨਗਿੰਦ੍ਰ, ਨੇਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, ਤੀਸਰਾ ਸੰਸਕਰਣ, 1959

ਵਿਵੇਕਚੂੜਾਮਣਿ, ਸ਼ੰਕਰਾਚਾਰੀਆ, ਗੀਤਾ ਪ੍ਰੈਸ, ਗੋਰਖਪੁਰ, 2008 ਵਿ:

ਵੇਦਾਂਤਸਾਰ, ਸਦਾ ਨੰਦ, (ਸੰ:) ਐਮ. ਹਿਰਿਆਨਾ, ਪੂਨਾ, 1929

ਸ੍ਰੀ ਗੁਰੂ ਗ੍ਰੰਥ ਦਰਸ਼ਨ, ਜਯ ਰਾਮ ਮਿਸ਼੍ਰ, ਸਾਹਿਤ ਭਵਨ, ਅਲਾਹਾਬਾਦ, ਪਹਿਲਾ ਸੰਸਕਰਣ, 1960

ਸ੍ਰੀ ਭਾਸ਼ਯ, ਰਾਮਾਨੁਜ

ਸ਼ਾਂਡਿਲਯ ਭਕਤੀ ਸੂਤ੍ਰ

ਸ਼ੰਕਰਾਚਾਰੀਆ, ਡਾ: ਰਾਮ ਮੂਰਤੀ ਸ਼ਰਮਾ, ਸਾਹਿਤ ਭੰਡਾਰ - ਸੁਭਾਸ਼ ਬਜ਼ਾਰ, ਮੇਰਠ

## ਹਿੰਦੀ ਪੰਜਾਬੀ ਪਤ੍ਰਕਾਵਾਂ

ਸਰਸਵਤੀ, ਪ੍ਰਯਾਗ

ਸਾਹਿਤਯ ਸੰਦੇਸ਼, ਆਗਰਾ

ਹਿੰਦੀ ਸਾਹਿਤਯ ਸੰਮੇਲਨ ਪਤ੍ਰਕਾ, ਹਿੰਦੀ ਸਾਹਿਤ ਸੰਮੇਲਨ, ਪ੍ਰਯਾਗ

ਕਲਿਆਣ (ਸਾਧਾਨਾਂਕ, ਯੋਗਾਂਕ, ਵਿਸ਼ੇਸ਼ਾਂਕ, ਵੇਦਾਂਤਾਂਕ, ਭਕਤੀ ਅੰਕ), ਗੀਤਾ ਪ੍ਰੈਸ, ਗੋਰਖਪੁਰ

ਆਲੋਚਨਾ, ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ

ਗੁਰਮਤ ਪ੍ਰਕਾਸ਼, ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ

ਪੰਜਾਬੀ ਦੁਨੀਆਂ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

English

A Critical Study of Adi Granth, S.S. Kohli, P.W. Col, Delhi, Ist Ed., 1961

Bhagvadgita, Radhakrishnan, S., London, Allen, 1948

Brahma Sutra, Radhakrishnan, S., London, Allen, 1960

Constructive Survey of Upanishadic Philosophy, R.D. Ranade, Oriental Book Agency, Poone, 1926

Dictionary of Philosophy, Runes, Vision Press, London

Encyclopaedia of Religions and Ethics, Vol VIII, James Hastings. Edinburg, 1934

Essays in Sikhism, Teja Singh, Sikh University Press, Lahore, 1944

Essays on Gita, Sri Arbindo Ghosh, Arya Publishing House, Calcutta, IInd Ed. 1942

Gorakh Nath and Medieval Hindu Mysticism, Dr. Mohan Singh, Oriental College, Lahore, Ist Ed. 1936

Hindu Mysticism, S.N. Dass Gupta, Fredrick Ungar Publishing Centre, New York, IInd Ed., 1959

Hindu View of Life, Radhakrishnan, S., Allen & Unwin Ltd., London, 1948

History of Indian Philosophy, S.N. Dass Gupta, University Press, Cambridge, Vol. IV, 1949

History of Philosophy of Sikh Religion, Vol I & II, Khasan Singh, 1914

History of Punjabi Literature, Dr. Mohan Singh, Lahore

Indian Philosophy, Max Muller, F. Sushil Gupta, Calcutta

Indian Philosophy, Radhakrishnan, S., London, Allen & Unwin, 1948

Kabir and the Bhakti Movement, Dr. Mohan Singh, Lahore, 1934

Lights on Vedanta, Upadhyaya, V.P. Chaukhamba - Sanskrit Series, Varanasi, 1952

One hundred and Eight Upanishads, V.C. Sastri, Nirnaya Sagar, Bombary

Outlines of Indian Philosophy, Hirryanna, London, Allen & Unwin, 1951

Outlines of Sikh Thought, Surinder SinghKohli, Punjabi Prakashak, New Delhi, Ist Ed., 1966

Philosophy of Sikhism, Sher Singh, Sikh University Press, Lahore, 1943

Philosophy of the Vedanta, Deussen Paul, Sushil Gupta, Calcutta, 1957

Principal Upanishads, Radhakrishnan, S., London, Allen, 1953

Sikh Mysticism, Mohan Singh, Khalsa College, Amritsar, 1963

Some Studies in Sikhism, Bhai Jodha Singh, Lahore Book Shop, Ludhiana, 1953

The Book of the Ten Masters, Puran Singh, Sikh University Press, Lahore

The Comparative Study of Religions, Joachin Wach, Columbia University Press, New York, 1958

The Complete Works, Swami Vivekananda, Advita Ashram, Calcutta

The Doctrine of Maya, Ray Choudhuri, A.K. Dass Gupta, and Co. Calcutta, 1950

The Heritage of the Sikh, Harbans Singh, Bombary, 1962

The Quintessence of Sikhism, Gobind Singh, Siromini Gurdwara, Parbandhak Committee, Amritsar, Ist Ed., 1958

The Sikh Religion, Eight Vols. M.A. Macauliffe, Oxford, University, London, 1909

The Six Ways of Knowing, Dhirendra Mohan Datta, University of Calcutta, 1960

The Vedanta, F. Max Muller, Sushil Gupta Ltd., Calcutta, 1956

The Vedanta, Ghate, Bhandarkar Oriental Institute, Poona

The Vedanta, of Sankara, Ram Pratap Singh, Bharat Publishing House, Jaipur, Ist Ed.,

Three Lectures on Vedanta Philosophy, Max Muller, F. Longman, Green. London

Transformation of Sikhism, Gokal Chand Narang, New Book Society of India, Vth Ed., 1960

Vedanta According to Sankara and Ramanuja, Dr. Radhakrishnan. S., London, Allen, 1928

Yoga, Dictionary, Ernest Wood, Philosophical Library, New York, 1956